Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969



Jassi Gill
CA DRE# 00966763

Ad Space Available
Call: 847-359-0746

ਵਧੀਆ ਅਤੇ ਸਸਤੀ ਇੰਸ਼ੋਰੈਂਸ
GILL FINANCIAL
AUTO.HOME.LIFE.BUSINESS.HEALTH
AND INSURANCE SERVICES
ਕਾਰ, ਘਰ, ਲਿਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ
(510)888-1180 (209)524-4008

Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 25, June 21, 2014 20451 N Plum Grove Rd., Palatine, IL 60074 Ph:847-359-0746, Fax:847-705-9388

# ਵੱਖਰੀ ਗੁਰਦੁਆਰਾ ਕਮੇਟੀ ਬਾਰੇ ਫਿਰ ਛਿੜੀ ਚਰਚਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਵਿਚ ਵੱਡਾ ਝਟਕਾ ਲੱਗਣ ਮਗਰੋਂ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਇਕ ਵਾਰ ਮੁੜ ਸਿੱਖ ਵੋਟਰਾਂ ਨੂੰ ਲਭਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਹੈ। ਹਰਿਆਣਾ ਦੇ ਸਿੱਖ ਕਾਫੀ ਸਮੇਂ ਤੋਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕਰ ਰਹੇ ਹਨ ਪਰ ਲੰਮੀ ਜੱਦੋ-ਜਹਿਦ ਮਗਰੋਂ ਵੀ ਉਨ੍ਹਾਂ ਦੀ ਇਹ ਮੰਗ ਪੂਰੀ ਨਹੀਂ ਹੋਈ। ਹਰਿਆਣਾ ਦੀ ਹੁੱਡਾ ਸਰਕਾਰ ਨੇ ਇਕ ਵਾਰ ਪਹਿਲਾਂ ਵੀ ਸਿੱਖਾਂ ਦੀ ਇਹ ਮੰਗ ਪੂਰੀ ਕਰਨ ਲਈ ਤਿਆਰੀ ਖਿੱਚੀ ਸੀ ਪਰ ਐਨ ਮੌਕੇ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਲ ਪਹੁੰਚ ਕਰ ਕੇ ਹਰਿਆਣਾ ਸਰਕਾਰ ਦੀ ਇਹ ਕਾਰਵਾਈ ਨੂੰ ਬਰੇਕਾਂ ਲਵਾ ਦਿੱਤੀਆਂ ਸਨ।


ਹਰਿਆਣਾ ਕਾਂਗਰਸ ਨੇ 2005 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਚੋਣ ਮੈਨੀਫੈਸਟੋ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਐਲਾਨ ਕੀਤਾ ਸੀ, ਪਰ ਸਰਕਾਰ ਬਣਨ 'ਤੇ ਕਾਂਗਰਸ ਨੇ ਇਸ ਮਸਲੇ ਨੂੰ ਲਟਕਾ ਦਿੱਤਾ। ਉਸ ਵੇਲੇ ਮੁੱਖ ਮੰਤਰੀ ਹੁੱਡਾ ਨੇ ਸਿੱਖਾਂ ਨਾਲ ਕੀਤਾ ਵਾਅਦਾ ਪੂਰਾ ਕਰਨ ਦੀ ਥਾਂ 22 ਅਗਸਤ, 2005 ਨੂੰ ਕਮੇਟੀ ਦਾ ਗਠਨ ਕਰ ਦਿੱਤਾ। ਇਸ ਕਮੇਟੀ ਦਾ ਚੇਅਰਮੈਨ ਵਿੱਤ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਨੂੰ ਲਾਇਆ ਗਿਆ ਪਰ ਇਸ ਕਮੇਟੀ ਨੇ ਸਾਢੇ ਅੱਠ ਸਾਲਾਂ ਬਾਅਦ ਵੀ ਆਪਣੀ ਕੋਈ ਰਿਪੋਰਟ ਪੇਸ਼ ਨਹੀਂ ਕੀਤੀ।

ਇਸ ਮਗਰੋਂ 2010 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਮੁੜ ਕਾਂਗਰਸ ਨੇ ਸਿੱਖ ਨੂੰ ਇਹ ਮਸਲਾ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਦੇ ਨਾਲ ਹੀ ਸ੍ਰੀ ਹੁੱਡਾ ਮੁੜ ਮੁੱਖ ਮੰਤਰੀ ਬਣਨ ਵਿਚ ਸਫਲ ਰਹੇ ਅਤੇ ਸਿੱਖਾਂ ਨਾਲ ਕੀਤੇ ਵਾਅਦੇ ਮੁਤਾਬਕ ਵੱਖਰੀ ਕਮੇਟੀ ਬਣਾਉਣ ਲਈ ਸਰਗਰਮੀ ਵਿਖਾਈ, ਪਰ ਹਾਈਕਮਾਨ ਦੇ ਦਾਬੇ ਕਰ ਕੇ ਇਕ ਵਾਰ ਫਿਰ ਉਹ ਸਫਲ ਨਾ ਹੋ ਸਕੇ। ਇਸ ਵਾਅਦਾ-ਖਿਲਾਫੀ ਕਰ ਕੇ ਸਿੱਖ ਵੋਟਰ ਹੁੱਡਾ ਸਰਕਾਰ ਤੋਂ ਨਰਾਜ਼ ਹੋ ਗਏ। ਇਸ ਵਾਰ ਲੋਕ ਸਭਾ ਚੋਣਾਂ ਦੌਰਾਨ ਹਰਿਆਣਾ ਵਿਚ ਕਾਂਗਰਸ ਖਾਤਾ ਵੀ ਨਾ ਖੋਲ੍ਹ ਸਕੀ। ਹੁਣ ਅਗਲੇ ਸਾਲ ਸੂਬੇ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਜਿਸ ਕਰ ਕੇ ਹੁੱਡਾ ਸਰਕਾਰ ਇਕ ਵਾਰ ਮੁੜ ਸਿੱਖਾਂ ਨੂੰ ਲਭਾਉਣ ਦੇ ਕਾਰਜ ਵਿਚ ਜੁੱਟ ਗਈ ਹੈ।

ਰਿਪੋਰਟਾਂ ਅਨੁਸਾਰ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਸੂਬੇ ਦੇ ਸਿੱਖ ਆਗੂਆਂ ਵਿਚਾਲੇ ਗੁਪਤ ਮੀਟਿੰਗ ਹੋਈ ਜਿਸ ਵਿਚ ਸ੍ਰੀ ਹੁੱਡਾ ਨੇ ਵੱਖਰੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਦਾ ਭਰੋਸਾ ਦਿਵਾਇਆ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਬਾਰੇ ਰਸਮੀ ਐਲਾਨ 6 ਜੁਲਾਈ ਨੂੰ ਕੈਥਲ ਵਿਚ ਹੋਣ ਵਾਲੇ ਸਿੱਖ ਮਹਾਂਸੰਮੇਲਨ ਮੌਕੇ ਕੀਤਾ ਜਾਵੇਗਾ। ਸ੍ਰੀ ਹੁੱਡਾ ਸਿੱਖਾਂ ਦੀ ਵੋਟ ਖਿੱਚਣ ਦੀ ਤਾਕ ਵਿਚ ਹਨ

(ਬਾਕੀ ਸਫਾ 6 'ਤੇ)

## ਲੋਕ ਸਭਾ ਚੋਣਾਂ ਹਾਰੇ ਹੁੱਡਾ ਦੀ ਅੱਖ ਸਿੱਖ ਵੋਟਰਾਂ 'ਤੇ





# ਬਾਦਲਾਂ ਨੂੰ ਅਕਸ ਸੁਧਾਰਨ ਦਾ ਚੇਤਾ ਆਇਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਅਕਸ ਸੁਧਾਰਨ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ ਹਨ ਪਰ ਲੋਕ ਸਭਾ ਚੋਣਾਂ ਮਗਰੋਂ ਪੰਜਾਬ ਤੇ ਕੌਮੀ ਪੱਧਰ 'ਤੇ ਨਵੇਂ ਬਣੇ ਸਿਆਸੀ ਸਮੀਕਰਨਾਂ ਕਰ ਕੇ ਬਾਦਲਾਂ ਦੀਆਂ ਮੁਸ਼ਕਿਲਾਂ ਵਧਦੀਆਂ ਜਾ ਰਹੀਆਂ ਹਨ। ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਰਿਕਾਰਡ ਜਿੱਤ ਮਗਰੋਂ ਜਿੱਥੇ ਇਕ ਪਾਸੇ ਪੰਜਾਬ ਭਾਜਪਾ ਨੇ ਅਕਾਲੀ ਦਲ ਨੂੰ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ, ਉਥੇ ਅਕਾਲੀ ਦਲ ਲਈ ਕਈ ਸੂਬਾਈ ਮਸਲਿਆਂ 'ਤੇ ਭਾਈਵਾਲ ਪਾਰਟੀ ਦੇ ਵੱਖਰੇ ਸਟੈਂਡ ਕਾਰਨ ਔਖੀ ਹਾਲਤ ਬਣ ਗਈ ਹੈ।

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕਰ ਕੇ ਸੂਬੇ ਦੀਆਂ ਆਰਥਿਕ ਮੰਗਾਂ ਉਠਾਈਆਂ ਅਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਕੋਲ 1984 ਦੇ ਸਿੱਖ ਕਤਲੇਆਮ ਦੇ ਅਸਲ ਕਾਰਨਾਂ ਦਾ ਪਤਾ ਲਾਉਣ ਤੇ ਸਿਆਸਤਦਾਨਾਂ ਤੇ ਅਧਿਕਾਰੀਆਂ ਦੀ ਭੂਮਿਕਾ ਬਾਰੇ ਪਤਾ ਲਾਉਣ ਲਈ ਜਾਂਚ ਕਮਿਸ਼ਨ ਕਾਇਮ ਕੀਤੇ ਜਾਣ ਦੀ ਮੰਗ ਕੀਤੀ ਹੈ। ਸ. ਬਾਦਲ ਨੇ ਸ੍ਰੀ ਮੋਦੀ ਨੂੰ ਪੰਜਾਬ ਤੇ ਸਿੱਖ ਭਾਈਚਾਰੇ ਨਾਲ ਸਬੰਧਤ ਮੰਗਾਂ ਬਾਰੇ ਪੱਤਰ ਵੀ ਸੌਂਪਿਆ। ਮੀਟਿੰਗ ਦੌਰਾਨ ਸ. ਬਾਦਲ ਨੇ ਹਰਿਆਣਾ ਸਰਕਾਰ ਵੱਲੋਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਖ਼ਤਰਨਾਕ ਕਰਾਰ ਦਿੱਤਾ। ਉਨ੍ਹਾਂ ਇਸ ਬਾਰੇ ਸੰਸਦ ਵਿਚ ਕਾਨੂੰਨ ਬਣਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਸਹਿਜਧਾਰੀ ਸਿੱਖਾਂ ਲਈ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵੋਟ ਦੇ ਅਧਿਕਾਰ 'ਤੇ ਕੇਂਦਰ ਸਰਕਾਰ ਦਾ ਦਖ਼ਲ ਮੰਗਿਆ ਤੇ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਦਰਿਆਈ ਜਲ ਮੁੱਦਿਆਂ ਨੂੰ ਉਠਾਉਂਦਿਆਂ ਰਿਪੇਰੀਅਨ ਸਿਧਾਂਤ 'ਤੇ ਅਮਲ ਉਪਰ ਜ਼ੋਰ ਦਿੱਤਾ।

ਸ. ਬਾਦਲ ਨੇ ਬੇਸ਼ੱਕ ਸ੍ਰੀ ਮੋਦੀ ਤੇ ਹੋਰ ਕੇਂਦਰੀ ਮੰਤਰੀਆਂ ਕੋਲ ਪੰਜਾਬ ਦੇ ਮੁੱਦੇ ਉਠਾ ਕੇ ਆਪਣੀ ਸੰਜੀਦਗੀ ਦਾ ਪ੍ਰਗਟਾਵਾ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਵਿਰੋਧੀ ਧਿਰਾਂ ਨੂੰ ਨਿਰਾ ਪਾਖੰਡ ਕਰਾਰ ਦੇ ਰਹੀਆਂ ਹਨ। ਸ. ਬਾਦਲ ਵੱਲੋਂ ਚੁੱਕੇ ਗਏ ਮਸਲਿਆਂ ਵਿਚੋਂ ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਪਾਣੀਆਂ ਦੀ ਵੰਡ, ਹਰਿਆਣਾ ਲਈ ਵੱਖਰੀ ਕਮੇਟੀ ਤੇ ਸਹਿਜਧਾਰੀਆਂ ਨੂੰ ਵੋਟ ਦਾ ਹੱਕ ਆਦਿ 'ਤੇ ਭਾਜਪਾ ਦਾ ਨਜ਼ਰੀਆ ਵੱਖਰਾ ਹੈ। ਦਰਿਆਵਾਂ ਨੂੰ ਜੋੜਨ ਦਾ ਮੁੱਦਾ ਭਾਜਪਾ ਦੇ ਚੋਣ ਮੈਨੀਫੈਸਟੋ ਵਿਚ ਸ਼ਾਮਲ ਹੈ ਤੇ ਇਸ ਮਸਲੇ 'ਤੇ ਅਕਾਲੀ ਦਲ ਤੇ ਭਾਈਵਾਲ ਪਾਰਟੀ ਦਾ ਸਟੈਂਡ ਵੱਖੋ-ਵੱਖ ਹੈ।

ਉਂਝ ਵੀ ਲੋਕ ਸਭਾ ਚੋਣਾਂ ਵਿਚ ਬਹੁਮਤ ਹਾਸਲ ਕਰਨ ਮਗਰੋਂ ਭਾਜਪਾ ਨੂੰ ਅਕਾਲੀ ਦਲ ਦੀ ਜ਼ਿਆਦੀ ਪਰਵਾਹ ਨਹੀਂ ਜਿਸ ਦੀ ਮਿਸਾਲ ਪੰਜਾਬ ਭਾਜਪਾ ਦੇ ਤੇਵਰਾਂ ਤੋਂ ਮਿਲਦੀ ਹੈ। ਪੰਜਾਬ ਭਾਜਪਾ ਨੇ ਪਹਿਲੀ ਵਾਰ ਵੱਡੇ ਭਾਈਵਾਲ ਅਕਾਲੀ ਦਲ ਖ਼ਿਲਾਫ਼ ਖੁੱਲ੍ਹ ਕੇ ਭੜਾਸ ਕੱਢੀ ਹੈ। ਭਾਜਪਾ ਦੇ ਲੀਡਰਾਂ ਦਾ ਮੰਨਣਾ ਹੈ ਕਿ ਅਕਾਲੀ ਦਲ ਦੇ ਮਾੜੇ ਅਕਸ ਕਾਰਨ ਪੰਜਾਬ ਵਿਚ ਮੋਦੀ ਦੀ ਲਹਿਰ ਨਹੀਂ ਚੱਲ ਸਕੀ। ਪੰਜਾਬ ਵਿਚ ਹਾਰ ਦੇ ਕਾਰਨ ਲੱਭਣ ਲਈ ਬਣਾਈ ਕਮੇਟੀ ਨੇ ਆਪਣੀ ਰਿਪੋਰਟ ਵਿਚ ਦਾਅਵਾ


(ਬਾਕੀ ਸਫਾ 6 'ਤੇ)

REAL ESTATE & HOME LOANS



Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL
Broker / Associate
Century 21
M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਇਰਾਕ ਸੰਕਟ: ਅਮਰੀਕਾ ਅਤੇ ਇਰਾਨ ਵਿਚ ਮਸ਼ਵਰੇ ਸ਼ੁਰੂ

**ਵਾਸ਼ਿੰਗਟਨ:** ਵੀਏਨਾ ਵਿਚ ਚੱਲ ਰਹੀ ਪਰਮਾਣੂ ਵਾਰਤਾ ਮੌਕੇ ਅਮਰੀਕਾ ਨੇ ਇਰਾਨੀ ਅਧਿਕਾਰੀਆਂ ਨਾਲ ਇਰਾਕ ਦੀ ਸਥਿਤੀ ਬਾਰੇ ਵਿਚਾਰ-ਚਰਚਾ ਕੀਤੀ ਹੈ। ਵਿਦੇਸ਼ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ "ਅਸੀਂ ਇਰਾਕ ਵਿਚ ਆਈ.ਐਸ.ਆਈ.ਐਲ ਵੱਲੋਂ ਆ ਰਹੇ ਖਤਰੇ ਦੇ ਮੱਦੇਨਜ਼ਰ ਹੋਰਨਾਂ ਖੇਤਰੀ ਕਾਰਨਾਂ ਦੀ ਤਰ੍ਹਾਂ ਇਰਾਨੀਆਂ ਨਾਲ ਵੀ ਤਾਲਮੇਲ ਕਰਨ ਲਈ ਤਿਆਰ ਹਾਂ। ਵੀਏਨਾ ਵਿਚ ਪੀ 5+1 ਦੀ ਮੀਟਿੰਗ ਮੌਕੇ ਇਰਾਨ ਨਾਲ ਇਸ ਮੁੱਦੇ 'ਤੇ ਸੰਖੇਪ ਚਰਚਾ ਹੋਈ ਹੈ ਜੋ ਸਾਡੀ ਤ੍ਰੈ-ਪੱਖੀ ਮੀਟਿੰਗ ਤੋਂ ਜੁਦਾ ਹੈ। ਅਧਿਕਾਰੀ ਨੇ ਆਪਣੀ ਪਛਾਣ ਜ਼ਾਹਰ ਨਾ ਕਰਦਿਆਂ ਕਿਹਾ ਕਿ "ਤਾਲਮੇਲ ਵਿਚ ਫੌਜੀ ਸਹਿਯੋਗ ਜਾਂ ਇਰਾਕ ਦੀ ਹੋਣੀ ਬਾਣੇ ਰਣਨੀਤਕ ਫੈਸਲੇ ਦੇ ਮਾਮਲੇ ਸ਼ਾਮਲ ਨਹੀਂ ਹਨ।

ਇਸ ਤੋਂ ਪਹਿਲਾਂ ਪਹਿਲਾਂ ਵਾਈਟ ਹਾਊਸ, ਵਿਦੇਸ਼ ਵਿਭਾਗ ਤੇ ਪੈਂਟਾਗਨ ਵੱਲੋਂ ਇਰਾਕ ਵਿਚ ਫੌਜੀ ਅਪਰੇਸ਼ਨ ਬਾਰੇ ਇਰਾਨ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਕਰਨ ਤੋਂ ਇਨਕਾਰ ਕੀਤਾ ਗਿਆ ਸੀ। ਵਾਈਟ ਹਾਊਸ ਦੇ ਪ੍ਰੈਸ ਸੈਕਟਰੀ ਜੋਸ਼ ਅਰਨੈਸਟ ਨੇ ਦੱਸਿਆ ਕਿ "ਮੈਂ ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀ ਕੋਈ ਵੀ ਵਾਰਤਾ ਇਰਾਨ ਦੇ ਪਰਮਾਣੂ ਪ੍ਰੋਗਰਾਮ ਬਾਰੇ ਗੱਲਬਾਤ ਤੋਂ ਵੱਖਰੀ ਹੋ ਸਕਦੀ ਹੈ।" ਇਮਾਨਦਾਰੀ ਦੀ ਗੱਲ ਇਹ ਹੈ ਕਿ ਇਰਾਕ ਵਿਚ ਅਤਿਵਾਦੀਆਂ ਵੱਲੋਂ ਹੋ ਰਹੀ ਹਿੰਸਾ ਦਾ ਖਾਤਮਾ ਖਿੱਤੇ ਦੇ ਸਾਰੇ ਦੇਸ਼ਾਂ ਦੇ ਹਿੱਤ ਵਿਚ ਹੈ। ਇਸ ਦੌਰਾਨ ਪੈਂਟਾਗਨ ਦੇ ਪ੍ਰੈਸ ਸੈਕਟਰੀ ਰੀਅਰ ਐਡਮਿਰਲ ਜੌਨ ਕਿਰਬੀ ਨੇ ਦੱਸਿਆ ਕਿ ਅਮਰੀਕਾ ਵੱਲੋਂ ਇਰਾਨ ਵਿਚ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ 275 ਫੌਜੀ ਤਾਇਨਾਤ ਕੀਤੇ ਜਾ ਰਹੇ ਹਨ।

ਸ੍ਰੀ ਕਿਰਬੀ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਕੂਟਨੀਤਕ ਮਿਸ਼ਨਾਂ ਵਿਚ ਕੰਮ ਕਰ ਰਹੇ ਕਰਮੀਆਂ ਦੀ ਸੁਰੱਖਿਆ ਸਾਡੀ ਮੁੱਖ ਤਰਜੀਹ ਹੈ। ਇਸ ਨਾਲ ਵਿਦੇਸ਼ ਵਿਭਾਗ ਨੂੰ ਉਥੇ ਆਪਣਾ ਸਫਾਰਤੀ ਕੰਮਕਾਜ ਜਾਰੀ ਰੱਖਣ ਵਿਚ ਸੌਖ ਹੋਵੇਗੀ। ਇਸ ਤੋਂ ਪਹਿਲਾਂ ਰਾਸ਼ਟਰਪਤੀ ਬਰਾਕ ਓਬਾਮਾ ਨੇ ਪਾਰਲੀਮੈਂਟ ਨੂੰ ਇਤਲਾਹ ਦਿੱਤੀ ਕਿ ਅਮਰੀਕੀ ਨਾਗਰਿਕਾਂ ਤੇ ਸੰਪਤੀ ਦੀ ਸੁਰੱਖਿਆ ਲਈ ਇਹ ਫੌਜੀ ਦਸਤੇ ਤਾਇਨਾਤ ਕੀਤੇ ਜਾ ਰਹੇ ਹਨ ਤੇ ਲੋੜ ਪੈਣ 'ਤੇ ਇਹ ਅਤਿਵਾਦੀਆਂ ਦਾ ਟਾਕਰਾ ਕਰਨ ਦੇ ਸਮਰੱਥ ਹੋਣਗੇ।

## ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਬੱਡੀ ਕੱਪ ਦੀਆਂ ਤਿਆਰੀਆਂ

**ਫਰੀਮਾਂਟ (ਬਿਊਰੋ):** ਯੂਨਾਈਟਿਡ ਸਪੋਰਟਸ ਕਲੱਬ-ਕੈਲੀਫੋਰਨੀਆ ਨੇ ਆਪਣੇ 23 ਅਗਸਤ ਦੇ ਅੰਤਰਰਾਸ਼ਟਰੀ ਕਬੱਡੀ ਕੱਪ ਦੀਆਂ ਤਿਆਰੀਆਂ ਅਰੰਭ ਦਿੱਤੀਆਂ ਹਨ। ਕਲੱਬ ਦਾ ਇਹ 10ਵਾਂ ਕਬੱਡੀ ਕੱਪ ਹੈ।

ਕਲੱਬ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਇਸ ਵਾਰ ਦੇ ਕਬੱਡੀ ਕੱਪ ਵਿਚ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੀਆਂ ਸਾਰੀਆਂ ਟੀਮਾਂ ਭਾਗ ਲੈਣਗੀਆਂ ਜਿਨ੍ਹਾਂ ਵਿਚ ਬੇ-ਏਰੀਆ ਸਪੋਰਟਸ ਕਲੱਬ, ਸੈਂਟਰਲ ਵੈਲੀ ਸਪੋਰਟਸ ਕਲੱਬ, ਫਤਹਿ ਸਪੋਰਟਸ ਕਲੱਬ, ਸ਼ਹੀਦ ਊਧਮ ਸਿੰਘ ਕਲੱਬ ਤੇ ਸ਼ਹੀਦ ਭਗਤ ਸਿੰਘ ਕਲੱਬ ਸ਼ਾਮਲ ਹਨ। ਸ. ਗਾਖਲ ਨੇ ਕਿਹਾ ਕਿ ਇਨ੍ਹਾਂ ਟੀਮਾਂ ਵਿਚ ਘੱਟੋ ਘੱਟ 6-6 ਖਿਡਾਰੀ ਅਮਰੀਕਾ ਤੋਂ ਬਾਹਰਲੇ ਹੋਣੇ ਜ਼ਰੂਰੀ ਹਨ।

## ਵਿਰਾਸਤ-ਏ-ਖ਼ਾਲਸਾ ਦੇ ਦੂਜੇ ਪੜਾਅ ਦਾ ਕੰਮ ਸ਼ੁਰੂ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਵਿਸ਼ਵ ਪ੍ਰਸਿੱਧ ਵਿਰਾਸਤ-ਏ-ਖ਼ਾਲਸਾ ਦੇ ਦੂਜੇ ਪੜਾਅ 'ਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। 51 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਇਸ ਵੱਕਾਰੀ ਪ੍ਰਾਜੈਕਟ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 17 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਜਾਰੀ ਕਰ ਦਿੱਤੀ ਹੈ।

ਸੈਰ-ਸਪਾਟਾ ਵਿਭਾਗ ਦੇ ਮੰਤਰੀ ਸੋਹਣ ਸਿੰਘ ਠੰਡਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਨੰਦਪੁਰ ਸਾਹਿਬ ਸ਼ਹਿਰ ਦੀ ਸਥਾਪਨਾ ਦੇ 350 ਸਾਲ ਮੁਕੰਮਲ ਹੋਣ ਬਾਰੇ ਸੂਬਾ ਪੱਧਰੀ ਸਮਾਗਮ ਕਰਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਸਮਾਗਮ 19 ਜੂਨ ਨੂੰ ਸ਼ੁਰੂ ਹੋ ਕੇ ਲਗਾਤਾਰ ਇਕ ਸਾਲ ਚੱਲਣਗੇ। ਵਿਰਾਸਤ-ਏ-ਖ਼ਾਲਸਾ ਦੇ ਦੂਜੇ ਪੜਾਅ ਦਾ ਸਮੁੱਚਾ ਕੰਮ ਇਨ੍ਹਾਂ ਸ਼ਤਾਬਦੀ ਸਮਾਗਮਾਂ ਦੀ ਸੰਪੂਰਨਤਾ ਤੱਕ ਮੁਕੰਮਲ ਕਰ ਲਿਆ ਜਾਵੇਗਾ। ਇਸ ਸਮੁੱਚੇ ਪ੍ਰਾਜੈਕਟ 'ਤੇ 51 ਕਰੋੜ ਰੁਪਏ ਦਾ ਖ਼ਰਚਾ ਆਵੇਗਾ ਜਿਸ ਲਈ ਪੰਜਾਬ ਸਰਕਾਰ ਨੇ 17 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਜਾਰੀ ਕਰ ਦਿੱਤੀ ਹੈ।

# ਭਾਰਤ ਵੱਲੋਂ ਇਰਾਕ ਦੇ ਹਾਲਾਤ 'ਤੇ ਪਲ-ਪਲ ਨਜ਼ਰ

**ਨਵੀਂ ਦਿੱਲੀ:** ਇਰਾਕ ਵਿਚ ਭਾਰਤੀਆਂ ਦੀ ਸੁਰੱਖਿਆ ਬਾਰੇ ਚਿੰਤਤ ਸਰਕਾਰ ਨੇ ਕਿਹਾ ਹੈ ਕਿ ਉਸ ਦੀ ਉਥੋਂ ਦੇ ਹਾਲਾਤ ਉਪਰ ਪੂਰੀ ਨਜ਼ਰ ਹੈ ਤੇ ਉਹ ਉਥੇ ਫਸੇ ਭਾਰਤੀਆਂ ਦੀ ਮਦਦ ਕਰਨ ਲਈ ਇਰਾਕੀ ਅਧਿਕਾਰੀਆਂ ਨਾਲ ਰਲ ਕੇ ਸੰਭਾਵਨਾਵਾਂ ਤਲਾਸ਼ ਰਹੀ ਹੈ। ਇਰਾਕ ਦੇ ਸ਼ਹਿਰ ਮੋਸੂਨ ਤੇ ਤਿਕਰਿਕ ਵਿਚ ਹਿੰਸਾ ਕਾਰਨ ਉਥੇ ਬਹੁਤ ਸਾਰੇ ਭਾਰਤੀ ਫਸੇ ਹੋਏ ਹਨ। ਵਿਦੇਸ਼ ਮੰਤਰਾਲੇ ਵਿਚ ਬੁਲਾਰੇ ਨੇ ਦੱਸਿਆ ਕਿ "ਅਸੀਂ ਇਰਾਕ ਦੇ ਹਾਲਾਤ 'ਤੇ ਪਲ-ਪਲ ਨਜ਼ਰ ਰੱਖ ਰਹੇ ਹਾਂ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਖੁਦ ਵੀ ਨਜ਼ਰ ਰੱਖ ਰਹੇ ਹਨ ਤੇ ਸਥਿਤੀ ਦਾ ਜਾਇਜ਼ਾ ਲੈ ਰਹੇ ਹਨ। "ਬੁਲਾਰੇ ਮੁਤਾਬਕ ਮੰਤਰੀ ਦੀਆਂ ਹਦਾਇਤਾਂ ਮੁਤਾਬਕ ਹੀ ਬਗਦਾਦ ਵਿਚਲੇ ਭਾਰਤੀ ਸਫਾਰਤਖਾਨੇ ਵੱਲੋਂ ਉਥੇ ਫਸੇ ਭਾਰਤੀਆਂ ਨਾਲ ਰਾਬਤਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਸਫਾਰਤਖਾਨਾ ਇਰਾਕੀ ਸਰਕਾਰ ਤੇ ਇਰਾਕ ਵਿਚਲੇ ਅਮਰੀਕੀ ਸਹਾਇਤਾ ਮਿਸ਼ਨ ਦੇ ਸੰਪਰਕ ਵਿਚ ਵੀ ਹੈ।"

ਵਿਦੇਸ਼ ਮੰਰਾਲੇ ਵਿਚ ਪੂਰਬੀ ਮਾਮਲਿਆਂ ਦੇ ਸਕੱਤਰ ਅਨਿਲ ਵਧਵਾ ਨੇ ਨਵੀਂ ਦਿੱਲੀ ਵਿਖੇ ਇਰਾਕੀ ਰਾਜਦੂਤ ਅਹਿਮਦ ਤਹਸਿਨ ਬਰਵਾੜੀ ਨਾਲ ਮੁਲਾਕਾਤ ਕੀਤੀ। ਦੋਵਾਂ ਨੇ ਇਰਾਕ ਦੇ ਪ੍ਰਭਾਵਿਤ ਇਲਾਕਿਆਂ ਵਿਚ ਫਸੇ ਭਾਰਤੀਆਂ ਦੀ ਮਦਦ ਬਾਰੇ ਚਰਚਾ ਕੀਤੀ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?



ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ

GILL EXPRESS

TRUCK TIRE ON SALE

WITH PURCHASE OF 8 TIRES

PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop

269.99 Installed



LP22.5

CASH PRICE STEER OR DRIVE

FET, SALES TAX, MOUNTING INCLUDED

INSTALLED OUT THE DOOR PRICE

661-203-0433

# ਬਾਦਲ ਵੱਲੋਂ ਸਕੱਤਰੇਤ 'ਚ ਛਾਪਾ, 8 ਮੰਤਰੀ ਗੈਰ-ਹਾਜ਼ਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਸਿਵਲ ਸਕੱਤਰੇਤ ਵਿਚ ਵਿਸ਼ੇਸ਼ ਚੈਕਿੰਗ ਕੀਤੀ। ਇਸ ਦੌਰਾਨ ਅੱਠ ਸੀਨੀਅਰ ਮੰਤਰੀ ਤੇ ਇਕ ਪ੍ਰਮੁੱਖ ਸਕੱਤਰ ਗੈਰਹਾਜ਼ਰ ਪਾਏ ਗਏ। ਗੈਰਹਾਜ਼ਰ ਅੱਠ ਮੰਤਰੀਆਂ ਵਿਚ ਮੁੱਖ ਮੰਤਰੀ ਦਾ ਦਾਮਾਦ ਤੇ ਫੂਡ ਤੇ ਸਿਵਲ ਸਪਲਾਈ ਵਿਭਾਗ ਦੇ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਤੇ ਲੋਕ ਸੰਪਰਕ ਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਸ਼ਾਮਲ ਹਨ।

ਇਸ ਤੋਂ ਇਲਾਵਾ ਗੈਰਹਾਜ਼ਰ ਮੰਤਰੀਆਂ ਵਿਚ ਅਕਾਲੀ ਦਲ ਦੇ ਚਾਰ ਤੇ ਚਾਰ ਹੀ ਭਾਜਪਾ ਨਾਲ ਸਬੰਧਤ ਹਨ। ਮੁੱਖ ਮੰਤਰੀ ਨੇ ਆਪਣਾ ਨਵਾਂ ਰੂਪ ਦਿਖਾਇਆ ਤੇ ਸਵੇਰੇ 9.05 ਵਜੇ ਮੁੱਖ ਸਕੱਤਰ ਸ੍ਰੀ ਸਰਵੇਸ਼ ਕੌਸ਼ਲ ਸਮੇਤ ਚੁੱਪ-ਚੁਪੀਤੇ ਪੰਜਾਬ ਸਕੱਤਰੇਤ ਵਿਖੇ ਪੁੱਜੇ। ਇਸ ਮੌਕੇ ਉਹ ਆਪਣੇ ਦਫਤਰ ਵਿਚ ਜਾਣ ਦੀ ਥਾਂ ਤੀਜੀ ਤੇ ਛੇਵੀਂ ਮੰਜ਼ਿਲ ਵੱਲ ਚਾਲੇ ਪਾ ਲਏ। ਉਨ੍ਹਾਂ ਮੁੱਖ ਤੌਰ 'ਤੇ ਮੰਤਰੀਆਂ ਤੇ ਆਈ.ਏ.ਐਸ. ਅਧਿਕਾਰੀਆਂ ਦੇ ਕਮਰਿਆਂ ਨੂੰ ਆਪਣਾ ਨਿਸ਼ਾਨਾ ਬਣਾਇਆ ਤੇ ਇਸ ਦੌਰਾਨ ਫੋਟੋਗ੍ਰਾਫੀ ਚੱਲਦੀ ਰਹੀ। ਸ. ਬਾਦਲ ਨੇ ਸਕੱਤਰੇਤ ਦੀ ਤੀਜੀ ਤੇ ਛੇਵੀਂ ਮੰਜ਼ਿਲ ਉਤੇ ਸਥਿੱਤ ਮੰਤਰੀਆਂ ਤੇ ਆਈ.ਏ.ਐਸ. ਅਧਿਕਾਰੀਆਂ ਦੇ ਕਮਰਿਆਂ ਦੀ ਚੈਕਿੰਗ ਕੀਤੀ। ਦਰਅਸਲ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਪਿਛਲੇ ਸਮੇਂ ਸੂਬੇ ਵਿਚ ਰਾਈਟ ਟੂ ਸਰਵਿਸ (ਆਰ.ਟੀ.ਐਸ.) ਜਿਹੀਆਂ ਸਕੀਮਾਂ ਲਾਗੂ ਕਰਕੇ ਆਮ ਜਨਤਾ ਦੇ ਮਾਮਲੇ ਸਰਕਾਰੀ ਦਫਤਰਾਂ ਵਿਚੋਂ ਸਮਾਂਬੱਧ ਢੰਗ ਨਾਲ ਨਿਪਟਾਉਣ ਦੇ ਕੀਤੇ ਦਾਅਵਿਆਂ ਦੇ ਬਾਵਜੂਦ ਲੋਕਾਂ ਦੀ ਸੁਣਵਾਈ ਨਾ ਹੋਣ ਕਾਰਨ ਮੁੱਖ ਮੰਤਰੀ ਨੇ ਇਹ ਕਦਮ ਚੁੱਕਿਆ ਹੈ।

ਇਸ ਮੌਕੇ ਵਿੱਤ ਮੰਤਰੀ ਪ੍ਰਮਿੰਦਰ ਸਿੰਘ ਢੀਂਡਸਾ ਵੀ ਗੈਰਹਾਜ਼ਰ ਪਾਏ ਗਏ। ਇਸੇ ਤਰ੍ਹਾਂ ਪਿਛਲੇ ਦਿਨੀਂ ਹੀ ਸਿੰਜਾਈ ਮੰਤਰੀ ਬਣਾਏ ਸ਼ਰਨਜੀਤ ਸਿੰਘ ਢਿੱਲੋਂ ਦਾ ਕਮਰਾ ਵੀ ਖਾਲੀ ਸੀ। ਆਦੇਸ਼ ਪ੍ਰਤਾਪ ਸਿੰਘ ਕੈਰੋਂ ਤੇ ਬਿਕਰਮ ਸਿੰਘ ਮਜੀਠੀਆ ਵੀ ਗੈਰਹਾਜ਼ਰ ਪਾਏ ਗਏ। ਚੋਣਾਂ ਤੋਂ ਬਾਅਦ ਸ੍ਰੀ ਮਜੀਠੀਆ ਆਪਣੇ ਦਫਤਰ ਨਾਮਾਤਰ ਹੀ ਆਏ ਹਨ। ਭਾਜਪਾ ਦੇ ਚਾਰ ਗੈਰ-ਹਾਜ਼ਰ ਮੰਤਰੀਆਂ ਵਿਚ ਸਥਾਨਕ ਸਰਕਾਰ ਮੰਤਰੀ ਅਨਿਲ ਜੋਸ਼ੀ, ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ, ਵਣ ਮੰਤਰੀ ਚੂਨੀ ਲਾਲ ਭਗਤ ਤੇ ਸਨਅਤ ਮੰਤਰੀ ਮਦਨ ਮੋਹਨ ਮਿੱਤਲ ਸ਼ਾਮਲ ਹਨ। ਮਜ਼ੇਦਾਰ ਗੱਲ ਇਹ ਹੈ ਕਿ ਇਸ ਚੈਕਿੰਗ ਦੌਰਾਨ ਜਨਰਲ ਪ੍ਰਸ਼ਾਸਨ ਵਿਭਾਗ ਦੇ ਪ੍ਰਮੁੱਖ ਸਕੱਤਰ ਸੰਜੇ ਕੁਮਾਰ ਵੀ ਗੈਰਹਾਜ਼ਰ ਪਾਏ ਗਏ। ਇਸ ਵਿਭਾਗ ਦੀ ਹੀ ਮੁੱਖ ਤੌਰ ਉਤੇ ਸਰਕਾਰੀ ਦਫਤਰਾਂ ਵਿਚ ਅਨੁਸ਼ਾਸਨ ਕਾਇਮ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ।

ਇਸ ਚੈਕਿੰਗ ਦੌਰਾਨ ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ, ਟਰਾਂਸਪੋਰਟ ਮੰਤਰੀ ਜਥੇਦਾਰ ਅਜੀਤ ਸਿੰਘ ਕੁਹਾੜ, ਸੱਭਿਆਚਾਰ, ਜੇਲ੍ਹ ਮੰਤਰੀ ਸੋਹਣ ਸਿੰਘ ਠੰਡਲ ਤੇ ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਮੰਤਰੀ ਸੁਰਜੀਤ ਸਿੰਘ ਰੱਖੜਾ ਆਪਣੇ ਦਫਤਰਾਂ ਵਿਚ ਮੌਜੂਦ ਸਨ। ਦੱਸਣਯੋਗ ਹੈ ਕਿ ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਹੁਕਮਰਾਨ ਅਕਾਲੀ ਦਲ-ਭਾਜਪਾ ਗਠਜੋੜ ਵਿਰੁੱਧ ਲੋਕਾਂ ਦੇ ਰੋਹ ਨੂੰ ਮੁੱਖ ਰੱਖਦਿਆਂ ਸ. ਬਾਦਲ ਨੇ ਪਿਛਲੇ ਦਿਨਾਂ ਦੌਰਾਨ ਅਜਿਹੇ ਕਈ ਕਦਮ ਚੁੱਕੇ ਹਨ।

# ਪੁਲਿਸ ਦੇ ਐਨ.ਆਰ.ਆਈ. ਵਿੰਗ ਤੋਂ ਖ਼ਫ਼ਾ ਨੇ ਪਰਵਾਸੀ ਪੰਜਾਬੀ

**ਚੰਡੀਗੜ੍ਹ:** ਪੰਜਾਬ ਪੁਲਿਸ ਦਾ ਐਨ.ਆਰ.ਆਈ. ਵਿੰਗ ਪਰਵਾਸੀ ਪੰਜਾਬੀਆਂ ਦੇ ਮਸਲੇ ਹੱਲ ਕਰਨ ਲਈ ਗੰਭੀਰ ਨਹੀਂ ਹੈ। ਉਹ ਜ਼ਿਆਦਾਤਰ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਲਟਕਾਉਣ ਦੀ ਕੋਸ਼ਿਸ਼ ਵਿਚ ਹੁੰਦਾ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਇਕ ਵਕੀਲ ਨੇ ਇਸ ਵਿੰਗ ਨੂੰ ਵਧੇਰੇ ਕੰਮਕਾਜੀ ਤੇ ਚੁਸਤ ਬਣਾਉਣ ਲਈ ਇਸ ਮਾਮਲੇ ਬਾਰੇ ਨਿਆਂਇਕ ਤੇ ਸਿਆਸੀ ਦਖ਼ਲਅੰਦਾਜ਼ੀ ਦੀ ਮੰਗ ਕੀਤੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਸੰਜੇ ਕਿਸ਼ਨ ਕੌਲ ਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਭੇਜੇ ਪੱਤਰ ਵਿਚ ਐਡਵੋਕੇਟ ਅਸ਼ੋਕ ਸ਼ਰਮਾ ਨਾਭੇਵਾਲਾ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਉਸ ਨੇ ਆਪਣੀ ਅਮਰੀਕਾ ਫੇਰੀ ਦੌਰਾਨ ਐਨ.ਆਰ.ਆਈਜ਼. ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਵਿਚੋਂ ਜ਼ਿਆਦਾਤਰ ਆਪਣੀਆਂ ਸ਼ਿਕਾਇਤਾਂ ਦਾ ਨਿਪਟਾਰਾ ਨਾ ਹੋਣ ਕਾਰਨ ਕਾਫੀ ਪ੍ਰੇਸ਼ਾਨ ਸਨ।

ਉਹ ਸ਼ਿਕਾਇਤਾਂ ਦੇ ਨਿਬੇੜੇ ਲਈ ਸਥਾਪਤ ਸੈੱਲ ਤੋਂ ਅਸੰਤੁਸ਼ਟ ਸਨ ਤੇ ਉਨ੍ਹਾਂ ਦਾ ਵਿਚਾਰ ਸੀ ਕਿ ਪੰਜਾਬ ਪੁਲਿਸ ਦਾ ਐਨ.ਆਰ.ਆਈ. ਵਿੰਗ ਉਨ੍ਹਾਂ ਦੇ ਮਸਲੇ ਹੱਲ ਕਰਨ ਲਈ ਗੰਭੀਰ ਨਹੀਂ ਹੈ। ਉਹ ਜ਼ਿਆਦਾਤਰ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਲਟਕਾਉਣ ਦੀ ਕੋਸ਼ਿਸ਼ ਵਿਚ ਹੁੰਦਾ ਹੈ। ਸ੍ਰੀ ਨਾਭੇਵਾਲਾ ਨੇ ਦੋਸ਼ ਲਾਇਆ ਕਿ ਸਿਆਸੀ ਦਬਾਅ ਤੇ ਦਖ਼ਲਅੰਦਾਜ਼ੀ ਕਾਰਨ ਕਾਨੂੰਨ ਮੁਤਾਬਕ ਮਸਲਿਆਂ ਦਾ ਹੱਲ ਨਹੀਂ ਹੁੰਦਾ ਤੇ ਅਜਿਹੇ ਮੁੱਦੇ ਬਿਨਾਂ ਕਿਸੇ ਕਾਰਨ ਤੋਂ ਲੰਬਾ ਸਮਾਂ ਲਟਕਦੇ ਰਹਿੰਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜ਼ਿਆਦਾਤਰ ਐਨ.ਆਰ.ਆਈਜ਼. ਦੀ ਸ਼ਿਕਾਇਤ ਸੀ ਕਿ ਪੁਲਿਸ ਦਾ ਇਹ ਵਿੰਗ ਉਨ੍ਹਾਂ ਦੇ ਵਿਆਹ ਬਾਰੇ ਝਗੜਿਆਂ, ਜ਼ਮੀਨੀ ਵਿਵਾਦਾਂ ਤੇ ਝੂਠੇ ਮਾਮਲੇ ਦਰਜ ਕਰਨ ਬਾਰੇ ਮਸਲਿਆਂ ਦਾ ਹੱਲ ਕਰਨ ਵਿਚ ਬੁਰੀ ਤਰ੍ਹਾਂ ਨਾਲ ਫੇਲ੍ਹ ਸਾਬਤ ਹੋਇਆ ਹੈ। ਐਨ.ਆਰ.ਆਈ. ਸੈੱਲ ਵੱਲੋਂ ਅਪਣਾਇਆ ਜਾਂਦਾ ਤਰੀਕਾ ਬਹੁਤ ਲੰਬਾ ਹੁੰਦਾ ਹੈ ਤੇ ਜਾਂਚ ਅਫਸਰਾਂ ਦਾ ਰਵੱਈਆ ਢਿੱਲਮੱਠ ਵਾਲਾ ਹੁੰਦਾ ਹੈ। ਸ੍ਰੀ ਨਾਭੇਵਾਲਾ ਨੇ ਕਿਹਾ ਕਿ ਪੰਜਾਬੀ ਐਨ.ਆਰ.ਆਈਜ਼. ਨਾਲ ਹੁੰਦੀ 'ਬੇਇਨਸਾਫੀ' ਖਿਲਾਫ ਐਨ.ਆਰ.ਆਈਜ਼. ਵੱਲੋਂ ਆਨਲਾਈਨ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ।

# ਪੰਜਾਬ 'ਚ ਆਮ ਆਦਮੀ ਪਾਰਟੀ ਦੀ ਮੀਟਿੰਗ ਵਿਚ ਹੰਗਾਮਾ

**ਲੁਧਿਆਣਾ:** ਪੰਜਾਬ ਵਿਚ ਪਾਰਟੀ ਦੇ ਵਿਸਥਾਰ ਲਈ ਆਮ ਆਦਮੀ ਪਾਰਟੀ ਦੀ ਇਥੇ ਆਰੰਭ ਹੋਈ ਮੀਟਿੰਗ ਵਿਚ ਉਦੋਂ ਮੁਸ਼ਕਲ ਖੜ੍ਹੀ ਹੋ ਗਈ ਜਦੋਂ ਲੁਧਿਆਣਾ ਦੇ ਪਾਰਟੀ ਵਰਕਰਾਂ ਨੂੰ ਮੀਟਿੰਗ ਵਿਚ ਅੰਦਰ ਜਾਣ ਤੋਂ ਰੋਕ ਦਿੱਤਾ ਗਿਆ। ਮੀਟਿੰਗ ਲਈ ਆਪ ਦੀ ਕੇਂਦਰੀ ਲੀਡਰਸ਼ਿਪ ਦੇ ਮਨੀਸ਼ ਸਿਸੋਦੀਆ ਤੇ ਪੱਤਰਕਾਰ ਜਰਨੈਲ ਸਿੰਘ ਪੁੱਜੇ ਹੋਏ ਸਨ।

ਪਾਰਟੀ ਦੀ ਲੁਧਿਆਣਾ ਇਕਾਈ ਦੇ ਸਕੱਤਰ ਬਲਵੀਰ ਅਗਰਵਾਲ ਤੇ ਇੰਦਰਪਾਲ ਗੁਪਤਾ ਨੇ ਮੀਟਿੰਗ ਸਥਾਨ ਦੇ ਬਾਹਰ ਉੱਚੀ-ਉੱਚੀ ਬੋਲ ਕੇ ਰੋਸ ਪ੍ਰਗਟ ਕਰਨਾ ਆਰੰਭ ਕਰ ਦਿੱਤਾ। ਉਹ ਦੋਸ਼ ਲਾ ਰਹੇ ਸਨ ਕਿ ਉਨ੍ਹਾਂ ਨੂੰ ਪਾਰਟੀ ਦੇ ਕੇਂਦਰੀ ਆਗੂ ਮਨੀਸ਼ ਸਿਸੋਦੀਆ ਨੂੰ ਮਿਲਣ ਨਹੀਂ ਦਿੱਤਾ ਜਾ ਰਿਹਾ ਜਦੋਂਕਿ ਮੀਟਿੰਗ ਉਨ੍ਹਾਂ ਦੇ ਹੀ ਸ਼ਹਿਰ ਵਿਚ ਹੋ ਰਹੀ ਹੈ।

ਇਨ੍ਹਾਂ ਆਗੂਆਂ ਨੇ ਕਿਹਾ ਕਿ ਉਹ ਪਿਛਲੇ ਦਿਨੀਂ ਆਪ ਦੀ ਦਿੱਲੀ ਵਿਚ ਹੋਈ ਮੀਟਿੰਗ ਵਿਚ ਗਏ ਸਨ ਪਰ ਉਥੇ ਵੀ ਮੀਟਿੰਗ ਵਿਚ ਜਾਣ ਤੋਂ ਉਨ੍ਹਾਂ ਨੂੰ ਇਹ ਕਹਿ ਕੇ ਰੋਕ ਦਿੱਤਾ ਗਿਆ ਕਿ ਲੁਧਿਆਣੇ ਦੇ ਆਗੂਆਂ ਨਾਲ ਉਨ੍ਹਾਂ ਦੇ ਸ਼ਹਿਰ ਹੀ ਮੀਟਿੰਗ ਕੀਤੀ ਜਾਵੇਗੀ। ਹੁਣ ਜਦੋਂ ਲੁਧਿਆਣੇ ਵਿਚ ਹੀ ਮੀਟਿੰਗ ਹੋ ਰਹੀ ਹੈ, ਉਨ੍ਹਾਂ ਨੂੰ ਫਿਰ ਵੀ ਨਹੀਂ ਜਾਣ ਦਿੱਤਾ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੇ ਡੇਢ ਸਾਲ ਪਹਿਲਾਂ ਵੱਡੇ ਪੱਧਰ 'ਤੇ ਮੈਂਬਰਸ਼ਿਪ ਭਰ ਕੇ ਲੋਕਾਂ ਨੂੰ ਪਾਰਟੀ ਨਾਲ ਜੋੜਿਆ ਹੈ। ਪਾਰਟੀ ਉਨ੍ਹਾਂ ਦੀ ਮਿਹਨਤ ਕਰਕੇ ਹੀ ਪੰਜਾਬ ਵਿਚੋਂ ਚਾਰ ਪਾਰਲੀਮਾਨੀ ਸੀਟਾਂ ਪ੍ਰਾਪਤ ਕਰ ਸਕੀ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਉਨ੍ਹਾਂ ਨੂੰ ਲੁਧਿਆਣਾ ਵਿਚ ਹੋ ਰਹੀ ਮੀਟਿੰਗ ਬਾਰੇ ਦੱਸਿਆ ਤੱਕ ਨਹੀਂ। ਉਨ੍ਹਾਂ ਚਿਤਾਵਨੀ ਦਿੱਤੀ ਕਿ ਉਹ ਇਸ ਘੁਟਣ-ਭਰੇ ਮਾਹੌਲ 'ਚ ਪਾਰਟੀ ਲਈ ਕੰਮ ਨਹੀਂ ਕਰ ਸਕਣਗੇ ਤੇ ਇਸ ਨੂੰ ਅਲਵਿਦਾ ਕਹਿਣ ਲਈ ਮਜਬੂਰ ਹੋਣਗੇ।

ਇਸ ਦੌਰਾਨ ਹੀ ਲੁਧਿਆਣਾ ਰੂਰਲ ਵਿੰਗ ਦੇ ਕਨਵੀਨਰ ਮਨਵੀਰ ਸਿੰਘ ਗਰੇਵਾਲ, ਜੋ ਮੀਟਿੰਗ ਵਾਲੀ ਥਾਂ 'ਤੇ ਦੇਰ ਨਾਲ ਪੁੱਜੇ ਤੇ ਦੋਸ਼ ਲਾ ਰਹੇ ਸਨ ਕਿ ਉਨ੍ਹਾਂ ਨੂੰ ਮੀਟਿੰਗ ਬਾਰੇ ਸੂਚਿਤ ਨਹੀਂ ਕੀਤਾ ਗਿਆ। ਉਹ ਆਪਣੇ ਨਾਲ ਪਿੰਡਾਂ ਤੋਂ ਹੋਰ ਪਾਰਟੀ ਮੈਂਬਰ ਵੀ ਲੈ ਕੇ ਪੁੱਜੇ ਹੋਏ ਸਨ। ਪਾਰਟੀ ਦੇ ਕੇਂਦਰੀ ਆਗੂ ਪੱਤਰਕਾਰ ਜਰਨੈਲ ਸਿੰਘ ਨੇ ਮੀਟਿੰਗ ਤੋਂ ਬਾਹਰ ਆ ਕੇ ਉਪਰੋਕਤ ਲੀਡਰਾਂ ਨੂੰ ਸ਼ਾਂਤ ਕਰਦਿਆਂ ਕਿਹਾ ਕਿ ਪਾਰਟੀ ਆਗੂਆਂ ਨਾਲ ਮਿਲਣ ਤੋਂ ਕਿਸੇ ਵੀ ਵਰਕਰ ਨੂੰ ਰੋਕਿਆ ਨਹੀਂ ਜਾ ਰਿਹਾ ਪਰ ਪਾਰਟੀ ਨੇ 17 ਤੋਂ 22 ਜੂਨ ਤੱਕ ਪੰਜਾਬ ਵਿਚ ਪਾਰਟੀ ਦੇ ਵਿਸਥਾਰ ਲਈ ਮੀਟਿੰਗਾਂ ਨਿਯਮਬੱਧ ਕੀਤੀਆਂ ਹਨ ਤੇ ਇਸ ਮੀਟਿੰਗ ਵਿਚ ਵੱਖ-ਵੱਖ ਜ਼ਿਲ੍ਹਿਆਂ ਦੇ ਪ੍ਰਮੁੱਖ ਆਗੂਆਂ ਨੂੰ ਬੁਲਾਇਆ ਗਿਆ ਸੀ। ਜਰਨੈਲ ਸਿੰਘ ਨੇ ਕਿਹਾ ਕਿ ਜੇਕਰ ਹਰ ਮੈਂਬਰ ਜਾਤੀ ਤੌਰ 'ਤੇ ਮੀਟਿੰਗ ਵਿਚ ਆਉਣਾ ਚਾਹੇਗਾ ਤਾਂ ਪਾਰਟੀ ਕਿਸੇ ਸਿਹਤਮੰਦ ਸਿੱਟੇ 'ਤੇ ਨਹੀਂ ਪੁੱਜ ਸਕਦੀ।

## ਭਾਰਤ ਦੀ ਡਿਗਰੀ ਨੂੰ 17 ਵੱਡੇ ਮੁਲਕਾਂ ਵਿਚ ਮਾਨਤਾ

**ਨਵੀਂ ਦਿੱਲੀ:** ਮਾਨਤਾ ਪ੍ਰਾਪਤ ਤਕਨੀਕੀ ਸਿੱਖਿਆ ਡਿਗਰੀਆਂ ਵਾਲੇ ਭਾਰਤੀ ਵਿਦਿਆਰਥੀਆਂ ਲਈ ਇਹ ਖੁਸ਼ ਖ਼ਬਰ ਹੈ ਕਿ ਅਮਰੀਕਾ, ਬਰਤਾਨੀਆ, ਕੈਨੇਡਾ, ਆਸਟਰੇਲੀਆ, ਜਪਾਨ, ਰੂਸ ਸਮੇਤ 17 ਦੇਸ਼ਾਂ ਵਿਚ ਉਨ੍ਹਾਂ ਦੀਆਂ ਚਾਰ ਸਾਲਾ ਇੰਜੀਨੀਅਰਿੰਗ ਡਿਗਰੀਆਂ ਨੂੰ ਮਾਨਤਾ ਮਿਲ ਗਈ ਹੈ। ਭਾਰਤ ਨੇ 'ਵਾਸ਼ਿੰਗਟਨ ਸੰਧੀ' ਉਪਰ ਦਸਤਖ਼ਤ ਕਰ ਦਿੱਤੇ ਹਨ। ਇਹ ਸੰਧੀ 1989 ਵਿਚ ਹੋਈ ਸੀ।

## ਤਾਲਿਬਾਨ ਨੇ 11 ਅਫਗਾਨ ਵੋਟਰਾਂ ਦੀਆਂ ਉਂਗਲੀਆਂ ਵੱਢੀਆਂ

**ਕਾਬੁਲ:** ਤਾਲਿਬਾਨ ਦਹਿਸ਼ਤਗਰਦਾਂ ਨੇ ਅਫਗਾਨਿਸਤਾਨ ਦੇ ਹੇਰਾਤ ਸੂਬੇ ਵਿਚ ਰਾਸ਼ਟਰਪਤੀ ਚੋਣਾਂ ਲਈ ਵੋਟਾਂ ਪਾ ਕੇ ਘਰਾਂ ਨੂੰ ਪਰਤ ਰਹੇ 11 ਵਿਅਕਤੀਆਂ ਦੇ ਹੱਥਾਂ ਦੀਆਂ ਉਂਗਲੀਆਂ ਕੱਟ ਦਿੱਤੀਆਂ। ਇਨ੍ਹਾਂ ਵਿਚ ਜ਼ਿਆਦਾਤਰ ਬਜ਼ੁਰਗ ਹਨ। ਤਾਲਿਬਾਨ ਨੇ ਦੋਸ਼ ਲਾਇਆ ਹੈ ਕਿ ਚੋਣਾਂ ਦੇ ਬਾਈਕਾਟ ਦੇ ਕੀਤੇ ਐਲਾਨ ਦੀ ਇਨ੍ਹਾਂ ਪ੍ਰਵਾਹ ਨਹੀਂ ਕੀਤੀ, ਜਿਸ ਕਾਰਨ ਸਿਆਹੀ ਵਾਲੀਆਂ ਉਂਗਲੀਆਂ ਕੱਟ ਕੇ ਇਨ੍ਹਾਂ ਨੂੰ ਸਬਕ ਸਿਖਾਇਆ ਗਿਆ ਹੈ। ਇਨ੍ਹਾਂ ਚੋਣਾਂ ਵਿਚ ਫੈਸਲਾ ਹੋਣਾ ਹੈ ਕਿ ਦੇਸ਼ ਦੇ ਅਗਲੇ ਰਾਸ਼ਟਰਪਤੀ ਸਾਬਕਾ ਅਫਗਾਨ ਮੰਤਰੀ ਅਬਦੁੱਲਾ ਹੋਣਗੇ ਜਾਂ ਵਿਸ਼ਵ ਬੈਂਕ ਦੇ ਸਾਬਕਾ ਅਰਥ ਸ਼ਾਸਤਰੀ ਅਸ਼ਰਫ ਗਨੀ। ਮੁੱਢਲੇ ਨਤੀਜੇ ਦੋ ਜੁਲਾਈ ਨੂੰ ਮਿਲ ਸਕਣਗੇ।

# ਸ਼੍ਰੋਮਣੀ ਕਮੇਟੀ ਸੰਗਤਾਂ ਲਈ ਸੁਚੱਜੇ ਪ੍ਰਬੰਧ ਕਰਨ ਵਿਚ ਨਾਕਾਮ

**ਅੰਮ੍ਰਿਤਸਰ:** ਅਤਿ ਦੀ ਗਰਮੀ ਦੇ ਦਿਨਾਂ ਵਿਚ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਿਚ ਕੋਈ ਕਮੀ ਨਹੀਂ ਹੈ, ਸਗੋਂ ਇਹ ਆਮਦ ਨਿਰੰਤਰ ਵਧ ਰਹੀ ਹੈ ਪਰ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਥੇ ਗੁਰੂ ਘਰ ਆਉਣ ਵਾਲੇ ਸੈਲਾਨੀਆਂ ਨੂੰ ਉਸ ਪੱਧਰ ਦੀਆਂ ਸਹੂਲਤਾਂ ਮੁਹੱਈਆ ਕਰਾਉਣ ਵਿਚ ਅਸਫਲ ਰਹੀ ਹੈ।

ਸਕੂਲਾਂ ਵਿਚ ਗਰਮੀ ਦੀਆਂ ਛੁੱਟੀਆਂ ਹੋਣ ਕਾਰਨ ਪਿਛਲੇ ਹਫ਼ਤੇ ਤੋਂ ਸੈਲਾਨੀਆਂ ਦੀ ਆਮਦ ਹੋਰ ਵੀ ਵਧ ਗਈ ਹੈ। ਸ੍ਰੀ ਹਰਿਮੰਦਰ ਸਾਹਿਬ ਵਿਚ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਦੀਆਂ ਲੰਮੀਆਂ ਕਤਾਰਾਂ ਆਮ ਦੇਖੀਆਂ ਜਾ ਸਕਦੀਆਂ ਹਨ। ਸਰਾਵਾਂ ਵਿਚ ਕਮਰੇ ਪ੍ਰਾਪਤ ਕਰਨ ਲਈ, ਗੱਠੜੀ ਘਰ, ਜੋੜੇ ਘਰ ਤੇ ਹੋਰ ਥਾਵਾਂ 'ਤੇ ਵੀ ਸੈਲਾਨੀਆਂ ਦੀਆਂ ਕਤਾਰਾਂ ਲੱਗੀਆਂ ਰਹਿੰਦੀਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਥੇ ਆਉਣ ਵਾਲੇ ਸ਼ਰਧਾਲੂਆਂ ਤੇ ਸੈਲਾਨੀਆਂ ਵਾਸਤੇ ਆਪਣੀ ਸਮਰੱਥਾ ਮੁਤਾਬਕ ਭਾਵੇਂ ਵਧੇਰੇ ਪ੍ਰਬੰਧ ਕੀਤੇ ਗਏ ਹਨ ਪਰ ਸੈਲਾਨੀਆਂ ਦੀ ਵਧ ਰਹੀ ਗਿਣਤੀ ਕਾਰਨ ਇਹ ਪ੍ਰਬੰਧ ਥੋੜ੍ਹੇ ਪੈ ਰਹੇ ਹਨ, ਜਿਨ੍ਹਾਂ ਵੱਲ ਹੋਰ ਵੀ ਧਿਆਨ ਦੇਣ ਦੀ ਲੋੜ ਹੈ। ਸਰਕਾਰ ਵੱਲੋਂ ਇਸ ਬਾਰੇ ਹੁਣ ਤੱਕ ਕੋਈ ਵਿਸ਼ੇਸ਼ ਉਪਰਾਲਾ ਨਹੀਂ ਕੀਤਾ ਗਿਆ ਹੈ, ਜਿਸ ਕਾਰਨ ਸੈਲਾਨੀਆਂ ਨੂੰ ਉਚ ਪੱਧਰ ਦੀਆਂ ਸਹੂਲਤਾਂ ਮੁਹੱਈਆ ਨਹੀਂ ਹੋ ਰਹੀਆਂ।

ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ਼ਰਧਾਲੂਆਂ ਵਾਸਤੇ ਸ੍ਰੀ ਅਕਾਲ ਤਖ਼ਤ ਤੇ ਦਰਸ਼ਨੀ ਡਿਉਢੀ ਦੇ ਵਿਚਾਲੇ ਵਿਸ਼ੇਸ਼ ਪੰਡਾਲ ਬਣਾਇਆ ਗਿਆ ਹੈ, ਜਿਸ ਵਿਚ ਪਾਣੀ ਦਾ ਛਿੜਕਾਅ ਕਰਨ ਵਾਲੇ ਪੱਖੇ ਵੀ ਲਾਏ ਗਏ ਹਨ ਤੇ ਛਬੀਲਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ।



## ਸਿਫਾਰਸ਼ੀ ਬੁਕਿੰਗ ਵੀ ਸਮੱਸਿਆ ਦਾ ਕਾਰਨ

ਸ਼੍ਰੋਮਣੀ ਕਮੇਟੀ ਕੋਲ ਅੱਠ ਸਰਾਵਾਂ ਹਨ, ਜਿਨ੍ਹਾਂ ਵਿਚ ਤਕਰੀਬਨ 650 ਕਮਰੇ ਹਨ। ਇਨ੍ਹਾਂ ਵਿਚੋਂ ਬਾਬਾ ਦੀਪ ਸਿੰਘ ਨਿਵਾਸ ਤੇ ਮਾਤਾ ਭਾਗ ਕੌਰ ਨਿਵਾਸ ਦੂਰ ਹੋਣ ਕਾਰਨ ਵਧੇਰੇ ਸ਼ਰਧਾਲੂ ਇਨ੍ਹਾਂ ਸਰਾਵਾਂ ਵਿਚ ਜਾਣ ਤੋਂ ਕਤਰਾਉਂਦੇ ਹਨ। ਸ੍ਰੀ ਗੁਰੂ ਨਾਨਕ ਨਿਵਾਸ ਦਾ ਵੱਡਾ ਹਿੱਸਾ ਪ੍ਰਬੰਧਕੀ ਅਮਲੇ ਲਈ ਵਰਤਿਆ ਜਾ ਰਿਹਾ ਹੈ। ਬਾਕੀ ਸਰਾਵਾਂ ਵਿਚ ਵੀ ਕੁਝ ਕਮਰੇ ਕਾਰਸੇਵਾ ਵਾਲੇ ਬਾਬਿਆਂ ਕੋਲ ਹਨ। ਕੁਝ ਕਮਰੇ ਸਰਕਾਰੇ-ਦਰਬਾਰੇ ਅਹਿਮੀਅਤ ਰੱਖਣ ਵਾਲਿਆਂ ਦੀ ਸਿਫਾਰਸ਼ ਕਾਰਨ ਵੀ ਬੁੱਕ ਰਹਿੰਦੇ ਹਨ। ਇੰਜ ਸ਼ਰਧਾਲੂਆਂ ਵਾਸਤੇ ਕਮਰਿਆਂ ਦੀ ਘਾਟ ਬਣੀ ਰਹਿੰਦੀ ਹੈ।

ਇਸੇ ਤਰ੍ਹਾਂ ਦਰਸ਼ਨੀ ਡਿਉਢੀ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਜਾਣ ਵਾਲੇ ਪੁਲ 'ਤੇ ਵੀ ਛਾਂ ਕੀਤੀ ਹੋਈ ਹੈ, ਜਿਸ 'ਤੇ ਪੱਖੇ ਲੱਗੇ ਹੋਏ ਹਨ ਪਰ ਸ਼ਰਧਾਲੂਆਂ ਦੀ ਭਾਰੀ ਆਮਦ ਕਾਰਨ ਇਹ ਪ੍ਰਬੰਧ ਥੋੜ੍ਹੇ ਪੈ ਰਹੇ ਹਨ। ਸ਼ਰਧਾਲੂਆਂ ਨੂੰ ਸਰਾਵਾਂ ਵਿਚ ਕਮਰੇ ਪ੍ਰਾਪਤ ਕਰਨ ਲਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਕਮਰਿਆਂ ਦੀ ਘਾਟ ਕਾਰਨ ਸ਼ਰਧਾਲੂਆਂ ਨੂੰ ਉਡੀਕ ਘਰਾਂ ਅਤੇ ਪਰਿਕਰਮਾ ਵਿਚ ਹੀ ਸਮਾਂ ਲੰਘਾਉਣਾ ਪੈਂਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਬਣੇ ਹੋਟਲਾਂ ਵਾਲਿਆਂ ਵਿਚੋਂ ਇਕ ਹੋਟਲ ਦੇ ਮਾਲਕ ਤੇ ਵਾਲਡ ਸਿਟੀ ਹੋਟਲ ਐਸੋਸੀਏਸ਼ਨ ਦੇ ਚੇਅਰਮੈਨ ਸਤਨਾਮ ਸਿੰਘ ਕੰਡਾ ਨੇ ਆਖਿਆ ਕਿ ਇਥੇ ਤਕਰੀਬਨ ਡੇਢ ਸੌ ਹੋਟਲ ਹਨ ਤੇ ਇਹ ਹੋਟਲ ਹਰ ਤਰ੍ਹਾਂ ਦੀ ਸਮਰੱਥਾ ਵਾਲੇ ਸੈਲਾਨੀਆਂ ਵਾਸਤੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਹ ਸਾਰੇ ਹੋਟਲ ਕਦੇ ਵੀ ਪੂਰੀ ਤਰ੍ਹਾਂ ਨਹੀਂ ਭਰੇ ਹਨ। ਪੰਜਾਬ ਤੋਂ ਆਉਣ ਵਾਲੇ ਸ਼ਰਧਾਲੂ ਰਾਤ ਨੂੰ ਹੋਟਲਾਂ ਵਿਚ ਠਹਿਰਾਅ ਕਰਨ ਤੋਂ ਗੁਰੇਜ਼ ਕਰਦੇ ਹਨ ਤੇ ਵਧੇਰੇ ਸ਼ਰਧਾਲੂ ਸਰਾਂ ਜਾਂ ਪਰਿਕਰਮਾ ਵਿਚ ਹੀ ਸਮਾਂ ਬਿਤਾਉਂਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵੱਲੋਂ ਹੋਟਲ ਸਨਅਤ ਨੂੰ ਉਤਸ਼ਾਹਤ ਕਰਨ ਲਈ ਕੁਝ ਨਹੀਂ ਕੀਤਾ ਗਿਆ ਜਦਕਿ ਧਾਰਮਿਕ ਅਸਥਾਨਾਂ ਵਾਲੇ ਕਈ ਸ਼ਹਿਰਾਂ ਵਿਚ ਸ਼ਰਧਾਲੂਆਂ ਵਾਸਤੇ ਟੈਕਸਾਂ ਵਿਚ ਵਿਸ਼ੇਸ਼ ਛੋਟ ਦਿੱਤੀ ਜਾ ਰਹੀ ਹੈ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਤੇ ਦਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਛੇਤੀ ਹੀ ਗੁਰਦੁਆਰਾ ਬਾਬਾ ਅਟੱਲ ਸਾਹਿਬ ਨੇੜੇ ਬਾਜ਼ਾਰ ਵਿਚ ਇਕ ਸਰਾਂ ਉਸਾਰਨ ਦੀ ਯੋਜਨਾ ਹੈ, ਜਿਸ ਵਿਚ 100 ਕਮਰੇ ਹੋਣਗੇ। ਇਸੇ ਤਰ੍ਹਾਂ ਗੁਰਦੁਆਰਾ ਸਾਰਾਗੜ੍ਹੀ ਨੇੜੇ 238 ਕਮਰਿਆਂ ਦੀ ਸਰਾਂ ਉਸਾਰੀ ਅਧੀਨ ਹੈ, ਜੋ ਛੇ ਮਹੀਨਿਆਂ ਤੱਕ ਚਾਲੂ ਹੋਣ ਦੀ ਸੰਭਾਵਨਾ ਹੈ। ਇਥੇ ਨੇੜੇ ਹੀ ਗੁਰਦਾਸ ਹਾਲ ਦੇ ਨਾਲ ਬਣੇ ਗੁਰੂ ਨਾਨਕ ਕੰਨਿਆ ਸਕੂਲ ਵਾਸਤੇ ਨਵੀਂ ਇਮਾਰਤ ਘਿਉ ਮੰਡੀ ਵਿਖੇ ਬਣ ਚੁੱਕੀ ਹੈ ਤੇ ਇਹ ਸਕੂਲ ਗਰਮੀ ਦੀਆਂ ਛੁੱਟੀਆਂ ਦੌਰਾਨ ਉਥੇ ਤਬਦੀਲ ਹੋ ਜਾਵੇਗਾ। ਇਸ ਥਾਂ 'ਤੇ ਵੀ ਨਵੀਂ ਸਰਾਂ ਉਸਾਰਨ ਦੀ ਯੋਜਨਾ ਹੈ। ਇਨ੍ਹਾਂ ਸਰਾਂ ਵਿਚ ਯਾਤਰੂਆਂ ਦੀ ਵਧ ਰਹੀ ਆਮਦ ਨੂੰ ਧਿਆਨ ਵਿਚ ਰੱਖਦਿਆਂ ਗੁਰਦਾਸ ਹਾਲ ਤੇ ਸਕੂਲ ਦੇ ਕਮਰਿਆਂ ਨੂੰ ਵੀ ਰਿਹਾਇਸ਼ ਵਜੋਂ ਵਰਤਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੂੰ ਵੀ ਰਿਹਾਇਸ਼ ਵਜੋਂ ਵਰਤਿਆ ਜਾ ਰਿਹਾ ਹੈ। ਨੇੜੇ ਹੀ ਪਾਰਕ ਵਿਚ ਵੀ ਸ਼ਾਮਿਆਨੇ ਤੇ ਪੱਖੇ ਲਗਵਾ ਦਿੱਤੇ ਗਏ ਹਨ ਤਾਂ ਜੋ ਸ਼ਰਧਾਲੂ ਰਾਤ ਨੂੰ ਠਹਿਰਾਅ ਕਰ ਸਕਣ। ਉਨ੍ਹਾਂ ਦੱਸਿਆ ਕਿ ਸਰਾਵਾਂ ਵਿਚ ਜੋ ਕਮਰੇ ਕਾਰ ਸੇਵਾ ਵਾਲੇ ਬਾਬਿਆਂ ਕੋਲ ਸਨ, ਉਹ ਖਾਲੀ ਕਰਵਾ ਲਏ ਹਨ ਤਾਂ ਜੋ ਸ਼ਰਧਾਲੂਆਂ ਨੂੰ ਦਿੱਤੇ ਜਾ ਸਕਣ। ਘੰਟਾ ਘਰ ਤੇ ਸਰਾਂ ਵਾਲੇ ਪਾਸੇ ਜੋੜੇ ਘਰ ਤੋਂ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਤੱਕ ਪੁੱਜਣ ਵਾਲੇ ਰਸਤੇ 'ਤੇ ਸ਼ਾਮਿਆਨੇ ਤੇ ਪੱਖੇ ਲਗਵਾਏ ਗਏ ਹਨ। ਸਰਾਵਾਂ ਦੇ ਉਡੀਕ ਘਰਾਂ ਵਿਚ ਵੀ ਕੁਰਸੀਆਂ ਲਗਵਾਈਆਂ ਹਨ ਤੇ ਸ਼ਰਧਾਲੂਆਂ ਵਾਸਤੇ ਇਸ਼ਨਾਨ ਘਰ ਅਤੇ ਪਖਾਨਿਆਂ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਸਰਕਾਰ ਵੱਲੋਂ ਹੁਣ ਤੱਕ ਕੋਈ ਵਿਸ਼ੇਸ਼ ਕੰਮ ਨਹੀਂ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਭਾਵੇਂ ਰੇਲਵੇ ਸਟੇਸ਼ਨ ਤੇ ਹਵਾਈ ਅੱਡੇ ਤੋਂ ਸੈਲਾਨੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਤੱਕ ਲਿਆਉਣ ਵਾਸਤੇ ਮੁਫ਼ਤ ਬੱਸ ਦਾ ਪ੍ਰਬੰਧ ਕੀਤਾ ਗਿਆ ਹੈ ਪਰ ਇਹ ਪ੍ਰਬੰਧ ਨਾਕਾਫੀ ਹੈ। ਇਸ ਬਾਰੇ ਸਰਕਾਰ ਦੀ ਮਦਦ ਦੀ ਲੋੜ ਹੈ। ਸ਼ਹਿਰ ਵਿਚ ਸੜਕਾਂ ਤੇ ਆਵਾਜਾਈ ਦਾ ਮਾੜਾ ਹਾਲ ਹੈ। ਇਸੇ ਤਰ੍ਹਾਂ ਸੈਲਾਨੀਆਂ ਨਾਲ ਲੁੱਟ ਖੋਹ ਦੀਆਂ ਘਟਨਾਵਾਂ ਵੀ ਆਮ ਹਨ।

ਦਰਬਾਰ ਸਾਹਿਬ ਦੇ ਸ੍ਰੀ ਗੁਰੂ ਰਾਮ ਦਾਸ ਲੰਗਰ ਘਰ ਵਿਚ ਅੱਜਕੱਲ੍ਹ ਸ਼ਰਧਾਲੂਆਂ ਵਾਸਤੇ 65 ਤੋਂ 70 ਕੁਇੰਟਲ ਆਟਾ, 18 ਕੁਇੰਟਲ ਦਾਲ ਤੇ 16 ਕੁਇੰਟਲ ਸਬਜ਼ੀਆਂ ਦੀ ਨਿਤ ਵਰਤੋਂ ਹੋ ਰਹੀ ਹੈ। ਅੰਦਾਜ਼ੇ ਮੁਤਾਬਕ 70 ਹਜ਼ਾਰ ਸ਼ਰਧਾਲੂ ਲੰਗਰ ਛਕਦੇ ਹਨ।

# ਬਾਦਲ ਦੀਆਂ ਸਭ ਉਮੀਦਾਂ ਹੁਣ ਮੋਦੀ ਦੇ ਦਰਬਾਰ 'ਤੇ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਕੇਂਦਰੀ ਮੰਤਰੀਆਂ ਨਾਲ ਮੁਲਾਕਾਤ ਕਰਕੇ ਪਰਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਦੇ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਮਸਲਿਆਂ ਦਾ ਛੇਤੀ ਹੀ ਹੱਲ ਹੋਣ ਵਾਲਾ ਹੈ। ਉਨ੍ਹਾਂ ਇਹ ਦਾਅਵਾ ਵੀ ਕੀਤਾ ਹੈ ਕਿ ਜਲ ਸਰੋਤ ਮੰਤਰੀ ਉਮਾ ਭਾਰਤੀ ਤੇ ਖੇਤੀ ਮੰਤਰੀ ਰਾਧਾ ਮੋਹਨ ਸਿੰਘ ਨੇ ਮੁਲਾਕਾਤ ਵਿਚ ਦਰਿਆਈ ਪਾਣੀਆਂ ਨੂੰ ਸਾਫ ਕਰਨ, ਸਿੰਜਾਈ ਤੇ ਖੇਤੀ ਨਾਲ ਜੁੜੀਆਂ ਸਕੀਮਾਂ ਲਈ ਵਿਸ਼ੇਸ਼ ਪੈਕੇਜ ਲਈ ਹਾਂ ਪੱਖੀ ਹੁੰਗਾਰਾ ਦਿੱਤਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਕੇਂਦਰ ਨੇ ਸਤਲੁਜ ਦਰਿਆ ਨੂੰ ਗੰਗਾ ਦੇ ਵਾਂਗ ਹੀ ਸਾਫ ਕਰਨ ਦਾ ਫੈਸਲਾ ਕੀਤਾ ਹੈ। ਗੰਗਾ ਨੂੰ ਕੌਮੀ ਮਿਸ਼ਨ ਅਧੀਨ ਸਾਫ ਕੀਤਾ ਜਾ ਰਿਹਾ ਹੈ।

ਘੱਗਰ ਦਰਿਆ ਵਿਚ ਹੜ੍ਹਾਂ ਦੀ ਸਮੱਸਿਆ ਬਾਰੇ ਉਮਾ ਭਾਰਤੀ ਨੇ ਕੇਂਦਰੀ ਜਲ ਕਮਿਸ਼ਨ ਦੀ ਛੇਤੀ ਮੀਟਿੰਗ ਸੱਦ ਕੇ ਕੰਮ ਨੇਪਰੇ ਚਾੜ੍ਹਨ ਦਾ ਭਰੋਸਾ ਦਿਵਾਇਆ ਤਾਂ ਜੋ ਸਬੰਧਤ ਲੋਕਾਂ ਨੂੰ ਸਮੱਸਿਆ ਤੋਂ ਨਿਜਾਤ ਦਿਵਾਈ ਜਾ ਸਕੇ। ਸ. ਬਾਦਲ ਨੇ ਸੂਬੇ ਦੇ 100 ਸਾਲ ਪੁਰਾਣੇ ਨਹਿਰੀ ਢਾਂਚੇ ਦੀ ਕਾਇਆ ਕਲਪ ਕਰਨ ਲਈ ਵੀ ਕੇਂਦਰੀ ਸਹਾਇਤਾ ਦੀ ਮੰਗ ਕੀਤੀ ਤੇ ਕਿਹਾ ਕਿ ਇਸ ਦੀ ਜਲ ਵਹਿਣ ਸਮਰੱਥਾ ਘਟ ਗਈ ਹੈ। ਇਸ ਤੋਂ ਇਲਾਵਾ ਉਨ੍ਹਾਂ ਸੂਬੇ ਦੇ ਕਰਜ਼ ਮਾਰੇ ਕਿਸਾਨਾਂ ਲਈ ਤਕਰੀਬਨ 30000 ਕਰੋੜ ਰੁਪਏ ਦੇ ਰਾਹਤ ਪੈਕੇਜ, ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਦੋ ਫੀਸਦੀ ਵਿਆਜ 'ਤੇ ਫਸਲੀ ਕਰਜ਼ ਤੇ ਲਘੂ ਸਿੰਜਾਈ ਪ੍ਰਣਾਲੀ ਵਿਚ 25-35 ਫੀਸਦੀ ਵਾਧਾ ਕਰਨ ਦੇ ਮੁੱਦੇ ਵੀ ਉਠਾਏ।

ਕੇਂਦਰੀ ਊਰਜਾ ਮੰਤਰੀ ਪਿਊਸ਼ ਗੋਇਲ ਨਾਲ ਕੀਤੀ ਮੁਲਾਕਾਤ ਦੌਰਾਨ ਸ. ਬਾਦਲ ਨੇ ਗੋਇੰਦਵਾਲ ਸਾਹਿਬ ਵਿਖੇ ਜੀਵੀਕੇ ਪ੍ਰਾਜੈਕਟ ਲਈ



ਇਕ ਸਾਲ ਵਾਸਤੇ ਟੇਪਰਿੰਗ ਲਿੰਕੇਜ ਦੀ ਮੰਗ ਕੀਤੀ। ਗੋਇੰਦਵਾਲ ਸਾਹਿਬ ਪਲਾਂਟ ਲਈ ਝਾਰਖੰਡ ਵਿਚ ਤੋਕੀਸ਼ਦ ਤੇ ਸੇਰੇਗੜ੍ਹ ਖਦਾਣਾਂ ਤੋਂ ਕੋਇਲਾ ਸਪਲਾਈ ਕੀਤਾ ਜਾਵੇਗਾ। ਇਨ੍ਹਾਂ ਬਲਾਕਾਂ ਦੀ ਅਜੇ ਖੁਦਾਈ ਹੋਣੀ ਹੈ ਜਿਸ ਕਰਕੇ ਪੰਜਾਬ ਨੇ ਟੇਪਰਿੰਗ ਲਿੰਕੇਜ ਦੀ ਮੰਗ ਕੀਤੀ ਸੀ। ਮੁੱਖ ਮੰਤਰੀ ਦੇ ਦਫਤਰ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਖੇਤੀ ਮੰਤਰੀ ਨਾਲ ਗੱਲਬਾਤ ਦੌਰਾਨ ਸ. ਬਾਦਲ ਨੇ ਘੱਟੋ-ਘੱਟ ਸਮਰਥਨ ਮੁੱਲ ਦਾ ਘੇਰਾ ਬਦਲਵੀਆਂ ਫਸਲਾਂ ਜਿਵੇਂ ਮੱਕੀ ਆਦਿ ਤੱਕ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਕਿ ਵਿਭਿੰਨਤਾ ਦੇ ਟੀਚੇ ਹਾਸਲ ਕੀਤੇ ਜਾ ਸਕਣ। ਉਨ੍ਹਾਂ ਦੱਸਿਆ ਕਿ ਪੰਜਾਬ ਹਰ ਤਰ੍ਹਾਂ ਕਣਕ-ਜੀਰੀ ਦੇ ਮਾਰੂ ਗੇੜ ਵਿਚੋਂ ਨਿਕਲਣ ਲਈ ਜੂਝ ਰਿਹਾ ਹੈ, ਜਿਨ੍ਹਾਂ ਨੇ ਇਸ ਦਾ ਧਰਤੀ ਹੇਠਲਾ ਪਾਣੀ ਹੀ ਸੂਤ ਲਿਆ ਹੈ। ਉਨ੍ਹਾਂ ਕਿਹਾ ਕਿ ਡੇਅਰੀ ਧੰਦਾ, ਮੱਛੀ ਪਾਲਣ ਤੇ ਪਸ਼ੂ ਪਾਲਣ ਨੂੰ ਵੀ ਖੇਤੀ ਵਿਭਿੰਨਤਾ ਪ੍ਰੋਗਰਾਮ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਜ਼ੋਰ ਦਿੱਤਾ ਕਿ ਖੇਤੀ ਨਾਲ ਜੁੜੇ ਸਾਰੇ ਸੈਕਟਰਾਂ ਨੂੰ ਪ੍ਰਮੁੱਖ ਰੂਪ ਵਿਚ ਹੁਲਾਰਾ ਦੇਣ ਤੇ ਇਨ੍ਹਾਂ ਨੂੰ ਆਮਦਨ ਕਰ ਤੇ ਬੈਂਕ ਕਰਜ਼ਿਆਂ ਦੇ ਮੰਤਵ ਨਾਲ ਖੇਤੀ ਦੇ ਬਰਾਬਰ ਸਮਝਿਆ ਜਾਣਾ ਚਾਹੀਦਾ ਹੈ। ਸ. ਬਾਦਲ ਨੇ ਖਾਸ ਕਰਕੇ ਦੱਖਣੀ ਪੰਜਾਬ ਦੇ ਸੇਮ ਮਾਰੇ ਖੇਤਰ ਵਿਚ ਮੱਛੀ ਪਾਲਣ ਦੇ ਵਿਸ਼ੇਸ਼ ਪ੍ਰਾਜੈਕਟ ਨੂੰ ਮਨਜ਼ੂਰੀ ਦੇਣ ਤੇ ਸੂਬਾ ਸਰਕਾਰ ਵੱਲੋਂ ਫਸਲੀ ਵਿਭਿੰਨਤਾ ਦੀ 7921 ਕਰੋੜ ਰੁਪਏ ਦੀ ਪੰਜ ਸਾਲਾ ਯੋਜਨਾ ਨੂੰ ਪ੍ਰਵਾਨਗੀ ਦੇਣ ਲਈ ਕਿਹਾ। ਇਸ ਦੌਰਾਨ ਸ. ਬਾਦਲ ਨੇ ਉਮਾ ਭਾਰਤੀ ਨੂੰ ਮਿਲ ਕੇ ਸਤਲੁਜ ਦਰਿਆ ਲਈ ਗੰਗਾ ਦੀ ਤਰਜ਼ 'ਤੇ ਸਫਾਈ ਪ੍ਰਾਜੈਕਟ ਸ਼ੁਰੂ ਕਰਨ ਦੀ ਅਪੀਲ ਕੀਤੀ ਤੇ ਇਸ ਬਾਰੇ ਕੇਂਦਰ ਤੋਂ ਵਿਸ਼ੇਸ਼ ਸਹਾਇਤਾ ਦੀ ਮੰਗ ਕੀਤੀ। ਬਿਆਨ ਮੁਤਾਬਕ ਉਮਾ ਭਾਰਤੀ ਨੇ ਐਲਾਨ ਕੀਤਾ ਕਿ ਕੇਂਦਰ ਸਤਲੁਜ ਨੂੰ ਇਕ ਆਦਰਸ਼ ਦਰਿਆ ਦੇ ਤੌਰ 'ਤੇ ਮਾਨਤਾ ਦੇਵੇਗਾ ਤੇ ਇਸ ਦੀ ਗੰਗਾ ਦੀ ਤਰਜ਼ 'ਤੇ ਹੀ ਸਫਾਈ ਕੀਤੀ ਜਾਵੇਗੀ। ਇਸ ਪਵਿੱਤਰ ਕਾਜ਼ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।

## ਭਾਜਪਾ ਨੂੰ ਬਾਦਲ ਦੇ ਦਿੱਲੀ ਦੌਰੇ ਉਪਰ ਇਤਰਾਜ਼

**ਚੰਡੀਗੜ੍ਹ:** ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਨੇ ਸਖ਼ਤ ਸਟੈਂਡ ਲੈਂਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪਾਰਟੀ ਦੇ ਮੰਤਰੀਆਂ ਤੇ ਆਗੂਆਂ ਨੂੰ ਨਜ਼ਰਅੰਦਾਜ਼ ਕਰਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਹੋਰਨਾਂ ਕੇਂਦਰੀ ਮੰਤਰੀਆਂ ਨੂੰ ਮਿਲਣ ਜਾਣ 'ਤੇ ਸਖਤ ਇਤਰਾਜ਼ ਕੀਤਾ ਹੈ। ਸੀਨੀਅਰ ਭਾਜਪਾ ਆਗੂ ਬਲਰਾਮਜੀ ਦਾਸ ਟੰਡਨ ਨੇ ਇਹ ਮੁੱਦਾ ਉਠਾਉਂਦਿਆਂ ਕਿਹਾ "ਮੈਂ ਇਹ ਸਮਝਣ ਤੋਂ ਅਸਮਰੱਥ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਮੁੱਖ ਲੀਡਰਸ਼ਿਪ ਸੂਬੇ ਤੇ ਕੇਂਦਰ ਵਿਚ ਆਪਣੀ ਭਿਆਲ ਭਾਜਪਾ ਨੂੰ ਛੱਡ ਕੇ ਪ੍ਰਧਾਨ ਮੰਤਰੀ ਤੇ ਕੇਂਦਰੀ ਮੰਤਰੀਆਂ ਨੂੰ ਮਿਲਣ ਜਾਣ ਬਾਰੇ ਸੋਚ ਵੀ ਕਿਵੇਂ ਸਕਦੀ ਹੈ।" ਅਕਾਲੀ ਦਲ ਲੀਡਰਸ਼ਿਪ ਨੂੰ ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਸੂਬਾਈ ਭਾਜਪਾ ਆਗੂਆਂ ਨੂੰ ਛੱਡ ਕੇ ਕੇਂਦਰ ਵਿਚ ਜਾਣਾ ਮੋਦੀ ਸਰਕਾਰ ਲਈ ਇਕ ਬਹੁਤ ਹੀ ਗਲਤ ਸੰਦੇਸ਼ ਦਿੰਦਾ ਹੈ।" ਭਾਜਪਾ ਦੇ ਇਕ ਹੋਰ ਸੀਨੀਅਰ ਆਗੂ ਨੇ ਕਿਹਾ ਕਿ ਸੂਬੇ ਵਿਚ ਅਕਾਲੀ-ਭਾਜਪਾ ਗੱਠਜੋੜ ਵਿਚ ਪਹਿਲਾਂ ਹੀ ਖਿਚਾਅ ਪੈਦਾ ਹੋ ਗਿਆ ਤੇ ਅਜਿਹੇ ਸਮੇਂ ਪਾਰਟੀ ਆਗੂਆਂ ਨੂੰ ਲਾਂਭੇ ਕਰਕੇ ਕੇਂਦਰ ਸਰਕਾਰ ਕੋਲ ਜਾਣਾ ਠੀਕ ਨਹੀਂ ਹੈ। ਲੋਕ ਸਭਾ ਚੋਣਾਂ ਵਿਚ ਸੱਤਾਧਾਰੀ ਗੱਠਜੋੜ ਦੀ ਮਾੜੀ ਕਾਰਗੁਜ਼ਾਰੀ ਤੋਂ ਬਾਅਦ ਭਾਜਪਾ ਦੇ ਕਈ ਆਗੂਆਂ ਨੇ ਅਕਾਲੀ ਲੀਡਰਸ਼ਿਪ ਦੇ ਰਵੱਈਏ ਤੇ ਤੌਰ-ਤਰੀਕਿਆਂ ਬਾਰੇ ਖੁੱਲ੍ਹ ਕੇ ਭੜਾਸ ਕੱਢੀ ਸੀ। ਭਾਜਪਾ ਲੀਡਰਸ਼ਿਪ ਅਕਾਲੀ ਦਲ ਨਾਲ ਆਪਣੇ ਸਬੰਧ ਨਵੇਂ ਸਿਰਿਓਂ ਤੈਅ ਕਰਨਾ ਚਾਹੁੰਦੀ ਹੈ ਤੇ ਕੰਮਕਾਜ ਦੇ ਨਵੇਂ ਨੇਮ ਤੈਅ ਕਰਨ ਦੀ ਇੱਛੁਕ ਹੈ।

## ਚੰਡੀਗੜ੍ਹ ਉਤੇ ਸਿਰਫ ਹਰਿਆਣੇ ਦਾ ਹੱਕ: ਹੁੱਡਾ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪ੍ਰਧਾਨ ਮੰਤਰੀ ਕੋਲ ਚੰਡੀਗੜ੍ਹ ਦਾ ਮੁੱਦਾ ਉਠਾਉਣ ਤੋਂ ਬਾਅਦ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਹੈ ਕਿ ਚੰਡੀਗੜ੍ਹ ਸਿਰਫ਼ ਹਰਿਆਣਾ ਦੀ ਮਲਕੀਅਤ ਹੈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਹੈ ਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਵੀ ਹੈ। ਹੁੱਡਾ ਦੇ ਬਿਆਨ ਦਾ ਇਸ਼ਾਰਾ ਸਾਫ਼ ਤੌਰ 'ਤੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਪ੍ਰਧਾਨ ਮੰਤਰੀ ਨਾਲ ਕੀਤੀ ਮੁਲਾਕਾਤ ਵੱਲ ਸੀ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਆਪਣਾ ਹੱਕ ਹਾਸਲ ਕਰਨ ਲਈ ਲੜਾਈ ਜਾਰੀ ਰੱਖੇਗੀ।

## ਪਾਣੀ ਦਾ ਵੱਡਾ ਭੰਡਾਰ ਲੱਭਿਆ

**ਵਾਸ਼ਿੰਗਟਨ:** ਖੋਜਕਾਰਾਂ ਨੇ ਉੱਤਰੀ ਅਮਰੀਕਾ ਵਿਚ ਧਰਤੀ ਦੇ 643 ਕਿਲੋਮੀਟਰ ਅੰਦਰ ਮੈਟਲ ਚੱਟਾਨਾਂ ਦੇ ਅੰਦਰ ਪਾਣੀ ਦਾ ਵੱਡਾ ਭੰਡਾਰ ਲੱਭਿਆ ਹੈ। ਨੌਰਥ ਵੈਸਟਰਨ ਯੂਨੀਵਰਸਿਟੀ ਤੇ ਯੂਨੀਵਰਸਿਟੀ ਆਫ ਨਿਊ ਮੈਕਸੀਕੋ ਦੇ ਖੋਜਕਾਰਾਂ ਮੁਤਾਬਕ ਇਹ ਪਾਣੀ ਭਾਵੇਂ ਪ੍ਰਚਲਿਤ ਤਰਲ ਰੂਪ ਵਿਚ ਨਹੀਂ ਹੈ, ਪਰ ਪਾਣੀ ਦੇ ਅੰਸ਼ ਧਰਤੀ ਦੇ ਅੰਦਰ ਚੱਟਾਨ ਵਿਚ ਬੱਝੇ ਹੋਏ ਹਨ। ਉੱਤਰੀ ਅਮਰੀਕਾ ਵਿਚ ਹੇਠਾਂ 643 ਕਿਲੋਮੀਟਰ ਡੂੰਘੇ ਮੈਗਮਾਂ ਪਾਕੇਟਾਂ ਬਣੀਆਂ ਹੋਈਆਂ ਹਨ ਜੋ ਇਨ੍ਹਾਂ ਡੂੰਘਾਵਾਂ ਵਿਚ ਪਾਣੀ ਹੋਣ ਦੀ ਨਿਸ਼ਾਨੀ ਹੋ ਸਕਦੀਆਂ ਹਨ। ਲੰਮੇ ਸਮੇਂ ਤੋਂ ਕਿਆਸਅਰਾਈਆਂ ਲੱਗ ਰਹੀਆਂ ਸਨ ਕਿ ਧਰਤੀ ਦੇ ਪਰਦੇ ਅੰਦਰ ਚੱਟਾਨਾਂ ਵਿਚ ਕਿਧਰੇ ਪਾਣੀ ਹੈ ਧਰਤੀ ਦਾ ਇਹ ਅੰਦਰਲਾ ਖੇਤਰ 'ਟਰਾਂਸੀਜਨ ਜ਼ੋਨ' ਹੈ ਜੋ ਬਹੁਤਾ ਅਮਰੀਕਾ ਵਿਚ ਪੈਂਦਾ ਹੈ।

# ਹੁਣ ਨਵਾਂ ਕਮਿਸ਼ਨ ਕਰੇਗਾ ਦਿੱਲੀ ਕਤਲੇਆਮ ਦੀ ਜਾਂਚ: ਬਾਦਲ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਦੇਸ਼ ਭਰ ਵਿਚ ਨਵੰਬਰ 1984 ਵਿਚ ਹੋਏ ਸਿੱਖ ਵਿਰੋਧੀ ਦੰਗਿਆਂ ਬਾਰੇ ਹੁਣ ਕੇਂਦਰ ਸਰਕਾਰ ਤੋਂ ਕਮਿਸ਼ਨ ਬਣਾਉਣ ਦਾ ਭਰੋਸਾ ਮਿਲਿਆ ਹੈ। ਦੰਗਿਆਂ ਵਿਚ ਰਾਜਨੀਤਕ ਲੋਕਾਂ ਤੇ ਸਰਕਾਰੀ ਅਧਿਕਾਰੀਆਂ ਦੀ ਸ਼ਮੂਲੀਅਤ ਬਾਰੇ ਵੀ ਜਾਂਚ ਮੰਗੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਜਾਂ ਪੀੜਤ ਸਿੱਖਾਂ ਨੂੰ ਇਨਸਾਫ਼ ਦੇਣ ਦੀ ਕੇਂਦਰ ਵਿਚ ਬਣੀਆਂ ਕਾਂਗਰਸੀ ਸਰਕਾਰਾਂ ਨੇ ਕਦੇ ਵੀ ਕੋਸ਼ਿਸ਼ ਨਹੀਂ ਕੀਤੀ ਪਰ ਹੁਣ ਕੇਂਦਰ ਵਿਚ ਐਨ.ਡੀ.ਏ. ਦੀ ਸਰਕਾਰ ਬਣਨ ਕਰਕੇ ਇਹ ਮੁੱਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਧਿਆਨ ਵਿਚ ਲਿਆਂਦਾ ਗਿਆ ਹੈ।ਉਨ੍ਹਾਂ ਨੇ ਨਿਰਪੱਖ ਕਮਿਸ਼ਨ ਕਾਇਮ ਕਰਨ ਦਾ ਭਰੋਸਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਗਠਜੋੜ ਸਰਕਾਰ ਸਮਾਜ ਭਲਾਈ ਤੇ ਆਰਥਿਕ ਸੁਧਾਰਾਂ ਨੂੰ ਤੇਜ਼ੀ ਨਾਲ ਲਾਗੂ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਇਹ ਆਪਣੇ ਇਸ ਏਜੰਡੇ ਨੂੰ ਹੋਰ ਤੇਜ਼ੀ ਤੇ ਨਤੀਜਾ ਮੁਖੀ ਤਰੀਕੇ ਨਾਲ ਲਾਗੂ ਕਰੇਗੀ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਸਰਕਾਰ ਨੂੰ ਕੇਂਦਰ ਕੋਲੋਂ ਸਹਾਇਤਾ ਪ੍ਰਾਪਤ ਕਰਨੀ ਸੌਖਾਲੀ ਹੋ ਗਈ ਹੈ। ਨਵੀਂ ਦਿੱਲੀ ਦੇ ਹਾਲ ਹੀ ਵਿਚ ਕੀਤੇ ਗਏ ਦੌਰੇ ਦੌਰਾਨ ਪੰਜਾਬ ਦੀਆਂ ਖੇਤੀ ਵਿਭਿੰਨਤਾ, ਬਿਜਲੀ ਉਤਪਾਦਨ, ਉਦਯੋਗ, ਆਰਥਿਕ ਵਿਕਾਸ ਤੇ ਨਦੀਆਂ ਦੀ ਸਫ਼ਾਈ ਬਾਰੇ ਮੰਗਾਂ ਨੂੰ ਪ੍ਰਧਾਨ ਮੰਤਰੀ ਕੋਲ ਉਠਾਏ ਜਾਣ ਦਾ ਜ਼ਿਕਰ ਕਰਦਿਆਂ ਸ. ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਛੇਤੀ ਹੀ ਇਹ ਮਸਲੇ ਹੱਲ ਹੋਣ ਦੀ ਆਸ ਹੈ।



## ਲੋਕਾਂ ਨੂੰ ਗੁੰਮਰਾਹ ਨਾ ਕਰੇ ਬਾਦਲ: ਫੂਲਕਾ



**ਜਲੰਧਰ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸੁਪਰੀਮ ਕੋਰਟ ਦੇ ਵਕੀਲ ਐਚ.ਐਸ. ਫੂਲਕਾ ਨੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਭਾਰਤ ਦੇ ਗ੍ਰਹਿ ਮੰਤਰੀ ਨੂੰ ਮਿਲ ਕੇ ਦਿੱਲੀ ਦੰਗਿਆਂ ਦੀ ਜਾਂਚ ਲਈ ਸੁਪਰੀਮ ਕੋਰਟ ਦੀ ਨਿਗਰਾਨੀ ਵਿਚ ਵਿਸ਼ੇਸ਼ ਜਾਂਚ ਟੀਮ ਬਣਾਏ ਜਾਣ ਦੀ ਮੰਗ ਨੂੰ ਬੇਹੱਦ ਹੈਰਾਨੀਜਨਕ ਦੱਸਿਆ ਹੈ। ਸ. ਫੂਲਕਾ ਨੇ ਕਿਹਾ ਹੈ ਕਿ ਗ੍ਰਹਿ ਮੰਤਰੀ ਦਿੱਲੀ ਦੰਗਿਆਂ ਨਾਲ ਸਬੰਧਤ 237 ਕੇਸਾਂ ਨੂੰ ਮੁੜ ਖੋਲ੍ਹਣ ਲਈ ਜਾਂਚ ਟੀਮ ਬਣਾਉਣ ਦਾ ਅਧਿਕਾਰ ਰੱਖਦੇ ਹਨ ਤੇ ਇਹ ਟੀਮ ਦਿੱਲੀ ਪੁਲਿਸ ਵੱਲੋਂ ਬੰਦ ਕਰ ਦਿੱਤੇ ਗਏ ਇਨ੍ਹਾਂ ਕੇਸਾਂ ਦੀ ਜਾਂਚ ਤੋਂ ਬਾਅਦ ਅਦਾਲਤ ਵਿਚ ਪੇਸ਼ ਕਰ ਸਕਦੀ ਹੈ ਪਰ ਮੁੱਖ ਮੰਤਰੀ ਇਸ ਮਾਮਲੇ ਨੂੰ ਉਲਝਾ ਰਹੇ ਹਨ। ਉਨ੍ਹਾਂ ਕਿਹਾ ਕਿ ਪਤਾ ਨਹੀਂ ਮੁੱਖ ਮੰਤਰੀ ਨੂੰ ਸਾਰੇ ਮਾਮਲੇ ਦੀ ਜਾਣਕਾਰੀ ਨਹੀਂ ਦਿੱਤੀ ਜਾਂ ਉਹ ਅਜਿਹੀਆਂ ਗੱਲਾਂ ਕਰਕੇ ਲੋਕਾਂ ਨੂੰ ਬੁੱਧੂ ਬਣਾ ਰਹੇ ਹਨ। ਸਰਕਾਰ ਦਿੱਲੀ ਤੋਂ ਬਾਹਰ ਦੇ ਪੁਲਿਸ ਅਧਿਕਾਰੀਆਂ ਉੱਪਰ ਆਧਾਰਤ ਵਿਸ਼ੇਸ਼ ਜਾਂਚ ਟੀਮ ਬਣਾ ਸਕਦੀ ਤੇ ਬੱਸ ਏਨਾ ਕਾਫੀ ਹੈ। ਕੇਜਰੀਵਾਲ ਸਰਕਾਰ ਲੈਫਟੀਨੈਂਟ ਗਵਰਨਰ ਨੂੰ ਅਜਿਹੀ ਟੀਮ ਬਣਾਏ ਜਾਣ ਦੀ ਸਿਫ਼ਾਰਸ਼ ਕਰ ਚੁੱਕੀ ਹੈ ਤੇ ਇਸ ਦਾ ਨੋਟੀਫਿਕੇਸ਼ਨ ਕਰਨਾ ਹੀ ਬਾਕੀ ਹੈ।

# ਦਰਿਆਈ ਪਾਣੀਆਂ ਦੀ ਵੰਡ 'ਤੇ ਕਸੂਤੀ ਫਸੀ ਪੰਜਾਬ ਸਰਕਾਰ

**ਚੰਡੀਗੜ੍ਹ:** ਨਰੇਂਦਰ ਮੋਦੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਵੱਲੋਂ ਦੇਸ਼ ਦੀਆਂ ਨਦੀਆਂ ਨੂੰ ਆਪਸ ਵਿਚ ਜੋੜਨ ਦੇ ਮੁੱਦੇ ਨੂੰ ਪਿਛਲੇ ਦਿਨੀਂ ਰਾਸ਼ਟਰਪਤੀ ਦੇ ਭਾਸ਼ਣ ਵਿਚ ਉਭਾਰਨਾ ਪੰਜਾਬ ਸਰਕਾਰ ਲਈ ਵੱਡੀ ਸਿਰਦਰਦੀ ਬਣ ਗਿਆ ਹੈ। ਅਕਾਲੀ ਦਲ ਅਕਸਰ ਜਿਥੇ ਪਾਣੀ ਦੇ ਮੁੱਦਿਆਂ 'ਤੇ ਮੋਰਚੇ ਲਾਉਂਦਾ ਰਿਹਾ ਹੈ ਉਥੇ ਇਸ ਮੁੱਦੇ ਉਪਰ ਦਹਾਕਿਆਂ ਤੋਂ ਕਾਂਗਰਸ 'ਤੇ ਵੀ ਸਿਆਸੀ ਹਮਲੇ ਕਰਦਾ ਆ ਰਿਹਾ ਹੈ। ਇਸ ਕਾਰਨ ਇਸ ਗੱਠਜੋੜ ਵਿਚਾਲੇ ਕੌਮੀ ਤੇ ਸੂਬਾ ਪੱਧਰ 'ਤੇ ਕੁੜੱਤਣ ਦਾ ਮਾਹੌਲ ਬਣਨ ਦੇ ਆਸਾਰ ਹਨ।

ਦਰਿਆਵਾਂ ਨੂੰ ਜੋੜਨ ਦੇ ਮੁੱਦੇ 'ਤੇ ਭਾਵੇਂ ਸ. ਬਾਦਲ ਨੇ ਭਾਜਪਾ ਉਪਰ ਕੋਈ ਸਿਆਸੀ ਹਮਲਾ ਕਰਨ ਤੋਂ ਬਚਦਿਆਂ ਸਪਸ਼ਟ ਕੀਤਾ ਹੈ ਕਿ ਅਕਾਲੀ ਦਲ ਪਾਣੀ ਦੀ ਵੰਡ ਦੇ ਮਾਮਲੇ ਕੌਮੀ ਪੱਧਰ 'ਤੇ ਪ੍ਰਵਾਨਿਤ ਰਿਪੇਰੀਅਨ ਸਿਧਾਂਤਾਂ ਮੁਤਾਬਕ ਹੀ ਨਿਪਟਾਉਣ ਦੇ ਹੱਕ ਵਿਚ ਹੈ ਪਰ ਇਸ ਮੁੱਦੇ 'ਤੇ ਉਹ ਆਪਣੇ-ਆਪ ਨੂੰ ਫਸੇ ਮਹਿਸੂਸ ਕਰ ਰਹੇ ਹਨ। ਰਿਪੇਰੀਅਨ ਕਾਨੂੰਨ ਮੁਤਾਬਕ ਦਰਿਆਵਾਂ ਦੇ ਪਾਣੀਆਂ 'ਤੇ ਉਸੇ ਸੂਬੇ

## ਮੋਦੀ ਦੀ ਦਰਿਆ ਜੋੜਨ ਦੀ ਯੋਜਨਾ ਪੰਜਾਬ ਖਿਲਾਫ



ਦਾ ਹੱਕ ਮੰਨਿਆ ਜਾਂਦਾ ਹੈ ਜਿਸ ਵਿਚ ਸਬੰਧਤ ਦਰਿਆ ਵਗਦਾ ਹੈ। ਕੇਂਦਰ ਵਿਚ ਹੁਣ ਭਾਈਵਾਲਾਂ ਦੀ ਸਰਕਾਰ ਹੋਣ ਕਾਰਨ ਸ. ਬਾਦਲ ਵੱਲੋਂ ਇਸ ਮੁੱਦੇ ਉਪਰ ਕੋਈ ਸਿੱਧਾ ਸਿਆਸੀ ਹਮਲਾ ਕਰਨ ਦੀ ਥਾਂ ਤਕਨੀਕੀ ਤੱਥਾਂ ਨੂੰ ਆਧਾਰ ਬਣਾਇਆ ਜਾ ਰਿਹਾ ਹੈ। ਸ. ਬਾਦਲ ਤਰਕ ਦੇ ਰਹੇ ਹਨ ਕਿ ਪੰਜਾਬ ਦੇ ਦਰਿਆਵਾਂ ਦੇ ਪਾਣੀ ਦਾ ਮੁੱਦਾ ਹੋਰ ਸੂਬਿਆਂ ਤੋਂ ਵੱਖਰਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਦਰਿਆਵਾਂ 'ਤੇ ਡੈਮ ਬਣੇ ਹੋਏ ਹਨ ਤੇ ਇਨ੍ਹਾਂ ਦੇ ਪਾਣੀ ਦੀ ਵੰਡ ਸਿਰਫ ਰਿਪੇਰੀਅਨ ਕਾਨੂੰਨ ਮੁਤਾਬਕ ਹੀ ਸੰਭਵ ਹੈ।

ਇਸ ਕੌਮੀ ਮੁੱਦੇ ਤੋਂ ਇਲਾਵਾ ਭਾਜਪਾ ਦੇ ਪ੍ਰਮੁੱਖ ਆਗੂਆਂ ਵੱਲੋਂ ਕੌਮੀ ਆਗੂ ਅਰੁਣ ਜੇਤਲੀ ਦੀ ਅੰਮ੍ਰਿਤਸਰ ਲੋਕ ਸਭਾ ਹਲਕੇ ਵਿਚੋਂ ਹੋਈ ਨਮੋਸ਼ੀ ਭਰੀ ਹਾਰ ਦਾ ਜ਼ਿੰਮੇਵਾਰ ਅਕਾਲੀ ਦਲ ਨੂੰ ਠਹਿਰਾਇਆ ਜਾ ਰਿਹਾ ਹੈ। ਭਾਜਪਾ ਆਗੂ ਜਿਥੇ ਪ੍ਰਾਪਰਟੀ ਟੈਕਸ ਦੇ ਫੈਸਲੇ ਨਾਲੋਂ ਆਪਣੇ-ਆਪ ਨੂੰ ਅਲੱਗ ਕਰ ਰਹੇ ਹਨ ਉਥੇ ਡਰੱਗ ਤੇ ਰੇਤ-ਬਜਰੀ ਦਾ ਮੁੱਦਾ ਅਕਾਲੀਆਂ 'ਤੇ ਸੁੱਟ ਕੇ ਹਾਰ ਤੋਂ ਪੱਲਾ ਝਾੜ ਰਹੇ ਹਨ। ਇਸ ਮੁੱਦੇ 'ਤੇ ਵੀ ਮਜਬੂਰ ਜਾਪ ਰਹੇ ਮੁੱਖ ਮੰਤਰੀ ਸ. ਬਾਦਲ ਨੂੰ ਇਹ ਕਹਿਣਾ ਪਿਆ ਹੈ ਕਿ ਰੇਤ-ਬਜਰੀ ਸਮੇਤ ਪ੍ਰਾਪਰਟੀ ਟੈਕਸ ਆਦਿ ਦੇ ਮੁੱਦਿਆਂ ਲਈ ਪੂਰਾ ਮੰਤਰੀ ਮੰਡਲ ਜ਼ਿੰਮੇਵਾਰ ਹੈ।

ਦੱਸਣਯੋਗ ਹੈ ਕਿ ਭਾਜਪਾ ਦੇ ਮੰਤਰੀ ਅਨਿਲ ਜੋਸ਼ੀ ਨੇ ਦੋਸ਼ ਲਾਇਆ ਸੀ ਕਿ ਰੇਤ-ਬਜਰੀ ਦੀ ਨਾਜਾਇਜ਼ ਖੁਦਾਈ ਲਈ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਧੀਨ ਆਉਂਦਾ ਗ੍ਰਹਿ ਵਿਭਾਗ ਜ਼ਿੰਮੇਵਾਰ ਹੈ। ਮਿਲੀ ਜਾਣਕਾਰੀ ਮੁਤਾਬਕ ਭਾਜਪਾ ਦਾ ਜਿਹੜਾ ਧੜਾ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਨਵਜੋਤ ਸਿੰਘ ਸਿੱਧੂ ਦਾ ਬਿਸਤਰਾ ਗੋਲ ਕਰਵਾਉਣ ਲਈ ਅਰੁਣ ਜੇਤਲੀ ਨੂੰ ਇਥੇ ਚੋਣ ਲੜਾਉਣ ਲਿਆਇਆ ਸੀ, ਹੁਣ ਉਹ ਇਸ ਹਾਰ ਤੋਂ ਆਪਣੇ ਆਪ ਨੂੰ ਬਚਾਉਣ ਲਈ ਅਕਾਲੀਆਂ ਨੂੰ ਇਸ ਲਈ ਜ਼ਿੰਮੇਵਾਰ ਠਹਿਰਾ ਰਿਹਾ ਹੈ। ਸੂਤਰਾਂ ਮੁਤਾਬਕ ਅਰੁਣ ਜੇਤਲੀ ਦੀ ਹਾਰ ਕਾਰਨ ਪੰਜਾਬ ਭਾਜਪਾ ਵਿਚ ਵੀ ਅਗਲੇ ਦਿਨੀਂ ਨਵੇਂ ਸਮੀਕਰਨ ਬਣ ਸਕਦੇ ਹਨ। ਲੁਧਿਆਣਾ ਦੇ ਦੋ ਬੈਂਸ ਭਰਾਵਾਂ ਆਤਮਨਗਰ ਤੋਂ ਸਿਮਰਜੀਤ ਸਿੰਘ ਬੈਂਸ ਤੇ ਲੁਧਿਆਣਾ ਦੱਖਣੀ ਤੋਂ ਬਲਵਿੰਦਰ ਸਿੰਘ ਬੈਂਸ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਅਕਾਲੀ ਦਲ ਤੋਂ ਦੂਰੀਆਂ ਬਣਾਉਣ ਕਾਰਨ ਅਕਾਲੀ ਦਲ ਦੇ ਵਿਧਾਇਕਾਂ ਦੇ ਅੰਕੜੇ ਨੂੰ ਖੋਰਾ ਲੱਗਣ ਕਰਕੇ ਵੀ ਭਾਜਪਾ ਆਗੂ ਅਕਾਲੀਆਂ 'ਤੇ ਸਿਆਸੀ ਹਮਲੇ ਕਰ ਰਹੇ ਹਨ।

ਅਕਾਲੀ ਦਲ ਦੇ ਵਿਧਾਇਕ ਹਰੀ ਸਿੰਘ ਜ਼ੀਰਾ ਵੱਲੋਂ ਉਨ੍ਹਾਂ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਨਾ ਕਰਨ ਕਾਰਨ ਬਗਾਵਤ ਦੇ ਰਾਹ ਪੈਣ ਕਰਕੇ ਅਕਾਲੀ ਦਲ ਨਵੀਂ ਸਮੱਸਿਆ ਵਿਚ ਫਸਦਾ ਜਾ ਰਿਹਾ ਹੈ। ਸ੍ਰੀ ਜ਼ੀਰਾ ਵੱਲੋਂ ਸ. ਬਾਦਲ ਨੂੰ ਮਿਲਣ ਦੇ ਬਾਵਜੂਦ ਰੋਸ ਪ੍ਰਗਟ ਕੀਤਾ ਜਾ ਰਿਹਾ ਹੈ। ਪਹਿਲਾਂ ਸੀਨੀਅਰ ਅਕਾਲੀ ਆਗੂਆਂ ਨੂੰ ਅੱਖੋਂ-ਪਰੋਖੇ ਕਰਕੇ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਕੇਂਦਰੀ ਮੰਤਰੀ ਮੰਡਲ ਵਿਚ ਸ਼ਾਮਲ ਕਰਵਾਉਣ ਕਾਰਨ ਵੀ ਕਈ ਸੀਨੀਅਰ ਅਕਾਲੀ ਆਗੂਆਂ ਨੇ ਸ. ਬਾਦਲ ਕੋਲ ਰੋਸ ਪ੍ਰਗਟ ਕੀਤਾ ਸੀ।

# ਯੂ.ਪੀ.ਏ. ਕਾਲ ਦੇ ਰਾਜਪਾਲਾਂ ਦੀ ਛਾਂਟੀ ਸ਼ੁਰੂ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਪਿਛਲੀ ਯੂ.ਪੀ.ਏ. ਹਕੂਮਤ ਸਮੇਂ ਤਾਇਨਾਤ ਕੀਤੇ ਸੂਬਿਆਂ ਦੇ ਰਾਜਪਾਲਾਂ ਦੀ ਛਾਂਟੀ ਸ਼ੁਰੂ ਕਰ ਦਿੱਤੀ ਹੈ। ਕੇਂਦਰ ਸਰਕਾਰ ਦੀ ਘੂਰੀ ਪਿੱਛੋਂ ਸਭ ਤੋਂ ਪਹਿਲਾਂ ਉੱਤਰ ਪ੍ਰਦੇਸ਼ ਦੇ ਰਾਜਪਾਲ ਬੀ.ਐਲ. ਜੋਸੀ ਨੇ ਅਸਤੀਫਾ ਦੇ ਦਿੱਤਾ ਹੈ। ਆਉਂਦੇ ਦਿਨਾਂ ਵਿਚ ਕਈ ਰਾਜਪਾਲ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲ ਸਕਦੇ ਹਨ। ਇਸ ਦਾ ਸੰਕੇਤ ਰਾਸ਼ਟਰਪਤੀ ਪ੍ਰਣਬ ਮੁਖਰਜੀ ਨਾਲ ਕਈ ਸੂਬਿਆਂ ਦੇ ਰਾਜਪਾਲਾਂ ਵੱਲੋਂ ਕੀਤੀਆਂ ਮੀਟਿੰਗਾਂ ਤੋਂ ਮਿਲਦਾ ਹੈ।

ਗ੍ਰਹਿ ਮੰਤਰਾਲੇ ਦੇ ਸੂਤਰਾਂ ਨੇ ਸ੍ਰੀ ਜੋਸ਼ੀ ਦੇ ਅਸਤੀਫੇ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੇ ਅਹੁਦੇ ਦੀ ਮਿਆਦ ਕੁਝ ਮਹੀਨੇ ਪਹਿਲਾਂ ਮੁੱਕ ਗਈ ਸੀ ਤੇ ਉਨ੍ਹਾਂ ਮੁੜ ਸਹੁੰ ਚੁੱਕੀ ਸੀ। ਬੀਤੇ ਦਿਨੀਂ ਕੇਂਦਰੀ ਗ੍ਰਹਿ ਸਕੱਤਰ ਅਨਿਲ ਗੋਸਵਾਮੀ ਨੇ ਤਕਰੀਬਨ ਪੰਜ ਸੂਬਿਆਂ ਦੇ ਰਾਜਪਾਲਾਂ ਨੂੰ ਕਿਹਾ ਸੀ ਕਿ ਨਵੀਂ ਸਰਕਾਰ ਨਵੀਆਂ ਨਿਯੁਕਤੀਆਂ ਕਰਨ ਦੇ ਰੌਅ ਵਿਚ ਹੈ, ਇਸ ਲਈ ਉਹ ਆਪਣੇ ਅਸਤੀਫੇ ਦੇ ਦੇਣ। ਇਸ ਤੋਂ ਅਗਲੇ ਹੀ ਦਿਨ ਉੱਤਰ ਪ੍ਰਦੇਸ਼ ਦੇ ਰਾਜਪਾਲ ਨੇ ਅਸਤੀਫਾ ਸੌਂਪ ਦਿੱਤਾ। ਸਕੱਤਰ ਨੇ ਜਿਨ੍ਹਾਂ ਸੂਬਿਆਂ ਦੇ ਰਾਜਪਾਲਾਂ ਨੂੰ ਕਿਹਾ ਸੀ ਉਨ੍ਹਾਂ ਵਿਚ ਮਹਾਂਰਾਸ਼ਟਰ ਦੇ ਕੇ. ਸ਼ੰਕਰਨਰਾਇਣਨ ਵੀ ਸ਼ਾਮਲ ਹਨ। ਭਾਵੇਂ ਇਸ ਬਾਰੇ ਸਰਕਾਰੀ ਤੌਰ 'ਤੇ ਕੁਝ ਨਹੀਂ ਕਿਹਾ ਜਾ ਰਿਹਾ, ਪਰ ਇਹ ਸਾਫ ਹੈ ਕਿ ਆਉਂਦੇ ਦਿਨਾਂ ਵਿਚ ਪੱਛਮੀ ਬੰਗਾਲ ਦੇ ਐਮ.ਕੇ. ਨਰਾਇਣਨ ਤੇ ਗੁਜਰਾਤ ਦੇ ਕਮਲਾ ਬੈਨੀਵਾਲ ਅਹੁਦੇ ਛੱਡ ਦੇਣਗੇ। ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਤਾਂ ਯੂ.ਪੀ.ਏ. ਸਰਕਾਰ ਵੱਲੋਂ ਲਗਾਏ ਰਾਜਾਪਲਾਂ ਨੂੰ ਇਥੋਂ ਤੱਕ ਕਹਿ ਦਿੱਤਾ ਹੈ ਕਿ ਜੇਕਰ ਉਹ ਉਨ੍ਹਾਂ ਦੀ ਥਾਂ ਹੁੰਦੇ ਤਾਂ ਕਦੋਂ ਦੇ ਅਸਤੀਫੇ ਦੇ ਕੇ ਚਲੇ ਜਾਂਦੇ। ਹਾਲ ਹੀ ਦੌਰਾਨ ਕੇਰਲਾ ਦੇ ਰਾਜਪਾਲ ਦੀ ਜ਼ਿੰਮੇਵਾਰੀ ਸੰਭਾਲਣ ਵਾਲੀ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੇ ਕਿਹਾ ਹੈ ਕਿ ਉਹ ਫਿਲਹਾਲ ਕੁਝ ਨਹੀਂ ਕਹਿਣਗੇ। ਇਸੇ ਦੌਰਾਨ ਰਾਜਸਥਾਨ ਦੀ ਰਾਜਪਾਲ ਮਾਰਗਰੈਟ ਅਲਵਾ ਨੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਨਾਲ ਮੁਲਾਕਾਤ ਕੀਤੀ।

ਸ੍ਰੀਮਤੀ ਅਲਵਾ ਦੀ ਰਾਜਪਾਲ ਵਜੋਂ ਮਿਆਦ ਅਗਸਤ ਵਿਚ ਪੂਰੀ ਹੋ ਰਹੀ ਹੈ ਤੇ ਇਹ ਤੈਅ ਹੈ ਕਿ ਉਨ੍ਹਾਂ ਦੇ ਅਹੁਦੇ ਦੀ ਮਿਆਦ ਨਹੀਂ ਵਧੇਗੀ। ਕਰਨਾਟਕ ਦੇ ਰਾਜਪਾਲ ਐਚ.ਆਰ. ਭਾਰਦਵਾਜ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ। ਅਸਾਮ ਦੇ ਰਾਜਪਾਲ ਜੇ.ਬੀ. ਪਟਨਾਇਕ ਨੇ ਰਾਸ਼ਟਰਪਤੀ ਨਾਲ ਮੀਟਿੰਗ ਮਗਰੋਂ ਕਿਹਾ ਕਿ ਰਾਸ਼ਟਰਪਤੀ ਨਾਲ ਮੁਲਾਕਾਤ ਦਾ ਅਰਥ ਅਸਤੀਫਾ ਦੇਣਾ ਨਹੀਂ ਹੈ। ਉਧਰ ਕਾਂਗਰਸ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਯੂ.ਪੀ.ਏ. ਸਰਕਾਰ ਵੱਲੋਂ ਨਿਯੁਕਤ ਕੀਤੇ ਰਾਜਪਾਲਾਂ ਨੂੰ 'ਸਿਆਸੀ ਬਦਲਾਖੋਰੀ' ਤਹਿਤ ਹਟਾ ਰਹੀ ਹੈ।

## ਕੀਨੀਆ ਵਿਚ ਅਤਿਵਾਦੀ ਹਮਲੇ ਦੌਰਾਨ 50 ਮੌਤਾਂ

**ਨੈਰੋਬੀ:** ਸਵੈ-ਚਾਲਤ ਹਥਿਆਰ ਨਾਲ ਲੈਸ ਦਰਜਨਾਂ ਸੋਮਾਲੀ ਅਤਿਵਾਦੀਆਂ ਨੇ ਛੋਟੇ ਜਿਹੇ ਤਟਵਰਤੀ ਸ਼ਹਿਰ ਕੀਨੀਆ 'ਤੇ ਘੰਟਿਆਂ ਬੱਧੀ ਹਮਲਾ ਜਾਰੀ ਰੱਖਿਆ। ਅਤਿਵਾਦੀਆਂ ਨੇ ਪੁਲਿਸ ਚੌਕੀ 'ਤੇ ਧਾਵਾ ਬੋਲਿਆ, ਦੋ ਹੋਟਲਾਂ ਨੂੰ ਅੱਗ ਲਾਈ ਤੇ ਸੜਕਾਂ 'ਤੇ ਗੋਲੀਆਂ ਚਲਾਈਆਂ।

ਇਨ੍ਹਾਂ ਹਮਲਿਆਂ ਵਿਚ ਘੱਟੋ-ਘੱਟ 50 ਲੋਕ ਮਾਰੇ ਗਏ। ਹਮਲੇ ਸਮੇਂ ਸ਼ਹਿਰ ਦੇ ਲੋਕ ਟੀ.ਵੀ. 'ਤੇ ਵਿਸ਼ਵ ਕੱਪ ਦੇ ਮੈਚ ਵੇਖ ਰਹੇ ਸਨ। ਦੇਸ਼ ਦੀ ਸੁਰੱਖਿਆ ਵਿਵਸਥਾ ਇਸ ਹਮਲੇ ਦਾ ਜ਼ਿਆਦਾ ਵਿਰੋਧ ਨਹੀਂ ਕਰ ਸਕੀ। ਪ੍ਰਸ਼ਾਸਨ ਨੇ ਇਸ ਲਈ ਅਲ-ਕਾਇਦਾ ਨਾਲ ਸਬੰਧ ਸੋਮਾਲੀਆ ਦੇ ਅਤਿਵਾਦੀ ਸੰਗਠਨ ਅਲ-ਸ਼ਬਾਬ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

## ਫਾਦਰ'ਜ਼ ਡੇ ਦੁਖਾਂਤ: ਕਾਰ ਹੇਠ ਆ ਕੇ ਪਿਤਾ ਦੀ ਮੌਤ

**ਫਰਿਜ਼ਨੋ:** ਕੈਲੀਫੋਰਨੀਆ ਦੇ ਰਿਵਰਸਾਈਡ ਸ਼ਹਿਰ ਵਿਚ ਸ਼ਰਾਬੀ ਕੁੜੀ ਨੇ ਆਪਣੇ ਬਾਪੂ ਉਤੇ ਕਾਰ ਚੜ੍ਹਾ ਦਿੱਤੀ। ਇਸ ਹਾਦਸੇ ਵਿਚ ਬਾਪੂ ਦੀ ਮੌਤ ਹੋ ਗਈ।

ਲਾਸ ਏਂਜਲਸ ਦੇ ਬਗਲ ਵਿਚ ਸਥਿਤ ਸ਼ਹਿਰ ਰਿਵਰਸਾਈਡ ਵਿਚ ਮੈਕਸੀਕਨ ਮੂਲ ਦੀ ਲੜਕੀ ਸ਼ਰਾਬੀ ਹਾਲਤ ਵਿਚ ਕਾਰ ਚਲਾ ਕੇ ਘਰੋ ਜਾਣ ਲਈ ਬਜ਼ਿਦ ਸੀ। ਉਸ ਦੇ ਸੱਤਰ ਸਾਲਾ ਪਿਤਾ ਨੇ ਉਸ ਨੂੰ ਅਜਿਹਾ ਕਰਨ ਤੋਂ ਵਰਜਿਆ ਤਾਂ ਉਸ ਨੇ ਗਰਾਜ ਡੋਰ ਅੱਗੇ ਖੜ੍ਹੇ ਆਪਣੇ ਬਾਪ ਉਪਰ ਬੈਕ ਕਰ ਕੇ ਕਾਰ ਚੜ੍ਹਾ ਦਿੱਤੀ। ਇਹ ਬਾਪ ਜ਼ਖਮਾਂ ਦੀ ਤਾਬ ਨਾ ਝੱਲਦਾ ਹੋਇਆ ਥਾਂ 'ਤੇ ਹੀ ਦਮ ਤੋੜ ਗਿਆ। ਬਾਅਦ ਵਿਚ ਰਿਵਰਸਾਈਡ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਕੁੜੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਕਤਲ ਦਾ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ।

## ਤਾਲਿਬਾਨ ਵੱਲੋਂ ਵਿਦੇਸ਼ੀਆਂ ਨੂੰ ਪਾਕਿ ਛੱਡਣ ਦੀ ਧਮਕੀ

**ਪਿਸ਼ਾਵਰ:** ਪਾਕਿਸਤਾਨ ਤਾਲਿਬਾਨ ਨੇ ਵਿਦੇਸ਼ੀ ਬਹੁ-ਰਾਸ਼ਟਰੀ ਕੰਪਨੀਆਂ ਤੇ ਵਿਦੇਸ਼ੀਆਂ ਨੂੰ ਪਾਕਿਸਤਾਨ ਛੱਡ ਕੇ ਚਲੇ ਜਾਣ ਦੀ ਧਮਕੀ ਦਿੱਤੀ ਹੈ। ਪਾਕਿਸਤਾਨ ਤਾਲਿਬਾਨ ਦੇ ਬੁਲਾਰੇ ਸਾਹੀਦੁਲਾਹ ਸ਼ਾਹਿਦ ਨੇ ਕਿਹਾ ਕਿ ਅਸੀਂ ਸਾਰੇ ਵਿਦੇਸ਼ੀ ਨਿਵੇਸ਼ਕਾਂ, ਏਅਰਲਾਇੰਸ, ਮਲਟੀਨੈਸ਼ਨਲ ਕਾਰਪੋਰੇਸ਼ਨ ਤੇ ਵਿਦੇਸ਼ੀ ਲੋਕਾਂ ਨੂੰ ਚਿਤਾਵਨੀ ਦਿੰਦੇ ਹਾਂ ਕਿ ਉਹ ਪਾਕਿਸਤਾਨ ਨਾਲ ਸਾਰੇ ਮਾਮਲਿਆਂ ਨੂੰ ਰੱਦ ਕਰ ਦੇਣ ਤੇ ਪਾਕਿਸਤਾਨ ਛੱਡ ਕੇ ਚਲੇ ਜਾਣ ਲਈ ਤਿਆਰ ਰਹਿਣ, ਨਹੀਂ ਤਾਂ ਨੁਕਸਾਨ ਲਈ ਉਹ ਖੁਦ ਜ਼ਿੰਮੇਵਾਰ ਹੋਣਗੇ।

**Matrimonial**

ਕੰਨਿਆ ਦੀ ਲੋੜ

Suitable girl wanted for Jatt Sikh, US citizen boy, B Sc, 24, 5'-10". Girl should be 22-24, 5'-5", MBBS /B Tech./Nursing degree/ B. Pharmacy. Send photo & bio-data @ mbrar31@hotmail.com, Cell: 608-695-3475 25 to 28

punjabtimesusa.com

ਸ਼ੈਫ ਅਤੇ ਤੰਦੂਰੀਏ ਦੀ ਲੋੜ ਹੈ

ਕਿਊਮਨ ਇੰਡੀਅਨ ਕੁਜ਼ੀਨ, ਕੈਲਮਜ਼ੂ (ਮਿਸ਼ੀਗਨ) ਵਿਚ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।

ਮੁਫਤ ਰਿਹਾਇਸ਼ ਤੇ ਚੰਗੀ ਤਨਖਾਹ

ਸੰਪਰਕ ਕਰੋ:

ਫੋਨ: 616-334-1166

LAW OFFICE OF NIRWAN & ASSOCIATES



Jagdip S. Nirwan

SACRAMENTO

1104 Corporate Way
Sacramento, CA 95831

CALL US TODAY

Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

Transportation Funding Group, Inc.

Minneapolis, MN 55426

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਮਝੌਤੇ ਦੇ ਬਾਵਜੂਦ ਸਮਾਜਕ ਬਾਈਕਾਟ ਦੀ ਮਾਰ

**ਬਾਉਪੁਰ (ਦਲਜੀਤ ਅਮੀ):** ਸੰਗਰੂਰ ਜ਼ਿਲ੍ਹੇ ਦਾ ਪਿੰਡ ਬਾਉਪੁਰ ਲਗਾਤਾਰ ਖ਼ਬਰਾਂ ਵਿਚ ਹੈ। ਪੰਜਾਬ ਦੇ ਸਭ ਤੋਂ ਪੱਛੜੇ ਇਸ ਜ਼ਿਲ੍ਹੇ ਵਿਚ ਜਾਤੀ ਗ਼ਲਬੇ ਦਾ ਪ੍ਰਗਟਾਵਾ ਸਮਾਜਕ ਬਾਈਕਾਟ ਵਜੋਂ ਸਾਹਮਣੇ ਆਇਆ ਹੈ। ਪਿੰਡ ਦੀ ਬਾਲਮੀਕ ਅਤੇ ਰਵਿਦਾਸ ਬਿਰਾਦਰੀ ਦਾ ਸਮਾਜਕ ਬਾਈਕਾਟ 15 ਮਈ ਨੂੰ ਕੀਤਾ ਗਿਆ ਸੀ। ਖਨੌਰੀ ਥਾਣੇ ਦੇ ਥਾਣੇਦਾਰ ਵਿਜੇ ਕੁਮਾਰ ਦੇ ਸਾਹਮਣੇ ਸਮਝੌਤਾ ਹੋਣ ਤੋਂ ਬਾਅਦ ਵੀ ਸਮਾਜਕ ਬਾਈਕਾਟ ਦਾ ਅਸਰ ਸਮਾਜਕ ਵਿਹਾਰ ਵਿਚ ਅਸਰਅੰਦਾਜ਼ ਹੈ।

ਹਰਿਆਣੇ ਦੇ ਨਾਲ ਲੱਗਦਾ ਇਹ ਪਿੰਡ ਬਾਂਗਰ ਵਿਚ ਪੈਂਦਾ ਹੈ ਅਤੇ ਤਕਰੀਬਨ ਸਾਰੀ ਆਬਾਦੀ ਬਾਂਗਰੂ ਬੋਲਦੀ ਹੈ। ਹਿੰਦੂ ਬਹੁਲ ਆਬਾਦੀ ਵਾਲੇ ਇਸ ਪਿੰਡ ਦੀ 81 ਏਕੜ ਜ਼ਮੀਨ ਵਿਚੋਂ 27 ਏਕੜ ਬੇਜ਼ਮੀਨੇ ਤਬਕੇ ਲਈ ਰਾਖਵੀਂ ਹੈ। ਹੁਣ ਤੱਕ ਇਸ ਜ਼ਮੀਨ ਦੀ ਬੋਲੀ ਭਾਵੇਂ ਦਲਿਤ ਬਰਾਦਰੀ ਦੇ ਨਾਮ ਚੜ੍ਹਦੀ ਰਹੀ ਹੈ ਪਰ ਖੇਤੀ ਜਾਟ ਹੀ ਕਰਦੇ ਆਏ ਹਨ। ਇਸ ਵਾਰ ਬਾਲਮੀਕ ਅਤੇ ਰਵਿਦਾਸ ਬਿਰਾਦਰੀ ਨੇ ਸਾਂਝੀ ਖੇਤੀ ਕਰਨ ਦੇ ਇਰਾਦੇ ਨਾਲ ਬੋਲੀ ਦੇਣ ਦਾ ਫ਼ੈਸਲਾ ਕੀਤਾ ਸੀ। ਰਵਿਦਾਸ ਬਰਾਦਰੀ ਦੇ ਪੰਚ ਕ੍ਰਿਸ਼ਨ ਸਿੰਘ ਜੱਸਲ ਨੇ ਦੱਸਿਆ ਕਿ ਇਸ ਫ਼ੈਸਲੇ ਦਾ ਕਾਰਨ ਬਰਾਦਰੀ ਦੇ ਭਲੇ ਲਈ ਸਾਂਝੀ ਖੇਤੀ ਕਰਨਾ ਸੀ ਜੋ 12 ਮੈਂਬਰੀ ਕਮੇਟੀ ਦੀ ਸਰਪ੍ਰਸਤੀ ਵਿਚ ਕੀਤੀ ਜਾਣੀ ਸੀ। ਪੰਜ ਤਰੀਕ ਦੇ ਇਸ ਫ਼ੈਸਲੇ ਮੁਤਾਬਕ ਦਸ ਮਈ ਨੂੰ ਬੋਲੀ ਦਿੱਤੀ ਗਈ ਪਰ ਨਿਲਾਮੀ ਰੱਦ ਕਰ ਦਿੱਤੀ ਗਈ। ਨਿਲਾਮੀ ਰੱਦ ਕੀਤੇ ਜਾਣ ਦਾ ਕਾਰਨ ਜ਼ਮੀਨ ਦਾ ਪਿਛਲੇ ਸਾਲ ਨਾਲੋਂ ਘੱਟ ਠੇਕੇ ਉੱਤੇ ਚੜ੍ਹਨਾ ਦੱਸਿਆ ਗਿਆ ਪਰ ਇਸ ਦਾ ਅਸਰ ਅਗਲੇ ਦਿਨਾਂ ਵਿਚ ਸਾਮਾਜਕ ਪੱਧਰ ਉੱਤੇ



ਪਿੰਡ ਬਾਉਪੁਰ ਵਿਚ ਮਨਰੇਗਾ ਕੰਮ-ਕਾਰ ਕਰ ਰਹੇ ਦਲਿਤ।

ਨਜ਼ਰ ਆਇਆ। ਪੰਦਰਾਂ ਮਈ ਨੂੰ ਪਿੰਡ ਦੇ ਇੱਕ ਮੋਹਤਬਰ ਵਸਾਉ ਰਾਮ ਨੇ ਸ਼ਿਵ ਮੰਦਿਰ ਵਿਚ ਜਾਟ ਭਾਈਚਾਰੇ ਦੀ ਬੈਠਕ ਬੁਲਾਈ। ਇਸੇ ਮੰਦਿਰ ਵਿਚੋਂ ਛੇ ਵਜੇ ਸਪੀਕਰ ਰਾਹੀਂ ਦਲਿਤ ਬਰਾਦਰੀ ਦੇ ਸਮਾਜਕ ਬਾਈਕਾਟ ਦਾ ਐਲਾਨ ਕਰ ਦਿੱਤਾ ਗਿਆ। ਸਮਾਜਕ ਬਾਈਕਾਟ ਦਾ ਮਤਲਬ ਸੀ ਕਿ ਜੋ ਵੀ ਦਲਿਤ ਸਮਾਜ ਨਾਲ ਸਬੰਧ ਰੱਖੇਗਾ, ਉਸ ਨੂੰ ਇੱਕੀ ਹਜ਼ਾਰ ਰੁਪਏ ਜੁਰਮਾਨਾ ਕੀਤਾ ਜਾਵੇਗਾ ਅਤੇ ਬਾਈਕਾਟ ਦਾ ਉਲੰਘਣ ਕਰਨ ਵਾਲੇ ਦਲਿਤ ਨੂੰ ਗਿਆਰਾਂ ਹਜ਼ਾਰ ਰੁਪਏ ਜੁਰਮਾਨਾ ਕੀਤਾ ਜਾਵੇਗਾ। ਇਸ ਬਾਈਕਾਟ ਤਹਿਤ ਦਲਿਤਾਂ ਦਾ ਖੇਤਾਂ ਵਿਚ ਵੜਨਾ ਬੰਦ, ਉਨ੍ਹਾਂ ਨੂੰ ਦਿਹਾੜੀ ਉੱਤੇ ਰੱਖਣਾ ਬੰਦ, ਦਲਿਤਾਂ ਦੇ ਪਸ਼ੂਆਂ ਦਾ ਖੇਤਾਂ ਵਿਚ ਵੜਨਾ ਬੰਦ ਅਤੇ ਦਲਿਤਾਂ ਨੂੰ ਦੁੱਧ-ਲੱਸੀ ਦੇਣਾ ਬੰਦ ਕਰ ਦਿੱਤਾ ਗਿਆ। ਜਾਟਾਂ ਦੇ ਮੰਦਿਰ ਵਿਚ ਦਲਿਤਾਂ ਦੇ ਦਾਖ਼ਲੇ ਉੱਤੇ ਪਾਬੰਦੀ ਲਗਾ ਦਿੱਤੀ ਗਈ। ਬਹੁਜਨ ਸਮਾਜ ਪਾਰਟੀ ਦੀ ਜਥੇਬੰਦੀ ਬਹੁਜਨ ਵਲੰਟੀਅਰ ਫੋਰਸ ਦੇ ਜ਼ਿਲ੍ਹਾ ਇੰਚਾਰਜ ਕ੍ਰਿਸ਼ਨ ਸਿੰਘ ਜੱਸਲ ਦੱਸਦੇ ਹਨ ਕਿ ਸਾਰਾ ਦਲਿਤ ਸਮਾਜ ਖੌਫ਼ਜ਼ਦਾ ਹੋ ਗਿਆ ਹੈ। ਬਾਈਕਾਟ ਤੋਂ ਅਗਲੇ ਦਿਨ ਐਲਾਨ ਦੁਆਰਾ ਕੀਤਾ ਗਿਆ। ਬਾਅਦ ਵਿਚ ਦੋਵਾਂ ਧਿਰਾਂ ਨੂੰ ਖਨੌਰੀ ਥਾਣੇ ਵਿਚ ਬੁਲਾ ਕੇ ਥਾਣੇਦਾਰ ਵਿਜੇ ਕੁਮਾਰ ਨੇ ਸਮਝੌਤਾ ਕਰਵਾ ਦਿੱਤਾ।

ਇਸ ਸਮਝੌਤੇ ਨਾਲ ਨਾ ਤਾਂ ਬੇਜ਼ਮੀਨੇ ਤਬਕੇ ਦੇ ਹਿੱਸੇ ਦੀ ਪੰਚਾਇਤੀ ਜ਼ਮੀਨ ਦਾ ਫ਼ੈਸਲਾ ਹੋਇਆ ਅਤੇ ਨਾ ਹੀ ਸਮਾਜਕ ਵਿਹਾਰ ਵਿਚ ਆਈ ਕੁੜੱਤਣ ਘੱਟ ਹੋਈ। ਪੰਚਾਇਤ ਸਕੱਤਰ ਪ੍ਰਿਥੀ ਸਿੰਘ ਨੇ ਫੋਨ ਉੱਤੇ ਗੱਲਬਾਤ ਦੌਰਾਨ ਦੱਸਿਆ, "ਪਿਛਲੇ ਸਾਲ ਬੇਜ਼ਮੀਨੇ ਤਬਕੇ ਦੇ ਹਿੱਸੇ ਦੀ ਜ਼ਮੀਨ ਦਾ ਠੇਕਾ 8,52,000 ਸੀ ਜਦਕਿ ਇਸ ਵਾਰ ਬੋਲੀ 2,05,700 ਰੁਪਏ ਤੱਕ ਗਈ ਹੈ। ਆਮ ਤੌਰ ਉੱਤੇ ਪਿਛਲੇ ਸਾਲ ਦੇ ਠੇਕੇ ਨੂੰ ਘੱਟ ਤੋਂ ਘੱਟ ਮੰਨ ਕੇ ਖੇਤੀ ਕੀਤੀ ਜਾਂਦੀ ਹੈ। ਇਸ ਸਾਲ ਦਾ ਫ਼ੈਸਲਾ ਲੈਣ ਲਈ ਮਿਸਲ ਮਹਿਕਮੇ ਦੇ ਆਹਲਾ ਅਫ਼ਸਰਾਂ ਨੂੰ ਭੇਜ ਦਿੱਤੀ ਗਈ ਹੈ।"

ਇਸ ਦੌਰਾਨ 19 ਮਈ ਨੂੰ ਬਾਲਮੀਕੀ ਮੰਦਿਰ ਦੇ ਪੁਜਾਰੀ ਮਹਿਪਾਲ ਸਿੰਘ ਨੂੰ ਖੇਤ ਵਿਚ ਵੜਨ ਕਾਰਨ ਕੁੱਟਿਆ ਗਿਆ। ਇਸ ਮਾਮਲੇ ਵਿਚ ਮੁਲਜ਼ਮ ਬੀਰਾ ਰਾਮ ਨੂੰ ਅਨੁਸੂਚਿਤ ਜਾਤੀ ਅਤੇ ਜਨਜਾਤੀ ਖ਼ਿਲਾਫ਼ ਤਸ਼ੱਦਦ ਦੇ ਕਾਨੂੰਨ ਤਹਿਤ ਮਾਮਲਾ ਦਰਜ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ ਹੈ। ਪਿੰਡ ਦੇ ਸਰਪੰਚ ਲਹਿਰੀ ਸਿੰਘ ਨੇ ਫ਼ੋਨ ਉੱਤੇ ਦੱਸਿਆ ਕਿ ਸਮਾਜਕ ਬਾਈਕਾਟ ਵਰਗਾ ਕੁਝ ਨਹੀਂ ਹੋਇਆ ਅਤੇ ਪੁਜਾਰੀ ਮਹੀਪਾਲ ਸਿੰਘ ਵਾਲਾ ਮਾਮਲਾ ਦੋ ਜੀਆਂ ਦੀ ਆਪਸੀ ਲੜਾਈ ਹੈ। ਦੂਜੇ ਪਾਸੇ ਮਨਰੇਗਾ ਯੋਜਨਾ ਤਹਿਤ ਦਿਹਾੜੀ ਉੱਤੇ ਲੱਗੀਆਂ ਦਲਿਤ ਸਮਾਜ ਦੀਆਂ ਬੀਬੀਆਂ ਦੱਸਦੀਆਂ ਹਨ ਕਿ ਉਹ ਸਮਾਜਕ ਬਾਈਕਾਟ ਦਾ ਸ਼ਿਕਾਰ ਹਨ ਜਿਸ ਕਾਰਨ ਬਾਲਣ ਤੋਂ ਲੈ ਕੇ ਜੰਗਲ-ਪਾਣੀ ਤੱਕ ਦੀਆਂ ਸਮੱਸਿਆਵਾਂ ਆ ਰਹੀਆਂ ਹਨ। ਜਾਟ ਬਰਾਦਰੀ ਦੇ ਪੰਚ ਹਵਾ ਸਿੰਘ ਦਾ ਕਹਿਣਾ ਹੈ ਕਿ ਉਹ ਕਿਸੇ ਨੂੰ ਫ਼ਸਲ ਬਰਬਾਦ ਕਰਨ ਦੀ ਇਜਾਜ਼ਤ ਨਹੀਂ ਦੇ ਸਕਦੇ।

ਇਨ੍ਹਾਂ ਹਾਲਾਤ ਵਿਚ ਦੋਵਾਂ ਬਿਰਾਦਰੀਆਂ ਦਾ ਲਹਿਜ਼ਾ ਦਰਸਾਉਂਦਾ ਹੈ ਕਿ ਤਣਾਅ ਜਲਦੀ ਘੱਟ ਹੋਣ ਵਾਲਾ ਨਹੀਂ ਹੈ। ਥਾਣੇ ਵਿਚ ਜਾਟ ਸਮਾਜ ਵੱਲੋਂ ਸਮਾਜਕ ਬਾਈਕਾਟ ਦੇ ਸੱਦੇ ਲਈ ਮੁਆਫ਼ੀ ਮੰਗਣ ਵਾਲੇ ਅਜਮੇਰ ਸਿੰਘ ਦੀ ਇੱਜ਼ਤ ਤਾਂ ਪਿੰਡ ਵਿਚ ਹਰ ਕੋਈ ਕਰਦਾ ਹੈ ਪਰ ਹਰ ਕਿਸੇ ਉਨ੍ਹਾਂ ਦੀ ਮੰਨ ਲੈਣਾ ਆਪਣੀ ਜਾਤੀ ਪਛਾਣ ਉੱਤੇ ਸਵਾਲੀਆ ਨਿਸ਼ਾਨ ਲੱਗਦਾ ਹੈ। ਅਜਮੇਰ ਸਿੰਘ ਦੀਆਂ ਭਾਵਨਾਵਾਂ ਸ਼ਾਇਦ ਮੌਜੂਦਾ ਸਿਆਸਤ ਵਿਚ ਮਾਅਨੇ ਨਹੀਂ ਰੱਖਦੀਆਂ।

# ਵੱਖਰੀ ਗੁਰਦੁਆਰਾ ਕਮੇਟੀ ਬਾਰੇ ਫਿਰ ਛਿੜੀ ਚਰਚਾ

*(ਸਫਾ ਇਕ ਦੀ ਬਾਕੀ)*

ਅਤੇ ਇਸ ਲਈ ਉਨ੍ਹਾਂ ਨੇ ਵੱਖਰੀ ਕਮੇਟੀ ਲਈ ਸੰਘਰਸ਼ਸ਼ੀਲ ਸਿੱਖ ਲੀਡਰਾਂ ਦੀਦਾਰ ਸਿੰਘ ਨਲਵੀ ਅਤੇ ਜਗਦੀਸ਼ ਸਿੰਘ ਝੀਂਡਾ ਵਿਚਾਲੇ ਸੁਲ੍ਹਾ ਕਰਾਉਣ ਦਾ ਵੀ ਯਤਨ ਕੀਤਾ। ਅਸਲ ਵਿਚ ਹਰਿਆਣਾ ਦੇ ਕੁੱਲ 90 ਵਿਧਾਨ ਸਭਾ ਹਲਕਿਆਂ ਵਿਚੋਂ 36 'ਤੇ ਸਿੱਖ ਵੋਟਰਾਂ ਦਾ ਚੰਗਾ ਪ੍ਰਭਾਵ ਹੈ ਜਦਕਿ ਚਾਰ ਲੋਕ ਸਭਾ ਸੀਟਾਂ 'ਤੇ ਜਿੱਤ ਹਾਰ ਦਾ ਫੈਸਲਾ ਸਿੱਖ ਵੋਟਰਾਂ ਦੇ ਹੱਥ ਹੈ। ਇਸ ਗੱਲ ਦੀ ਸਮਝ ਕਾਂਗਰਸ ਨੂੰ ਚੰਗੀ ਤਰ੍ਹਾਂ ਆ ਗਈ ਹੈ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਹੁੱਡਾ ਸਰਕਾਰ ਦੀਆਂ ਸਰਗਰਮੀਆਂ ਦੀ ਆਲੋਚਨਾ ਕਰਦਿਆਂ ਦੋਸ਼ ਲਾਇਆ ਹੈ ਕਿ ਕਾਂਗਰਸ ਸਿੱਖਾਂ ਨੂੰ ਪਾੜ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਦੋਸ਼ ਲਾਇਆ ਹੈ ਕਿ ਹਰਿਆਣਾ ਕਾਂਗਰਸ ਆਪਣੇ ਮੰਤਵ ਲਈ ਵੱਖਰੀ ਗੁਰਦੁਆਰਾ ਕਮੇਟੀ ਦੇ ਨਾਂ 'ਤੇ ਸਿੱਖਾਂ ਨੂੰ ਵੰਡਣ ਦਾ ਯਤਨ ਕਰ ਰਹੀ ਹੈ। ਜਥੇਦਾਰ ਮੱਕੜ ਨੇ ਵੱਖਰੀ ਕਮੇਟੀ ਦੇ ਮਾਮਲੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ 'ਤੇ ਦੋਸ਼ ਲਾਇਆ ਕਿ ਉਹ ਕਾਂਗਰਸ ਦੇ ਮੰਤਵ ਨੂੰ ਪੂਰਾ ਕਰਨ ਲਈ ਹਰਿਆਣਾ ਦੇ ਸਿੱਖਾਂ ਨੂੰ ਵੰਡਣ ਦਾ ਯਤਨ ਕਰ ਰਹੇ ਹਨ ਪਰ ਸਮੁੱਚਾ ਪੰਥ ਇਸ ਨੂੰ ਕਦੇ ਬਰਦਾਸ਼ਤ ਨਹੀਂ ਕਰੇਗਾ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਇਕ ਵਾਰ ਮੁੜ ਕੇਂਦਰ ਸਰਕਾਰ ਦਾ ਸਹਾਰਾ ਲੈ ਕੇ ਇਸ ਮਸਲੇ ਵਿਚ ਅੜਿੱਕਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਇਸ ਵਾਰ ਸਮੀਕਰਨ ਥੋੜ੍ਹੇ ਵੱਖਰੇ ਹਨ। ਹੁਣ ਕੇਂਦਰ ਵਿਚ ਭਾਜਪਾ ਦੀ ਸਰਕਾਰ ਹੈ ਜਿਸ ਦੀ ਭਾਈਵਾਲੀ ਸ਼੍ਰੋਮਣੀ ਅਕਾਲੀ ਦਲ ਨਾਲ ਹੈ। ਭਾਜਪਾ ਨੇ ਇਸ ਵਾਰ ਹਰਿਆਣਾ ਵਿਚ ਲੋਕ ਸਭਾ ਚੋਣਾਂ ਦੌਰਾਨ 10 ਵਿਚੋਂ ਅੱਠ ਸੀਟਾਂ ਜਿੱਤੀ ਲਈਆਂ ਹਨ ਤੇ ਹੁਣ ਅਗਲੇ ਸਾਲ ਸੂਬੇ ਦੀਆਂ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਲਈ ਕਮਰ ਕੱਸੀ ਹੋਈ ਹੈ। ਇਸ ਲਈ ਹੁਣ ਭਾਜਪਾ ਵੀ ਸਿੱਖ ਵੋਟਰਾਂ ਨੂੰ ਨਰਾਜ਼ ਨਹੀਂ ਕਰਨਾ ਚਾਹੇਗੀ। ਇਸ ਲਈ, ਹਰਿਆਣਾ ਲਈ ਵੱਖਰੀ ਗੁਰਦੁਆਰਾ ਕਮੇਟੀ ਦੇ ਮਾਮਲੇ ਨੇ ਦਿਲਚਸਪ ਮੋੜ ਲੈ ਲਿਆ ਹੈ। ਉਂਝ ਵੀ ਕੇਂਦਰ ਵਿਚ ਆਪਣੇ ਬਲਬੂਤੇ 'ਤੇ ਸਰਕਾਰ ਬਣਨ ਮਗਰੋਂ ਭਾਜਪਾ ਦੇ ਅਕਾਲੀ ਦਲ ਪ੍ਰਤੀ ਤੇਵਰ ਬਦਲੇ ਨਜ਼ਰ ਆ ਰਹੇ ਹਨ। ਅਜਿਹੇ ਹਾਲਾਤ ਵਿਚ ਹਰਿਆਣਾ ਦੇ ਸਿੱਖਾਂ ਨੂੰ ਫਾਇਦਾ ਹੋ ਸਕਦਾ ਹੈ।

ਜ਼ਿਕਰਯੋਗ ਹੈ ਕਿ ਹਰਿਆਣਾ ਦੇ ਸਿੱਖਾਂ ਵੱਲੋਂ ਪੰਜਾਬ ਰਾਜ ਪੁਨਰਗਠਨ ਐਕਟ 1966 ਦੀ ਧਾਰਾ 72 ਦੇ ਸੈਕਸ਼ਨ 3 ਤਹਿਤ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕੀਤੀ ਜਾ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪਿਛਲੀਆਂ ਚੋਣਾਂ ਵਿਚ 11 ਵਿਚੋਂ ਸੱਤ ਮੈਂਬਰ ਵੱਖਰੀ ਕਮੇਟੀ ਪੱਖੀ ਜਿੱਤ ਗਏ ਸਨ ਅਤੇ ਇਸ ਮੰਗ ਨੇ ਜ਼ੋਰ ਫੜ ਲਿਆ ਸੀ ਪਰ ਅਗਲੀਆਂ ਚੋਣਾਂ ਵਿਚ ਖਾਤਾ ਵੀ ਨਹੀਂ ਖੁੱਲ੍ਹ ਸਕਿਆ। ਇਸ ਵਾਰ ਦੀਆਂ ਗੁਰਦੁਆਰਾ ਚੋਣਾਂ ਦੋਵਾਂ ਧੜਿਆਂ ਨੇ ਅੱਡ-ਅੱਡ ਹੋ ਕੇ ਲੜੀਆਂ ਸਨ। ਉਂਝ ਦੋਵਾਂ ਧੜਿਆਂ ਦੇ ਉਮੀਦਵਾਰਾਂ ਦੀਆਂ ਵੋਟਾਂ ਮਿਲਾ ਕੇ ਜੇਤੂ ਉਮੀਦਵਾਰ ਨਾਲੋਂ ਵਧੇਰੇ ਬਣਦੀਆਂ ਹਨ।

ਅਕਾਲੀ ਦਲ ਭਾਵੇਂ ਇਸ ਦਾ ਵਿਰੋਧ ਕਰ ਰਿਹਾ ਹੈ ਪਰ ਮਹਾਰਾਸ਼ਟਰ, ਬਿਹਾਰ, ਦਿੱਲੀ ਤੇ ਉਤਰਾਖੰਡ ਵਿਚ ਪਹਿਲਾਂ ਹੀ ਵੱਖਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਹਨ। ਹਰਿਆਣਾ ਵਿਚ 72 ਗੁਰਦੁਆਰੇ ਹਨ ਜਿਨ੍ਹਾਂ ਦੀ ਸਾਲਾਨਾ ਆਮਦਨ 180 ਕਰੋੜ ਰੁਪਏ ਹੈ ਅਤੇ ਇਹ ਆਮਦਨ ਸ਼੍ਰੋਮਣੀ ਕਮੇਟੀ ਹਰਿਆਣੇ ਵਿਚ ਨਹੀਂ ਖਰਚਦੀ ਹੈ। ਹਰਿਆਣਵੀ ਆਗੂਆਂ ਦਾ ਇਹੀ ਵੱਡਾ ਇਤਰਾਜ਼ ਹੈ।

# ਬਾਦਲਾਂ ਨੂੰ ਅਕਸ ਸੁਧਾਰਨ ਦਾ ਚੇਤਾ ਆਇਆ

*(ਸਫਾ ਇਕ ਦੀ ਬਾਕੀ)*

ਕੀਤਾ ਹੈ ਕਿ ਚੋਣਾਂ ਵਿਚ ਰੇਤਾ ਬੱਜਰੀ ਮਾਫੀਆ, ਡਰੱਗ ਮਾਫੀਆ, ਬੇਲੋੜੇ ਟੈਕਸ ਤੇ ਮਾੜੀ ਅਮਨ ਕਾਨੂੰਨ ਦੀ ਹਾਲਤ ਆਦਿ ਮੁੱਦੇ ਅਹਿਮ ਰਹੇ ਜਿਸ ਕਾਰਨ ਅਕਾਲੀ-ਭਾਜਪਾ ਗੱਠਜੋੜ ਨੂੰ ਤਕੜੀ ਹਾਰ ਦਾ ਸਾਹਮਣਾ ਕਰਨਾ ਪਿਆ।

ਭਾਜਪਾ ਹੀ ਨਹੀਂ ਅਕਾਲੀ ਦਲ ਵਿਚ ਨੁੱਕਰੇ ਲੱਗੇ ਟਕਸਾਲੀ ਆਗੂਆਂ ਨੇ ਵੀ ਇਸ ਬਾਰੇ ਆਵਾਜ਼ ਬੁਲੰਦ ਕੀਤੀ ਹੈ। ਟਕਸਾਲੀ ਆਗੂਆਂ ਦਾ ਕਹਿਣਾ ਹੈ ਕਿ ਅਕਾਲੀ ਦਲ ਪੰਥਕ ਸਿਧਾਂਤਾਂ ਤੋਂ ਦੂਰ ਚਲਾ ਗਿਆ ਹੈ ਜਿਸ ਕਾਰਨ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਆਗੂਆਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਕਾਰਜਸ਼ੈਲੀ 'ਤੇ ਵੀ ਸਵਾਲ ਉਠਾਏ ਹਨ। ਪਾਰਟੀ ਅੰਦਰ ਧੁਖੀ ਅੱਗ ਨੂੰ ਸ਼ਾਂਤ ਕਰਨ ਲਈ ਮੁੱਖ ਮੰਤਰੀ ਬਾਦਲ ਨੇ ਹੁਣ ਖੁਦ ਕੋਸ਼ਿਸ਼ਾਂ ਵਿੱਢ ਦਿੱਤੀਆਂ ਹਨ। ਪਿਛਲੇ ਦਿਨੀਂ ਮੰਤਰੀ ਮੰਡਲ ਦਾ ਵਿਸਥਾਰ, ਨਸ਼ਿਆਂ ਖਿਲਾਫ਼ ਮੁਹਿੰਮ, ਅਫਸਰਾਂ 'ਤੇ ਸ਼ਿਕੰਜਾ, ਪ੍ਰਧਾਨ ਮੰਤਰੀ ਤੇ ਹੋਰ ਕੇਂਦਰੀ ਮੰਤਰੀਆਂ ਨਾਲ ਮੀਟਿੰਗਾਂ ਇਸੇ ਕਵਾਇਦ ਦਾ ਹਿੱਸਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਅਕਾਲੀ ਦਲ 2017 ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਫਿਕਰਮੰਦ ਹੈ। ਇਸ ਵਾਰ ਆਮ ਆਦਮੀ ਪਾਰਟੀ ਨੇ ਅਕਾਲੀ ਦਲ ਦੇ ਬਰਾਬਰ ਵੋਟ ਪ੍ਰਤੀਸ਼ਤ ਹਾਸਲ ਕੀਤਾ ਹੈ। ਹਾਰ ਤੋਂ ਬਾਅਦ ਕਾਂਗਰਸ ਵੀ ਸਰਗਰਮ ਹੋ ਗਈ ਹੈ ਜਿਸ ਕਰ ਕੇ ਅਕਾਲੀ ਦਲ ਨੂੰ ਕਾਫੀ ਮੁਸ਼ੱਕਤ ਕਰਨੀ ਪੈ ਰਹੀ ਹੈ। ਇਹ ਵੀ ਸੱਚ ਹੈ ਕਿ ਭਾਜਪਾ ਦੇ ਸਾਥ ਬਿਨਾਂ ਅਕਾਲੀ ਦਲ ਇਨ੍ਹਾਂ ਚੁਣੌਤੀਆਂ ਨੂੰ ਸਰ ਨਹੀਂ ਕਰ ਸਕੇਗਾ ਤੇ ਭਾਜਪਾ ਆਪਣੀਆਂ ਗਿਣਤੀਆਂ-ਮਿਣਤੀਆਂ ਅਨੁਸਾਰ ਹੀ ਆਪਣਾ ਪੈਂਡਾ ਤੈਅ ਕਰੇਗਾ।

# ਪਾਰਲੀਮਾਨੀ ਸਕੱਤਰਾਂ ਤੋਂ ਖੁੱਸਣਗੀਆਂ ਪਾਇਲਟ ਗੱਡੀਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਾਰਲੀਮਾਨੀ ਸਕੱਤਰਾਂ ਨੂੰ ਮਿਲੀਆਂ ਪਾਇਲਟ ਗੱਡੀਆਂ ਵਾਪਸ ਲੈਣ ਦਾ ਫ਼ੈਸਲਾ ਲਿਆ ਹੈ। ਅਧਿਕਾਰੀਆਂ ਨੂੰ ਗੱਡੀਆਂ ਹੁਣ ਖ਼ਤਰੇ ਦੇ ਆਧਾਰ 'ਤੇ ਮਿਲਣਗੀਆਂ। ਉਪ ਮੁੱਖ ਮੰਤਰੀ ਵੱਲੋਂ ਇਥੇ ਸੂਬੇ ਵਿਚ ਸੁਰੱਖਿਆ ਕਵਰ ਵਾਲੇ ਅਧਿਕਾਰੀਆਂ ਤੇ ਦੂਜੇ ਨਾਗਰਿਕਾਂ ਬਾਰੇ ਇਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਹੁਕਮ ਦਿੱਤੇ ਕਿ ਪੁਲਿਸ ਸੁਰੱਖਿਆ ਪ੍ਰਾਪਤ ਸਾਰੇ ਵਿਅਕਤੀਆਂ ਦੇ ਕੇਸਾਂ ਬਾਰੇ ਦੁਬਾਰਾ ਪੜਚੋਲ ਸ਼ੁਰੂ ਕੀਤੀ ਜਾਵੇ ਤੇ ਇਸ ਲਈ ਆਧਾਰ ਸਿਰਫ ਉਨ੍ਹਾਂ ਨੂੰ ਸੰਭਾਵਿਤ ਖ਼ਤਰੇ ਨੂੰ ਰੱਖਿਆ ਜਾਵੇ।

ਸਰਕਾਰ ਦਾ ਇਹ ਫ਼ੈਸਲਾ ਇਕ ਜੁਲਾਈ ਤੋਂ ਲਾਗੂ ਕੀਤਾ ਜਾਵੇਗਾ। ਇਸ ਵੇਲੇ ਸੂਬਾ ਸਰਕਾਰ ਵੱਲੋਂ ਕੋਈ 6500 ਪੁਲਿਸ ਕਰਮਚਾਰੀ ਸੁਰੱਖਿਆ ਡਿਊਟੀਆਂ 'ਤੇ ਤਾਇਨਾਤ ਕੀਤੇ ਹੋਏ ਹਨ, ਪਰ ਸਰਕਾਰ ਵੱਲੋਂ ਇਸ ਗਿਣਤੀ ਨੂੰ ਵੀ ਘਟਾਉਣ ਦਾ ਫ਼ੈਸਲਾ ਲਿਆ ਗਿਆ ਹੈ।

# ਬਲਜੀਤ ਸਿੰਘ ਦਾਦੂਵਾਲ ਚੋਣ ਲੜਨਗੇ?

**ਬਠਿੰਡਾ:** ਧਾਰਮਿਕ ਆਗੂ ਸੰਤ ਬਲਜੀਤ ਸਿੰਘ ਦਾਦੂਵਾਲ ਤਲਵੰਡੀ ਸਾਬੋ ਦੀ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਕਿਹਾ ਹੈ ਕਿ ਸਿੱਖ ਸੰਗਤ ਚਾਹੁੰਦੀ ਹੈ ਕਿ ਉਹ ਆ ਰਹੀ ਉਪ-ਚੋਣ ਲੜਨ। ਇਸ ਲਈ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਈ ਪੰਥਕ ਜਥੇਬੰਦੀਆਂ ਨੇ ਵੀ ਉਨ੍ਹਾਂ ਨੂੰ ਹਮਾਇਤ ਦਾ ਭਰੋਸਾ ਦਿੱਤਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

## ਰਾਗੀ ਬਲਵੀਰ ਸਿੰਘ ਸਫਰੀ ਦਾ ਦੇਹਾਂਤ

**ਲੁਧਿਆਣਾ (ਬਿਊਰੋ)**: ਰਾਗੀ ਬਲਵੀਰ ਸਿੰਘ ਸਫਰੀ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ। ਉਹ 42 ਸਾਲਾਂ ਦੇ ਸਨ ਅਤੇ ਆਪਣੇ ਪਿਛੇ ਦੋ ਲੜਕੇ ਤੇ ਪਤਨੀ ਚਰਨਜੀਤ ਕੌਰ ਤੋਂ ਇਲਾਵਾ ਭਰਿਆ ਪਰਿਵਾਰ ਛੱਡ ਗਏ ਹਨ। ਭਾਈ ਬਲਵੀਰ ਸਿੰਘ ਸਫਰੀ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 21 ਜੂਨ ਨੂੰ ਹੋਵੇਗੀ। ਭਾਈ ਸਫਰੀ ਬਾਬਾ ਨੰਦ ਸਿੰਘ ਕਲੇਰਾਂ ਤੋਂ ਵਰੋਸਾਏ ਸੇਵਾਦਾਰ ਮਹਿੰਦਰ ਸਿੰਘ ਮਸੀਤਾਂ ਵਾਲਿਆਂ ਦੇ ਦੋਹਤਰੇ ਸਨ। ਪੰਜਾਬ ਵਿਚ ਪਰਿਵਾਰ ਨਾਲ ਸੰਪਰਕ ਉਨ੍ਹਾਂ ਦੇ ਭਰਾ ਲਖਵੀਰ ਸਿੰਘ ਫੋਨ: 91-98551-36310 ਰਾਹੀਂ ਕੀਤਾ ਜਾ ਸਕਦਾ ਹੈ।

# ਗਾਂਜਾ ਵੇਚਣ ਦੇ ਦੋਸ਼ ਹੇਠ 14 ਪੰਜਾਬੀਆਂ ਸਣੇ 20 ਗ੍ਰਿਫਤਾਰ

### ਪੁਲਿਸ ਵੱਲੋਂ ਦੋ ਕਾਊਂਟੀਆਂ ਦੇ ਕਈ ਸਟੋਰਾਂ ‘ਤੇ ਛਾਪੇ

**ਇੰਡੀਆਨਾ:** ਪੁਲਿਸ ਵੱਲੋਂ ਸੇਂਟ ਜੋਸਫ ਕਾਊਂਟੀ ਤੇ ਐਲਕਹਾਰਟ ਕਾਊਂਟੀ ਦੇ ਕਈ ਸਟੋਰਾਂ ‘ਤੇ ਛਾਪੇ ਮਾਰ ਕੇ 20 ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਛਾਪੇ ਸਿੰਥੈਟਿਕ ਗਾਂਜੇ ਦੀ ਖਰੀਦੋ-ਫਰੋਖਤ ਦੇ ਸਿਲਸਿਲੇ ਵਿਚ ਮਾਰੇ ਗਏ ਸਨ। ਗ੍ਰਿਫਤਾਰ ਕੀਤੇ ਵਿਅਕਤੀਆਂ ਵਿਚੋਂ 14 ਪੰਜਾਬੀ ਹਨ। ਇਨ੍ਹਾਂ ਸਟੋਰਾਂ ਉਤੇ ਸਿੰਥੈਟਿਕ ਗਾਂਜਾ ਵੇਚਿਆ ਜਾ ਰਿਹਾ ਸੀ। ਕੇਸ ਦੀ ਜਾਂਚ ਕਰ ਰਹੇ ਅਫਸਰਾਂ ਮੁਤਾਬਕ ਸੇਂਟ ਜੋਸਫ ਕਾਊਂਟੀ ਵਿਚ 7 ਵਾਰੰਟ ਜਾਰੀ ਕੀਤੇ ਗਏ ਅਤੇ 9 ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸੇ ਤਰ੍ਹਾਂ ਐਲਕਹਾਰਟ ਕਾਊਂਟੀ ਵਿਚ 14 ਵਾਰੰਟ ਜਾਰੀ ਕੀਤੇ ਗਏ ਅਤੇ 11 ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ। ਐਲਕਹਾਰਟ ਕਾਊਂਟੀ ਵਿਚੋਂ ਫੜੇ ਵਿਅਕਤੀਆਂ ਵਿਚੋਂ 8 ਪੰਜਾਬੀ ਹਨ ਅਤੇ ਸੇਂਟ ਜੋਸਫ ਕਾਊਂਟੀ ਵਿਚ ਛੇ ਪੰਜਾਬੀ ਹਨ।

ਇਹ ਛਾਪੇ ਉਦੋਂ ਮਾਰੇ ਗਏ ਜਦੋਂ ਇਨ੍ਹਾਂ ਸਟੋਰਾਂ ਨੇੜੇ ਰਹਿੰਦੇ ਅਤੇ ਕੰਮ ਕਰਦੇ ਲੋਕਾਂ ਨੇ ਸਿੰਥੈਟਿਕ ਗਾਂਜਾ ਵੇਚੇ ਜਾਣ ਦੀ ਸ਼ਿਕਾਇਤ ਕਰਦਿਆਂ ਪੁਲਿਸ ਬੁਲਾਈ। ਇਨ੍ਹਾਂ ਮਾਰਕੀਟਾਂ ਅਤੇ ਗੈਸ ਸਟੇਸ਼ਨਾਂ ਨੇੜੇ ਰਹਿੰਦੇ ਲੋਕਾਂ ਅਤੇ ਮਾਪਿਆਂ ਨੇ ਪੁਲਿਸ ਤੱਕ ਪਹੁੰਚ ਕਰ ਕੇ ਨਸ਼ੀਲੇ ਪਦਾਰਥ ਵੇਚੇ ਜਾਣ ਦੀ ਸੰਭਾਵਨਾ ਪ੍ਰਗਟਾਈ ਸੀ। ਇਸ ਕੇਸ ਵਿਚ ਪੁਲਿਸ ਨੇ 10 ਬੈਂਕ ਖਾਤੇ ਵੀ ਜ਼ਬਤ ਕਰ ਲਏ। ਦੋ ਵਾਹਨ, ਦੋ ਹਥਿਆਰ ਅਤੇ 57,000 ਡਾਲਰ ਤੋਂ ਵੱਧ ਰਾਸ਼ੀ ਤੇ 1400 ਪੈਕੇਟ ਸਿੰਥੈਟਿਕ ਡਰੱਗਜ਼ ਬਰਾਮਦ ਕੀਤੇ ਹਨ। ਚੇਤੇ ਰਹੇ ਕਿ ਸਿੰਥੈਟਿਕ ਗਾਂਜਾ ਵੇਚੇ ਜਾਣ ਬਾਰੇ ਸਾਲ ਭਰ ਤੋਂ ਜਾਂਚ ਚੱਲ ਰਹੀ ਸੀ। ਜਿਹੜੇ ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ, ਉਨ੍ਹਾਂ ਵਿਚ ਗੁਰਚਰਨ ਸਿੰਘ, ਜਸਵਿੰਦਰ ਕੌਰ, ਮੁਹੰਮਦ ਮੁਬੀਨ ਖਾਨ, ਅਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ (ਦੂਜਾ), ਸਰਬਜੀਤ ਸਿੰਘ ਗੁੱਜਰ, ਸੁਖਜਿੰਦਰ ਸਿੰਘ, ਮੈਲਿਸਾ ਜਾਰਜ, ਪੀਟਰ ਰੋਜ਼ ਫਰਨਾਂਡਿਜ਼, ਜਗਵਿੰਦਰ ਸਿੰਘ, ਮਨਪ੍ਰੀਤ ਸਿੰਘ, ਮਰੰਡਾ ਮੇਰੀ ਹੇਅਨਜ਼, ਮੁਸ਼ਤਾਕ ਤਾਲਿਬ ਅਲ-ਸਫੀ, ਕ੍ਰਿਸਟੋਫਰ ਕਰੌਕਰੋਮ, ਬਰਨਾਲਡੋ ਕੈਰਿਲੋ ਡੈਲਰੀਅਲ, ਸਰਗੀਓ ਕੈਰਿਲੋ ਡੈਲਰੀਅਲ, ਜਗਪ੍ਰੀਤ ਸਿੰਘ, ਸ਼ਮਸ਼ੇਰ ਸਿੰਘ ਤੇ ਤਰਲੋਕ ਸਿੰਘ ਸ਼ਾਮਲ ਹਨ।

## ਫਰਿਜ਼ਨੋ ‘ਚ ਧਾਰਮਿਕ ਸਮਾਗਮ 26 ਜੂਨ ਤੋਂ

**ਫਰਿਜ਼ਨੋ (ਬਿਊਰੋ):** ਸਥਾਨਕ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ.ਸੀ.ਏ.) ਵੱਲੋਂ ਬੱਚਿਆਂ ਨੂੰ ਧਰਮ ਅਤੇ ਵਿਰਸੇ ਨਾਲ ਜੋੜਨ ਲਈ ਵਿਸ਼ੇਸ਼ ਸਮਾਗਮ ਵੀਰਭੁਪਿੰਦਰ ਸਿੰਘ ਨਿਊ ਯਾਰਕ ਵਾਲਿਆਂ ਦੀ ਸਮੁੱਚੀ ਟੀਮ ਦੇ ਸਹਿਯੋਗ ਨਾਲ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ 26 ਜੂਨ ਤੋਂ 29 ਜੂਨ ਤੱਕ ਕਰਵਾਏ ਜਾ ਰਹੇ ਹਨ।

26 ਜੂਨ ਨੂੰ ਸ਼ਾਮ 7:30 ਤੋਂ ਲੈ ਕੇ ਰਾਤ 9:30 ਵਜੇ ਤੱਕ ਕੀਰਤਨ ਅਤੇ ਕਥਾ ਵਿਚਾਰਾਂ ਹੋਣਗੀਆਂ ਅਤੇ 27 ਜੂਨ ਦੁਪਹਿਰ 2 ਤੋਂ 4 ਵਜੇ ਤੱਕ ਯੂਥ ਮਸਲਿਆਂ ‘ਤੇ ਵਿਚਾਰਾਂ ਅਤੇ ਪ੍ਰਸ਼ਨਕਾਲ ਦੌਰਾਨ ਸੁਆਲਾਂ ਦੇ ਜੁਆਬ ਦਿੱਤੇ ਦੇਣਗੇ।

28 ਜੂਨ ਨੂੰ ਸ਼ਾਮ 3:30 ਤੋਂ 5 ਵਜੇ ਤੱਕ ਮਾਪਿਆ ਅਤੇ ਬੱਚਿਆਂ ਦੀ ਸਾਂਝੀ ਕਲਾਸ ਲੱਗੇਗੀ।

ਇਸ ਤੋਂ ਇਲਾਵਾ 29 ਜੂਨ ਨੂੰ ਸਮਾਗਮ ਦਾ ਆਖਰੀ ਦੀਵਾਨ ਦੁਪਹਿਰ 12 ਤੋਂ 1:30 ਵਜੇ ਤੱਕ ਹੋਵੇਗਾ ਜਿਸ ਵਿਚ ਕੀਰਤਨ ਅਤੇ ਗੁਰਬਾਣੀ ਵਿਚਾਰ ਪੇਸ਼ ਕੀਤਾ ਜਾਵੇਗਾ।

ਇਸ ਸਮਾਗਮ ਦੌਰਾਨ ਬੱਚਿਆਂ ਨੂੰ ਸ਼ਾਮਲ ਕਰਨ ਦੇ ਚਾਹਵਾਨ ਮਾਪੇ ਗੁਰਨੇਕ ਸਿੰਘ ਬਾਗੜੀ 559-916-6953, ਸੁਖਦੀਪ ਸਿੰਘ ਸਿੱਧੂ 559-351-9690 ਅਤੇ ਸਮਰਬੀਰ ਸਿੰਘ ਵਿਰਕ 559-915-6720 ਨਾਲ ਸੰਪਰਕ ਕਰ ਸਕਦੇ ਹਨ।




Security Cameras
Special promotion
for limited time only

1000 TVL camera for the price of 700 TVL camera
Limit 4 for each customer only
*For more Details, Contact:*
Balbir S Sidhu-209-495-3905 (Cell)
Toll Free (888) 233-4566
DVRunlimited Inc. Fax-(209) 982-9133



40 ਟਰੱਕ ਰਿਪੇਅਰ-ਓਕਲਹੋਮਾ

ਮਕੈਨਿਕਾਂ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ



ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 832-512-7172



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent ’ਤੇ ਘਰ ਲੈਣਾ ਹੋਵੇ ਜਾਂ Rent ’ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869



Want to Sell Your Home

We can sell your home fast @ best price.
ਵਧੀਆ ਕੀਮਤਾਂ ’ਤੇ ਘਰ ਵੇਚਣ ਦਾ ਸੁਨਹਿਰੀ ਮੌਕਾ



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*

Please call me to find out value of your home.
If you are thinking to Buy or Sell a Home, please give us a chance

*Call: Sohanpreet ‘Sam’ Chahal*
@916-612-5773
Serving from Bay Area to Sacramento

Multi-Million Dollars Producer-2007 to 2012

Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

# ਕਾਂਗਰਸ ਦੀ ਫੁੱਟ ਅੱਗੇ ਹਾਈਕਮਾਨ ਦੀਆਂ ਕਮੇਟੀਆਂ ਵੀ ਬੇਵੱਸ

**ਚੰਡੀਗੜ੍ਹ:** ਪੰਜਾਬ ਕਾਂਗਰਸ ਵਿਚਲਾ ਆਪਸੀ ਕਲੇਸ਼ ਖਤਮ ਹੋਣ ਦਾ ਨਾਂ ਨਹੀਂ ਲੈ ਰਿਹਾ ਤੇ ਹਾਈਕਮਾਨ ਵੱਲੋਂ ਬਣਾਈਆਂ ਕਮੇਟੀਆਂ ਵੀ ਇਸ ਗੁੱਟਬੰਦੀ ਅੱਗੇ ਬੇਵਸ ਹੋ ਕੇ ਰਹਿ ਗਈਆਂ ਹਨ। ਇਥੋਂ ਤੱਕ ਕਿ ਲੋਕ ਸਭਾ ਚੋਣਾਂ ਦੌਰਾਨ ਹੁਕਮਰਾਨ ਅਕਾਲੀ-ਭਾਜਪਾ ਗਠਜੋੜ ਵਿਰੁੱਧ ਲੋਕਾਂ ਦੇ ਭਾਰੀ ਰੋਹ ਦੇ ਬਾਵਜੂਦ ਪਾਰਟੀ ਦੀ ਹੋਈ ਹਾਰ ਦੀ ਸਮੀਖਿਆ ਲਈ ਵੀ ਕੋਈ ਮੀਟਿੰਗ ਤੱਕ ਨਹੀਂ ਕੀਤੀ ਗਈ।

ਕਾਂਗਰਸ ਹਾਈਕਮਾਨ ਵੱਲੋਂ ਪੰਜਾਬ ਇਕਾਈ ਵਿਚਲੀ ਫੁੱਟ ਨੂੰ ਠੰਢਾ ਕਰਨ ਲਈ ਬਣਾਈਆਂ ਘੱਟੋ-ਘੱਟ ਤਿੰਨ ਕਮੇਟੀਆਂ ਹਵਾ ਵਿਚ ਲਟਕੀਆਂ ਪਈਆਂ ਹਨ। ਜਦੋਂ ਹਾਈਕਮਾਨ ਵੱਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਥੇਬੰਦਕ ਢਾਂਚੇ ਦਾ ਐਲਾਨ ਕੀਤਾ ਸੀ ਤਾਂ ਉਸ ਵੇਲੇ ਵੱਡੇ ਪੱਧਰ 'ਤੇ ਫੁੱਟ ਉਭਰੀ ਸੀ ਤੇ ਆਗੂਆਂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਉਪਰ ਕਈ ਤਰ੍ਹਾਂ ਦੇ ਦੋਸ਼ ਲਾਏ ਸਨ। ਉਸ ਵੇਲੇ ਪੰਜਾਬ ਦੇ ਸਾਬਕਾ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਜਗਮੋਹਨ ਸਿੰਘ ਕੰਗ ਸਮੇਤ ਕਈਆਂ ਨੇ ਸ. ਬਾਜਵਾ ਵਿਰੁੱਧ ਭੜਾਸ ਕੱਢ ਕੇ ਅਹੁਦੇਦਾਰੀਆਂ ਤੋਂ ਅਸਤੀਫੇ ਦੇ ਦਿੱਤੇ ਸਨ।

ਹਾਈਕਮਾਨ ਵੱਲੋਂ ਫੁੱਟ ਦੀ ਸੁਲਘੀ ਚੰਗਿਆੜੀ ਨੂੰ ਠੰਢਾ ਕਰਨ ਲਈ ਇਸ ਵਰ੍ਹੇ ਸੱਤ ਜਨਵਰੀ ਨੂੰ ਕਾਂਗਰਸ ਕਾਰਜਕਾਰਨੀ ਕਮੇਟੀ ਦੇ ਸਪੈਸ਼ਲ ਇਨਵਾਇਟੀ ਤੇ ਸੀਨੀਅਰ ਕਾਂਗਰਸੀ ਆਗੂ ਮਹਿੰਦਰ ਸਿੰਘ ਕੇ.ਪੀ. ਦੀ ਅਗਵਾਈ ਹੇਠ ਚਾਰ ਮੈਂਬਰੀ ਕਮੇਟੀ ਦਾ ਗਠਨ ਕਰਕੇ ਇਕ ਮਹੀਨੇ ਵਿਚ ਰਿਪੋਰਟ ਪੇਸ਼ ਕਰਨ ਲਈ ਕਿਹਾ ਸੀ। ਭਾਵੇਂ ਮੁੱਢਲੇ ਦੌਰ ਵਿਚ ਸ੍ਰੀ ਕੇ.ਪੀ. ਨੇ ਕਮੇਟੀ ਦੇ ਮੈਂਬਰਾਂ ਸਾਬਕਾ ਮੰਤਰੀ ਲਾਲ ਸਿੰਘ, ਮਹਿਲਾ ਕਾਂਗਰਸ ਦੀ ਪ੍ਰਧਾਨ ਡਾਕਟਰ ਮਾਲਤੀ ਥਾਪਰ ਤੇ ਕੌਮੀ ਸਕੱਤਰ ਕੇ.ਐਲ. ਸ਼ਰਮਾ ਸਮੇਤ ਰੁੱਸੇ ਆਗੂਆਂ ਨਾਲ ਗੱਲਬਾਤ ਦਾ ਸਿਲਸਿਲਾ ਚਲਾਇਆ ਸੀ ਪਰ ਅੱਜ ਤੱਕ ਨਾ ਤਾਂ ਇਸ ਕਮੇਟੀ ਦੀ ਰਿਪੋਰਟ ਕਿਸੇ ਸਿਰੇ ਲੱਗੀ ਹੈ ਤੇ ਨਾ ਹੀ ਹਾਈਕਮਾਨ ਵੱਲੋਂ ਰੁੱਸੇ ਆਗੂਆਂ ਨੂੰ ਐਡਜਸਟ ਕਰਨ ਲਈ ਹੀ ਕੋਈ ਕਦਮ ਚੁੱਕਿਆ ਹੈ। ਹਾਈਕਮਾਨ ਵੱਲੋਂ ਉਸ ਵੇਲੇ ਹੀ ਸ. ਬਾਜਵਾ ਉਪਰ ਜਨਤਕ ਤੌਰ



'ਤੇ ਚਿੱਕੜ-ਉਛਾਲੀ ਕਰਨ ਵਾਲਿਆਂ ਉਪਰ ਅਨੁਸ਼ਾਸਨੀ ਸ਼ਿਕੰਜਾ ਕੱਸਣ ਲਈ ਸੀਨੀਅਰ ਕਾਂਗਰਸੀ ਆਗੂ ਗੋਪਾਲ ਕ੍ਰਿਸ਼ਨ ਚਤਰਥ ਦੀ ਅਗਵਾਈ ਹੇਠ ਅਨੁਸ਼ਾਸਨੀ ਕਮੇਟੀ ਦਾ ਗਠਨ ਕੀਤਾ ਗਿਆ ਸੀ।


ਸ੍ਰੀ ਚਤਰਥ ਨੇ ਇਸ ਕਮੇਟੀ ਦੇ ਮੈਂਬਰਾਂ, ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਜਸਵੰਤ ਸਿੰਘ, ਸਾਬਕਾ ਵਿਧਾਇਕ ਭਾਗ ਸਿੰਘ ਤੇ ਗੁਰਕੰਵਲ ਕੌਰ ਤੇ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਣਾ ਵਰਿੰਦਰ ਸਿੰਘ ਸਮੇਤ ਸ. ਬਾਜਵਾ ਵਿਰੁੱਧ ਦੂਸ਼ਣ ਲਾਉਣ ਵਾਲੇ ਆਗੂਆਂ ਨੂੰ ਅਜਿਹਾ ਨਾ ਕਰਨ ਦੀ ਚਿਤਾਵਨੀ ਦਿੱਤੀ ਗਈ ਸੀ। ਇਸ ਦੇ ਉਲਟਾ ਹੁਣ ਲੋਕ ਸਭਾ ਚੋਣਾਂ ਹਾਰਨ ਤੋਂ ਬਾਅਦ ਜਦੋਂ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਦੇ ਖੇਮੇ ਨੇ ਸ. ਬਾਜਵਾ ਕੋਲੋਂ ਅਸਤੀਫ਼ਾ ਮੰਗਣ ਦੀ ਮੁਹਿੰਮ ਚਲਾਈ ਸੀ ਤਾਂ ਉਲਟਾ ਸ੍ਰੀ ਚਤਰਥ ਉਪਰ ਹੀ ਸਿਆਸੀ ਹਮਲੇ ਸ਼ੁਰੂ ਹੋ ਗਏ ਸਨ। ਕੈਪਟਨ ਨੇ ਸ਼ਰ੍ਹੇਆਮ ਸ੍ਰੀ ਚਤਰਥ ਉਪਰ ਹੀ ਪੱਖਪਾਤ ਆਦਿ ਕਰਨ ਦੇ ਗੰਭੀਰ ਦੋਸ਼ ਲਾ ਕੇ ਅਨੁਸ਼ਾਸਨੀ ਕਮੇਟੀ ਨੂੰ ਹੀ ਵੰਗਾਰਿਆ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਆਲ ਇੰਡੀਆ ਕਾਂਗਰਸ ਕਮੇਟੀ ਨੇ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਨੂੰ ਹੀ ਭੰਡਣ ਵਾਲੇ ਸ. ਕੈਪਟਨ ਨੂੰ ਲੋਕ ਸਭਾ ਵਿਚ ਪਾਰਟੀ ਦਾ ਉਪ ਨੇਤਾ ਚੁਣ ਲਿਆ ਹੈ। ਹੁਣ ਲੋਕ ਸਭਾ ਚੋਣਾਂ ਵਿਚ ਹੋਈ ਹਾਰ ਤੋਂ ਬਾਅਦ ਕੈਪਟਨ ਖੇਮੇ ਵੱਲੋਂ ਸ. ਬਾਜਵਾ ਉਪਰ ਚੁਫੇਰਿਓਂ ਸਿਆਸੀ ਹਮਲੇ ਕਰਨ ਕਾਰਨ ਹਾਈਕਮਾਨ ਵੱਲੋਂ ਹੰਗਾਮੀ ਹਾਲਤ ਵਿਚ ਹਿਮਾਚਲ ਪ੍ਰਦੇਸ਼ ਦੇ ਮੰਤਰੀ ਧਨੀ ਰਾਮ ਸ਼ਾਂਡਿਲ ਦੀ ਅਗਵਾਈ ਹੇਠ ਤੱਥ ਖੋਜ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਵੱਲੋਂ ਪਿਛਲੇ ਦਿਨੀਂ ਇਥੇ ਕਾਂਗਰਸ ਭਵਨ ਵਿਖੇ ਚੋਣਾਂ ਦੌਰਾਨ ਜਿੱਤੇ ਤੇ ਹਾਰੇ ਉਮੀਦਵਾਰਾਂ ਨੂੰ ਆਪਣੀ ਗੱਲ ਕਹਿਣ ਲਈ ਸੱਦਿਆ ਗਿਆ ਸੀ ਪਰ ਇਸ ਕਮੇਟੀ ਤੋਂ ਵੀ ਛੇ ਉਮੀਦਵਾਰ ਬੇਪ੍ਰਵਾਹ ਰਹੇ ਹਨ। ਸਿਰਫ ਛੇ ਉਮੀਦਵਾਰ ਹੀ ਇਸ ਕਮੇਟੀ ਸਾਹਮਣੇ ਪੇਸ਼ ਹੋਏ।

ਉਧਰ ਕਮੇਟੀ ਦੀ ਮੈਂਬਰ ਲਖਵਿੰਦਰ ਕੌਰ ਗਰਚਾ ਦਾ ਕਹਿਣਾ ਹੈ ਕਿ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਪਿਛਲੇ ਦਿਨੀਂ ਅਚਨਚੇਤ ਤੱਥ ਖੋਜ ਕਮੇਟੀ ਨੂੰ ਦਿੱਲੀ ਵਿਖੇ ਤਲਬ ਕਰਕੇ ਨਵੀਆਂ ਸੇਧਾਂ ਦਿੱਤੀਆਂ ਹਨ। ਰਾਹੁਲ ਨੇ ਕਮੇਟੀ ਨੂੰ ਹਰੇਕ ਪੱਖ ਦੀ ਘੋਖ ਕਰਕੇ ਮੁਕੰਮਲ ਰਿਪੋਰਟ ਦੇਣ ਦੀਆਂ ਨਵੀਆਂ ਸੇਧਾਂ ਦਿੱਤੀਆਂ ਹਨ। ਦੱਸਣਯੋਗ ਹੈ ਕਿ ਜਦੋਂ ਰਾਹੁਲ ਨੇ ਇਸ ਕਮੇਟੀ ਨੂੰ ਤਲਬ ਕੀਤਾ ਸੀ ਤਾਂ ਕਈ ਤਰ੍ਹਾਂ ਦੇ ਸ਼ੰਕੇ ਉਠੇ ਸਨ।

## ਜਾਖੜ ਦੀ ਰਣਨੀਤੀ ਨੇ ਦਿੱਤੇ ਨਵੇਂ ਸਿਆਸੀ ਸੰਕੇਤ

**ਚੰਡੀਗੜ੍ਹ:** ਪੰਜਾਬ ਦੇ 30 ਕਾਂਗਰਸੀ ਵਿਧਾਇਕਾਂ ਵੱਲੋਂ ਦਲ ਦੇ ਆਗੂ ਸੁਨੀਲ ਜਾਖੜ ਦੀ ਅਗਵਾਈ ਹੇਠ 23 ਜੂਨ ਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਇਥੇ ਸਰਕਾਰੀ ਰਿਹਾਇਸ਼ ਮੂਹਰੇ ਧਰਨਾ ਮਾਰਨ ਦਾ ਫੈਸਲਾ ਲੈ ਕੇ ਕਈ ਨਵੇਂ ਸਿਆਸੀ ਸੰਕੇਤ ਦਿੱਤੇ ਗਏ ਹਨ। ਸ੍ਰੀ ਜਾਖੜ ਵੱਲੋਂ ਵਿਧਾਨ ਸਭਾ ਦੇ ਬਾਹਰ ਵੀ ਸਰਕਾਰ ਵਿਰੁੱਧ ਸੰਘਰਸ਼ ਛੇੜਨ ਦੇ ਐਲਾਨ ਕਾਰਨ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਹਾਸ਼ੀਏ 'ਤੇ ਜਾਣ ਦੇ ਆਸਾਰ ਬਣ ਗਏ ਹਨ।

ਪੰਜਾਬ ਕਾਂਗਰਸ ਵਿਧਾਇਕ ਦਲ ਦੀ ਪੰਜਾਬ ਭਵਨ ਵਿਖੇ ਹੋਈ ਮੀਟਿੰਗ ਦੌਰਾਨ ਸ. ਬਾਜਵਾ ਦੀ ਪਤਨੀ ਵਿਧਾਇਕ ਚਰਨਜੀਤ ਕੌਰ ਬਾਜਵਾ ਵੀ ਸ਼ਾਮਲ ਨਹੀਂ ਹੋਈ। ਭਾਵੇਂ ਇਹ ਕਿਹਾ ਗਿਆ ਸੀ ਕਿ ਮੀਟਿੰਗ ਵਿਚ 15 ਜੁਲਾਈ ਨੂੰ ਪੰਜਾਬ ਵਿਧਾਨ ਸਭਾ ਦੇ ਸ਼ੁਰੂ ਹੋ ਰਹੇ ਬਜਟ ਸੈਸ਼ਨ ਬਾਰੇ ਪਾਰਟੀ ਦੀ ਰਣਨੀਤੀ ਬਣਾਈ ਜਾਵੇਗੀ ਪਰ ਇਸ ਦੇ ਉਲਟ ਵਿਧਾਇਕ ਦਲ ਵੱਲੋਂ ਪੰਜਾਬ ਪ੍ਰਦੇਸ਼



ਕਾਂਗਰਸ ਕਮੇਟੀ ਦੀ ਭੂਮਿਕਾ ਵੀ ਨਿਭਾਉਂਦਿਆਂ ਵਿਧਾਨ ਸਭਾ ਦੇ ਬਾਹਰ ਵੀ ਸਰਕਾਰ ਵਿਰੁੱਧ ਸੰਘਰਸ਼ ਛੇੜਨ ਦਾ ਐਲਾਨ ਕਰਨ ਕਾਰਨ ਨਵੀਂ ਚਰਚਾ ਛਿੜ ਗਈ ਹੈ।

ਦੱਸਣਯੋਗ ਹੈ ਕਿ ਕਾਂਗਰਸ ਦੀ ਰਵਾਇਤ ਮੁਤਾਬਕ ਵਿਧਾਇਕ ਦਲ ਦੇ ਆਗੂ ਵਿਧਾਨ ਸਭਾ ਦੇ ਅੰਦਰ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਵਿਧਾਨ ਸਭਾ ਤੋਂ ਬਾਹਰ ਸਰਕਾਰ ਵਿਰੁੱਧ ਮੋਰਚਾ ਲਾਉਂਦੇ ਹਨ। ਮੀਟਿੰਗ ਦੌਰਾਨ ਕੁਝ ਵਿਧਾਇਕਾਂ ਨੇ ਸ. ਬਾਜਵਾ ਦੀ ਕਾਰਗੁਜ਼ਾਰੀ ਉਪਰ ਸਵਾਲ ਉਠਾਏ ਹਨ। ਇਸੇ ਦੌਰਾਨ ਕਾਂਗਰਸ ਵਿਧਾਇਕ ਦਲ ਨੇ ਸ. ਬਾਦਲ ਨੂੰ ਤਿੰਨ ਮੰਗਾਂ ਦਾ ਅਲਟੀਮੇਟਮ ਦੇ ਕੇ 23 ਜੂਨ ਨੂੰ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਮੂਹਰੇ ਧਰਨਾ ਮਾਰਨ ਦਾ ਸਖ਼ਤ ਫੈਸਲਾ ਲਿਆ ਹੈ।

ਕਾਂਗਰਸ ਵਿਧਾਇਕ ਦਲ ਨੇ ਸ. ਬਾਦਲ ਨੂੰ ਚਿਤਾਵਨੀ ਦਿੱਤੀ ਹੈ ਕਿ ਵਿਧਾਨ ਸਭਾ ਦੇ ਬਜਟ ਸੈਸ਼ਨ ਤੋਂ ਪਹਿਲਾਂ ਪ੍ਰਾਪਰਟੀ ਟੈਕਸ ਖ਼ਤਮ ਕੀਤਾ ਜਾਵੇ, ਸਮਾਜਿਕ ਸੁਰੱਖਿਆ ਸਕੀਮਾਂ ਤਹਿਤ ਲਾਭਕਾਰੀਆਂ ਨੂੰ ਪੈਨਸ਼ਨਾਂ ਤੇ ਸ਼ਗਨ ਰਕਮ ਤੇ ਵਿਦਿਆਰਥੀਆਂ ਨੂੰ ਵਜ਼ੀਫੇ ਜਾਰੀ ਕੀਤੇ ਜਾਣ। ਕਾਂਗਰਸ ਵਿਧਾਇਕ ਦਲ ਨੇ 23 ਜੂਨ ਦੇ ਧਰਨੇ ਵਿਚ ਸ਼ੂਗਰ ਮਿੱਲਾਂ ਵੱਲ ਕਿਸਾਨਾਂ ਦੇ 186 ਕਰੋੜ ਰੁਪਏ ਦੀਆਂ ਰੁਕੀਆਂ ਅਦਾਇਗੀਆਂ ਨੂੰ ਮੁੱਖ ਮੁੱਦਾ ਬਣਾਇਆ ਜਾ ਰਿਹਾ ਹੈ।

## ਪ੍ਰਨੀਤ ਕੌਰ ਨੇ ਵੀ ਪ੍ਰਤਾਪ ਬਾਜਵਾ ਖਿਲਾਫ ਮੋਰਚਾ ਖੋਲ੍ਹਿਆ

**ਪਟਿਆਲਾ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਮੈਂਬਰ ਪਾਰਲੀਮੈਂਟ ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਸਾਬਕਾ ਕੇਂਦਰੀ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਪੰਜਾਬ ਵਿਚ ਕਾਂਗਰਸੀ ਦੀ ਹਾਰ ਲਈ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਇਸ ਲਈ ਜੇਕਰ ਪ੍ਰਤਾਪ ਸਿੰਘ ਬਾਜਵਾ ਨੇ ਆਪਣਾ ਅਸਤੀਫ਼ਾ ਦੇ ਦਿੱਤਾ ਹੈ ਤਾਂ ਫੌਰੀ ਤੌਰ 'ਤੇ ਕਾਂਗਰਸ ਹਾਈਕਮਾਨ ਨੂੰ ਇਸ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ ਤੇ ਜੇਕਰ ਨਹੀਂ ਦਿੱਤਾ ਹੈ ਤਾਂ ਬਾਜਵਾ ਤੋਂ ਅਸਤੀਫ਼ਾ ਲੈ ਕੇ ਬਾਹਰ ਦਾ ਰਸਤਾ ਦਿਖਾ ਦੇਣਾ ਚਾਹੀਦਾ ਹੈ। ਪ੍ਰਨੀਤ ਕੌਰ ਇਥੇ ਕਾਂਗਰਸੀ ਵਰਕਰਾਂ ਦਾ ਧੰਨਵਾਦ ਕਰਨ ਆਏ ਸਨ।

ਉਨ੍ਹਾਂ ਕਿਹਾ ਕਿ ਜਿਹੜਾ ਵਿਅਕਤੀ ਖ਼ੁਦ ਲੱਖਾਂ ਵੋਟਾਂ ਦੇ ਫ਼ਰਕ ਨਾਲ ਹਾਰ ਗਿਆ ਹੋਵੇ ਉਸ ਨੂੰ ਪ੍ਰਧਾਨਗੀ ਦੀ ਕੁਰਸੀ 'ਤੇ ਰਹਿਣ ਦਾ ਕੋਈ ਹੱਕ ਨਹੀਂ ਹੈ। ਜੇਕਰ ਉਹ ਬਾਜਵਾ ਦੀ ਥਾਂ 'ਤੇ ਹੁੰਦੇ ਤਾਂ ਉਹ ਪਹਿਲੇ ਦਿਨ ਹੀ ਅਸਤੀਫ਼ਾ ਦੇ ਕੇ ਕਾਂਗਰਸ ਦੀ ਭਲਾਈ ਲਈ ਪੰਜਾਬ ਦੀ ਕਮਾਨ ਕਿਸੇ ਹੋਰ ਨੂੰ ਸੌਂਪਣ ਲਈ ਕਾਂਗਰਸ ਹਾਈ ਕਮਾਨ ਨੂੰ ਮੰਗ ਕਰ ਚੁੱਕੇ ਹੁੰਦੇ।

ਉਨ੍ਹਾਂ ਕਿਹਾ ਕਿ ਸਰਕਾਰ ਵਿਰੋਧੀ ਲਹਿਰ ਦੇ ਬਾਵਜੂਦ ਕਾਂਗਰਸ ਮੌਕੇ ਨੂੰ ਕੈਸ਼ ਨਹੀਂ ਕਰ ਸਕੀ ਜਿਸ ਕਾਰਨ ਪੰਜਾਬ ਵਿਚ ਆਮ ਆਦਮੀ ਪਾਰਟੀ ਨੂੰ ਚਾਰ ਸੀਟਾਂ 'ਤੇ ਜਿੱਤ ਪ੍ਰਾਪਤ ਹੋਈ। ਉਨ੍ਹਾਂ ਪਟਿਆਲਾ ਜ਼ਿਲ੍ਹੇ ਵਿਚ ਆਪਣੇ ਪ੍ਰਦਰਸ਼ਨ ਨੂੰ ਕਾਫ਼ੀ ਚੰਗਾ ਦੱਸਿਆ ਪਰ ਨਾਲ ਹੀ ਹੋਈ ਹਾਰ ਲਈ ਆਪਣੀਆਂ ਕਮੀਆਂ ਨੂੰ ਵੀ ਜ਼ਿੰਮੇਵਾਰ ਦੱਸਿਆ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਕੋਲੋਂ ਕੋਈ ਨਾ ਕੋਈ ਕਮੀ ਜ਼ਰੂਰ ਰਹਿ ਜਾਂਦੀ ਹੈ ਤੇ ਉਨ੍ਹਾਂ ਕੋਲੋਂ ਵੀ ਕਮੀ ਰਹੀ ਹੈ ਜਿਸ ਦਾ ਗੁੱਸਾ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਜਿਤਾ ਕੇ ਕੱਢਿਆ ਹੈ।

## ਬਜ਼ੁਰਗ ਕਾਂਗਰਸ ਆਗੂ ਖੁਸ਼ਹਾਲ ਬਹਿਲ ਦਾ ਦੇਹਾਂਤ

**ਗੁਰਦਾਸਪੁਰ:** ਕਾਂਗਰਸ ਪਾਰਟੀ ਦੇ ਸੀਨੀਅਰ ਬਜ਼ੁਰਗ ਕਾਂਗਰਸੀ ਆਗੂ ਖੁਸ਼ਹਾਲ ਬਹਿਲ (87) ਦਾ ਦੇਹਾਂਤ ਹੋ ਗਿਆ। ਸ੍ਰੀ ਬਹਿਲ ਦਾ ਜਨਮ ਗੁਰਦਾਸਪੁਰ ਵਿਚ ਆਜ਼ਾਦੀ ਘੁਲਾਟੀਏ ਤੇ ਕਾਂਗਰਸੀ ਆਗੂ ਗੋਪਾਲ ਸ਼ਾਹ ਦੇ ਘਰ 11 ਨਵੰਬਰ 1927 ਨੂੰ ਹੋਇਆ ਸੀ। ਸ੍ਰੀ ਬਹਿਲ ਨੇ ਪਹਿਲੀ ਵਾਰ ਸਾਲ 1964 ਵਿਚ ਨਗਰ ਕੌਂਸਲ ਗੁਰਦਾਸਪੁਰ ਦੀ ਚੋਣ ਲੜੀ ਤੇ ਜਿੱਤ ਪ੍ਰਾਪਤ ਕਰਨ ਉਪਰੰਤ ਪ੍ਰਧਾਨ ਚੁਣੇ ਗਏ ਸਨ। ਵਿਧਾਨ ਸਭਾ ਹਲਕਾ (ਗੁਰਦਾਸਪੁਰ) ਦੀ ਚਾਰ ਵਾਰ ਬਤੌਰ ਵਿਧਾਇਕ ਨੁਮਾਇੰਦਗੀ ਕਰਕੇ ਤਿੰਨ ਵਾਰ ਮੰਤਰੀ ਰਹੇ। ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ, ਬੇਅੰਤ ਸਿੰਘ, ਹਰਚਰਨ ਸਿੰਘ ਬਰਾੜ ਤੇ ਕੈਪਟਨ ਅਮਰਿੰਦਰ ਸਿੰਘ ਦੀ ਵਜ਼ਾਰਤ ਵਿਚ ਕੰਮ ਕੀਤਾ। ਪਹਿਲੀ ਵਾਰ ਉਨ੍ਹਾਂ 1972 ਵਿਚ ਕਾਂਗਰਸ ਪਾਰਟੀ ਦੀ ਟਿਕਟ ਉਤੇ ਚੋਣ ਲੜੀ ਸੀ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਕਰਤਾਰ ਸਿੰਘ ਪਾਹੜਾ ਨੂੰ ਹਰਾਉਣ ਵਿਚ ਸਫ਼ਲ ਰਹੇ ਸਨ।



## ਗਾਬਾ ਨੇ ਵਿਧਾਇਕ ਅਵਿਨਾਸ਼ ਚੰਦਰ ਨਾਲ ਸਬੰਧ ਕਬੂਲੇ

**ਜਲੰਧਰ:** ਸਿੰਥੈਟਿਕ ਡਰੱਗਜ਼ ਦੇ ਮਾਮਲੇ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਰਡਾਰ 'ਤੇ ਆਏ ਚੁੰਨੀ ਲਾਲ ਗਾਬਾ ਨੇ ਮੰਨਿਆ ਹੈ ਕਿ ਉਸ ਦੀ ਜਾਇਦਾਦ ਪੰਜਾਬ ਤੇ ਇਸ ਤੋਂ ਬਾਹਰ ਵੀ ਹੈ। ਫਿਲੌਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਤੇ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ ਉਸ ਦੀ ਰਾਜਨੀਤਕ ਤੌਰ 'ਤੇ ਮਦਦ ਕਰ ਰਹੇ ਹਨ। ਸੂਤਰਾਂ ਮੁਤਾਬਕ ਗਾਬਾ ਨੇ ਇਸ ਦਾ ਖੁਲਾਸਾ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਕੀਤੀ ਗਈ ਪੁੱਛ-ਪੜਤਾਲ ਦੌਰਾਨ ਕੀਤਾ। ਉਸ ਨੇ ਦੱਸਿਆ ਕਿ ਅਵਿਨਾਸ਼ ਚੰਦਰ ਨੇ ਗੁਰਾਇਆ ਬਲਾਕ ਸਮਿਤੀ ਦਾ ਚੇਅਰਮੈਨ ਲਾਉਣ ਵਿਚ ਉਸ ਦੀ ਮਦਦ ਕੀਤੀ ਸੀ ਤੇ ਸੋਨੂੰ ਵਿਰਕ ਨੂੰ ਚੇਅਰਮੈਨ ਬਣਾਇਆ ਗਿਆ ਸੀ, ਜਿਹੜਾ ਘਰ ਵਿਚ ਨੌਕਰ ਸੀ। ਸੋਨੂੰ ਵਿਰਕ ਤੇ ਦੂਜੇ ਭਰਾ ਸੁਰੇਸ਼ ਕੁਮਾਰ ਨੂੰ ਉਸ ਨੇ ਗਗਰੇਟ (ਹਿਮਾਚਲ ਪ੍ਰਦੇਸ਼) ਵਿਚ ਲੱਗੀ ਫੈਕਟਰੀ ਦਾ ਮੈਨੇਜਰ ਵੀ ਬਣਾਇਆ ਸੀ। ਇਸੇ ਫੈਕਟਰੀ ਵਿਚੋਂ ਸਿੰਥੈਟਿਕ ਡਰੱਗ ਬਣਾਈ ਜਾ ਰਹੀ ਸੀ। ਕੁਝ ਦਿਨਾਂ ਦੀਆਂ ਘਟਨਾਵਾਂ ਵਿਚ ਫਿਲੌਰ ਦੇ ਵਿਧਾਇਕ ਅਵਿਨਾਸ਼ ਚੰਦਰ ਦਾ ਨਾਂ ਆ ਰਿਹਾ ਹੈ। ਫਿਲੌਰ ਦੇ ਪਿੰਡ ਹਰੀਪੁਰ ਖਾਲਸਾ ਦੇ ਸੀ.ਆਈ.ਏ. ਸਟਾਫ ਵੱਲੋਂ ਫੜਿਆ ਗੁਰਮੀਤ ਸਿੰਘ ਭੋਲਾ ਜਿਹੜਾ ਯੂਥ ਅਕਾਲੀ ਦਲ ਦਾ ਆਗੂ ਹੈ, ਵੀ ਅਵਿਨਾਸ਼ ਚੰਦਰ ਦਾ ਨਜ਼ਦੀਕੀ ਹੈ ਤੇ ਬੀਤੇ ਦਿਨੀਂ 110 ਗ੍ਰਾਮ ਦੇ ਨਸ਼ੀਲੇ ਪਾਊਡਰ ਨਾਲ ਫੜਿਆ ਗਿਆ। ਮਨਜੀਤ ਸਿੰਘ ਵੀ ਚੰਦਰ ਦਾ ਨੇੜਲਾ ਹੈ। ਗਾਬਾ ਨੂੰ ਸਰਬਣ ਸਿੰਘ ਫਿਲੌਰ ਦਾ ਨਜ਼ਦੀਕੀ ਮੰਨਿਆ ਜਾਂਦਾ ਹੈ ਤੇ ਉਸ ਦੇ ਗੁਰਾਇਆ ਵਿਖੇ ਕੋਲਡ ਸਟੋਰ 'ਤੇ ਪਏ ਛਾਪੇ ਦੌਰਾਨ ਆਮਦਨ ਕਰ ਵਿਭਾਗ ਨੂੰ ਇਕ ਡਾਇਰੀ ਬਰਾਮਦ ਹੋਈ ਸੀ, ਜਿਸ ਵਿਚ ਕਈ ਰਾਜਨੀਤਕ ਆਗੂਆਂ ਨਾਲ ਲੱਖਾਂ ਰੁਪਏ ਦੇ ਲੈਣ-ਦੇਣ ਦੇ ਵੇਰਵੇ ਉਸ ਵਿਚ ਦਰਜ ਹਨ।

ਉਧਰ ਗਾਬਾ ਦੇ ਭਗੌੜੇ ਪੁੱਤਰ ਗੁਰਜੀਤ ਗਾਬਾ ਉਰਫ ਮੋਨੂੰ ਨੂੰ ਲੱਭਣ ਲਈ ਪਟਿਆਲਾ ਪੁਲਿਸ ਨੇ ਇਕੋ ਸਮੇਂ ਜਲੰਧਰ, ਰੋਪੜ, ਗੁਰਾਇਆ ਤੇ ਫਗਵਾੜਾ ਦੇ ਕਈ ਟਿਕਾਣਿਆਂ ਉਤੇ ਛਾਪੇ ਮਾਰੇ ਪਰ ਉਹ ਪੁਲਿਸ ਦੇ ਹੱਥ ਨਹੀਂ ਲੱਗਾ। ਸਿੰਥੈਟਿਕ ਡਰੱਗ ਦੇ ਮਾਮਲੇ ਵਿਚ ਗੁਰਜੀਤ ਗਾਬਾ ਉਰਫ ਮੋਨੂੰ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਹੈ। ਜ਼ਿਕਰਯੋਗ ਹੈ ਕਿ ਮੋਨੂੰ ਵੱਲੋਂ ਬੱਦੀ ਵਿਚ ਚਲਾਈ ਜਾ ਰਹੀ ਫੈਕਟਰੀ ਵਿਚੋਂ ਹੀ ਤਿਆਰ ਹੁੰਦੀ ਆਈਸ ਡਰੱਗ ਦਿੱਲੀ ਦੇ ਰਹਿਣ ਵਾਲੇ ਡਰੱਗ ਤਸਕਰ ਵਰਿੰਦਰ ਰਾਜਾ ਨੂੰ ਸਪਲਾਈ ਹੁੰਦੀ ਸੀ। ਇਸ ਮਾਮਲੇ ਵਿਚ ਫੜੇ ਗਏ ਜਗਦੀਸ਼ ਭੋਲਾ ਦੇ ਸਬੰਧ ਵੀ ਦਿੱਲੀ ਦੇ ਵਰਿੰਦਰ ਰਾਜਾ ਨਾਲ ਸਨ ਤੇ ਇਸ ਮਾਮਲੇ ਦੀ ਕੜੀ ਇਕ ਦੂਜੇ ਨਾਲ ਜੁੜੀ ਹੋਈ ਹੈ।

## ਹੁਣ ਮੈਰਿਜ ਪੈਲੇਸ ਮਾਲਕਾਂ ਦੀਆਂ ਲੱਗਣਗੀਆਂ ਮੌਜਾਂ

**ਪਟਿਆਲਾ:** ਪੰਜਾਬ ਸਰਕਾਰ ਮੈਰਿਜ ਪੈਲੇਸਾਂ ਲਈ ਵੱਖ-ਵੱਖ ਟੈਕਸਾਂ ਦੀ ਥਾਂ ਇਕਮੁਸ਼ਤ ਟੈਕਸ ਲਾਉਣ ਲਈ ਸਿਧਾਂਤਕ ਤੌਰ 'ਤੇ ਤਿਆਰ ਹੋ ਗਈ ਹੈ। ਪਿਛਲੇ ਲੰਮੇ ਸਮੇਂ ਤੋਂ ਮੈਰਿਜ ਪੈਲੇਸ ਐਸੋਸੀਏਸ਼ਨ ਅਜਿਹੀ ਮੰਗ ਲਈ ਸੰਘਰਸ਼ ਦੇ ਰਾਹ ਪਈ ਹੋਈ ਸੀ। ਜੇਕਰ ਇਹ ਮਾਮਲਾ ਸਿਰੇ ਲੱਗਦਾ ਹੈ ਤਾਂ ਮੈਰਿਜ ਪੈਲੇਸ ਮਾਲਕਾਂ ਨੂੰ ਵੱਡੀ ਰਾਹਤ ਮਿਲਣੀ ਤੈਅ ਹੈ। ਪਤਾ ਲੱਗਾ ਹੈ ਕਿ ਮੈਰਿਜ ਪੈਲੇਸਾਂ ਲਈ ਇਕਮੁਸ਼ਤ ਟੈਕਸ ਅਸਲ ਵਿਚ ਲਗਜ਼ਰੀ ਟੈਕਸ, ਸਾਲਾਨਾ ਆਬਕਾਰੀ ਫੀਸ ਤੇ ਸ਼ਰਾਬ ਦੇ ਪਰਮਿਟ ਦੀ ਥਾਂ ਲਵੇਗਾ।

ਇਨ੍ਹਾਂ ਤਿੰਨ ਟੈਕਸਾਂ ਦੀ ਥਾਂ ਸਿਰਫ ਇਕ ਹੀ ਟੈਕਸ ਮੈਰਿਜ ਪੈਲੇਸ ਮਾਲਕਾਂ ਨੂੰ ਅਦਾ ਕਰਨਾ ਪਵੇਗਾ। ਇਸ ਮਾਮਲੇ ਨੂੰ ਲੈ ਕੇ

### ਪੰਜਾਬ ਸਰਕਾਰ ਦੇਵੇਗੀ ਵੱਡੀ ਰਾਹਤ



ਆਬਕਾਰੀ, ਕਰ ਵਿਭਾਗ ਤੇ ਮੈਰਿਜ ਪੈਲੇਸ ਐਸੋਸੀਏਸ਼ਨ ਦਰਮਿਆਨ ਸਿਧਾਂਤਕ ਤੌਰ 'ਤੇ ਸਹਿਮਤੀ ਹੋ ਗਈ ਹੈ ਤੇ ਇਸ ਤਜਵੀਜ਼ ਦਾ ਖਾਕਾ ਤਿਆਰ ਕੀਤਾ ਜਾ ਰਿਹਾ ਹੈ। ਇਸ ਖਾਕੇ ਨੂੰ ਅੰਤਿਮ ਰੂਪ ਦੇਣ ਦੇ ਇਰਾਦੇ ਨਾਲ ਆਬਕਾਰੀ ਤੇ ਕਰ ਵਿਭਾਗ ਵੱਲੋਂ ਮੈਰਿਜ ਪੈਲੇਸ ਐਸੋਸੀਏਸ਼ਨ ਨਾਲ ਲਗਾਤਾਰ ਮੀਟਿੰਗਾਂ ਕਰਨ ਦਾ ਸਿਲਸਿਲਾ ਤੇਜ਼ ਕੀਤਾ ਗਿਆ ਹੈ। ਮੀਟਿੰਗ ਵਿਚ ਇਕਮੁਸ਼ਤ ਟੈਕਸ ਦੇ ਖਾਕੇ ਨੂੰ ਅੰਤਿਮ ਰੂਪ ਦੇਣ ਬਾਰੇ ਵਿਸਥਾਰਿਤ ਵਿਚਾਰ ਵਟਾਂਦਰਾ ਹੋਇਆ। ਜਨਰਲ ਸਕੱਤਰ ਮਨਵਿੰਦਰ ਸਿੰਘ ਗੋਲਡੀ ਨੇ ਦੱਸਿਆ ਕਿ ਸਮੁੱਚੀ ਤਜਵੀਜ਼ ਨੂੰ ਇਕ ਹਫਤੇ ਦੇ ਸਮੇਂ ਵਿਚ ਅੰਤਿਮ ਰੂਪ ਦੇਣ ਮਗਰੋਂ ਪੰਜਾਬ ਸਰਕਾਰ ਤੋਂ ਪ੍ਰਵਾਨਗੀ ਉਪਰੰਤ ਲਾਗੂ ਕੀਤਾ ਜਾਵੇਗਾ। ਐਡਵਾਂਸ ਵੈਟ ਖਤਮ ਕਰ ਦਿੱਤੇ ਜਾਣ ਦੀ ਤਜਵੀਜ਼ ਹੈ। ਉਨ੍ਹਾਂ ਕਿਹਾ ਕਿ ਸ਼ਰਾਬ ਦੇ ਪਰਮਿਟ ਦੀ ਫੀਸ ਗਾਹਕਾਂ ਤੋਂ ਕਿਵੇਂ ਵਸੂਲ ਕਰਨੀ ਹੈ, ਇਸ ਤਜਵੀਜ਼ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ।

## ਲੁਟੇਰਿਆਂ ਵੱਲੋਂ ਮਾਂ ਪੁੱਤ ਦੀ ਹੱਤਿਆ

**ਬਟਾਲਾ:** ਫਤਹਿਗੜ੍ਹ ਚੂੜੀਆਂ ਦੀ ਗਾਰਡਨ ਕਾਲੋਨੀ ਵਿਚ ਲੁਟੇਰਿਆਂ ਨੇ ਘਰੇ ਸੁੱਤੇ ਪਏ ਮਾਂ ਤੇ ਪੁੱਤਰ ਦੀ ਹੱਤਿਆ ਕਰ ਦਿੱਤੀ ਤੇ ਲੱਖਾਂ ਰੁਪਏ ਦੀ ਨਕਦੀ ਤੇ ਗਹਿਣੇ ਲੁੱਟ ਕੇ ਫਰਾਰ ਹੋ ਗਏ।

ਜਾਣਕਾਰੀ ਮੁਤਾਬਕ ਇਕਬਾਲ ਟੀ.ਵੀ. ਸੈਂਟਰ ਦਾ ਮਾਲਕ ਇਕਬਾਲ ਸਿੰਘ ਪੁੱਤਰ ਗੁਰਮੁੱਖ ਸਿੰਘ ਆਪਣੀ ਭੈਣ ਕੋਲ ਜਗਾਧਰੀ ਗਿਆ ਸੀ ਤੇ ਪਿਛੇ ਘਰ ਵਿਚ ਉਸ ਦੀ ਪਤਨੀ ਤੇ ਇਕ ਲੜਕਾ ਇਕੱਲੇ ਸਨ। ਲੁਟੇਰਿਆਂ ਨੇ ਘਰ ਵਿਚ ਦਾਖਲ ਹੋ ਕੇ ਇਕਬਾਲ ਸਿੰਘ ਦੀ ਪਤਨੀ ਮਲਕੀਤ ਕੌਰ (50) ਤੇ ਲੜਕੇ ਲਵਪ੍ਰੀਤ ਸਿੰਘ (21) ਦੀਆਂ ਸੁੱਤੇ ਪਿਆਂ ਦੀ ਤੇਜ਼ ਹਥਿਆਰਾਂ ਨਾਲ ਹੱਤਿਆ ਕਰ ਦਿੱਤੀ।

# 'ਸਿੱਖਸ ਫਾਰ ਜਸਟਿਸ' ਵੱਲੋਂ ਮਨਮੋਹਨ ਸਿੰਘ ਖਿਲਾਫ ਫਿਰ ਪਟੀਸ਼ਨ

**ਵਾਸ਼ਿੰਗਟਨ:** ਅਮਰੀਕਾ ਦੀ ਸਿੱਖ ਸੰਸਥਾ 'ਸਿੱਖਸ ਫਾਰ ਜਸਟਿਸ' ਨੇ ਅਦਾਲਤ ਵਿਚ ਤਾਜ਼ਾ ਪਟੀਸ਼ਨ ਪਾ ਕੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਖ਼ਿਲਾਫ਼ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਕੇਸ ਚਲਾਉਣ ਦੀ ਮੰਗ ਕੀਤੀ ਹੈ। ਜਥੇਬੰਦੀ ਨੇ ਕਿਹਾ ਹੈ ਕਿ ਮਨਮੋਹਨ ਸਿੰਘ ਹੁਣ ਪ੍ਰਧਾਨ ਮੰਤਰੀ ਨਹੀਂ ਹਨ, ਜਿਸ ਕਰ ਕੇ ਉਨ੍ਹਾਂ ਨੂੰ ਮੁਕੱਦਮੇ 'ਤੇ ਵਿਸ਼ੇਸ਼ ਛੋਟ ਨਹੀਂ ਮਿਲ ਸਕਦੀ।

ਯਾਦ ਰਹੇ ਕਿ ਇਸ ਤੋਂ ਪਹਿਲਾਂ 'ਸਿੱਖਸ ਫਾਰ ਜਸਟਿਸ' ਦੀ ਪਟੀਸ਼ਨ ਰੱਦ ਹੋ ਗਈ ਸੀ ਕਿਉਂਕਿ ਜਦੋਂ ਉਸ ਨੇ ਪਟੀਸ਼ਨ ਪਾਈ ਸੀ ਉਦੋਂ ਸ੍ਰੀ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ। ਅਮਰੀਕਾ ਨੇ ਵੀ ਜਥੇਬੰਦੀ ਦੀ ਮੰਗ ਦਾ ਵਿਰੋਧ ਕੀਤਾ ਸੀ। ਅਦਾਲਤ ਵਿਚ ਦਾਇਰ ਤਾਜ਼ਾ ਪਟੀਸ਼ਨ ਵਿਚ 'ਸਿੱਖਸ ਫਾਰ ਜਸਟਿਸ' ਨੇ ਦਲੀਲ ਦਿੱਤੀ ਸੀ ਕਿ ਹੁਣ ਸ੍ਰੀ ਮਨਮਹੋਨ ਸਿੰਘ ਪ੍ਰਧਾਨ ਮੰਤਰੀ ਨਹੀਂ ਹਨ। ਇਸ ਲਈ ਉਨ੍ਹਾਂ ਨੂੰ ਛੋਟ ਨਹੀਂ ਦਿੱਤੀ ਜਾ ਸਕਦੀ। ਪਿਛਲੇ ਸਾਲ ਸਤੰਬਰ ਵਿਚ ਜਦੋਂ ਸ੍ਰੀ ਮਨਮੋਹਨ ਸਿੰਘ ਨੇ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਮਿਲਣੀ ਲਈ ਅਮਰੀਕਾ ਦਾ ਦੌਰਾ ਕੀਤਾ ਸੀ, ਉਦੋਂ ਸਿੱਖ ਜਥੇਬੰਦੀ ਨੇ ਉਨ੍ਹਾਂ ਖ਼ਿਲਾਫ਼ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਕੇਸ ਦਾਇਰ ਕੀਤਾ ਸੀ। ਅਦਾਲਤ ਨੇ ਬਾਅਦ ਵਿਚ ਤੱਤਕਾਲੀ ਪ੍ਰਧਾਨ ਮੰਤਰੀ ਖ਼ਿਲਾਫ਼ ਸੰਮਨ ਜਾਰੀ ਕੀਤਾ ਸੀ। ਇਸ ਸਾਲ ਦੋ ਮਈ ਨੂੰ, ਜਦੋਂ ਉਹ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬਰਕਰਾਰ ਸਨ, ਤਾਂ ਅਮਰੀਕੀ ਨਿਆਂ ਵਿਭਾਗ ਨੇ ਅਦਾਲਤ ਨੂੰ ਦੱਸਿਆ ਸੀ ਕਿ ਸ੍ਰੀ ਮਨਮੋਹਨ ਸਿੰਘ ਨੂੰ ਮੁਕੱਦਮੇ ਤੋਂ ਛੋਟ ਹਾਸਲ ਹੈ।

ਅਮਰੀਕੀ ਸੁਪਰੀਮ ਕੋਰਟ ਦੇ 'ਸਾਮੰਤਰ ਬਨਾਮ ਯੂਸਫ' ਮਾਮਲੇ ਵਿਚ ਦਿੱਤੇ ਗਏ ਫੈਸਲੇ ਦਾ ਜ਼ਿਕਰ ਕਰਦਿਆਂ 'ਸਿਖਸ ਫਾਰ ਜਸਟਿਸ' ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਮਨਮੋਹਨ ਸਿੰਘ ਵਰਗੇ ਕਿਸੇ ਸਰਕਾਰ ਦੇ ਸਾਬਕਾ ਮੁਖੀ 'ਤੇ ਕੇਸ ਕੀਤਾ ਜਾ ਸਕਦਾ ਹੈ ਕਿਉਂਕਿ ਉਨ੍ਹਾਂ ਨੇ ਹਤਿਆਵਾਂ ਤੇ ਤਸ਼ੱਦਦ ਜ਼ੁਲਮ ਹੁੰਦੇ ਨੂੰ ਨਜ਼ਰਅੰਦਾਜ਼ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਮਨਮੋਹਨ ਸਿੰਘ ਨੂੰ ਪੰਜਾਬ ਵਿਚ ਬਗਾਵਤ ਵਿਰੋਧੀ ਅਪਰੇਸ਼ਨਾਂ ਅਤੇ 'ਗੋਲੀ ਬਦਲੇ ਨਕਦੀ' ਨੀਤੀ ਲਈ 1990 ਵਿਚ ਫੰਡ ਦੇਣ ਲਈ ਅਮਰੀਕੀ ਅਦਾਲਤਾਂ ਵਿਚ ਜਵਾਬਦੇਹ ਠਹਿਰਾਇਆ ਜਾਵੇਗਾ।

# ਹੁਣ ਗੈਰ-ਸਰਕਾਰੀ ਸੰਗਠਨਾਂ 'ਤੇ ਫਿਰੇਗਾ ਮਾਂਜਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਦੇ ਸਕੱਤਰੇਤ ਅਤੇ ਹੋਰ ਵਿਭਾਗਾਂ ਨੂੰ ਖ਼ੁਫੀਆ ਬਿਊਰੋ ਵੱਲੋਂ ਦਿੱਤੀ ਰਿਪੋਰਟ ਵਿਚ ਖ਼ੁਲਾਸਾ ਕੀਤਾ ਗਿਆ ਹੈ ਕਿ ਭਾਰਤ ਦੇ ਕਈ ਗੈਰ-ਸਰਕਾਰੀ ਸੰਗਠਨਾਂ (ਐਨ.ਜੀ.ਓਜ਼.) ਨੂੰ ਮਿਲਦਾ ਧਨ ਅਸਲ ਵਿਚ ਵਿਕਾਸ ਕੰਮਾਂ ਨੂੰ ਰੋਕਣ ਲਈ ਰੋਸ ਪ੍ਰਦਰਸ਼ਨ ਕਰਨ ਵਾਸਤੇ ਵਰਤਿਆ ਜਾਂਦਾ ਹੈ। ਰਿਪੋਰਟ ਮੁਤਾਬਕ ਇਹ ਧਨ ਬਹੁਤਾ ਕਰ ਕੇ ਕੋਇਲਾ, ਬਾਕਸਾਈਟ ਖਣਨ, ਤੇਲ ਲੱਭਣ, ਪਰਮਾਣੂ ਪਲਾਂਟ ਲਾਉਣ ਤੇ ਦਰਿਆਵਾਂ ਨੂੰ ਜੋੜਨ ਵਾਲੇ ਵਿਕਾਸ ਕਾਰਜਾਂ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਲਈ ਵਰਤਿਆ ਜਾਂਦਾ ਹੈ ਤੇ ਸਿੱਟੇ ਵਜੋਂ ਇਨ੍ਹਾਂ ਪ੍ਰੋਜੈਕਟਾਂ ਦਾ ਕੰਮ ਮੱਠਾ ਪੈ ਜਾਂਦਾ ਹੈ। ਇਸ ਰਿਪੋਰਟ ਬਾਰੇ ਅੰਦਰਲੀ ਰਾਏ ਇਹ ਹੈ ਕਿ ਹੁਣ ਗੈਰ-ਸਰਕਾਰੀ ਸੰਗਠਨਾਂ ਦੀ ਸ਼ਾਮਤ ਆਉਣ ਵਾਲੀ ਹੈ।

ਰਿਪੋਰਟ ਵਿਚ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਇਕ ਐਨ.ਜੀ.ਓ. ਦੇ ਵਿਦੇਸ਼ੀ ਕਾਰਕੁਨ ਦੇ ਲੈਪਟਾਪ ਵਿਚ ਭਾਰਤ ਦਾ ਸਕੈਨ ਕੀਤਾ ਨਕਸ਼ਾ ਮਿਲਿਆ ਹੈ, ਜਿਸ ਵਿਚ 16 ਪਰਮਾਣੂ ਪਲਾਂਟ (ਵਰਤਮਾਨ ਤੇ ਤਜਵੀਜ਼ਸ਼ੁਦਾ) ਤੇ ਪੰਜ ਯੂਰੇਨੀਅਮ ਖਾਣਾਂ ਦੇ ਸਥਾਨ ਅਹਿਮ ਢੰਗ ਨਾਲ ਦਰਸਾਏ ਗਏ ਹਨ। ਭਾਰਤ ਦੀਆਂ ਐਨ.ਜੀ.ਓਜ਼. ਨੂੰ ਫੰਡ ਵਿਦੇਸ਼ਾਂ ਵਿਚੋਂ ਆਉਂਦਾ ਹੈ। ਇਸ ਬਾਰੇ ਵੀ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ। ਇਸ ਮੁਤਾਬਕ ਪਿਛਲੇ ਕੁਝ ਸਾਲਾਂ ਤੋਂ ਦੇਸ਼ ਵਿਚ ਇਹ ਐਨ.ਜੀ.ਓਜ਼. ਨੇ ਭਾਰਤ ਵਿਚ ਵਿਕਾਸ ਨੂੰ ਮੱਠਾ ਪਾਉਂਦੀਆਂ ਮੁਹਿੰਮਾਂ ਤੇਜ਼ ਕੀਤੀਆਂ ਹੋਈਆਂ ਹਨ।

ਰਿਪੋਰਟ ਵਿਚ ਦੋ ਪਰਮਾਣੂ ਵਿਰੋਧੀ ਸੰਗਠਨਾਂ ਨੈਸ਼ਨਲ ਅਲਾਇੰਸ ਆਫ ਐਂਟੀ-ਨਿਊਕਲਾਰ ਮੂਵਮੈਂਟ (ਐਨ.ਏ.ਏ.ਐਮ.) ਤੇ ਪੀਪਲਜ਼ ਮੂਵਮੈਂਟ ਅਗੇਂਸਟ ਨਿਊਕਲੀਅਰ ਐਨਰਜੀ) ਪੀ.ਐਮ.ਏ.ਐਨ.ਈ.) ਅਮਰੀਕਾ ਤੋਂ ਪੜ੍ਹੇ ਐਸ.ਪੀ. ਉਦੈ ਕੁਮਾਰ ਵੱਲੋਂ ਚਲਾਏ ਜਾ ਰਹੇ ਹਨ, ਜਿਸ ਨੂੰ ਅਮਰੀਕਾ ਦੀ ਇਕ ਯੂਨੀਵਰਸਿਟੀ ਤੋਂ ਬਿਨਾਂ ਮੰਗਿਆ ਕੰਟਰੈਕਟ ਮਿਲਿਆ ਹੋਇਆ ਹੈ। ਉਦੈ ਕੁਮਾਰ ਦੇ ਸਬੰਧਾਂ 'ਤੇ ਲਗਾਤਾਰ ਨਿਗਰਾਨੀ ਰੱਖੀ ਜਾਂਦੀ ਰਹੀ ਹੈ ਤੇ ਇਸ ਤਹਿਤ ਜਰਮਨੀ ਤੋਂ ਉਸ ਦੇ ਸੰਪਰਕ ਵਾਲੇ ਸੋਨਤਾਗ ਰਾਇਨਰ ਹਰਮਨ ਨੂੰ 2012 ਵਿਚ ਚੇਨਈ ਤੋਂ ਵਾਪਸ ਭੇਜਿਆ ਗਿਆ ਸੀ ਤੇ ਉਸ ਦੇ ਲੈਪਟਾਪ ਵਿਚੋਂ ਹੀ ਭਾਰਤ ਦਾ ਸਕੈਨ ਕੀਤਾ ਨਕਸ਼ਾ ਮਿਲਿਆ ਸੀ। ਨਕਸ਼ੇ ਦੇ ਨਾਲ ਹੀ 50 ਪਰਮਾਣੂ ਵਿਰੋਧੀ ਕਾਰਕੁਨਾਂ ਦੇ ਛੋਟੇ ਕਾਗਜ਼ਾਂ ਉਤੇ ਹੱਥ ਲਿਖਤ ਸੰਪਰਕ ਵੇਰਵੇ ਬਲੈਕਬੇਰੀ ਪਿੰਨ ਗ੍ਰਾਫ ਸਮੇਤ ਮਿਲੇ ਸਨ, ਜੋ ਈਮੇਲ ਰਾਹੀਂ ਪੰਜ ਵੱਡੇ ਪ੍ਰਮਾਣੂ ਵਿਰੋਧੀ ਕਾਰਕੁਨਾਂ (ਸਮੇਤ ਉਦੈ ਕੁਮਾਰ) ਭੇਜੇ ਗਏ ਸਨ।

ਉਦੈ ਕੁਮਾਰ ਨੇ ਇਹ ਸਾਰੇ ਦੋਸ਼ ਰੱਦ ਕੀਤੇ ਹਨ ਤੇ ਕਿਹਾ ਕਿ ਜੇਕਰ ਹਰਮਨ ਇੰਨਾ ਖਤਰਨਾਕ ਸੀ ਤਾਂ ਸਰਕਾਰ ਨੇ ਹਫੜਾ-ਤਫੜੀ ਵਿਚ ਉਹ ਵਾਪਸ ਕਿਉਂ ਭੇਜਿਆ।

# ਮਹਿੰਗਾਈ ਨੂੰ ਮੋੜਾ ਪਾਉਣ 'ਚ ਜੁਟੀ ਮੋਦੀ ਸਰਕਾਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਜ਼ਰੂਰੀ ਵਸਤਾਂ ਦੀਆਂ ਆਸਮਾਨ ਛੂਹਦੀਆਂ ਕੀਮਤਾਂ ਨੂੰ ਕਾਬੂ ਵਿਚ ਲਿਆਉਣ ਲਈ ਕਦਮ ਚੁੱਕਦਿਆਂ ਸੂਬਾ ਸਰਕਾਰਾਂ ਨੂੰ ਕਿਹਾ ਹੈ ਕਿ ਉਹ ਜ਼ਖੀਰੇਬਾਜ਼ਾਂ ਵਿਰੁੱਧ ਕਾਰਵਾਈ ਕਰੇ। ਇਥੇ ਹੋਈ ਇਕ ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਅਰੁਣ ਜੇਤਲੀ ਨੇ ਦੱਸਿਆ ਕਿ ਸੂਬਾ ਸਰਕਾਰਾਂ ਨੂੰ ਕਿਹਾ ਗਿਆ ਕਿ ਉਹ ਆਲੂ, ਪਿਆਜ਼ ਵਰਗੀਆਂ ਜ਼ਰੂਰੀ ਵਸਤਾਂ ਨੂੰ ਸੂਚੀ ਤੋਂ ਬਾਹਰ ਕਰਨ ਤਾਂ ਜੋ ਇਹ ਖੁੱਲ੍ਹੀ ਮੰਡੀ ਵਿਚ ਆ ਸਕਣ।

ਮਿਲੀ ਜਾਣਕਾਰੀ ਮੁਤਾਬਕ ਕੇਂਦਰ ਸਰਕਾਰ ਨੇ ਪਿਆਜ਼ ਦੀ ਬਰਾਮਦ ਨੂੰ ਘਟਾਉਣ ਲਈ ਪ੍ਰਤੀ ਟਨ ਤਿੰਨ ਸੌ ਅਮਰੀਕੀ ਡਾਲਰ ਕੀਮਤ ਤੈਅ ਕਰ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਦਾਲਾਂ ਤੇ ਤੇਲ ਬੀਜਾਂ ਦੀਆਂ ਕੀਮਤਾਂ ਨੂੰ ਕੰਟਰੋਲ ਵਿਚ ਰੱਖਣ ਲਈ ਸੂਬਾ ਸਰਕਾਰਾਂ ਨੂੰ ਦਰਾਮਦ ਦੀ ਸਿੱਧੀ ਆਗਿਆ ਦੇਣ ਬਾਰੇ ਵੀ ਵਿਚਾਰ ਕਰ ਰਹੀ ਹੈ। ਇਸ ਉੱਚ ਪੱਧਰੀ ਮੀਟਿੰਗ ਵਿਚ ਖੇਤੀਬਾੜੀ ਮੰਤਰੀ ਰਾਧਾ ਮੋਹਨ ਸਿੰਘ, ਖੁਰਾਕ ਮੰਤਰੀ ਰਾਮ ਵਿਲਾਸ ਪਾਸਵਾਨ, ਵਣਜ ਮੰਤਰੀ ਨਿਰਮਲਾ ਸੀਤਾ ਰਮਨ ਹਾਜ਼ਰ ਹੋਏ। ਦੇਸ਼ ਵਿਚ ਪਿਆਜ਼ ਦੀਆਂ ਕੀਮਤਾਂ ਵਿਚ ਆਈ ਤੇਜ਼ੀ ਨੂੰ ਰੋਕਣ ਲਈ ਕੇਂਦਰ ਸਰਕਾਰ ਨੇ ਕਦਮ ਚੁੱਕਦਿਆਂ ਪਿਆਜ਼ ਦੀ ਬਰਾਮਦ ਲਈ ਘੱਟੋ-ਘੱਟ ਬਰਾਮਦ ਕੀਮਤ ਤਿੰਨ ਸੌ ਅਮਰੀਕੀ ਡਾਲਰ ਪ੍ਰਤੀ ਟਨ ਨਿਰਧਾਰਤ ਕਰ ਦਿੱਤੀ ਹੈ।

## ਅਮਰੀਕੀ ਅਦਾਲਤ ਵੱਲੋਂ ਸੋਨੀਆ ਵਿਰੁੱਧ ਕੇਸ ਰੱਦ

**ਨਿਊ ਯਾਰਕ:** ਇਥੋਂ ਦੀ ਇਕ ਅਦਾਲਤ ਨੇ ਇਕ ਸਿੱਖ ਜਥੇਬੰਦੀ ਵੱਲੋਂ ਭਾਰਤ ਵਿਚ 1984 ਦੇ ਸਿੱਖ ਦੰਗਿਆਂ ਬਾਰੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵਿਰੁੱਧ ਪਾਇਆ ਕੇਸ ਇਹ ਕਹਿੰਦਿਆਂ ਖਾਰਜ ਕਰ ਦਿੱਤਾ ਕਿ ਉਸ ਨੂੰ ਨਿੱਜੀ ਤੌਰ 'ਤੇ ਇਸ ਸਾਰੇ ਕੁਝ ਲਈ ਜ਼ਿੰਮੇਵਾਰ ਨਹੀਂ ਕਿਹਾ ਜਾ ਸਕਦਾ ਪਰ ਨਾਲ ਹੀ ਜਥੇਬੰਦੀ 'ਤੇ ਉਸ ਵਿਰੁੱਧ ਨਵੇਂ ਸਿਰਿਓਂ ਕੇਸ ਪਾਉਣ 'ਤੇ ਕੋਈ ਰੋਕ ਨਹੀਂ ਲਾਈ।

13 ਸਫ਼ਿਆਂ ਦੇ ਹੁਕਮ 'ਚ ਅਮਰੀਕੀ ਜ਼ਿਲ੍ਹਾ ਜੱਜ ਬਰਿਆਨ ਲੋਗਨ ਨੇ ਗਾਂਧੀ ਵਿਰੁੱਧ ਸਿਖਸ ਫਾਰ ਜਸਟਿਸ ਵੱਲੋਂ ਪਾਈ ਸ਼ਿਕਾਇਤ ਖਾਰਜ ਕਰ ਦਿੱਤੀ। ਇਸ ਦੇ ਨਾਲ ਹੀ ਅਦਾਲਤ ਨੇ ਗਾਂਧੀ ਦੀ ਸਿੱਖ ਜਥੇਬੰਦੀ ਨੂੰ 'ਮੁਕੱਦਮਾ ਕਰਨ ਦੀ ਮਨਾਹੀ ਦੇ ਹੁਕਮ' ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਸੋਨੀਆ ਗਾਂਧੀ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਲਈ ਨਿੱਜੀ ਤੌਰ 'ਤੇ ਜ਼ਿੰਮੇਵਾਰ ਕਰਾਰ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਇਹ ਤਾਂ ਇਕ ਦਹਾਕੇ ਮਗਰੋਂ 1998 ਵਿਚ ਪਾਰਟੀ ਪ੍ਰਧਾਨ ਬਣੀ ਸੀ।

## ਭਾਰਤ ਨੇ ਲਾਇਆ ਹਿੰਦੀ-ਚੀਨੀ ਭਾਈ-ਭਾਈ ਦਾ ਨਾਅਰਾ

**ਨਵੀਂ ਦਿੱਲੀ:** ਭਾਰਤ ਅਤੇ ਚੀਨ ਸਬੰਧਾਂ ਨੂੰ ਅੱਗੇ ਲਿਜਾਣ ਲਈ ਚੀਨ ਨੇ ਆਪਸੀ ਭਰੋਸੇ ਤੇ ਤਾਲਮੇਲ ਆਧਾਰਤ ਨਵੇਂ ਸੁਰੱਖਿਆ ਸੰਕਲਪ ਨੂੰ ਹੁਲਾਰਾ ਦੇਣ ਦਾ ਸੱਦਾ ਦਿੱਤਾ ਹੈ। ਚੀਨ ਦੇ ਸਫੀਰ ਵੇਈ-ਵੇਈ ਨੇ ਇਹ ਵੀ ਕਿਹਾ ਕਿ ਚੀਨ ਅਤੇ ਭਾਰਤ ਨੂੰ ਆਪਸੀ ਲਾਭ ਵਾਲਾ ਆਲਮੀ ਆਰਥਿਕ-ਤੰਤਰ ਕਾਇਮ ਕਰਨ ਲਈ ਰਲ-ਮਿਲ ਕੇ ਕੰਮ ਕਰਨਾ ਚਾਹੀਦਾ ਹੈ ਤੇ ਕਿਸੇ ਵੀ ਕਿਸਮ ਦੇ ਸੁਰੱਖਿਆਵਾਦ ਦਾ ਵਿਰੋਧ ਕਰਨਾ ਚਾਹੀਦਾ ਹੈ।

'ਇੰਸਟੀਚਿਊਟ ਆਫ ਡਿਫੈਂਸ ਐਂਡ ਸਟਰੈਟਿਜਿਕ ਅਫੇਅਰਜ਼' ਵਿਚ ਭਾਸ਼ਣ ਦਿੰਦਿਆਂ ਉਨ੍ਹਾਂ ਕਿਹਾ ਕਿ ਸਾਨੂੰ ਅਜਿਹੇ ਨਵੇਂ ਸੁਰੱਖਿਆ ਸੰਕਲਪ ਨੂੰ ਹੁਲਾਰਾ ਦੇਣਾ ਚਾਹੀਦਾ ਹੈ ਜੋ ਆਪਸੀ ਭਰੋਸੇ, ਆਪਸੀ ਫਾਇਦਿਆਂ ਵਾਲਾ, ਬਰਾਬਰਤਾ ਤੇ ਤਾਲਮੇਲ ਆਧਾਰਤ ਹੋਵੇ। ਉਨ੍ਹਾਂ ਨੇ ਕਿਹਾ ਕਿ ਦੋਵੇਂ ਮੁਲਕਾਂ ਨੂੰ ਆਪਸੀ ਕਾਰੋਬਾਰ, ਸੁਰੱਖਿਆ ਸਬੰਧਾਂ ਨੂੰ ਅੱਗੇ ਲਿਜਾਂਦਿਆਂ ਅਮਨ-ਪੂਰਵਕ ਸਹਿਹੋਂਦ ਬਰਾਬਰ ਦੀ ਹਿੱਸੇਦਾਰੀ ਤੇ ਬਰਾਬਰ ਦੇ ਮੁਕਾਬਲੇ ਦਾ ਮੁਕਾਮ ਹਾਸਲ ਕਰਨਾ ਚਾਹੀਦਾ ਹੈ। ਇਸੇ ਦੌਰਾਨ ਵਿਦੇਸ਼ ਮੰਤਰਾਲੇ ਦੇ ਚੀਨ ਬਾਰੇ ਇੰਚਾਰਜ ਜੁਆਇੰਟ ਸਕੱਤਰ ਗੌਤਮ ਬਾਂਬਾਵਾਲੇ ਨੇ ਦੱਸਿਆ ਕਿ ਨਵੰਬਰ ਵਿਚ ਭਾਰਤ ਤੇ ਚੀਨ ਦੀਆਂ ਸੈਨਾਵਾਂ ਚੌਥੀਆਂ ਸਾਂਝੀਆਂ ਮਸ਼ਕਾਂ ਕਰਨਗੀਆਂ। ਇਹ ਮਸ਼ਕਾਂ ਨਵੰਬਰ ਵਿਚ ਭਾਰਤ ਵਿਚ ਹੋਣਗੀਆਂ।




## ਮੁਸ਼ੱਰਫ਼ ਖਿਲਾਫ ਸੁਪਰੀਮ ਕੋਰਟ ਪੁੱਜੀ ਸ਼ਰੀਫ ਸਰਕਾਰ

**ਇਸਲਾਮਾਬਾਦ:** ਪਾਕਿਸਤਾਨ ਸਰਕਾਰ ਸਿੰਧ ਹਾਈ ਕੋਰਟ ਵਿਚ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨੂੰ ਦਿੱਤੀ ਵਿਦੇਸ਼ ਜਾਣ ਦੀ ਖੁੱਲ੍ਹ ਖ਼ਿਲਾਫ਼ ਸੁਪਰੀਮ ਕੋਰਟ ਪੁੱਜ ਗਈ ਹੈ।



ਅਟਾਰਨੀ ਜਨਰਲ ਸਲਮਾਨ ਅਸਲਮ ਬੱਟ ਨੇ ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਵਿਚ ਪਟੀਸ਼ਨ ਪਾਈ ਹੈ। ਹਾਈ ਕੋਰਟ ਦੇ ਦੋ ਮੈਂਬਰੀ ਬੈਂਚ ਨੇ ਮੀਆਂ ਨਵਾਜ਼ ਸ਼ਰੀਫ਼ ਸਰਕਾਰ ਨੂੰ ਹੁਕਮ ਦਿੱਤਾ ਸੀ ਕਿ ਉਹ ਸ੍ਰੀ ਮੁਸ਼ੱਰਫ਼ ਦਾ ਨਾਲ ਉਸ ਸੂਚੀ ਵਿਚੋਂ ਕੱਢ ਦੇਵੇ, ਜਿਨ੍ਹਾਂ ਦੇ ਨਾਂ ਟੀ.ਸੀ.ਐਨ. ਸੂਚੀ ਵਿਚ ਹਨ। ਹਾਈ ਕੋਰਟ ਨੇ ਇਸ ਫ਼ੈਸਲੇ ਖ਼ਿਲਾਫ਼ ਪਟੀਸ਼ਨ ਪਾਉਣ ਲਈ ਸਰਕਾਰ ਨੇ 15 ਦਿਨ ਦਿੱਤੇ ਹਨ।

ਸਰਕਾਰ ਨੇ ਸੁਪਰੀਮ ਕੋਰਟ ਨੂੰ ਕਿਹਾ ਹੈ ਕਿ ਉਹ ਪਾਬੰਦੀ ਨਾ ਚੁੱਕੇ, ਕਿਉਂਕਿ ਜੇਕਰ ਸਾਬਕਾ ਰਾਸ਼ਟਰਪਤੀ ਵਿਦੇਸ਼ ਚਲਾ ਗਿਆ ਤਾਂ ਹੋ ਸਕਦਾ ਹੈ, ਉਹ ਵਾਪਸ ਨਾ ਆਏ। ਹਾਈ ਕੋਰਟ ਨੇ ਸਾਬਕਾ ਥਲ ਸੈਨਾ ਮੁਖੀ ਤੋਂ ਪਾਬੰਦੀ ਇਸ ਲਈ ਚੁੱਕਣ ਲਈ ਕਿਹਾ ਹੈ ਤਾਂ ਜੋ ਉਹ ਯੂ.ਏ.ਈ. ਵਿਚ ਆਪਣੀ ਬਿਮਾਰ ਮਾਂ ਕੋਲ ਜਾ ਸਕਣ।

ਜ਼ਿਕਰਯੋਗ ਹੈ ਕਿ ਆਪਣੀ ਸਾਢੇ ਚਾਰ ਸਾਲ ਦੀ ਸਵੈ-ਜਲਾਵਨੀ ਖਤਮ ਕਰਕੇ ਪਿਛਲੇ ਸਾਲ ਪਾਕਿਸਤਾਨ ਪਰਤੇ 70 ਸਾਲਾ ਮੁਸ਼ੱਰਫ਼ ਵਿਰੁੱਧ ਕਈ ਮੁਕੱਦਮੇ ਚੱਲ ਰਹੇ ਹਨ ਜਿਨ੍ਹਾਂ ਵਿਚੋਂ ਇਕ ਦੇਸ਼ ਧ੍ਰੋਹ ਦਾ ਵੀ ਹੈ, ਜਿਸ ਤਹਿਤ ਉਹ ਘਰ ਵਿਚ ਹੀ ਨਜ਼ਰਬੰਦ ਕਰ ਦਿੱਤੇ ਗਏ ਸਨ ਤੇ ਉਨ੍ਹਾਂ ਦੇ ਵਿਦੇਸ਼ ਜਾਣ ਉਤੇ ਪਾਬੰਦੀ ਲਾ ਦਿੱਤੀ ਗਈ ਸੀ।



# ਕੈਲੰਡਰ ਵਿਵਾਦ 'ਤੇ ਸਰਬੱਤ ਖਾਲਸਾ ਸੱਦਣ ਦਾ ਐਲਾਨ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਪੀਲਾਂ ਦੇ ਬਾਵਜੂਦ ਪਾਕਿਸਤਾਨ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਇਆ ਗਿਆ। ਇਸ ਮੌਕੇ ਐਲਾਨ ਕੀਤਾ ਗਿਆ ਕਿ ਜੇਕਰ ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਨੂੰ ਛੇਤੀ ਹੱਲ ਨਾ ਕੀਤਾ ਗਿਆ ਤਾਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਵੰਬਰ ਮਹੀਨੇ ਵਿਚ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਸਰਬੱਤ ਖਾਲਸਾ ਸੱਦ ਕੇ ਇਸ ਮੁੱਦੇ 'ਤੇ ਵਿਚਾਰ ਕੀਤਾ ਜਾਵੇਗਾ।

ਇਸ ਮੌਕੇ ਮੂਲ ਨਾਨਾਕਸ਼ਾਹੀ ਕੈਲੰਡਰ ਦਾ ਮਸਲਾ ਸਾਰੀਆਂ ਧਿਰਾਂ ਦੀ ਸਹਿਮਤੀ ਨਾਲ ਹੱਲ ਕਰਨ ਦੀ ਮੰਗ ਕੀਤੀ ਤੇ ਇਹ ਫੈਸਲਾ ਲਿਆ ਗਿਆ ਕਿ ਜਦ ਤੱਕ ਮਸਲਾ ਹੱਲ ਨਹੀਂ ਹੁੰਦਾ ਉਦੋਂ ਤੱਕ ਪਾਕਿਸਤਾਨ ਵਿਚ ਸਾਰੇ ਦਿਹਾੜੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਏ ਜਾਣਗੇ। ਇਹ ਸਰਬੱਤ ਖਾਲਸਾ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਹੋਵੇਗਾ ਤੇ ਦੇਸ਼-ਵਿਦੇਸ਼ ਤੋਂ ਸਿੱਖ ਸੰਗਤ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਵੇਗਾ, ਜਿਸ ਵਿਚ ਸਰਬਸੰਮਤੀ ਨਾਲ ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਬਾਰੇ ਵਿਚਾਰ ਚਰਚਾ ਹੋਵੇਗੀ। ਪੀ.ਜੀ.ਪੀ.ਸੀ. ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ 'ਤੇ ਦੋਸ਼ ਲਾਇਆ ਕਿ ਉਨ੍ਹਾਂ ਆਪਣੇ ਪਾਕਿਸਤਾਨ ਦੌਰੇ ਦੌਰਾਨ ਕੈਲੰਡਰ ਮੁੱਦੇ 'ਤੇ ਪਾਕਿਸਤਾਨੀ ਸਿੱਖਾਂ ਨੂੰ ਵੰਡਣ ਦਾ ਯਤਨ ਕੀਤਾ ਹੈ। ਉਨ੍ਹਾਂ ਛੇ ਜੂਨ ਨੂੰ ਅਕਾਲ ਤਖ਼ਤ ਵਿਖੇ ਵਾਪਰੀ ਹਿੰਸਕ ਘਟਨਾ ਦਾ ਜ਼ਿਕਰ ਕਰਦਿਆਂ ਆਖਿਆ ਕਿ ਇਸ ਘਟਨਾ ਨਾਲ ਸਿੱਖ ਕੌਮ ਨੂੰ ਦੁਨੀਆਂ ਭਰ ਵਿਚ ਸ਼ਰਮਸਾਰ ਹੋਣਾ ਪਿਆ ਹੈ। ਕੈਲੰਡਰ ਮਾਮਲੇ ਵਿਚ ਸਿਆਸਤ ਨਹੀਂ ਕੀਤੀ ਜਾਣੀ ਚਾਹੀਦੀ।

ਵਿਧਾਨ ਸਭਾ ਮੈਂਬਰ ਰਮੇਸ਼ ਸਿੰਘ ਅਰੋੜਾ ਨੇ ਆਖਿਆ ਕਿ ਨਵਾਜ਼ ਸ਼ਰੀਫ ਸਰਕਾਰ ਇਸ ਮਸਲਿਆਂ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਕੈਲੰਡਰ ਮਾਮਲਾ ਸਿੱਖਾਂ ਦਾ ਅੰਦਰੂਨੀ ਮਾਮਲਾ ਹੈ ਤੇ ਇਸ ਨੂੰ ਛੇਤੀ ਹੀ ਹੱਲ ਕਰ ਲਿਆ ਜਾਵੇਗਾ। ਸਾਬਕਾ ਪ੍ਰਧਾਨ ਬਾਬਾ ਸ਼ਾਮ ਸਿੰਘ ਨੇ ਵੀ ਆਸ ਪ੍ਰਗਟਾਈ ਕਿ ਕੈਲੰਡਰ ਮਾਮਲਾ ਛੇਤੀ ਹੱਲ ਹੋ ਜਾਵੇਗਾ। ਇਸ ਦੌਰਾਨ ਗੁਰਦੁਆਰਾ ਡੇਹਰਾ ਸਾਹਿਬ ਦੇ ਆਲੇ ਦੁਆਲੇ ਕਰੜੇ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਖਾਲੜਾ ਮਿਸ਼ਨ ਕਮੇਟੀ ਦੇ ਪਾਰਟੀ ਆਗੂ ਹਰਦੇਵ ਸਿੰਘ ਗਾਂਧੀ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪਾਕਿਸਤਾਨ ਔਕਾਫ਼ ਬੋਰਡ ਵੱਲੋਂ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਕਾਰ ਸੇਵਾ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਸੌਂਪੀ ਗਈ ਹੈ ਤੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਸਰਾਂ ਬਣਾਉਣ ਲਈ ਜ਼ਮੀਨ ਦੇਣ ਦਾ ਐਲਾਨ ਵੀ ਕੀਤਾ ਗਿਆ।

## ਲਾਹੌਰ ਵਿਚ ਸ਼ਰਧਾ ਨਾਲ ਮਨਾਇਆ ਗੁਰੂ ਅਰਜਨ ਦੇਵ ਦਾ ਸ਼ਹੀਦੀ ਪੁਰਬ



### ਕੈਲੰਡਰ ਸੋਧਣ ਵਿਚ ਕਾਹਲੀ ਕੀਤੀ: ਸਰਨਾ

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਨੂੰ ਲੰਬੀ ਸੋਚ ਤੇ ਵਿਚਾਰ ਤੋਂ ਬਾਅਦ ਬਣਾਇਆ ਗਿਆ ਸੀ ਜੋ ਸਿੱਖ ਕੌਮ ਦੀ ਅੱਡਰੀ ਪਛਾਣ ਦਾ ਪ੍ਰਤੀਕ ਹੈ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਇਸ ਨੂੰ ਕਾਹਲੀ ਵਿਚ ਸੋਧ ਕੇ ਇਸ ਦੀ ਆਤਮਾ ਨੂੰ ਹੀ ਮਾਰ ਦਿੱਤਾ ਗਿਆ ਹੈ। ਪਾਕਿਸਤਾਨ ਓਕਾਫ ਬੋਰਡ ਦੇ ਚੇਅਰਮੈਨ ਖਾਲਿਦ ਅਲੀ ਨੇ ਆਖਿਆ ਕਿ ਕੈਲੰਡਰ ਵਿਵਾਦ ਸਿੱਖ ਕੌਮ ਦਾ ਅੰਦਰੂਨੀ ਮਾਮਲਾ ਹੈ ਤੇ ਪਾਕਿਸਤਾਨੀ ਹਕੂਮਤ ਇਸ ਵਿਚ ਕੋਈ ਦਖਲਅੰਦਾਜ਼ੀ ਨਹੀਂ ਕਰੇਗੀ। ਉਨ੍ਹਾਂ ਭਰੋਸਾ ਦਿੱਤਾ ਕਿ ਗੁਰਦੁਆਰਿਆਂ ਦੀਆਂ ਜਾਇਦਾਦਾਂ 'ਤੇ ਨਜਾਇਜ਼ ਕਬਜ਼ੇ ਨਹੀਂ ਹੋਣ ਦਿੱਤੇ ਜਾਣਗੇ। ਸਾਬਕਾ ਕਮੇਟੀ ਪ੍ਰਧਾਨ ਸ਼ਾਮ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਰੀਆਂ ਧਿਰਾਂ ਦੀ ਸਹਿਮਤੀ ਨਾਲ ਨਾਨਕਸ਼ਾਹੀ ਕੈਲੰਡਰ ਦਾ ਹੱਲ ਕਰਨ। ਮੁੱਖ ਮਹਿਮਾਨ ਸਕੱਤਰ ਓਕਾਫ ਬੋਰਡ ਖਾਲਿਦ ਸਾਹਿਬ ਨੇ ਕਿਹਾ ਕਿ ਗੁਰਦੁਆਰਾ ਡੇਹਰਾ ਸਾਹਿਬ ਵਿਚ ਯਾਤਰੂ ਸਰਾਵਾਂ ਦੀ ਘਾਟ ਹੈ ਉਹ ਛੇਤੀ ਹੀ ਨਵੀਆਂ ਸਰਾਵਾਂ ਬਣਾ ਕੇ ਪੂਰੀ ਕਰ ਦਿੱਤੀ ਜਾਵੇਗੀ।

# ਬਰਤਾਨੀਆ ਵਿਚ ਜਬਰੀ ਵਿਆਹ ਫੌਜਦਾਰੀ ਜੁਰਮ

**ਲੰਡਨ:** ਬਰਤਾਨੀਆ ਵਿਚ ਕਿਸੇ ਨੂੰ ਵਿਆਹ ਲਈ ਮਜਬੂਰ ਕਰਨਾ ਫੌਜਦਾਰੀ ਜੁਰਮ ਮੰਨਿਆ ਜਾਏਗਾ। 74 ਵੱਖ-ਵੱਖ ਮੁਲਕਾਂ ਦੇ ਇਥੇ ਰਹਿੰਦੇ ਲੋਕਾਂ ਵਿਚ ਅਜਿਹੇ ਕੇਸ ਮਿਲਦੇ ਰਹੇ ਹਨ। ਬਰਤਾਨੀਆ ਤੇ ਪਾਕਿਸਤਾਨੀਆਂ ਵਿਚ ਅਜਿਹੇ 43 ਫੀਸਦੀ, ਭਾਰਤੀਆਂ ਵਿਚ 11 ਫੀਸਦੀ ਤੇ ਬੰਗਲਾਦੇਸ਼ੀਆਂ ਵਿਚ 10 ਫੀਸਦੀ ਕੇਸ ਮਿਲਦੇ ਹਨ। ਐਂਟੀ ਸੋਸ਼ਲ ਬਿਹੇਵੀਅਰ, ਕਰਾਈਮ ਐਂਡ ਪੁਲਿਸਿੰਗ ਐਕਟ 2014 ਅਧੀਨ ਇੰਗਲੈਂਡ ਤੇ ਵੇਲਜ ਵਿਚ ਕਿਸੇ ਨੂੰ ਵਿਆਹ ਕਰਾਉਣ ਲਈ ਮਜਬੂਰ ਕਰਨ ਦਾ ਦੋਸ਼ੀ ਪਾਏ ਜਾਣ 'ਤੇ ਵੱਧ ਤੋਂ ਵੱਧ ਸੱਤ ਸਾਲ ਦੀ ਜੇਲ੍ਹ ਹੋ ਸਕਦੀ ਹੈ।

## ਸੱਤ ਸਾਲ ਦੀ ਹੋ ਸਕਦੀ ਹੈ ਜੇਲ੍ਹ

ਇਸ ਕਾਨੂੰਨ ਅਧੀਨ ਦੂਜੇ ਦੇਸ਼ਾਂ ਦੇ ਅਜਿਹੇ ਲੋਕਾਂ ਵਿਰੁੱਧ ਵੀ ਕਾਰਵਾਈ ਦੀ ਵਿਵਸਥਾ ਹੈ, ਜਿਥੇ ਇਕ ਬਰਤਾਨਵੀ ਨਾਗਰਿਕ ਨੂੰ ਵਿਆਹ ਲਈ ਮਜਬੂਰ ਕੀਤਾ ਜਾ ਰਿਹਾ ਹੋਵੇ। ਬਰਤਾਨਵੀ ਗ੍ਰਹਿ ਮੰਤਰੀ ਟੈਰੇਸਾ ਮੇਅ ਨੇ ਕਿਹਾ ਕਿ ਜਬਰੀ ਵਿਆਹ ਹਰੇਕ ਪੀੜਤ ਲਈ ਦੁਖਾਂਤ ਵਾਂਗ ਹੁੰਦਾ ਹੈ। ਅਜਿਹੇ ਕਈ ਕੇਸ ਸਾਹਮਣੇ ਹੀ ਨਹੀਂ ਆਉਂਦੇ। ਉਨ੍ਹਾਂ ਨੂੰ ਇਸ ਗੱਲ 'ਤੇ ਮਾਣ ਹੈ ਕਿ ਬਰਤਾਨੀਆ ਪਹਿਲਾਂ ਹੀ ਅਜਿਹੀਆਂ ਮਾਰੂ ਰਸਮਾਂ ਤੇ ਕਾਰਵਾਈਆਂ ਨੂੰ ਖਤਮ ਕਰਨ ਲਈ ਮੋਹਰੀ ਹੈ। ਸਰਕਾਰ ਦਾ ਜਬਰੀ ਵਿਆਹਾਂ ਬਾਰੇ ਯੂਨਿਟ (ਐਫ.ਐਮ.ਯੂ.) ਬਰਤਾਨੀਆ ਤੇ ਹੋਰ ਥਾਈਂ ਅਜਿਹੀਆਂ ਖਤਰਨਾਕ ਕਾਰਵਾਈਆਂ ਨਾਲ ਨਜਿੱਠਣ ਲਈ ਨਿਸ਼ਠਾ ਨਾਲ ਕੰਮ ਕਰ ਰਿਹਾ ਹੈ।

ਗ੍ਰਹਿ ਵਿਭਾਗ ਨੇ ਖੁਲਾਸਾ ਕੀਤਾ ਕਿ ਐਫ.ਐਮ.ਯੂ. ਨੇ 2013 ਵਿਚ 1300 ਤੋਂ ਵੱਧ ਲੋਕਾਂ ਨੂੰ ਸੰਭਾਵੀ ਜਬਰੀ ਵਿਆਹਾਂ ਦੇ ਮਾਮਲਿਆਂ ਵਿਚ ਮਦਦ ਤੇ ਸਲਾਹ ਦਿੱਤੀ। ਬਰਤਾਨੀਆ ਵਿਚ ਇਹ ਸਮੱਸਿਆ ਜ਼ਿਆਦਾਤਰ ਦੱਖਣੀ ਏਸ਼ੀਆ ਮੂਲ ਦੇ ਅਵਾਸੀ ਭਾਈਚਾਰਿਆਂ ਵਿਚ ਹੈ। ਧੱਕੇ ਨਾਲ ਵਿਆਹ ਇਸ ਤਰ੍ਹਾਂ ਪ੍ਰੀਭਾਸ਼ਤ ਕੀਤਾ ਗਿਆ ਹੈ ਜਿਸ ਵਿਚ ਇਕ ਜਾਂ ਦੋਵੇਂ ਜਣੇ ਵਿਆਹ ਲਈ ਸਹਿਮਤ ਨਾ ਹੋਣ ਤੇ ਉਨ੍ਹਾਂ ਨੂੰ ਸਰੀਰਕ, ਮਾਨਸਿਕ, ਵਿੱਤੀ, ਸੈਕਸੂਅਲ ਜਾਂ ਭਾਵਨਾਤਮਕ ਦਬਾਅ ਰਾਹੀਂ ਇਸ ਦੇ ਲਈ ਮਜਬੂਰ ਕੀਤਾ ਜਾ ਰਿਹਾ ਹੋਵੇ। ਸਭ ਤੋਂ ਵੱਡਾ ਦੁਖਾਂਤ ਇਹ ਹੁੰਦਾ ਹੈ ਕਿ ਜਬਰੀ ਵਿਆਹੇ ਲੋਕ ਦਿਨੇ ਘਰੇਲੂ ਮੁਕਾਮ ਤੇ ਰਾਤ ਨੂੰ ਸੈਕਸੂਅਲ ਗੁਲਾਮ ਬਣੇ ਰਹਿੰਦੇ ਹਨ। ਇਸ ਮੁੱਦੇ 'ਤੇ ਮੁਹਿੰਮ ਚਲਾਉਣ ਵਾਲੀ 'ਫਰੀਡਮ' ਚੈਰਿਟੀ ਫਾਊਂਡਰ ਅਨੀਤਾ ਪ੍ਰੇਮ ਨੇ ਕਿਹਾ ਕਿ ਇਸ ਐਲਾਨ ਨਾਲ ਇਹ ਜ਼ੋਰਦਾਰ ਸੁਨੇਹਾ ਜਾਏਗਾ ਕਿ ਮਾਨਵੀ ਹੱਕਾਂ ਦੀ ਇਹ ਉਲੰਘਣਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਏਗੀ। 2008 ਤੋਂ ਅਦਾਲਤਾਂ ਪੀੜਤਾਂ ਦੇ ਜਬਰੀ ਵਿਆਹ ਰੋਕਣ ਲਈ ਸਿਵਲ ਆਰਡਰ ਦੇਣ ਦੇ ਸਮਰੱਥ ਹਨ।

## ਕਸ਼ਮੀਰੀ ਪੰਡਤਾਂ ਦੀ ਵਾਪਸੀ ਬਾਰੇ ਨੀਤੀ ਦਾ ਐਲਾਨ ਛੇਤੀ

**ਸ੍ਰੀਨਗਰ:** ਰੱਖਿਆ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਕਸ਼ਮੀਰ ਪੰਡਤਾਂ ਦੀ ਜੰਮੂ-ਕਸ਼ਮੀਰ ਵਿਚ ਵਾਪਸੀ ਬਾਰੇ ਨੀਤੀ ਤੇ ਉਪਰਾਲਿਆਂ ਦਾ ਅਗਲੇ ਕੁਝ ਦਿਨਾਂ ਵਿਚ ਐਲਾਨ ਕਰ ਦਿੱਤਾ ਜਾਏਗਾ ਤੇ ਮੋਦੀ ਸਰਕਾਰ ਸੂਬੇ ਦੇ ਵਿਕਾਸ ਲਈ ਵਿਸ਼ੇਸ਼ ਯਤਨ ਕਰੇਗੀ।

ਸੁਰੱਖਿਆ ਜਾਇਜ਼ੇ ਮੌਕੇ ਰੱਖਿਆ ਮੰਤਰੀ ਨਾਲ ਹਾਜ਼ਰ ਸੂਬੇ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਉਹ ਇਸ ਗੱਲੋਂ ਖੁਸ਼ ਹਨ ਕਿ ਜੇਤਲੀ ਸਥਿਤੀ ਦਾ ਜਾਇਜ਼ਾ ਲੈ ਕੇ ਤੇ ਚੁਣੌਤੀਆਂ ਬਾਰੇ ਜਾਣ ਕੇ ਦਿੱਲੀ ਪਰਤ ਰਹੇ ਹਨ।

# ਨਾਨਕਸ਼ਾਹੀ ਕੈਲੰਡਰ ਮੁਤਾਬਕ ਸ਼ਹੀਦੀ ਦਿਹਾੜਾ ਮਨਾਏ ਜਾਣ 'ਤੇ ਧੰਨਵਾਦ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿਚ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਏ ਗਏ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਲਈ ਸਿੱਖ ਸੰਗਤਾਂ, ਪਾਕਿਸਤਾਨ ਸਰਕਾਰ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵਕਫ਼ ਬੋਰਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿੱਖਾਂ ਦੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਏ ਗਏ ਦਿਵਸ ਤੋਂ ਇਸ ਕੈਲੰਡਰ 'ਚ ਸਿੱਖਾਂ ਦਾ ਅਟਲ ਵਿਸ਼ਵਾਸ਼ ਯਕੀਨੀ ਬਣਦਾ ਹੈ।

ਏਜੀਪੀਸੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਸਾਂਝੇ ਬਿਆਨ 'ਚ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ 2003 'ਚ ਮੂਲ ਕੈਲੰਡਰ ਦੀ ਪ੍ਰਵਾਨਗੀ ਤੋਂ ਬਾਅਦ ਪੂਰੇ ਸਿੱਖ ਜਗਤ 'ਚ ਖੁਸ਼ੀ ਦੀ ਲਹਿਰ ਸੀ ਪਰ ਕੁਝ ਕਾਰਨਾਂ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਇਸ ਕੈਲੰਡਰ 'ਚ ਤਬਦੀਲੀਆਂ ਕਰ ਦਿੱਤੀਆਂ ਗਈਆਂ, ਜਿਸ ਕਾਰਨ ਸਿੱਖ ਸੰਗਤਾਂ 'ਚ ਦੁਵਿਧਾ ਬਣੀ ਹੋਈ ਹੈ ਅਤੇ ਬਹੁਤ ਸਾਰੇ ਸਿੱਖਾਂ ਦੇ ਧਾਰਮਿਕ ਪ੍ਰੋਗਰਾਮਾਂ ਦੀਆਂ ਤਰੀਕਾਂ ਇਕ-ਦੂਜੇ ਨਾਲ ਮੇਲ ਨਹੀਂ ਖਾਂਦੀਆਂ।

ਉਨ੍ਹਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਅਪੀਲ ਕੀਤੀ ਕਿ ਉਹ ਸਭ ਪੰਥਕ ਜਥੇਬੰਦੀਆਂ ਅਤੇ ਅਦਾਰਿਆਂ ਨੂੰ ਭਰੋਸੇ 'ਚ ਲੈ ਕੇ ਅਸਲੀ ਨਾਨਕਸ਼ਾਹੀ ਕੈਲੰਡਰ ਨੂੰ ਹੀ ਮਾਨਤਾ ਦੇਣ।

ਉਕਤ ਆਗੂਆਂ ਨੇ ਕਿਹਾ ਕਿ ਪ੍ਰਸਿੱਧ ਭੂਗੋਲ ਤੇ ਖਗੋਲ ਵਿਗਿਆਨੀ ਭਾਈ ਪਾਲ ਸਿੰਘ ਪੁਰੇਵਾਲ ਨੇ ਚਿਰਾਂ ਦੀ ਮਿਹਨਤ ਉਪਰੰਤ ਨਾਨਕਸ਼ਾਹੀ ਕੈਲੰਡਰ ਬਣਾਇਆ ਸੀ ਜਿਸ ਨੂੰ ਅਕਾਲ ਤਖ਼ਤ ਸਾਹਿਬ 'ਤੋਂ ਜਾਰੀ ਕਰਨ ਤੋਂ ਬਾਅਦ ਸਿੱਖ ਕੌਮ ਦੀ ਵੱਖਰੀ ਪਛਾਣ ਤੇ ਇਕ ਆਜ਼ਾਦ ਪ੍ਰਭੁਸੱਤਾ ਵਾਲੀ ਕੌਮ ਦੇ ਚਿੰਨ੍ਹਾਂ 'ਚ ਸਿਫ਼ਤੀ ਵਾਧਾ ਹੋਇਆ। ਉਨ੍ਹਾਂ ਕਿਹਾ ਕਿ ਕੁਝ ਸੌੜੀ ਸੋਚ ਵਾਲੇ ਸੁਆਰਥੀ ਸਿਆਸੀ ਆਗੂਆਂ ਦੁਆਰਾ ਪਹਿਲਾਂ ਅੱਧਾ ਕੈਲੰਡਰ ਤਬਦੀਲ ਕਰ ਲਿਆ ਗਿਆ ਹੈ ਤੇ ਹੁਣ ਕੈਲੰਡਰ ਦੇ ਖਾਤਮੇ ਲਈ ਤਿਆਰੀ ਹੋ ਰਹੀ ਹੈ।

## ਫੌਜ ਗੋਲੀਬੰਦੀ ਦੀ ਉਲੰਘਣਾ ਦਾ ਜੁਆਬ ਦੇਣ ਦੇ ਸਮਰੱਥ: ਜੇਤਲੀ

**ਸ੍ਰੀਨਗਰ:** ਪਾਕਿਸਤਾਨ ਵੱਲੋਂ ਲਗਾਤਾਰ ਗੋਲੀਬੰਦੀ ਦੀ ਕੀਤੀ ਜਾ ਰਹੀ ਉਲੰਘਣਾ ਤੋਂ ਬਾਅਦ ਰੱਖਿਆ ਮੰਤਰੀ ਅਰੁਣ ਜੇਤਲੀ ਨੇ ਕਿਹਾ ਹੈ ਕਿ ਦੇਸ਼ ਦੇ ਸੁਰੱਖਿਆ ਬਲ ਕੰਟਰੋਲ ਰੇਖਾ 'ਤੇ ਮੂੰਹ-ਤੋੜ ਜੁਆਬ ਦੇਣ ਦੇ ਸਮਰੱਥ ਹਨ। ਜੰਮੂ-ਕਸ਼ਮੀਰ ਦੇ ਦੋ ਦਿਨਾ ਦੌਰੇ 'ਤੇ ਪੁੱਜੇ ਸ੍ਰੀ ਜੇਤਲੀ ਨੇ ਇਸੇ ਦੌਰਾਨ ਸੂਬੇ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਤੇ ਉੱਚ ਫੌਜੀ ਅਧਿਕਾਰੀਆਂ ਨਾਲ ਵੱਖੋ-ਵੱਖਰੀਆਂ ਮੀਟਿੰਗਾਂ ਕਰਕੇ ਸੁਰੱਖਿਆ ਹਾਲਾਤ ਦਾ ਜਾਇਜ਼ਾ ਲਿਆ। ਉਨ੍ਹਾਂ ਦੀ ਫੇਰੀ ਤੋਂ ਐਨ ਇਕ ਦਿਨ ਪਹਿਲਾਂ ਪਾਕਿਸਤਾਨ ਵੱਲੋਂ ਪੁਣਛ ਸੈਕਟਰ ਵਿਚ ਕੰਟਰੋਲ ਰੇਖਾ 'ਤੇ ਭਾਰਤੀ ਚੌਕੀਆਂ 'ਤੇ ਗੋਲੀਬਾਰੀ ਕਰਕੇ ਗੋਲੀਬੰਦੀ ਦੀ ਉਲੰਘਣਾ ਕੀਤੀ ਗਈ। ਉਧਰ ਜੰਮੂ-ਕਸ਼ਮੀਰ ਪੁਲਿਸ ਨੇ ਭਾਰਤ-ਪਾਕਿ ਸਰਹੱਦ 'ਤੇ ਵੱਸਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਦੇਸ਼ ਵਿਰੋਧੀ ਅਨਸਰਾਂ 'ਤੇ ਨਜ਼ਰ ਰੱਖਣ ਲਈ ਪੂਰੀ ਤਰ੍ਹਾਂ ਚੌਕਸ ਰਹਿਣ।



ਰੱਖਿਆ ਮੰਤਰੀ ਨੇ ਕਿਹਾ ਕਿ ਸਾਡੀਆਂ ਫੌਜਾਂ ਗੋਲੀਬੰਦੀ ਦੀ ਉਲੰਘਣਾ ਕਰਨ ਵਾਲਿਆਂ ਨੂੰ ਮੂੰਹ-ਤੋੜ ਜੁਆਬ ਦੇਣ ਦੇ ਸਮਰਥ ਹਨ। ਥਲ ਸੈਨਾ ਮੁਖੀ ਬਿਕਰਮ ਸਿੰਘ ਵੀ ਉਨ੍ਹਾਂ ਨਾਲ ਆਏ ਹਨ। ਦੋਵਾਂ ਨੇ ਉੱਚ ਫੌਜੀ ਅਧਿਕਾਰੀਆਂ ਨਾਲ ਕੰਟਰੋਲ ਰੇਖਾ ਤੇ ਰਾਜ ਦੇ ਅੰਦਰੂਨੀ ਸੁਰੱਖਿਆ ਹਾਲਾਤ 'ਤੇ ਵਿਚਾਰ-ਵਟਾਂਦਰਾ ਕੀਤਾ। ਰੱਖਿਆ ਮੰਤਰੀ ਬਣਨ ਮਗਰੋਂ ਪਹਿਲੀ ਵਾਰ ਕਸ਼ਮੀਰ ਪੁੱਜੇ ਸ੍ਰੀ ਜੇਤਲੀ ਨੇ ਸੂਬੇ ਦੇ ਰਾਜਪਾਲ ਐਨ.ਐਨ.ਵੋਹਰਾ ਨਾਲ ਵੀ ਮੀਟਿੰਗ ਕੀਤੀ।

# ਹੁੱਡਾ ਵੱਲੋਂ ਵੱਖਰੀ ਗੁਰਦੁਆਰਾ ਕਮੇਟੀ ਲਈ ਹਾਮੀ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਤੇ ਸੂਬੇ ਦੇ ਸਿੱਖ ਆਗੂਆਂ ਵਿਚਾਲੇ ਗੁਪਤ ਮੀਟਿੰਗ ਹੋਈ ਹੈ। ਸ੍ਰੀ ਹੁੱਡਾ ਨੇ ਵੱਖਰੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਦੀ ਹਾਮੀ ਭਰ ਦਿੱਤੀ ਹੈ। ਭਰੋਸੇਯੋਗ ਸੂਤਰਾਂ ਮੁਤਾਬਕ ਇਸ ਬਾਰੇ ਰਸਮੀ ਐਲਾਨ ਛੇ ਜੁਲਾਈ ਨੂੰ ਕੈਥਲ ਵਿਚ ਹੋਣ ਵਾਲੇ ਸਿੱਖ ਮਹਾਂ ਸੰਮੇਲਨ ਮੌਕੇ ਕੀਤਾ ਜਾ ਸਕਦਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਸ੍ਰੀ ਹੁੱਡਾ ਦੇ ਨੇੜਲੇ ਸਾਥੀ ਨੇ ਵੱਖਰੀ ਕਮੇਟੀ ਲਈ ਸੰਘਰਸ਼ਸ਼ੀਲ ਸਿੱਖ ਨੇਤਾਵਾਂ ਦੀਦਾਰ ਸਿੰਘ ਨਲਵੀ ਤੇ ਜਗਦੀਸ਼ ਸਿੰਘ ਝੀਂਡਾ ਵਿਚਾਲੇ ਸੁਲਾਹ ਕਰਾਉਣ ਵਿਚ ਵੀ ਮਹੱਤਵਪੂਰਨ ਰੋਲ ਅਦਾ ਕੀਤਾ ਹੈ।

ਸੂਤਰ ਦਾ ਇਹ ਵੀ ਦੱਸਣਾ ਹੈ ਕਿ ਸਿੱਖ ਮਹਾਂ ਸੰਮੇਲਨ ਲਈ ਥਾਂ ਤੇ ਤਰੀਕ ਵੀ ਸ੍ਰੀ ਹੁੱਡਾ ਦੇ ਸੁਝਾਅ 'ਤੇ ਮੁਕਰਰ ਕੀਤੀ ਗਈ ਹੈ। ਮੀਟਿੰਗ ਦੌਰਾਨ ਸਿੱਖ ਨੇਤਾਵਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਕੈਥਲ ਵਿਚ ਹੋਣ ਵਾਲੇ ਸਿੱਖ ਮਹਾਂ ਸੰਮੇਲਨ ਵਿਚ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਮੰਗ ਪੱਤਰ ਦੇ ਨਾਲ-ਨਾਲ ਵਿਧਾਨ ਸਭਾ ਚੋਣਾਂ ਵਿਚ ਹਮਾਇਤ ਲਈ ਇਸ ਦੇ ਗਠਨ ਦੀ ਸ਼ਰਤ ਵੀ ਰੱਖਣ। ਇਹ ਵੀ ਪਤਾ ਲੱਗਿਆ ਹੈ ਕਿ ਮੁੱਖ ਮੰਤਰੀ ਮੰਗ ਨੂੰ ਮੰਨਣ ਦਾ ਭਰੋਸਾ ਤਾਂ ਮੌਕੇ 'ਤੇ ਦੇ ਦੇਣਗੇ ਪਰ ਇਸ ਨੂੰ



ਅਮਲੀ ਰੂਪ ਵਿਧਾਨ ਸਭਾ ਦੇ ਅਗਲੇ ਸੈਸ਼ਨ ਵਿਚ ਦਿੱਤਾ ਜਾਵੇਗਾ। ਵਿੱਤ ਮੰਤਰੀ ਤੇ ਹਰਿਆਣਾ ਵਜ਼ਾਰਤ ਵਿਚ ਇਕੋ-ਇਕ ਸਿੱਖ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਨੂੰ ਵੀ ਸੰਮੇਲਨ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

ਸੂਤਰਾਂ ਮੁਤਾਬਕ ਇਸ ਮੀਟਿੰਗ ਤੋਂ ਬਾਅਦ ਵੱਖਰੀ ਕਮੇਟੀ ਲਈ ਯਤਨਸ਼ੀਲ ਨਲਵੀ ਤੇ ਝੀਂਡਾ ਧੜਿਆਂ ਦੀ ਵੀ ਮੀਟਿੰਗ ਹੋਈ ਹੈ। ਮੀਟਿੰਗ ਦੌਰਾਨ ਇਹ ਸਹਿਮਤੀ ਬਣੀ ਹੈ ਕਿ ਕਾਂਗਰਸ ਪਾਰਟੀ 'ਤੇ ਇਕ ਵਾਰ ਫਿਰ ਵਿਸ਼ਵਾਸ ਕਰਕੇ ਦੇਖ ਲਿਆ ਜਾਵੇ। ਕਾਂਗਰਸ ਪਾਰਟੀ ਨੇ 2005 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਜਾਰੀ ਕੀਤੇ ਘੋਸ਼ਣਾ ਪੱਤਰ ਵਿਚ ਹਰਿਆਣਾ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਐਲਾਨ ਕੀਤਾ ਸੀ। ਸ੍ਰੀ ਹੁੱਡਾ ਵੱਲੋਂ ਚੋਣ ਮੈਨੀਫੈਸਟੋ ਵਿਚ ਸ਼ਾਮਲ ਵਾਅਦਾ ਪੂਰਾ ਕਰਨ ਦੀ ਥਾਂ 22 ਅਗਸਤ 2005 ਨੂੰ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਸੀ। ਇਸ ਕਮੇਟੀ ਦਾ ਚੇਅਰਮੈਨ ਵਿੱਤ ਮੰਤਰੀ ਸ੍ਰੀ ਚੱਠਾ ਨੂੰ ਲਾਇਆ ਗਿਆ ਸੀ। ਕਮੇਟੀ ਵੱਲੋਂ ਸਾਢੇ ਅੱਠ ਸਾਲਾਂ ਬਾਅਦ ਵੀ ਆਪਣੀ ਰਿਪੋਰਟ ਪੇਸ਼ ਨਹੀਂ ਕੀਤੀ ਗਈ ਹੈ। ਹਰਿਆਣਾ ਦੇ ਸਿੱਖ ਨੇਤਾਵਾਂ ਦੇ ਇਕ ਧੜੇ ਵੱਲੋਂ ਪੰਜਾਬ ਰਾਜ ਪੁਨਰਗਠਨ ਐਕਟ 1966 ਦੀ ਧਾਰਾ 72 ਦੇ ਸੈਕਸ਼ਨ 3 ਤਹਿਤ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕੀਤੀ ਜਾ ਰਹੀ ਹੈ।

## ਭਾਰਤੀ ਮੂਲ ਦੇ ਕਾਰੋਬਾਰੀ ਦੇ ਹੱਤਿਆਰਿਆਂ ਨੂੰ ਕੈਦ

**ਲੰਡਨ (ਪੰਜਾਬ ਟਾਈਮਜ਼ ਬਿਊਰੋ):** ਬਰਤਾਨਵੀ ਅਦਾਲਤ ਨੇ ਇਕ ਭਾਰਤੀ ਕਾਰੋਬਾਰੀ ਨੂੰ ਕੁੱਟਣ ਦੌਰਾਨ ਲਾਰੀ ਹੇਠ ਧੱਕ ਕੇ ਮਾਰਨ ਵਾਲੇ ਛੇ ਵਿਅਕਤੀਆਂ ਨੂੰ ਕੁੱਲ 70 ਸਾਲਾਂ ਦੀ ਸਜ਼ਾ ਸੁਣਾਈ ਹੈ।

ਪਿਛਲੇ ਸਾਲ ਅਕਤੂਬਰ ਵਿਚ ਸ਼ੰਮੀ ਅਟਵਾਲ ਨਾਂ ਦੇ ਵਿਅਕਤੀ ਦੇ ਸਟੋਰ ਵਿਚ ਉਸ ਨੂੰ ਲੁੱਟਣ ਲਈ ਵੜੇ ਛੇ ਆਦਮੀਆਂ ਨੇ ਪਿੱਛਾ ਕਰਨ 'ਤੇ ਅਟਵਾਲ ਨੂੰ ਲਾਰੀ ਹੇਠ ਧੱਕ ਦਿੱਤਾ ਸੀ। ਇਨ੍ਹਾਂ ਛੇ ਵਿਅਕਤੀਆਂ ਹੱਤਿਆ ਤੇ ਲੁੱਟਣ ਦੀ ਸਾਜ਼ਿਸ਼ ਦੇ ਦੋਸ਼ੀ ਪਾਇਆ ਗਿਆ ਤੇ ਮਈ ਵਿਚ ਚੱਲੇ ਮੁਕੱਦਮੇ ਲਈ ਓਲਡ ਬੇਇਲੀ ਕੋਰਟ ਲੰਡਨ ਵਿਚ ਉਨ੍ਹਾਂ ਨੂੰ ਸਜ਼ਾ ਸੁਣਾਈ ਗਈ।

ਜੱਜ ਨਿਕੋਲਸ ਹਿਲੀਅਰਡ ਨੇ ਕਿਹਾ ਕਿ ਸਾਰੇ ਕਾਤਲਾਂ ਵਿਚੋਂ ਛੇ ਲਿਥੂਆਨੀਆ ਤੋਂ ਤੇ ਇਕ ਬਰਤਾਨਵੀ ਹੈ। ਉਹ ਸਾਰੇ ਆਪਣੀ ਅੱਧੀ ਸਜ਼ਾ ਜੇਲ੍ਹ ਵਿਚ ਕੱਟਣਗੇ ਤੇ ਬਾਕੀ ਦੀ ਉਮਰ ਉਨ੍ਹਾਂ ਦੇ ਟੈਗ ਪਾ ਦਿੱਤਾ ਜਾਏਗਾ। ਇਨ੍ਹਾਂ ਸਾਰਿਆਂ ਨੂੰ ਕੁੱਲ 70 ਸਾਲ ਦੀ ਸਜ਼ਾ ਹੋਈ ਹੈ।

# ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ ਬਰਸੀ ਮਨਾਈ

**ਐਲ ਸਬਰਾਂਟੇ (ਬਿਊਰੋ):** ਬ੍ਰਹਮ ਗਿਆਨੀ, ਵਿਦਿਆ ਦੇ ਦਾਨੀ ਤੇ ਮਹਾਨ ਤਪੱਸਵੀ ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ ਸਾਲਾਨਾ ਬਰਸੀ ਇਲਾਕੇ ਦੀ ਸੰਗਤ ਵਲੋਂ ਇਥੇ ਗੁਰਦੁਆਰਾ ਐਲ ਸਬਰਾਂਟੇ ਵਿਖੇ ਲੰਘੇ ਐਤਵਾਰ ਬੜੀ ਸ਼ਰਧਾ ਨਾਲ ਮਨਾਈ ਗਈ। ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਦਰਬਾਰ ਵਿਚ ਸਜੇ ਦੀਵਾਨ ਦੌਰਾਨ ਕੀਰਤਨੀ ਜਥਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕਰ ਕੇ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰੂ ਘਰ ਦੇ ਸਾਬਕਾ ਹੈਡ ਗ੍ਰੰਥੀ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੇ ਜਥੇ ਨੇ ਗੁਰਬਾਣੀ ਕੀਰਤਨ ਅਤੇ ਗੁਰਸ਼ਬਦ ਵਿਆਖਿਆ ਤੋਂ ਇਲਾਵਾ ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੇ ਜੀਵਨ 'ਤੇ ਵੀ ਖੋਜ ਭਰਪੂਰ ਵਿਚਾਰ ਪੇਸ਼ ਕੀਤੇ। ਬੀਬੀ ਸੁਰਜੀਤ ਕੌਰ ਸੰਗਤ ਦੇ ਵਿਸ਼ੇਸ਼ ਸੱਦੇ ਉਤੇ ਇਥੇ ਪਹੁੰਚੇ ਹੋਏ ਸਨ। ਤਿੰਨੇ ਦਿਨ ਗੁਰੂ ਘਰ ਵਿਚ ਰੌਣਕਾਂ ਰਹੀਆਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਸਮਾਗਮ ਦੌਰਾਨ ਕਰਨਲ ਪਰਮਜੀਤ ਸਿੰਘ ਗਾਹਰਾ ਨੇ ਵੀ ਸੰਤ ਪ੍ਰੇਮ ਸਿੰਘ ਦੇ ਪਰਉਪਕਾਰੀ ਜੀਵਨ 'ਤੇ ਆਪਣੇ ਵਿਚਾਰ ਰੱਖੇ। ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਇੰਦਰਜੀਤ ਕੌਰ ਸੰਧੂ ਤੇ ਸਕੱਤਰ ਬਲਵਿੰਦਰ ਸਿੰਘ ਤੋਂ ਇਲਾਵਾ ਸਮੁੱਚੀ ਪ੍ਰਬੰਧਕ ਕਮੇਟੀ ਨੇ ਇਸ ਪ੍ਰੋਗਰਾਮ ਲਈ ਉਚੇਚਾ ਸਹਿਯੋਗ ਦਿੱਤਾ।

ਸੰਤ ਮੁਰਾਲੇਵਾਲਿਆਂ ਦੀ ਬਰਸੀ ਮਨਾਉਣ ਦੀ ਸੇਵਾ ਕਰਨਲ ਪਰਮਜੀਤ ਸਿੰਘ ਗਾਹਰਾ, ਕਰਨਲ ਪੂਰਨ ਸਿੰਘ ਘੋਤੜਾ, ਮਨਪ੍ਰੀਤ ਸਿੰਘ ਗਾਹਰਾ, ਹਰਜੀਤ ਸਿੰਘ, ਜੀਤ ਸਿੰਘ, ਮਲਕੀਤ ਸਿੰਘ, ਦਲਜੀਤ ਸਿੰਘ ਅਤੇ ਇਲਾਕੇ ਦੀ ਹੋਰ ਸੰਗਤ ਨੇ ਮਿਲ ਕੇ ਕੀਤੀ।



***ਸੈਕਰਾਮੈਂਟੋ: ਐਲਕ ਗਰੂਵ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੀ ਬੋਰਡ ਮੀਟਿੰਗ ਵਿਚ ਡਾ. ਪਰਗਟ ਸਿੰਘ ਹੁੰਦਲ ਦਾ 'ਕਲਾਸੀਫਾਈਡ ਇੰਪਲਾਈ ਆਫ ਦਾ ਈਅਰ' ਐਵਾਰਡ ਨਾਲ ਸਨਮਾਨ ਕੀਤਾ ਗਿਆ। ਡਾ. ਹੁੰਦਲ ਨੂੰ ਇਹ ਐਵਾਰਡ ਹਿਊਮਨ ਰੀਸੋਰਸ ਦੇ ਐਸੋਸੀਏਟ ਸੁਪਰਿਨਡੈਂਟ ਗਲੈਨ ਡੀ ਗਰਾ ਨੇ ਪ੍ਰਦਾਨ ਕੀਤਾ।***

# ਜਹਾਦੀ ਇਰਾਕ ਸਰਕਾਰ 'ਤੇ ਭਾਰੂ ਪਏ



**ਬਗ਼ਦਾਦ:** ਇਕ ਪਾਸੇ ਜਿਥੇ ਸੁੰਨੀ ਜਹਾਦੀਆਂ ਨੇ ਇਰਾਕ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ ਹੈ, ਉਥੇ ਦੂਜੇ ਪਾਸੇ ਕੁਰਦ ਹਥਿਆਰਬੰਦ ਦਸਤੇ ਵੀ ਆਪਣੇ ਹੱਕ ਖ਼ਾਤਰ ਖੜ੍ਹੇ ਹੋ ਗਏ ਹਨ। ਇਸੇ ਦੌਰਾਨ ਇਰਾਕ ਦੇ ਅੰਦਰੂਨੀ ਮਾਮਲਿਆਂ ਬਾਰੇ ਮੰਤਰਾਲੇ ਨੇ ਕਿਹਾ ਹੈ ਕਿ ਦੇਸ਼ ਦੀ ਫੌਜ ਨੇ ਰਾਜਧਾਨੀ ਬਗ਼ਦਾਦ ਨੂੰ ਜਹਾਦੀਆਂ ਤੋਂ ਬਚਾਉਣ ਲਈ ਨਵੀਂ ਰਣਨੀਤੀ ਬਣਾਈ ਹੈ। ਸੁੰਨੀ ਮੁਸਲਿਮ ਇਸਲਾਮਿਕ ਸਟੇਟ ਆਫ ਇਰਾਕ ਐਂਡ ਲੇਵਾਂਤ (ਆਈ. ਐਸ. ਆਈ. ਐਲ) ਦੇ ਲੜਾਕੇ ਉੱਤਰੀ ਸੂਬੇ ਨਿਨੇਵੀਰ ਤੇ ਕਿਰਕੁਕ ਅਹਿਮ ਖੇਤਰਾਂ, ਦੱਖਣ-ਪੂਰਬ ਤੇ ਦੱਖਣ ਵਿਚ ਪੈਂਦੇ ਸਲਾਹਦੀਨ ਖੇਤਰਾਂ 'ਤੇ ਕਾਬਜ਼ ਹੋ ਚੁੱਕੇ ਹਨ। ਆਈ.ਐਸ.ਆਈ.ਐਲ. ਦੇ ਬੁਲਾਰੇ ਅਬੂ ਮੁਹੰਮਦ ਅਲ-ਅਦਨਾਨੀ ਨੇ ਦਾਅਵਾ ਕੀਤਾ ਕਿ ਗਰੁੱਪ ਬਗ਼ਦਾਦ ਤੇ ਕਰਬਲਾ ਪਹੁੰਚ ਕੇ ਹੀ ਦਮ ਲਵੇਗਾ। ਕਰਬਲਾ ਕੌਮੀ ਰਾਜਧਾਨੀ ਤੋਂ ਦੱਖਣ-ਪੱਛਮ ਵੱਲ ਪੈਂਦਾ ਸ਼ਹਿਰ ਹੈ ਜੋ ਸ਼ੀਆ ਮੁਸਲਮਾਨਾਂ ਦਾ ਸਭ ਤੋਂ ਪਵਿੱਤਰ ਸਥਾਨ ਹੈ। ਉਸਦਾ ਇਹ ਬਿਆਨ ਜਹਾਦੀਆਂ ਦੀ ਵੈੱਬਸਾਈਟ 'ਤੇ ਜਾਰੀ ਕੀਤਾ ਗਿਆ ਹੈ। ਉਧਰ ਅਮਰੀਕਾ ਵੀ ਇਸ ਤੋਂ ਫ਼ਿਕਰਮੰਦ ਹੋ ਗਿਆ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਇਰਾਕ ਦੀਆਂ ਸੁਰੱਖਿਆ ਫੌਜਾਂ ਨੂੰ ਹਥਿਆਰ ਸੁੱਟਣ ਦੇਣ ਤੋਂ ਰੋਕਣ ਲਈ ਹਰ ਕਦਮ ਚੁੱਕਿਆ ਜਾਵੇਗਾ। ਅਮਰੀਕਾ ਦੀਆਂ ਕੰਪਨੀਆਂ ਆਪਣੇ ਸਟਾਫ ਨੂੰ ਉਤਰੀ ਬਗ਼ਦਾਦ ਦੇ ਵੱਡੇ ਹਵਾਈ ਅੱਡੇ ਰਾਹੀਂ ਬਾਹਰ ਕੱਢ ਰਹੀਆਂ ਹਨ।

ਉਧਰ, ਅਮਰੀਕਾ ਨੇ ਖਾੜੀ ਵਿਚ ਇਕ ਜੰਗੀ ਬੇੜਾ ਤਾਇਨਾਤ ਕਰ ਦਿੱਤਾ ਹੈ ਜਦਕਿ ਇਰਾਨ ਨੇ ਆਪਣੇ ਗੁਆਂਢੀ ਮੁਲਕ ਵਿਚ ਵਿਦੇਸ਼ੀ ਫੌਜੀ ਦਖ਼ਲਅੰਦਾਜ਼ੀ ਖ਼ਿਲਾਫ਼ ਚਿਤਾਵਨੀ ਦਿੱਤੀ ਹੈ। ਇਰਾਕੀ ਕਮਾਂਡਰਾਂ ਦਾ ਦਾਅਵਾ ਹੈ ਕਿ ਸੁਰੱਖਿਆ ਦਸਤਿਆਂ ਨੇ ਜਹਾਦੀਆਂ ਨੂੰ ਪਿਛਾਂਹ ਧੱਕਣਾ ਸ਼ੁਰੂ ਕਰ ਦਿੱਤਾ ਹੈ ਤੇ ਸੁਰੱਖਿਆ ਦਸਤਿਆਂ ਨੇ ਬਗ਼ਦਾਦ ਤੋਂ ਉੱਤਰ ਵੱਲ ਪੈਂਦੇ ਦੋ ਕਸਬਿਆਂ 'ਤੇ ਮੁੜ ਕਬਜ਼ਾ ਜਮਾ ਲਿਆ ਹੈ। ਸ਼ੀਆ ਮੌਲਵੀ ਆਇਤੁੱਲਾ ਅਲੀ ਅਲ-ਸਿਸਤਾਨੀ ਦੀ ਅਪੀਲ 'ਤੇ ਬਹੁਤ ਸਾਰੇ ਵਲੰਟੀਅਰ ਸੁਰੱਖਿਆ ਦਸਤਿਆਂ ਦੀ ਮਦਦ 'ਤੇ ਆ ਗਏ ਹਨ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਉਹ ਜਹਾਦੀਆਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਸਾਰੀਆਂ ਚਾਰਾਜੋਈਆਂ ਬਾਰੇ ਸੋਚ ਵਿਚਾਰ ਕਰ ਰਹੇ ਹਨ ਪਰ ਉਨ੍ਹਾਂ ਇਰਾਕ ਵਿਚ ਅਮਰੀਕੀ ਫ਼ੌਜ ਦੀ ਵਾਪਸੀ ਦੀ ਸੰਭਾਵਨਾ ਮੁੱਢੋਂ ਖਾਰਜ ਕਰ ਦਿੱਤੀ ਸੀ।

ਪੈਂਟਾਗਨ ਦੇ ਤਰਜਮਾਨ ਰੀਅਰ ਐਡਮਿਰਲ ਜੌਨ੍ਹ ਕਿਰਬੀ ਨੇ ਦੱਸਿਆ ਕਿ ਰੱਖਿਆ ਮੰਤਰੀ ਚੱਕ ਹੇਜਲ ਨੇ ਸੰਕਟ ਦਾ ਟਾਕਰਾ ਕਰਨ ਲਈ ਜੰਗੀ ਬੇੜੇ ਯੂ.ਐਸ.ਐਸ. ਜਾਰਜ ਐਚ ਡਬਲਿਊ ਬੁਸ਼ ਨੂੰ ਖਾੜੀ ਵਿਚ ਤਾਇਨਾਤ ਕਰਨ ਦਾ ਹੁਕਮ ਦਿੱਤਾ ਹੈ। ਇਰਾਕੀ ਸੁਰੱਖਿਆ ਦਸਤਿਆਂ ਵੱਲੋਂ ਜਹਾਦੀਆਂ ਅੱਗੇ ਆਤਮ-ਸਮਰਪਣ ਕਰਨ ਦੇ ਮੱਦੇਨਜ਼ਰ ਰਿਪਬਲਿਕਨਾਂ ਵੱਲੋਂ ਰਾਸ਼ਟਰਪਤੀ 'ਤੇ ਭਾਰੀ ਦਬਾਅ ਪਾਇਆ ਜਾ ਰਿਹਾ ਹੈ । ਅਮਰੀਕਾ ਨੇ 2001 ਵਿਚ ਉਥੋਂ ਆਪਣੀ ਫੌਜ ਵਾਪਸ ਬੁਲਾ ਲਈ ਸੀ ਪਰ ਇਰਾਕੀ ਸੁਰੱਖਿਆ ਦਸਤਿਆਂ ਨੂੰ ਸਿਖਲਾਈ ਦੇਣ ਤੇ ਹਥਿਆਰਾਂ ਤੇ ਸਾਜ਼ੋ-ਸਾਮਾਨ ਨਾਲ ਲੈਸ ਕਰਨ ਲਈ ਅਰਬਾਂ ਡਾਲਰ ਖਰਚ ਕੀਤੇ ਸਨ। ਬਗ਼ਦਾਦ ਦਾ ਕੰਟਰੋਲ ਪੇਤਲਾ ਪੈਣ ਦਾ ਅਮਲ ਇਸ ਸਾਲ ਦੇ ਸ਼ੁਰੂ ਵਿਚ ਉਦੋਂ ਹੋਇਆ ਸੀ ਜਦੋਂ ਜਹਾਦੀਆਂ ਨੇ ਫਾਲੂਜਾ ਸ਼ਹਿਰ 'ਤੇ ਕਬਜ਼ਾ ਕਰ ਲਿਆ ਸੀ। ਇਹ ਪੱਛਮੀ ਸਰਕਾਰਾਂ ਲਈ ਵੀ ਵੱਡਾ ਝਟਕਾ ਸੀ ਜੋ 2003 ਤੋਂ ਲੈ ਕੇ ਹੁਣ ਤੱਕ ਭਾਰੀ ਸਰਮਾਇਆ ਤੇ ਫ਼ੌਜੀ ਸ਼ਕਤੀ ਉਥੇ ਝੋਕ ਚੁੱਕੀਆਂ ਹਨ। ਅਮਰੀਕਾ ਨੇ 2003 'ਚ ਇਰਾਕ 'ਤੇ ਧਾਵਾ ਬੋਲਿਆ ਸੀ ਤੇ ਸੱਦਾਮ ਹੁਸੈਨ ਦਾ ਤਖ਼ਤਾ ਉਲਟਾ ਕੇ ਆਪਣੀ ਕਠਪੁਤਲੀ ਸਰਕਾਰ ਕਾਇਮ ਕੀਤੀ ਸੀ।

ਵਿਦੇਸ਼ ਵਿਭਾਗ ਦੀ ਤਰਜਮਾਨ ਜੇਨ ਸੇਕੀ ਨੇ ਕਿਹਾ ਕਿ ਅਮਰੀਕਾ ਇਰਾਕੀ ਸਰਕਾਰ ਤੇ ਇਰਾਕ ਦੇ ਵੱਖ-ਵੱਖ ਆਗੂਆਂ ਨਾਲ ਮਿਲ ਕੇ ਆਈ.ਐਸ.ਆਈ.ਐਲ. ਦੇ ਹਮਲੇ ਨਾਲ ਸਾਂਝੇ ਰੂਪ ਵਿਚ ਨਜਿੱਠਣ ਲਈ ਵਚਨਬੱਧ ਹੈ। ਅੱਠ ਸਾਲਾਂ ਦੇ ਅਰਸੇ ਦੌਰਾਨ ਇਰਾਕ ਵਿਚ ਤਕਰੀਬਨ 4500 ਅਮਰੀਕੀ ਫੌਜੀ ਮਾਰੇ ਗਏ ਸਨ।

## ਚਰਨ ਸਿੰਘ ਸਿੰਧਰਾ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ 22 ਨੂੰ

**ਸੈਨ ਹੋਜ਼ੇ (ਬਿਊਰੋ):** ਅੰਤਰ-ਰਾਸ਼ਟਰੀ ਸਿੱਖ ਸਾਹਿਤ ਸਭਾ ਵਲੋਂ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ 22 ਜੂਨ, ਐਤਵਾਰ ਨੂੰ ਦੁਪਹਿਰ 12:30 ਵਜੇ ਤੋਂ 1:30 ਵਜੇ ਤੱਕ ਮਰਹੂਮ ਸ. ਚਰਨ ਸਿੰਘ ਸਿੰਧਰਾ ਨੂੰ ਸਮਰਪਿਤ ਇੱਕ ਸ਼ਰਧਾਂਜਲੀ ਸਮਾਰੋਹ ਕਰਵਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸ. ਸਿੰਧਰਾ ਇਸੇ ਸਾਲ 6 ਅਪਰੈਲ ਨੂੰ ਪ੍ਰਲੋਕ ਸਿਧਾਰ ਗਏ ਸਨ।

ਇਸ ਮੌਕੇ ਸ. ਸਿੰਧਰਾ ਦੇ ਜੀਵਨ ਕਾਲ ਨਾਲ ਸਬੰਧੀ ਇੱਕ ਸਲਾਈਡ ਸ਼ੋਅ ਵਿਖਾਇਆ ਜਾਵੇਗਾ, ਉਨ੍ਹਾਂ ਦੇ ਜੀਵਨ ਸਬੰਧੀ ਪੇਪਰ ਅਤੇ ਕਵਿਤਾਵਾਂ ਪੜ੍ਹੀਆਂ ਜਾਣਗੀਆਂ ਅਤੇ ਵੱਖੋ ਵੱਖ ਜਥੇਬੰਦੀਆਂ ਦੇ ਨੁਮਾਇਦਿਆਂ ਵਲੋਂ ਉਨ੍ਹਾਂ ਦੇ ਸਪੁੱਤਰ ਨਵਜੋਤ ਸਿੰਘ ਸਿੰਧਰਾ ਨੂੰ ਉਨ੍ਹਾਂ ਦੀਆਂ ਸਿੱਖ ਪੰਥ ਲਈ ਕੀਤੀਆਂ ਸੇਵਾਵਾਂ ਲਈ ਸਨਮਾਨਿਤ ਵੀ ਕੀਤਾ ਜਾਵੇਗਾ।

ਚੇਤੇ ਰਹੇ, ਸਾਲ 2012 ਵਿਚ ਮਰਹੂਮ ਸਿੰਧਰਾ ਨੇ ਆਪਣੀ ਅਮਰੀਕਾ ਫੇਰੀ ਦੌਰਾਨ 'ਬਾਲ ਸਾਹਿਤ ਕਲਾ ਰੰਗ-ਮੰਚ' ਦੀ ਸਥਾਪਨਾ ਕਰਕੇ ਅਮਰੀਕਾ ਵਿਚ ਵੱਸਦੇ ਪੰਜਾਬੀ ਬੱਚਿਆਂ ਤੋਂ 'ਨਿੱਕੀਆਂ ਜਿੰਦਾਂ ਵੱਡਾ ਸਾਕਾ (ਸਾਕਾ ਸਰਹਿੰਦ)' ਰੂਪਕ ਕੈਲੀਫੋਰਨੀਆਂ ਦੇ ਵੱਖੋ ਵੱਖ ਸਹਿਰਾਂ ਵਿਚ ਖਿਡਾ ਕੇ ਬੱਚਿਆਂ ਨੂੰ ਸਿੱਖ ਧਰਮ, ਸਿੱਖ ਇਤਿਹਾਸ ਅਤੇ ਸਿੱਖ ਵਿਰਸੇ ਨਾਲ ਜੋੜਨ ਦਾ ਸਫ਼ਲ ਯਤਨ ਕੀਤਾ ਸੀ ਜਿਸ ਦੀ ਭਰਪੂਰ ਸ਼ਲਾਘਾ ਹੋਈ ਸੀ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
ARC
FLY ANY AIRLINE OF YOUR CHOICE
IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

Asiana Airlines, Emirates, KOREAN AIR, SINGAPORE AIRLINES, CATHAY PACIFIC, Lufthansa, CHINA AIRLINES
India Vacation tour package also available.

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

FARMERS INSURANCE GROUP
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 21 ਜੂਨ 2014

## ਵੱਖਰੀ ਸ਼੍ਰੋਮਣੀ ਕਮੇਟੀ ਤੇ ਬਾਦਲ

ਕੇਂਦਰ ਵਿਚ ਸਰਕਾਰ ਬਦਲਣ ਨਾਲ ਬਾਦਲ ਪਿਉ-ਪੁੱਤਰ ਦੇ ਰੁਝੇਂਵੇ ਬਹੁਤ ਵਧ ਗਏ ਹਨ। ਲੋਕ ਸਭਾ ਚੋਣਾਂ ਦੌਰਾਨ ਬਾਦਲਾਂ ਨੇ ਪੰਜਾਬ ਦੇ ਆਵਾਮ ਨੂੰ ਇਹੀ ਚੋਗਾ ਸੁੱਟਿਆ ਸੀ ਕਿ ਦਿੱਲੀ ਵਿਚ 'ਆਪਣੀ' ਸਰਕਾਰ ਬਣਾਓ, ਤਾਂ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਰਲ ਕੇ ਪੰਜਾਬ ਦੀ ਕਾਇਆ ਕਲਪ ਕਰ ਦੇਣ। ਚੋਣ ਨਤੀਜਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਭਾਵੇਂ ਵਾਹਵਾ ਧੱਫੇ ਵੱਜੇ, ਪਰ ਕੇਂਦਰ ਵਿਚ ਬੜੇ ਧੜੱਲੇ ਨਾਲ ਨਰੇਂਦਰ ਮੋਦੀ ਦੀ ਸਰਕਾਰ ਕਾਇਮ ਹੋ ਗਈ ਅਤੇ ਇਸ ਸਰਕਾਰ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨੂੰਹ ਹਰਸਿਮਰਤ ਕੌਰ ਬਾਦਲ ਨੂੰ ਵਜ਼ੀਰੀ ਵੀ ਮਿਲ ਗਈ ਹੈ। ਦੂਜੇ ਬੰਨੇ, ਧੱਫਿਆਂ ਕਾਰਨ ਬਾਦਲਾਂ ਨੂੰ ਹੁਣ ਤੱਕ ਹੱਥਾਂ-ਪੈਰਾਂ ਦੀ ਪਈ ਹੋਈ ਹੈ। ਪੰਜਾਬ ਵਿਚ ਨਸ਼ਿਆਂ ਦਾ ਅਤਿਅੰਤ ਫੈਲਾਓ, ਸਿਆਸੀ ਬੁਰਛਾਗਰਦੀ ਅਤੇ ਨਾ-ਅਹਿਲੀਅਤ ਇਨ੍ਹਾਂ ਧੱਫਿਆਂ ਦੇ ਮੁੱਖ ਕਾਰਨ ਰਹੇ ਹਨ। ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ ਦੀ ਆਪਸੀ ਪਾਟੋਧਾੜ ਅਤੇ ਆਮ ਆਦਮੀ ਪਾਰਟੀ (ਆਪ) ਦੇ ਹੁੰਗਾਰੇ ਤੋਂ ਬਾਦਲਾਂ ਨੇ ਪਹਿਲਾਂ ਇਹ ਗਿਣਤੀ-ਮਿਣਤੀ ਕੀਤੀ ਸੀ ਕਿ ਲੋਕ ਸਭਾ ਚੋਣਾਂ ਵਿਚ ਇਹ ਮੱਲਾਂ ਮਾਰ ਲੈਣਗੇ, ਪਰ ਕਾਂਗਰਸ ਵੱਲੋਂ ਸੀਨੀਅਰ ਆਗੂਆਂ ਨੂੰ ਚੋਣ ਲੜਾਉਣ ਦੀ ਸੁੱਟੀ ਗੁਗਲੀ ਨੇ ਬਾਦਲਾਂ ਦੀ ਪੇਸ਼ ਨਾ ਜਾਣ ਦਿੱਤੀ ਅਤੇ ਜਦੋਂ ਨਤੀਜੇ ਆਏ ਤਾਂ ਬਾਦਲਾਂ ਕੋਲ ਕਹਿਣ-ਸੁਣਨ ਨੂੰ ਕੁਝ ਵੀ ਨਹੀਂ ਸੀ। ਸੂਬੇ ਦੇ ਲੋਕਾਂ ਨੇ 'ਆਪ' ਦੇ ਰੂਪ ਵਿਚ ਉਠੀ ਤੀਜੀ ਧਿਰ ਨੂੰ ਬੇਹੱਦ ਹੁੰਗਾਰਾ ਭਰਿਆ ਸੀ। ਇਸ ਤੋਂ ਬਾਅਦ ਪਾਰਟੀ ਪੱਧਰ ਉਤੇ ਜੋ ਫੀਡਬੈਕ ਮਿਲੀ, ਉਸ ਨੇ ਬਾਦਲਾਂ ਨੂੰ ਇਕ ਤਰ੍ਹਾਂ ਨਾਲ ਚੁੱਪ ਹੀ ਕਰਵਾ ਦਿੱਤਾ। ਪਾਰਟੀ ਦੇ ਹੇਠੋਂ ਪਹਿਲੀ ਵਾਰ ਬੜੀ ਬੁਲੰਦ ਆਵਾਜ਼ ਉਠੀ ਕਿ ਸੁਖਬੀਰ ਮਾਰਕਾ ਸਿਆਸਤ ਨੇ ਪਾਰਟੀ ਨੂੰ ਵੱਡਾ ਝਟਕਾ ਲਾਇਆ ਹੈ।

ਹੁਣ ਛੇਤੀ ਹੀ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਆ ਰਹੀਆਂ ਹਨ। ਇਸ ਸੂਬੇ ਵਿਚ ਦਸ ਸਾਲ ਤੋਂ ਕਾਂਗਰਸੀ ਆਗੂ ਭੁਪਿੰਦਰ ਸਿੰਘ ਹੁੱਡਾ ਮੁੱਖ ਮੰਤਰੀ ਹਨ। ਉਨ੍ਹਾਂ ਦੀ ਅਗਵਾਈ ਵਿਚ ਹੀ ਕਾਂਗਰਸ, ਵਿਧਾਨ ਸਭਾ ਚੋਣਾਂ ਲੜ ਰਹੀ ਹੈ। ਉਹ ਆਪਣੀ ਸਿਆਸੀ ਲੋੜ ਤਹਿਤ ਹਰਿਆਣਾ ਵਿਚ ਵੱਖਰੀ ਸ਼੍ਰੋਮਣੀ ਕਮੇਟੀ ਦਾ ਮੁੱਦਾ ਇਕ ਵਾਰ ਫਿਰ ਉਭਾਰ ਰਹੇ ਹਨ। ਇਹ ਤਾਂ ਜ਼ਾਹਿਰ ਹੈ ਕਿ ਭਾਰਤ ਵਿਚ ਹਰ ਮੁੱਦਾ ਚੋਣਾਂ ਨਾਲ ਜੁੜਿਆ ਹੁੰਦਾ ਹੈ, ਖਾਸ ਕਰ ਕੇ ਚੋਣਾਂ ਦੇ ਦਿਨਾਂ ਵਿਚ ਤਾਂ ਇਸ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ। ਇਸ ਲਈ ਭੁਪਿੰਦਰ ਸਿੰਘ ਹੁੱਡਾ ਨੇ ਸਿੱਖ ਵੋਟਾਂ ਹਾਸਲ ਕਰਨ ਦੇ ਮਨਸ਼ੇ ਨਾਲ ਵੱਖਰੀ ਕਮੇਟੀ ਲਈ ਇਕ ਵਾਰ ਫਿਰ ਹਾਮੀ ਭਰੀ ਹੈ। ਹਰਿਆਣਾ ਵਿਚ ਵੱਖਰੀ ਕਮੇਟੀ ਦਾ ਮੁੱਦਾ ਕੋਈ ਨਵਾਂ ਨਹੀਂ। ਹਰਿਆਣਾ ਦੇ ਕੁਝ ਸਿੱਖ ਆਗੂਆਂ ਦਾ ਤਰਕ ਹੈ ਕਿ ਸੂਬੇ ਦੇ ਗੁਰੂਘਰਾਂ ਦਾ ਸਾਰਾ ਚੜ੍ਹਾਵਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ-ਅੰਮ੍ਰਿਤਸਰ ਲੈ ਜਾਂਦੀ ਹੈ, ਪਰ ਇਵਜ਼ ਵਿਚ ਸੂਬੇ ਵਿਚ ਕੋਈ ਵਿਕਾਸ ਕਾਰਜ ਜਾਂ ਧਰਮ ਪ੍ਰਚਾਰ ਨਾ ਹੋਣ ਦੇ ਬਰਾਬਰ ਹੀ ਹਨ। ਇਸ ਲਈ ਸੂਬੇ ਵਿਚ ਵੱਖਰੀ ਕਮੇਟੀ ਬਣਨੀ ਚਾਹੀਦੀ ਹੈ ਤਾਂ ਕਿ ਸਿੱਖਾਂ ਨਾਲ ਸਬੰਧਤ ਕਾਰਜ ਨੇਪਰੇ ਚਾੜ੍ਹੇ ਜਾ ਸਕਣ। ਇਹ ਉਸੇ ਤਰ੍ਹਾਂ ਦੀ ਮੰਗ ਸੀ ਜਿਸ ਉਤੇ ਅਕਾਲੀ ਦਲ ਸਦਾ ਪਹਿਰਾ ਦਿੰਦਾ ਰਿਹਾ ਹੈ। ਕੇਂਦਰ ਨਾਲ ਪੰਜਾਬ ਅਤੇ ਅਕਾਲੀਆਂ ਦੀ ਵੱਧ ਅਧਿਕਾਰਾਂ ਦੀ ਲੜਾਈ ਹੀ ਤਾਂ ਸੀ, ਪਰ ਜਦੋਂ ਖੁਦ ਦੇ ਸਾਹਮਣੇ ਉਹੀ ਮੰਗ ਆਈ ਤਾਂ ਬਾਦਲ ਇਸ ਤੋਂ ਮੁਨਕਰ ਹੋ ਗਏ। ਇਸ ਦੇ ਨਾਲ ਹੀ ਇਸ ਮਸਲੇ ਦਾ ਸਿਆਸੀਕਰਨ ਵੀ ਕਰ ਦਿੱਤਾ ਗਿਆ। ਪਿਛਲੇ ਸਮੇਂ ਦੌਰਾਨ ਵੱਖਰੀ ਕਮੇਟੀ ਲਈ ਸੰਘਰਸ਼ ਵਿੱਢਣ ਵਾਲੇ ਵੀ ਪਾਟੋਧਾੜ ਹੋ ਗਏ ਸਨ, ਪਰ ਹੁਣ ਜਦੋਂ ਹੁੱਡਾ ਨੇ ਇਕ ਵਾਰ ਫਿਰ ਹਾਮੀ ਭਰੀ ਹੈ, ਤਾਂ ਵੱਖਰੀ ਕਮੇਟੀ ਲਈ ਸਰਗਰਮ ਦੀਦਾਰ ਸਿੰਘ ਨਲਵੀ ਅਤੇ ਜਗਦੀਸ਼ ਸਿੰਘ ਝੀਂਡਾ ਧੜਿਆਂ ਵਿਚ ਦੂਰੀਆਂ ਘਟਣ ਦੀਆਂ ਕਨਸੋਆਂ ਹਨ। ਖਬਰਾਂ ਹਨ ਕਿ ਛੇ ਜੁਲਾਈ ਨੂੰ ਕੈਥਲ ਵਿਚ ਹੋ ਰਹੇ ਸਿੱਖ ਮਹਾਂਸੰਮੇਲਨ ਦੌਰਾਨ ਕਮੇਟੀ ਬਾਰੇ ਕੋਈ ਐਲਾਨ ਹੋ ਜਾਵੇ।

ਉਂਜ, ਹੁਣ ਵੱਖਰੀ ਕਮੇਟੀ ਦਾ ਮਸਲਾ ਇੰਨਾ ਸਹਿਜ ਨਹੀਂ ਹੈ। ਹਰਿਆਣਾ ਸਰਕਾਰ ਵੱਲੋਂ ਕਮੇਟੀ ਦੀ ਕਾਇਮੀ ਤੋਂ ਬਾਅਦ ਇਸ ਨੂੰ ਅੰਤਿਮ ਮਨਜ਼ੂਰੀ ਕੇਂਦਰ ਸਰਕਾਰ ਵੱਲੋਂ ਹੀ ਮਿਲਣੀ ਹੈ ਅਤੇ ਪਹਿਲਾਂ ਜ਼ਿਕਰ ਹੀ ਆ ਚੁੱਕਾ ਹੈ ਕਿ ਕੇਂਦਰ ਵਿਚ ਹੁਣ ਨਰੇਂਦਰ ਮੋਦੀ ਦੀ ਸਰਕਾਰ ਹੈ। ਉਥੇ ਹਰ ਹੀਲੇ ਵੱਖਰੀ ਕਮੇਟੀ ਦੀ ਕਾਇਮੀ ਰੋਕਣ ਲਈ ਯਤਨ ਹੋਵੇਗਾ। ਹੋਰ ਕੁਝ ਨਹੀਂ ਤਾਂ ਇਹ ਮਸਲਾ ਕੁਝ ਸਮੇਂ ਲਈ ਠੰਢੇ ਬਸਤੇ ਵਿਚ ਤਾਂ ਜਾ ਹੀ ਪਵੇਗਾ। ਇਸ ਕਰ ਕੇ ਸਾਰਾ ਦਾਰੋਮਦਾਰ ਇਕ ਵਾਰ ਫਿਰ ਸੰਘਰਸ਼ ਕਰ ਰਹੇ ਨੇਤਾਵਾਂ ਅਤੇ ਉਨ੍ਹਾਂ ਦੀ ਰਣਨੀਤੀ ਉਤੇ ਰਹਿ ਜਾਂਦਾ ਹੈ। ਪਿਛਲੇ ਸਮੇਂ ਦੌਰਾਨ ਇਹ ਸੰਘਰਸ਼ ਉਸ ਤਰ੍ਹਾਂ ਤੀਬਰ ਅਤੇ ਤਿੱਖਾ ਨਹੀਂ ਸੀ ਰਹਿ ਗਿਆ ਜਿਸ ਤਰ੍ਹਾਂ ਇਹ ਮੁੱਢਲੇ ਦੌਰ ਵਿਚ ਸੀ। ਉਦੋਂ ਵੱਖਰੀ ਕਮੇਟੀ ਵਾਲੇ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਦੀਆਂ ਹਰਿਆਣਾ ਦੀਆਂ ਬਹੁਮਤ ਸੀਟਾਂ ਉਤੇ ਜਿੱਤ ਗਏ ਸਨ, ਪਰ ਪਿਛਲੀਆਂ ਚੋਣਾਂ ਵਿਚ ਇਕ ਵੀ ਸੀਟ ਨਹੀਂ ਸਨ ਜਿੱਤ ਸਕੇ। ਇਸ ਤਰ੍ਹਾਂ ਦੇ ਹਾਲਾਤ ਵਿਚ ਇਹ ਆਗੂ ਆਪਣੀ ਲੜਾਈ ਨੂੰ ਜਿੱਤ ਦੇ ਕਿੰਨਾ ਕੁ ਨੇੜੇ ਲੈ ਕੇ ਜਾਂਦੇ ਹਨ, ਇਹ ਤਾਂ ਆਉਣ ਵਾਲਾ ਵਕਤ ਹੀ ਦੱਸੇਗਾ, ਉਂਜ ਇਕ ਗੱਲ ਪਹਿਲਾਂ ਵਾਂਗ ਹੀ ਸਪਸ਼ਟ ਹੈ ਕਿ ਬਾਦਲ ਸਿੱਖ ਸੰਸਥਾਵਾਂ ਉਤੇ ਆਪਣਾ ਕਬਜ਼ਾ ਛੱਡਣ ਲਈ ਤਿਆਰ ਨਹੀਂ ਹਨ। ਉਹ ਹੁਣ ਵੀ ਇਹ ਕਬਜ਼ਾ ਬਰਕਰਾਰ ਰੱਖਣ ਲਈ ਹਰ ਹਰਬਾ ਵਰਤਣਗੇ। ਸਿਤਮਜ਼ਰੀਫੀ ਇਹੀ ਹੈ ਕਿ ਸੱਤਾ ਦੇ ਜਿਸ ਕੇਂਦਰੀਕਰਨ ਖਿਲਾਫ ਅਕਾਲੀ ਦਲ ਨੇ ਇਤਿਹਾਸਕ ਲੜਾਈ ਲੜੀ, ਅੱਜ ਦਲ ਨੂੰ ਚਲਾ ਰਹੇ ਲੋਕ ਉਸੇ ਕੇਂਦਰੀਕਰਨ ਦੇ ਰਾਹ ਪਏ ਹੋਏ ਹਨ। ਇਸ ਅਲਾਮਤ ਦੀਆਂ ਜੜ੍ਹਾਂ ਅਸਲ ਵਿਚ ਬਾਦਲ ਦੀ ਉਸ ਸਿਆਸਤ ਵਿਚ ਪਈਆਂ ਹਨ ਜਿਸ ਤਹਿਤ ਦਲ ਦੀ ਥਾਂ ਖੁਦ ਨੂੰ ਕੇਂਦਰ ਵਿਚ ਰੱਖਿਆ ਜਾ ਰਿਹਾ ਹੈ। ਇਸ ਲਈ ਜੇ ਹਰਿਆਣਾ ਵਿਚ ਵੱਖਰੀ ਕਮੇਟੀ ਬਣਦੀ ਹੈ ਤਾਂ ਇਹ ਸੱਤਾ ਦੇ ਕੇਂਦਰੀਕਰਨ ਖਿਲਾਫ ਜਿੱਤ ਹੀ ਹੋਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਭਲੇ ਦਿਨਾਂ ਦੀ ਆਸ?*

ਮੂੰਹ ਜਿਹਦੇ ਨੂੰ ਲੱਗਿਆ ਖੂਨ ਹੋਵੇ, ਨਹੀਂ ਉਹ ਘੱਟ ਗੁਜ਼ਾਰਦਾ ਜਾਣਦੇ ਹਾਂ।
ਟੁੱਟ ਜਾਣੀ ਏ, ਰੱਖਣੀ ਆਸ ਕਾਹਨੂੰ, ਪਲ ਪਲ ਬੀਤਦੇ ਹੋਏ ਨੂੰ 'ਮਾਣਦੇ' ਹਾਂ।
ਚੁੱਪ ਵੱਟ ਕੇ ਜ਼ੁਲਮ ਹਰ ਸਹਿਣ ਕਰੀਏ, ਆਏ ਚਿਰਾਂ ਤੋਂ 'ਖਾਕ' ਇਹ ਛਾਣਦੇ ਹਾਂ।
ਮੋਹ ਲੈਂਦਾ ਪਹਿਰਾਵਾ ਤੇ ਬੋਲ ਬਾਣੀ, ਛੁਰੀ 'ਕੱਛ ਦੀ' ਘੱਟ ਪਹਿਚਾਣਦੇ ਹਾਂ।
ਰਹਿਮ ਦਿਲ ਹੈ ਕਿੰਨਾ ਕੁ ਪੁੱਛ ਵੇਖੋ, ਕੀਤੇ ਕਿਸੇ ਨਿਰਦੋਸ਼ ਦੇ ਡੱਕਰੇ ਨੂੰ।
ਵਿਹੜੇ ਫਿਰੇ ਕਸਾਈ ਬੇਖੌਫ ਹੋਇਆ, 'ਭਲੇ' ਦਿਨਾਂ ਦੀ ਆਸ ਕੀ ਬੱਕਰੇ ਨੂੰ?

# ਔਰਤਾਂ ਦੇ ਹੱਕਾਂ 'ਤੇ ਡਾਕਾ

ਕੋਈ ਵੀ ਸਿਆਸਤ ਸਾਰੇ ਵਰਗਾਂ ਦੀ ਸ਼ਮੂਲੀਅਤ ਤੋਂ ਬਿਨਾਂ ਕਾਮਯਾਬ ਨਹੀਂ ਹੋ ਸਕਦੀ। ਦੁਨੀਆਂ ਭਰ ਦੇ ਹਰ ਮੁਲਕ ਵਿਚ ਔਰਤਾਂ ਆਬਾਦੀ ਪੱਖੋਂ ਗਿਣਤੀ ਵਿਚ ਮਰਦਾਂ ਦੇ ਬਰਾਬਰ ਹਨ ਪਰ ਸਿਆਸਤ ਵਿਚ ਉਨ੍ਹਾਂ ਦੀ ਸਾਰਥਕ ਸ਼ਮੂਲੀਅਤ ਬਾਰੇ ਹਰ ਤਰ੍ਹਾਂ ਦੇ ਸੰਸੇ ਅਤੇ ਖਦਸ਼ੇ ਜੱਗ-ਜ਼ਾਹਿਰ ਹਨ। ਸਮਾਜ ਸ਼ਾਸਤਰੀਆਂ ਅਤੇ ਸਿਆਸਤ ਦੇ ਮਾਹਿਰਾਂ ਵੱਲੋਂ ਇਸ ਦੇ ਕਈ ਕਾਰਨ ਦਰਜ ਕੀਤੇ ਜਾਂਦੇ ਹਨ ਜਿਵੇਂ ਜਿਨ੍ਹਾਂ ਮੁਲਕਾਂ ਵਿਚ ਪਿਤਾ-ਪੁਰਖੀ ਸੱਤਾ ਦਾ ਦਾਬਾ ਵੱਧ ਹੈ, ਉੱਥੇ ਔਰਤਾਂ ਦੀ ਸਿਆਸਤ ਵਿਚ ਸ਼ਮੂਲੀਅਤ ਘੱਟ ਹੈ। ਜਿੱਥੇ ਔਰਤਾਂ ਨੂੰ ਘਰੇਲੂ ਕੰਮਾਂ-ਕਾਰਾਂ ਨਾਲ ਜੋੜ ਕੇ ਸਮਾਜਕ ਨੇਮ ਅਤੇ ਸਿਆਸੀ ਨੀਤੀਆਂ ਬਣਦੀਆਂ ਹਨ, ਉੱਥੇ ਵੀ ਉਹ ਸਿਆਸਤ ਦਾ ਭਾਗ ਬਣਨ ਤੋਂ ਰਹਿ ਜਾਂਦੀਆਂ ਹਨ। ਇਸ ਤੋਂ ਇਲਾਵਾ ਔਰਤਾਂ ਦੇ ਹੱਕਾਂ ਦਾ ਸਿਰਫ਼ ਕਾਗਜ਼ੀ ਰੂਪ ਵਿਚ ਰਹਿਣਾ, ਪ੍ਰਸ਼ਾਸਨਿਕ ਢਾਂਚਿਆਂ ਦੁਆਰਾ ਉਨ੍ਹਾਂ ਨਾਲ ਲੋੜੀਂਦਾ ਸਹਿਯੋਗ ਨਾ ਕਰਨਾ, ਸਮਾਜਕ ਦਰਜੇ ਦਾ ਸਿਆਸੀ ਪਦਵੀ 'ਤੇ ਭਾਰੂ ਹੋਣਾ ਅਤੇ ਸਿਆਸਤ ਪ੍ਰਤੀ ਲੋੜੀਂਦੀ ਚੇਤਨਾ ਨਾ ਹੋਣਾ ਵੀ ਮਹੱਤਵਪੂਰਨ ਕਾਰਨ



**ਕੁਲਦੀਪ ਕੌਰ**
ਫੋਨ: 91-98554-04330

ਗਿਣੇ ਜਾ ਸਕਦੇ ਹਨ; ਪਰ ਸਭ ਤੋਂ ਵਧ ਕੇ ਔਰਤ ਸਰੀਰ ਵਿਚ ਪੈਦਾ ਹੋਣ ਕਾਰਨ ਜਿਹੜਾ ਵਿਤਕਰਾ, ਬੇਇਨਸਾਫੀ ਅਤੇ ਸਮਾਜਕ ਵਰਗੀਕਰਨ ਉਸ ਦੀ ਹੋਂਦ ਅਤੇ ਹਸਤੀ ਨਾਲ ਹੁੰਦਾ ਹੈ, ਉਹ ਸਿੱਧੇ-ਅਸਿੱਧੇ ਢੰਗ ਨਾਲ ਸਿਆਸਤ ਵਿਚ ਉਸ ਦੇ ਵਿਚਰਨ ਉਤੇ ਅਸਰਅੰਦਾਜ਼ ਹੁੰਦਾ ਹੈ। ਯੂਨੀਸੈਫ ਦੁਆਰਾ ਰਿਲੀਜ਼ ਰਿਪੋਰਟ 'ਵਾਇਲੈਂਸ ਅਗੇਂਸਟ ਵੂਮੈਨ- ਏ ਸਟੱਡੀ ਕੰਡਕਟਡ ਇਨ ਇੰਡੀਆ, ਨੇਪਾਲ ਐਂਡ ਪਾਕਿਸਤਾਨ- 2014' ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਹ ਸਿਆਸਤ ਦੇ ਗਲਿਆਰਿਆਂ ਵਿਚ ਵਿਚਰ ਰਹੀਆਂ 'ਸ਼ਕਤੀਸ਼ਾਲੀ' ਤੇ 'ਸਰਬ-ਸਮਰੱਥ' ਅਜਿਹੀਆਂ ਔਰਤਾਂ ਨਾਲ ਹੁੰਦੀ ਲਿੰਗ ਆਧਾਰਿਤ ਹਿੰਸਾ ਦੀ ਬਾਤ ਪਾਉਂਦੀ ਹੈ ਜਿਨ੍ਹਾਂ ਦੀ ਅਗਵਾਈ ਤੇ ਨਿਰਦੇਸ਼ਾਂ ਨੇ ਆਮ ਲੋਕਾਈ ਦਾ ਅੱਜ ਤੇ ਕੱਲ੍ਹ ਤੈਅ ਕਰਨਾ ਹੁੰਦਾ ਹੈ। ਇਹ ਬੇਸ਼ੱਕ ਬਹੁਤ ਸੰਵੇਦਨਸ਼ੀਲ ਮੁੱਦਾ ਹੈ ਪਰ ਇਸ ਹਿੰਸਾ ਬਾਰੇ ਕੀਤੀਆਂ ਪਹਿਲਕਦਮੀਆਂ ਲਿੰਗਕ ਹਿੰਸਾ ਨਾਲ ਜੁੜੀ ਸਿਆਸਤ ਅਤੇ ਸਿਆਸਤ ਵਿਚ ਪਈ ਲਿੰਗਕ ਹਿੰਸਾ ਦੀਆਂ ਪਰਤਾਂ ਫਰੋਲਦੀਆਂ ਹਨ। ਇਨ੍ਹਾਂ ਔਰਤਾਂ ਨਾਲ ਹੁੰਦੀ ਹਿੰਸਾ ਕਿਸ ਤਰ੍ਹਾਂ ਦੀ ਹਿੰਸਾ ਹੈ? ਇਨ੍ਹਾਂ ਕੋਲ ਇਸ ਹਿੰਸਕ ਵਰਤਾਰੇ ਨਾਲ ਟੱਕਰਨ ਦੇ ਕਿਹੜੇ ਸੰਦ ਹਨ? ਇਨ੍ਹਾਂ ਦਾ ਇਸ ਹਿੰਸਕ ਵਰਤਾਰੇ ਬਾਰੇ ਸਿਆਸੀ ਨਜ਼ਰੀਆ ਕੀ ਹੈ? ਕੀ ਇਹ ਸਿਆਸਤ ਵਿਚ (ਖਾਸ ਕਰ ਕੇ ਦੱਖਣੀ ਏਸ਼ਿਆਈ ਖਿੱਤੇ) ਭਾਰੂ ਹਿੰਸਾ ਦੀ ਹੀ ਕੋਈ ਅਗਲੀ ਕੜੀ ਹੈ, ਜਾਂ ਮਰਦ ਨੇਤਾਵਾਂ ਤੇ ਔਰਤ ਨੇਤਾਵਾਂ ਨਾਲ ਹੁੰਦੀ ਹਿੰਸਾ ਦਾ ਕੋਈ ਲਿੰਗਕ ਪੱਖ ਵੀ ਹੈ? ਇਹ ਹਿੰਸਾ ਇਨ੍ਹਾਂ ਔਰਤਾਂ ਦੀ ਸਿਆਸਤ, ਮਨ ਅਤੇ ਸਰੀਰਾਂ 'ਤੇ ਕੀ ਅਸਰ ਪਾਉਂਦੀ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਨਾਲ ਸ਼ਾਇਦ ਇਸ ਸਵਾਲ ਦਾ ਜਵਾਬ ਵੀ ਮਿਲ ਸਕਦਾ ਹੈ ਕਿ ਸਿਆਸਤ ਦਾ ਅਜੋਕਾ ਖ਼ਾਸਾ ਤੇ ਖਾਕਾ ਕੀ ਹੈ? ਕੀ ਸੱਚਮੁੱਚ ਹੀ ਇਸ ਵਿਚ ਕਿਤੇ ਜਮਹੂਰੀਅਤ ਲਈ ਲੋੜੀਂਦੀ ਸਪੇਸ ਬਚੀ ਹੋਈ ਹੈ?

ਦੱਖਣੀ ਏਸ਼ਿਆਈ ਖਿੱਤੇ ਦਾ ਸਿਆਸੀ ਇਤਿਹਾਸ ਹਾਰਾਂ, ਜਿੱਤਾਂ, ਕਤਲਾਂ, ਧੋਖਿਆਂ ਅਤੇ ਵੱਢ-ਟੁੱਕ ਦੀ ਸਿਆਸਤ ਦਾ ਇਤਿਹਾਸ ਰਿਹਾ ਹੈ। ਇਹ ਖਿੱਤਾ ਜਿੱਥੇ ਆਪਣੀਆਂ ਰਵਾਇਤਾਂ, ਕਲਾਵਾਂ, ਸਾਹਿਤ, ਸੰਗੀਤ ਤੇ ਸਾਂਝੀਆਂ ਤੰਦਾਂ ਲਈ ਜਾਣਿਆ ਜਾਂਦਾ ਹੈ, ਉੱਥੇ ਇਸ ਖਿੱਤੇ ਦੀ ਸਿਆਸਤ ਪਰਿਵਾਰਵਾਦ, ਖੇਤਰਵਾਦ, ਧਾਰਮਿਕ ਸੰਕੀਰਨਵਾਦ, ਜਾਤੀਵਾਦ, ਔਰਤਾਂ/ਬੱਚਿਆਂ ਨਾਲ ਹੁੰਦੀ ਹਿੰਸਾ ਨਾਲ ਭਰੀ ਹੋਈ ਹੈ। ਨੇਪਾਲ, ਸ੍ਰੀਲੰਕਾ, ਅਫਗਾਨਿਸਤਾਨ ਤੇ ਭਾਰਤ ਦਾ ਇਤਿਹਾਸ ਇਸ ਦਾ ਗਵਾਹ ਹੈ। ਖਾਨਾਜੰਗੀ, ਆਰਥਿਕ ਅਸਥਿਰਤਾ, ਲਟਕਵੀਆਂ ਸਰਕਾਰਾਂ, ਫਿਰਕੂ ਨਫ਼ਰਤ ਤੇ ਨਿੱਤ ਦਿਨ ਹੁੰਦੀ ਹਿੰਸਾ ਇਨ੍ਹਾਂ ਮੁਲਕਾਂ ਦੇ ਬਾਸ਼ਿੰਦਿਆਂ ਦੀ ਜ਼ਿੰਦਗੀ ਦਾ ਸੱਚ ਬਣ ਗਿਆ ਹੈ।

### *ਸੱਤਾ ਦੇ ਗਲਿਆਰਿਆਂ ਵਿਚ ਵਗਦਾ ਹੈ ਹਿੰਸਾ ਦਾ ਦਰਿਆ*

ਯੂਨੀਸੈਫ ਦੀ ਰਿਪੋਰਟ ਲਈ ਜਿਨ੍ਹਾਂ ਤਿੰਨ ਮੁਲਕਾਂ ਵਿਚ ਇਹ ਅਧਿਐਨ ਕੀਤਾ ਗਿਆ ਹੈ, ਉੱਥੇ ਸੰਵਿਧਾਨਿਕ ਤੌਰ 'ਤੇ ਔਰਤਾਂ ਨੂੰ ਬਰਾਬਰ ਮੰਨਿਆ ਗਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਸਾਰੇ ਮੁਲਕਾਂ ਦੇ ਕਾਨੂੰਨੀ ਢਾਂਚਿਆਂ ਵਿਚ ਇਸ ਤਰ੍ਹਾਂ ਦੀਆਂ ਪੇਸ਼ਬੰਦੀਆਂ ਹਨ ਜਿਨ੍ਹਾਂ ਕਾਰਨ ਔਰਤਾਂ ਨੂੰ ਸਿਆਸਤ ਵਿਚ ਭਾਗ ਲੈਣ ਤੋਂ ਕਿਸੇ ਵੀ ਤਰ੍ਹਾਂ ਰੋਕਿਆ ਨਹੀਂ ਜਾ ਸਕਦਾ, ਤੇ ਉਹ ਆਪਣੇ ਸਾਰੇ ਸਿਆਸੀ ਫ਼ੈਸਲੇ ਅਜ਼ਾਦਾਨਾ ਤੌਰ 'ਤੇ ਕਰਨ ਲਈ ਸਮਰੱਥ ਹਨ; ਪਰ ਉਨ੍ਹਾਂ ਨਾਲ ਹੁੰਦੀ ਹਿੰਸਾ ਦਾ ਮੁੱਦਾ ਤਿੰਨਾਂ ਮੁਲਕਾਂ ਦੀ ਅਮਲੀ ਸਿਆਸਤ ਵਿਚੋਂ ਗਾਇਬ ਹੈ। 'ਚੁੱਪ ਦਾ ਸਭਿਆਚਾਰ' ਭਾਰੂ ਹੈ। ਇਸ ਮੁੱਦੇ ਬਾਰੇ ਗੱਲਬਾਤ ਚੋਣਾਂ ਦੌਰਾਨ ਮੀਡੀਆ ਦੀ ਦਖਲਅੰਦਾਜ਼ੀ ਕਾਰਨ ਹੁੰਦੀ ਹੈ। ਇਸ ਹਿੰਸਾ ਦਾ ਸਿੱਧਾ ਸਬੰਧ ਆਰਥਿਕ ਪਾੜੇ ਨਾਲ ਵੀ ਜੁੜਦਾ ਹੈ ਅਤੇ ਸੱਤਾ ਦੇ ਢਾਂਚਿਆਂ ਦੀ ਮਰਦਾਵੀਂ ਨੀਂਹ ਨਾਲ ਵੀ। ਇੱਕ ਮਹੱਤਵਪੂਰਨ ਤੱਥ ਇਨ੍ਹਾਂ ਮੁਲਕਾਂ ਵਿਚ ਧਰਮ ਅਤੇ ਸਿਆਸਤ ਦਾ ਗਠਜੋੜ ਹੈ ਜਿਸ ਕਾਰਨ ਔਰਤ ਨੇਤਾਵਾਂ 'ਤੇ ਦੋਹਰਾ ਦਬਾਉ ਬਣ ਜਾਂਦਾ ਹੈ। ਧਾਰਮਿਕ ਮੂਲਵਾਦ ਸਿਆਸੀ ਫ਼ੈਸਲਿਆਂ ਵਿਚੋਂ ਝਲਕਦਾ ਹੈ। ਅਸਲ ਵਿਚ ਇਨ੍ਹਾਂ ਮੁਲਕਾਂ ਵਿਚ ਸਿਆਸਤ ਦੇ ਖੇਤਰ ਸਮਾਜਕ ਪੌੜੀਆਂ ਰਾਹੀਂ ਹੋ ਕੇ ਗੁਜ਼ਰਦੇ ਹਨ।

ਇਨ੍ਹਾਂ ਮੁਲਕਾਂ ਦੀ ਸਿਆਸਤ ਵਿਚ ਸਰਗਰਮ ਔਰਤਾਂ ਨਾਲ ਵਾਪਰਦੀ ਹਿੰਸਾ ਦੇ ਕਈ ਰੂਪ ਹਨ। ਸਾਰੀਆਂ ਪਾਰਟੀਆਂ ਔਰਤਾਂ ਨੂੰ ਇਸ ਮਨੋਰਥ ਲਈ ਸਿਆਸਤ ਵਿਚ ਨਹੀਂ ਲਿਆਉਂਦੀਆਂ ਕਿ ਉਨ੍ਹਾਂ ਵਿਚ ਅਗਵਾਈ ਕਰਨ ਦੀ ਸਮਰੱਥਾ ਹੈ, ਸਗੋਂ ਜ਼ਿਆਦਾਤਾਰ ਔਰਤਾਂ ਸੰਵਿਧਾਨਿਕ ਤੇ ਕਾਨੂੰਨੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਖਾਨਾਪੂਰਤੀ ਦੇ ਤੌਰ 'ਤੇ ਸਿਆਸਤ ਵਿਚ ਦਾਖਲ ਕੀਤੀਆ ਜਾਂਦੀਆਂ ਹਨ। ਮਸਲਨ, ਜੇ ਪਿਤਾ, ਪਤੀ ਜਾਂ ਪੁੱਤਰ ਕਿਸੇ ਹਲਕੇ ਤੋਂ ਚੋਣ ਲੜਨ ਲਈ ਕਿਸੇ ਕਾਰਨ ਅਯੋਗ ਠਹਿਰਾਇਆ ਜਾਂਦਾ ਹੈ, ਤਾਂ ਉਨ੍ਹਾਂ ਦੀਆਂ ਪੁੱਤਰੀਆਂ, ਪਤਨੀਆਂ ਅਤੇ ਨੂੰਹਾਂ ਨੂੰ ਮੌਕਾ ਦਿੱਤਾ ਜਾਂਦਾ ਹੈ ਤਾਂ ਕਿ 'ਸੱਤਾ ਘਰ ਵਿਚ ਹੀ ਰਹੇ'। ਭਾਰਤ ਵਿਚ ਪਿਛਲੇ ਸਾਲਾਂ ਵਿਚ ਭਾਵੇਂ ਔਰਤਾਂ ਦੀ ਚੋਣਾਂ ਵਿਚ ਖੜ੍ਹੇ ਹੋਣ ਦੀ ਪ੍ਰਤੀਸ਼ਤ ਵਧੀ ਹੈ, ਪਰ ਉਨ੍ਹਾਂ ਦੇ ਜਿੱਤਣ ਦੀ ਦਰ ਘਟੀ ਹੈ। ਸਿਆਸਤ ਦਾ ਮਰਦਾਵਾਂ ਖਾਸਾ ਜਿੱਥੇ ਪੰਚਾਇਤਾਂ, ਮਿਉਂਸਿਪਲ ਕਾਰਪੋਰੇਸ਼ਨਾਂ ਅਤੇ ਸਥਾਨਕ ਅਦਾਰਿਆਂ ਵਿਚ ਚੁਣੀਆਂ ਔਰਤਾਂ ਦੇ ਫ਼ੈਸਲੇ ਲੈਣ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦਾ ਹੈ, ਉੱਥੇ ਉਨ੍ਹਾਂ ਨੂੰ ਸੌਂਪੇ ਜਾਂਦੇ ਵਿਭਾਗ ਵੀ ਔਰਤਾਂ ਅਤੇ ਬੱਚਿਆਂ ਦੀਆਂ ਕਲਿਆਣਕਾਰੀ ਨੀਤੀਆਂ ਨਾਲ ਸਬੰਧਿਤ ਹੁੰਦੇ ਹਨ। ਉਨ੍ਹਾਂ ਨੂੰ ਵਿਦੇਸ਼ੀ ਮਾਮਲਿਆਂ, ਵਿੱਤੀ ਅਦਾਰਿਆਂ ਅਤੇ ਯੋਜਨਾਬੰਦੀ ਵਰਗੇ ਵਿਭਾਗ ਸੌਂਪਣ ਤੋਂ ਟਾਲਾ ਵੱਟਿਆ ਜਾਂਦਾ ਹੈ। ਜੇ ਇਨ੍ਹਾਂ ਮੁਲਕਾਂ ਦੀ ਸੰਸਦ ਦੀਆਂ ਕਾਰਵਾਈਆਂ 'ਤੇ ਝਾਤੀ ਪਾਈ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਔਰਤ ਸੰਸਦ ਮੈਂਬਰ ਬਲਾਤਕਾਰ, ਘਰੇਲੂ ਹਿੰਸਾ, ਔਰਤਾਂ ਖਿਲਾਫ ਹਿੰਸਾ ਅਤੇ 'ਸੌਫ਼ਟ' ਸਮਝੀਆਂ ਜਾਂਦੀਆਂ ਨੀਤੀਆਂ 'ਤੇ ਹੀ ਬਹਿਸ/ਵਿਚਾਰ ਵਟਾਂਦਰੇ ਵਿਚ ਹਿੱਸਾ ਲੈਂਦੀਆਂ ਹਨ। ਇਸ ਤੋਂ ਵੀ ਜ਼ਿਆਦਾ ਦੁਖਦਾਈ ਮੁੱਦਾ ਇਹ ਹੈ ਕਿ ਆਪਣੇ ਹਲਕੇ ਨਾਲ ਸਬੰਧਿਤ ਮਸਲਿਆਂ ਬਾਰੇ, ਹਲਕੇ ਦੇ ਵੋਟਰ ਹੀ ਔਰਤ ਨੇਤਾਵਾਂ ਪ੍ਰਤੀ ਬੇਭਰੋਸਗੀ ਦੀ ਭਾਵਨਾ ਰੱਖਦੇ ਹਨ। ਆਮ ਤੌਰ 'ਤੇ ਵੋਟਰ ਨੇ ਵੋਟ ਜਾਤ, ਧਰਮ, ਖੇਤਰ ਜਾਂ ਪਾਰਟੀ ਦੇ ਨਾਮ 'ਤੇ ਪਾਈ ਹੁੰਦੀ ਹੈ ਅਤੇ ਔਰਤ ਨੂੰ ਉਹ ਮਰਦ ਨੁਮਾਇੰਦੇ ਜਿੰਨੀ ਸ਼ਕਤੀਸ਼ਾਲੀ ਨਹੀਂ ਮੰਨਦੇ।

ਦਿਲਚਸਪ ਤੱਥ ਇਹ ਵੀ ਹੈ ਕਿ ਤਿੰਨਾਂ ਮੁਲਕਾਂ ਦੀਆਂ ਔਰਤਾਂ ਨੇ ਅਜ਼ਾਦੀ ਸੰਗਰਾਮ ਵਿਚ ਬੇਹੱਦ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸ ਦਾ ਸਿੱਧਾ ਪ੍ਰਗਟਾਵਾ ਇਨ੍ਹਾਂ ਤਿੰਨਾਂ ਮੁਲਕਾਂ ਦੇ ਸੰਵਿਧਾਨਾਂ ਵਿਚ ਦੇਖਿਆ ਜਾ ਸਕਦਾ ਹੈ। ਇੱਥੇ ਇਹ ਤੱਥ ਵੀ ਮਹੱਤਵਪੂਰਨ ਹੈ ਕਿ ਤਿੰਨਾਂ ਮੁਲਕਾਂ ਦੇ ਸਿਆਸੀ ਹਾਲਾਤਾਂ ਅਤੇ ਸਿਆਸੀ ਹਿੰਸਾ ਵਿਚ ਗਹਿਰਾ ਸਬੰਧ ਹੈ। ਪਾਕਿਸਤਾਨ ਦੇ ਨੈਸ਼ਨਲ ਕਮਿਸ਼ਨ ਫਾਰ ਵਿਮੈੱਨ ਦੀ ਰਿਪੋਰਟ ਅਨੁਸਾਰ ਇਹ ਹਿੰਸਾ ਸਰੀਰਕ ਨਹੀਂ, ਸਗੋਂ ਬਜਟ 'ਤੇ ਹੁੰਦੀ ਬਹਿਸ ਵਿਚ ਸ਼ਾਮਲ ਨਾ ਕਰਨਾ, ਪਾਰਟੀ ਵਿਚ ਹਾਸ਼ੀਏ 'ਤੇ ਕਰ ਦੇਣਾ, ਮੁੱਖ ਏਜੰਡੇ ਬਾਰੇ ਉਨ੍ਹਾਂ ਨਾਲ ਕੋਈ ਵਿਚਾਰ-ਵਟਾਂਦਰਾ ਨਾ ਕਰਨਾ ਅਤੇ ਸਭ ਤੋਂ ਵੱਧ 'ਔਰਤਪੁਣੇ' ਨੂੰ ਲੈ ਕੇ ਘਟੀਆ ਟਿੱਪਣੀਆਂ ਤੱਕ ਹੀ ਰਹਿ ਜਾਂਦੀ ਹੈ। ਅਜਿਹਾ ਹੀ ਵਤੀਰਾ ਭਾਰਤੀ ਨੇਤਾਵਾਂ ਦੁਆਰਾ ਔਰਤਾਂ ਨੇਤਾਵਾਂ ਬਾਰੇ ਕੀਤੀਆਂ ਟਿੱਪਣੀਆਂ ਵਿਚ ਵੀ ਦੇਖਿਆ ਜਾ ਸਕਦਾ ਹੈ। ਮਸਲਨ, ਹੁਣ ਭਾਰਤ ਦੇ ਪ੍ਰਧਾਨ ਮੰਤਰੀ ਬਣ ਚੁੱਕੇ ਭਾਜਪਾ ਆਗੂ ਨਰੇਂਦਰ ਮੋਦੀ ਨੇ ਸ਼ਸ਼ੀ ਥਰੂਰ ਦੀ ਮਰਹੂਮ ਪਤਨੀ ਬਾਰੇ ਬਿਆਨ ਦਿੰਦਿਆਂ ਉਸ ਨੂੰ '50 ਕਰੋੜ ਦੀ ਗਰਲਫਰੈਂਡ' ਕਰਾਰ ਦਿੱਤਾ। ਸਭ ਤੋਂ ਦੁਖਦਾਈ ਪੱਖ ਉਦੋਂ ਹੁੰਦਾ ਹੈ ਜਦੋਂ ਔਰਤ ਨੇਤਾਵਾਂ ਦੇ ਚਰਿੱਤਰ ਨੂੰ ਲੈ ਕੇ ਚਿੱਕੜ ਉਛਾਲਿਆ ਜਾਂਦਾ ਹੈ। ਰਾਸ਼ਟਰੀ ਦੂਰਦਰਸ਼ਨ 'ਤੇ ਹੋਈ ਇੱਕ ਬਹਿਸ ਦੌਰਾਨ ਮਰਦ ਨੇਤਾ, ਔਰਤ ਨੇਤਾ ਤੋਂ ਬਹਿਸ ਵਿਚ ਚਿੱਤ ਹੁੰਦਿਆਂ ਖਿਝ ਕੇ ਕਹਿੰਦਾ ਹੈ, "ਮੈਂ ਤੇਰੇ ਨਾਲ ਕੋਈ ਗੱਲ ਨਹੀਂ ਕਰਨੀ ਚਾਹੁੰਦਾ, ਕੱਲ੍ਹ ਤੱਕ ਤਾਂ ਤੂੰ ਟੈਲੀਵਿਜ਼ਨ 'ਤੇ ਡਾਂਸ ਕਰ ਰਹੀ ਸੀ, ਅੱਜ ਨੇਤਾ ਬਣ ਗਈ ਏ।" ਇਸ ਤੋਂ ਨੇਤਾਵਾਂ ਦਾ ਸਾਰਾ ਹੀਜ਼-ਪਿਆਜ਼ ਨੰਗਾ ਹੋ ਜਾਂਦਾ ਹੈ। ਪਾਕਿਸਤਾਨ ਵਿਚ ਹਿਨਾ ਰੁਬਾਨੀ ਅਤੇ ਸ਼ੈਰੀ ਰਹਿਮਾਨ ਦੁਆਰਾ ਕੀਤੀਆਂ ਸਿਆਸੀ ਮੀਟਿੰਗਾਂ ਅਤੇ ਮੁਲਾਕਾਤਾਂ ਨੂੰ ਮੀਡੀਆ ਨੇ ਇੰਝ ਉਭਾਰਿਆਂ ਜਿਵੇਂ ਉਹ ਕਿਸੇ ਨਿੱਜੀ ਰਿਸ਼ਤੇ ਨੂੰ ਸੱਦਾ ਦੇਣ ਦੀ ਕੋਸ਼ਿਸ ਕਰ ਰਹੀਆਂ ਹੋਣ। ਇਸ ਦਾ ਦੂਜਾ ਪਾਸਾ ਉਨ੍ਹਾਂ ਦੁਆਰਾ ਅਪਣਾਇਆ ਸਖ਼ਤ ਵਤੀਰਾ ਔਰਤ ਨੇਤਾਵਾਂ ਨੂੰ 'ਮਰਦਾਂ ਵਰਗੀ ਫ਼ਿਤਰਤ' ਦਾ ਦਰਜਾ ਦਿਵਾ ਦਿੰਦਾ ਹੈ। ਭਾਵਨਾਤਮਕ ਸ਼ੋਸ਼ਣ ਅਤੇ ਧਮਕੀਆਂ ਵੀ ਇਨ੍ਹਾਂ ਨੇਤਾਵਾਂ ਦੀ ਰੋਜ਼ਮੱਰ੍ਹਾ ਸਿਆਸੀ ਜ਼ਿੰਦਗੀ ਦਾ ਹਿੱਸਾ ਹੁੰਦੀਆਂ ਹਨ। ਇਸ ਸਰਵੇਖਣ ਤੋਂ ਸਰੀਰਕ ਹਿੰਸਾ ਪ੍ਰਤੀ ਅੰਕੜੇ ਪ੍ਰਾਪਤ ਨਹੀਂ ਹੋ ਸਕੇ, ਕਿਉਂਕਿ ਜ਼ਿਆਦਾਤਾਰ ਔਰਤ ਨੇਤਾਵਾਂ ਇਸ ਸਬੰਧੀ ਗੱਲਬਾਤ ਕਰਨ ਲਈ ਤਿਆਰ ਨਹੀਂ ਸਨ।

ਉਪਰੋਕਤ ਰਿਪੋਰਟ ਭਾਵੇਂ ਔਰਤ ਨੇਤਾਵਾਂ ਅਤੇ ਪਾਰਟੀ ਵਰਕਰਾਂ ਬਾਰੇ ਤੱਥ ਆਧਾਰਤ ਹਿੰਸਾ ਦੇ ਅੰਕੜੇ ਪੇਸ਼ ਕਰਦੀ ਹੈ, ਇਸ ਵਿਚੋਂ ਪਾਰਟੀਆਂ ਦੇ ਹੇਠਲੇ ਪੱਧਰ ਤੇ ਕੰਮ ਕਰਦੀਆਂ ਔਰਤਾਂ ਅਤੇ ਸਮੇਂ-ਸਮੇਂ 'ਤੇ ਵਿਰੋਧ/ਰੈਲੀਆਂ/ਪ੍ਰਦਰਸ਼ਨ ਵਿਚ ਭਾਗ ਲੈਣ ਵਾਲੀਆ ਔਰਤਾਂ (ਖ਼ਾਸ ਕਰ ਕੇ ਵਿਦਿਆਰਥਣਾਂ) ਨਾਲ ਹੁੰਦੀ ਹਿੰਸਾ ਸਪਸ਼ਟ ਨਹੀਂ ਹੁੰਦੀ। 'ਇੰਟਰਨੈੱਟ ਡੈਮੋਕਰੇਸੀ ਪ੍ਰੋਜੈਕਟ' ਦੀਆਂ ਰਿਪੋਰਟਾਂ ਅਨੁਸਾਰ ਸੋਸ਼ਲ ਮੀਡੀਆ ਦੇ ਇਸ ਦੌਰ ਵਿਚ ਸਿਆਸੀ ਤੌਰ 'ਤੇ ਚੇਤੰਨ ਔਰਤਾਂ ਜਿਨ੍ਹਾਂ ਵਿਚ ਲੇਖਕ, ਪੱਤਰਕਾਰ, ਸਮਾਜਕ ਕਾਰਕੁਨ ਤੇ ਵੱਖ-ਵੱਖ ਜਥੇਬੰਦੀਆਂ ਦੀਆਂ ਔਰਤ ਅਹੁਦੇਦਾਰ ਸ਼ਾਮਿਲ ਹਨ, ਉਨ੍ਹਾਂ ਨੂੰ ਧਮਕੀਆਂ, ਚਰਿੱਤਰ ਬਾਰੇ ਦੂਸ਼ਣ ਲਗਾਉਣਾ, ਬਲਾਤਕਾਰ ਕਰਨ ਦੀ ਧਮਕੀ ਦੇਣਾ, ਉਨ੍ਹਾਂ ਨੂੰ ਔਰਤ ਹੋਣ ਕਰ ਕੇ ਤਾਹਨੇ-ਮਿਹਣੇ ਦੇਣਾ, ਸਮਾਜਕ ਤੌਰ 'ਤੇ ਜ਼ਲੀਲ ਕਰਨ ਦੀ ਕੋਸ਼ਿਸ਼ ਕਰਨਾ ਅਤੇ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਬਾਰੇ ਭੱਦੀਆਂ ਟਿੱਪਣੀਆਂ ਕਰਨਾ ਆਦਿ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਇਨ੍ਹਾਂ ਧਮਕੀਆਂ ਤੇ ਬਦਸਲੂਕੀ ਵਿਚੋਂ ਹੀ ਸਮਾਜ ਦਾ ਔਰਤ ਪ੍ਰਤੀ ਰਵੱਈਆ, ਸਟੇਟ ਦੀ ਔਰਤ ਪ੍ਰਤੀ ਸੋਚ ਅਤੇ ਮਰਦਾਵੀਂ ਧੌਂਸ ਦੀ ਗੁੰਡਾਗਰਦੀ ਨੂੰ ਲੱਭਿਆ ਜਾ ਸਕਦਾ ਹੈ। ਤਰਾਸਦੀ ਇਹ ਹੈ ਕਿ ਇਸ ਸਬੰਧੀ ਜਾਗਰੂਕ ਔਰਤਾਂ ਤੇ ਮਰਦਾਂ ਦਾ ਸਿਆਸੀ ਤਬਕਾ ਇਸ ਨੂੰ ਛੇੜਛਾੜ ਤੇ ਸ਼ਬਦੀ ਬਦਸਲੂਕੀ ਵਾਂਗ 'ਮਾੜੇ ਵਿਹਾਰ' ਦੀ ਧਾਰਨਾ ਤੱਕ ਸੀਮਤ ਕਰ ਦਿੰਦਾ ਹੈ। ਇਸ ਸਬੰਧੀ ਪਾਰਟੀ ਪੱਧਰ 'ਤੇ, ਸੰਸਥਾ/ਜੱਥੇਬੰਦੀ ਦੇ ਪੱਧਰ 'ਤੇ ਅਤੇ ਪੂਰੇ ਸਿਆਸੀ ਦ੍ਰਿਸ਼ ਵਿਚ ਕੋਈ ਸਾਰਥਕ ਪਹਿਲਕਦਮੀ ਕਰਨ ਦੀ ਕੋਸ਼ਿਸ਼ ਨਹੀਂ ਹੁੰਦੀ। ਇੰਝ 'ਚੁੱਪ ਦਾ ਸਭਿਆਚਾਰ' ਸਿਆਸੀ ਗਲਿਆਰਿਆਂ ਵਿਚ ਵੀ ਸਵਾਲਾਂ ਦੇ ਘੇਰੇ ਵਿਚ ਨਹੀਂ ਆਉਂਦਾ। ਸਿਆਸਤ ਆਪਣੀ ਪਹਿਲੀ ਪਾਰੀ ਵਿਚ ਹੀ ਜਮਹੂਰੀਅਤ ਵਿਚੋਂ ਔਰਤਾਂ ਦਾ ਹੱਕ ਚੁਰਾ ਲੈਂਦੀ ਹੈ।

# ਮੋਦੀ ਦੇ 'ਅੱਛੇ ਦਿਨਾਂ' ਦੀ ਹਕੀਕਤ

## ਹਰ ਖੇਤਰ ਵਿਚ ਬੁਰਛਾਗਰਦੀ ਦਾ ਹੋ ਰਿਹਾ ਹੈ ਆਗਾਜ਼

***ਭਾਰਤ ਵਿਚ ਨਰੇਂਦਰ ਮੋਦੀ ਦੀ ਸਰਕਾਰ ਨੂੰ ਬਣਿਆਂ ਅਜੇ ਕੁਝ ਦਿਨ ਹੀ ਹੋਏ ਹਨ ਕਿ ਖਾਸ ਏਜੰਡੇ ਉਤੇ ਕੰਮ ਵੀ ਸ਼ੁਰੂ ਹੋ ਗਿਆ ਹੈ। ਉਪਰੋਂ-ਉਪਰੋਂ ਮੋਦੀ ਭਾਵੇਂ ਪਹਿਲਾਂ ਵਾਲੇ ਮੋਦੀ ਤੋਂ ਵੱਖਰਾ ਹੋਣ ਦੇ ਸੰਕੇਤ ਦੇ ਰਿਹਾ ਹੈ ਅਤੇ ਮੀਡੀਆ ਵੀ ਇਸ ਬਾਰੇ ਬਥੇਰਾ ਕੁਝ ਕਹਿ ਰਿਹਾ ਹੈ, ਪਰ ਅਹਿਮ ਅਹੁਦਿਆਂ ਉਤੇ ਜਿਨ੍ਹਾਂ ਅਫਸਰਾਂ ਦੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ, ਉਸ ਤੋਂ ਸਭ ਸਪਸ਼ਟ ਹੋ ਗਿਆ ਹੈ ਕਿ ਇਹ ਸਰਕਾਰ ਅਗਾਂਹ ਜਾ ਕੇ ਕੀ ਕੁਝ ਕਰੇਗੀ। ਤਕਰੀਬਨ ਪੰਜ ਸਾਲ ਪਹਿਲਾਂ ਹੋਂਦ ਵਿਚ ਆਈ ਵਿਵੇਕਾਨੰਦ ਫਾਊਂਡੇਸ਼ਨ ਦੇ ਕਰਤਾ-ਧਰਤਾ ਸਰਕਾਰੀ ਫੈਸਲਿਆਂ ਉਤੇ ਅਸਰ-ਅੰਦਾਜ਼ ਹੋਣੇ ਆਰੰਭ ਹੋ ਗਏ ਹਨ। ਇਹ ਸੰਸਥਾ ਆਰ.ਐਸ.ਐਸ. ਨੇ ਬਣਾਈ ਹੋਈ ਹੈ। ਇਸ ਨਵੇਂ ਹਾਲਾਤ ਬਾਰੇ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਲੇਖ ਵਿਚ ਖੁੱਲ੍ਹ ਕੇ ਟਿੱਪਣੀਆਂ ਕੀਤੀਆਂ ਹਨ।***

ਕਾਰਪੋਰੇਟ ਸਰਮਾਏਦਾਰੀ ਦੀ ਹਮਾਇਤ ਨਾਲ ਸੱਤਾ-ਨਸ਼ੀਨ ਹੋਈ ਨਰੇਂਦਰ ਮੋਦੀ ਹਕੂਮਤ ਨੇ ਸਹੁੰ ਚੁੱਕਦੇ ਸਾਰ ਹੀ ਆਪਣਾ ਅਸਲੀ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਵਾਰ ਲੋਕ ਸਭਾ ਵਿਚ ਅਪਰਾਧੀ ਪਿਛੋਕੜ ਵਾਲੇ 186 ਮੈਂਬਰ ਚੁਣੇ ਗਏ ਹਨ, ਭਾਵ ਕੁੱਲ ਦਾ 34 ਫ਼ੀਸਦੀ। ਪਿਛਲੀ ਲੋਕ ਸਭਾ ਵਿਚ ਅਜਿਹੇ ਮੈਂਬਰ 30 ਫ਼ੀਸਦੀ ਸਨ। ਇਕੱਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ 281 ਵਿਚੋਂ 98 ਮੈਂਬਰਾਂ ਖ਼ਿਲਾਫ਼ ਜੁਰਮਾਂ ਦੇ ਮੁਕੱਦਮੇ ਦਰਜ ਹਨ। ਦੂਰ-ਅੰਦੇਸ਼ ਹਿੱਸਿਆਂ ਦੇ ਖ਼ਦਸ਼ੇ ਚੰਦ ਦਿਨਾਂ 'ਚ ਹੀ ਸਹੀ ਸਾਬਤ ਹੋਣੇ ਸ਼ੁਰੂ ਹੋ ਗਏ ਹਨ। ਮੋਦੀ ਦਾ ਪ੍ਰਮੁੱਖ ਸਕੱਤਰ

**ਬੂਟਾ ਸਿੰਘ**
**ਫੋਨ: 91-94634-74342**

ਉਸ ਸ਼ਖ਼ਸ ਨ੍ਰਿਪੇਂਦਰ ਮਿਸ਼ਰ ਨੂੰ ਬਣਾਇਆ ਗਿਆ ਹੈ ਜਿਸ ਉਪਰ ਸੀ.ਆਈ.ਏ. ਦਾ ਏਜੰਟ ਹੋਣ ਦੇ ਇਲਜ਼ਾਮ ਆਰ.ਐਸ.ਐਸ. ਨੇ ਲਾਏ ਸਨ। ਉਧਰ ਕਾਰਪੋਰੇਟ ਏਜੰਡੇ ਅਨੁਸਾਰ ਮੋਦੀ ਨੇ ਬਜਟ ਪੇਸ਼ ਕਰਨ ਤੋਂ ਪਹਿਲਾਂ ਹੀ ਮੁਲਕ ਦੀ ਆਰਥਿਕ ਹਾਲਤ ਸੁਧਾਰਨ ਲਈ ਸਖ਼ਤ ਫ਼ੈਸਲੇ ਕਰਨ ਦੇ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਹਨ। ਹਾਲ ਹੀ ਵਿਚ ਪਣਜੀ (ਗੋਆ) ਵਿਚ ਭਾਜਪਾ ਕਾਰਕੁਨਾਂ ਦੀ ਮੀਟਿੰਗ ਨੂੰ ਮੁਖ਼ਾਤਿਬ ਹੁੰਦਿਆਂ ਮੋਦੀ ਨੇ ਸਾਫ਼ ਕਿਹਾ ਕਿ ਇਨ੍ਹਾਂ ਫ਼ੈਸਲਿਆਂ ਨਾਲ ਹਕੂਮਤ ਨੂੰ ਕੁਝ ਨਾਰਾਜ਼ਗੀ ਵੀ ਝੱਲਣੀ ਪੈ ਸਕਦੀ ਹੈ। ਨਾਰਾਜ਼ਗੀ ਤੋਂ ਉਸ ਦੀ ਮੁਰਾਦ ਅਵਾਮ ਦੇ ਵਿਰੋਧ ਤੋਂ ਹੈ। ਮਨਮੋਹਨ ਸਿੰਘ ਦੀ ਯੂ.ਪੀ.ਏ. ਹਕੂਮਤ ਵਾਂਗ ਹੀ ਮੋਦੀ ਨੇ ਵੀ ਇਨ੍ਹਾਂ ਨੂੰ ਮੁਲਕ ਦੀ ਆਰਥਿਕ ਮਜ਼ਬੂਤੀ ਅਤੇ ਮੁਲਕ ਦੇ ਹਿੱਤ 'ਚ ਕੀਤੇ ਜਾਣ ਵਾਲੇ ਫ਼ੈਸਲੇ ਦੱਸਿਆ ਹੈ। ਇਹ ਸਾਫ਼ ਇਸ਼ਾਰਾ ਹੈ ਕਿ ਮੁਲਕ ਦੇ ਅਵਾਮ ਉਪਰ ਉਹ ਚੌਤਰਫ਼ਾ ਹਮਲਾ ਸ਼ੁਰੂ ਹੋਣ ਜਾ ਰਿਹਾ ਹੈ ਜਿਸ ਨੂੰ 16ਵੀਂ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ 'ਆਰਥਿਕ ਸੁਧਾਰਾਂ ਦੇ ਦੂਜੇ ਗੇੜ' ਦਾ ਨਾਂ ਦਿੱਤਾ ਜਾ ਰਿਹਾ ਸੀ; ਜਿਸ ਲਈ ਆਲਮੀ ਤੇ ਦੇਸੀ ਕਾਰਪੋਰੇਟਾਂ ਨੂੰ ਆਰਥਿਕ ਸੁਧਾਰਾਂ ਨੂੰ ਮਨਮੋਹਨ ਸਿੰਘ ਨਾਲੋਂ ਵਧੇਰੇ ਬੇਕਿਰਕ ਹੋ ਕੇ ਲਾਗੂ ਕਰਨ ਵਾਲਾ ਪ੍ਰਧਾਨ ਮੰਤਰੀ, ਤੇ ਯੂ.ਪੀ.ਏ. ਹਕੂਮਤ ਨਾਲੋਂ ਸਥਿਰ ਹਕੂਮਤ ਦਰਕਾਰ ਸੀ; ਅਤੇ ਜਿਸ ਬਾਰੇ ਮੋਦੀ ਕਾਰਪੋਰੇਟ ਸਰਮਾਏਦਾਰੀ ਨੂੰ ਯਕੀਨ ਦਿਵਾ ਰਿਹਾ ਸੀ ਕਿ ਜੇ ਉਸ ਦੀ ਹਕੂਮਤ ਬਣ ਜਾਂਦੀ ਹੈ ਤਾਂ ਉਹ ਵਿਕਾਸ ਪ੍ਰੋਜੈਕਟਾਂ ਦੇ ਰਥ ਅੱਗੇ ਜੁੱਪ ਕੇ ਇਨ੍ਹਾਂ ਨੂੰ ਪੂਰੀ ਰਫ਼ਤਾਰ ਨਾਲ ਮੰਜ਼ਲ 'ਤੇ ਲੈ ਜਾਵੇਗਾ। ਜ਼ਾਹਿਰ ਹੈ ਕਿ ਮੋਦੀ ਦੀ ਰਾਹਨੁਮਾਈ ਹੇਠ ਇਸ ਮੁਲਕ ਦੀ ਕਾਰਪੋਰੇਟਸ਼ਾਹੀ ਅੰਦਰੋ-ਅੰਦਰੀ ਵੱਡੇ ਫ਼ੈਸਲੇ ਕਰਨ ਦੀ ਪੂਰੀ ਤਿਆਰੀ 'ਚ ਹੈ। ਇਨ੍ਹਾਂ ਫ਼ੈਸਲਿਆਂ ਨਾਲ ਅਵਾਮ ਦੀ ਬਰਬਾਦੀ, ਉਜਾੜੇ ਅਤੇ ਵਿਆਪਕ ਜਬਰ-ਜ਼ੁਲਮ ਦੇ ਅਗਲੇ ਗੇੜ ਦਾ ਆਗਾਜ਼ ਹੋਏਗਾ।... ਤੇ ਇਹ ਵੀ ਤੈਅ ਹੈ ਕਿ ਅਵਾਮ ਵਲੋਂ ਇਸ ਦਾ ਵਿਰੋਧ ਵੀ ਤਿੱਖਾ ਹੋਵੇਗਾ।

ਗਿਆਰਾਂ ਜੂਨ ਨੂੰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਛੱਤੀਸਗੜ੍ਹ ਦੇ ਭਾਜਪਾਈ ਮੁੱਖ ਮੰਤਰੀ ਰਮਨ ਸਿੰਘ ਨਾਲ 'ਖੱਬੇਪੱਖੀ ਅਤਿਵਾਦ' ਦੀ ਹਾਲੀਆ ਸਥਿਤੀ ਦਾ ਵਿਸਤਾਰਤ ਰੀਵਿਊ ਕਰਨ ਪਿੱਛੋਂ ਜੋ ਬਿਆਨ ਜਾਰੀ ਕੀਤਾ, ਉਸ ਤੋਂ ਵੀ ਜ਼ਾਹਿਰ ਹੈ ਕਿ ਅਗਲੇ ਦਿਨਾਂ ਵਿਚ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡੇ ਖ਼ਤਰੇ' ਨਾਲ ਨਜਿੱਠਣ ਦੇ ਨਾਂ ਹੇਠ ਆਦਿਵਾਸੀਆਂ ਉਪਰ ਫ਼ੌਜੀ ਹਮਲੇ ਹੋਰ ਤੇਜ਼ ਕੀਤੇ ਜਾਣ ਦੀ ਤਿਆਰੀ ਕਰ ਲਈ ਗਈ ਹੈ। ਇਸ ਆਹਲਾ ਮਿਆਰੀ ਮੀਟਿੰਗ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਕਿਰਨ ਰਿਜਿਜੂ, ਕੇਂਦਰੀ ਗ੍ਰਹਿ ਸਕੱਤਰ ਅਨਿਲ ਗੋਸਵਾਮੀ, ਨੀਮ-ਫ਼ੌਜੀ ਤਾਕਤਾਂ ਦੇ ਮੁਖੀ, ਵਾਤਾਵਰਨ ਮੰਤਰਾਲੇ, ਜੰਗਲਾਤ ਅਤੇ ਦੂਰ-ਸੰਚਾਰ ਮਹਿਕਮਿਆਂ ਦੇ ਆਲ੍ਹਾ ਅਧਿਕਾਰੀ ਸ਼ਾਮਲ ਸਨ। ਆਪਣੇ ਹੀ ਅਵਾਮ ਖ਼ਿਲਾਫ਼ ਜੰਗ ਦੀਆਂ ਉੱਧੜ ਰਹੀਆਂ ਇਹ ਪਰਤਾਂ ਗ਼ੌਰਤਲਬ ਹਨ। ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ ਅਗਲੇ ਤਿੰਨ-ਚਾਰ ਮਹੀਨਿਆਂ ਵਿਚ ਬਸਤਰ 'ਚ 10,000 ਹੋਰ ਕੇਂਦਰੀ ਹਥਿਆਰਬੰਦ ਬਲ ਲਾਏ ਜਾਣਗੇ। ਇੰਜੀਨੀਅਰਾਂ ਸਮੇਤ ਦੋ ਤਕਨੀਕੀ ਬਟਾਲੀਅਨਾਂ (2000 ਨਫ਼ਰੀ) 'ਉਸਾਰੀ ਦੇ ਪ੍ਰੋਜੈਕਟਾਂ' (ਸੜਕਾਂ, ਮੋਬਾਈਲ ਟਾਵਰ ਵਗੈਰਾ ਉਸਾਰਨ) ਲਈ ਵਿਸ਼ੇਸ਼ ਭੇਜੀਆਂ ਜਾਣਗੀਆਂ ਅਤੇ ਮਾਓਵਾਦੀਆਂ ਨਾਲ ਮੁਕਾਬਲੇ ਸਮੇਂ ਹੋਰ ਹਥਿਆਰਬੰਦ ਦਸਤੇ ਜਾਂ ਕੁਮਕ ਭੇਜਣ ਲਈ ਫ਼ੌਜੀ ਹੈਲੀਕਾਪਟਰ ਇਸਤੇਮਾਲ ਕੀਤੇ ਜਾਣਗੇ। ਨਾਲ ਹੀ ਸੂਹ ਲੈਣ ਲਈ ਵਧੇਰੇ ਕੁਸ਼ਲ ਬਿਨਾ-ਪਾਇਲਟ ਖ਼ੁਫ਼ੀਆ ਜਹਾਜ਼ ਲਗਾਏ ਜਾਣਗੇ। ਛੱਤੀਸਗੜ੍ਹ ਹਕੂਮਤ ਨੇ 'ਸਰਕਾਰੀ ਪ੍ਰੋਜੈਕਟਾਂ' ਨੂੰ ਜੰਗਲ ਕੱਟਣ ਦੇ ਸਬੰਧ 'ਚ ਬਣਾਏ ਕਾਇਦੇ-ਕਾਨੂੰਨਾਂ ਤੋਂ ਛੋਟ ਦੇਣ ਦੀ ਮੰਗ ਵੀ ਕੀਤੀ ਗਈ ਹੈ।

ਗ਼ੌਰਤਲਬ ਹੈ ਕਿ ਮੀਟਿੰਗ ਦਾ ਖ਼ਾਸ ਫੋਕਸ ਮਾਓਵਾਦੀ ਸਦਰ ਮੁਕਾਮ ਬਸਤਰ ਖੇਤਰ ਉਪਰ ਸੀ ਜੋ ਕਾਰਪੋਰੇਟ ਏਜੰਡੇ ਉਪਰ ਤੇਜ਼ੀ ਨਾਲ ਅਮਲਦਾਰੀ ਵਿਚ ਨਾ ਸਿਰਫ਼ ਖ਼ੁਦ ਵੱਡੀ ਰੁਕਾਵਟ ਬਣਿਆ ਹੋਇਆ ਹੈ ਸਗੋਂ ਹੁਕਮਰਾਨਾਂ ਨੂੰ ਇਸ ਦੇ ਹੋਰ ਸੰਘਰਸ਼ਾਂ ਲਈ ਪ੍ਰੇਰਨਾ ਬਣ ਜਾਣ ਦਾ ਖ਼ਦਸ਼ਾ ਵੀ ਹੈ। ਇਹ ਮਾਓਵਾਦੀ ਗੜ੍ਹ ਹੀ ਹਨ ਜਿੱਥੋਂ ਕਾਰਪੋਰੇਟ ਸਰਮਾਏਦਾਰੀ ਦੇ ਦਲਾਲ ਸੱਤਾਤੰਤਰ ਨੂੰ ਜ਼ਬਰਦਸਤ ਹਥਿਆਰਬੰਦ ਟਾਕਰੇ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੱਤਾ ਤੋਂ ਨਾਬਰ ਤਾਕਤਾਂ ਨਾਲ 40 ਫ਼ੀਸਦੀ ਮੁਕਾਬਲੇ ਅਤੇ 60 ਫ਼ੀਸਦੀ ਬਾਰੂਦੀ ਸੁਰੰਗਾਂ ਦੇ ਵਿਸਫੋਟ ਇਥੇ ਦੱਖਣੀ ਬਸਤਰ ਵਿਚ ਹੀ ਹੋ ਰਹੇ ਹਨ। ਲਿਹਾਜ਼ਾ ਇਹ ਟਾਕਰਾ ਰਾਜਤੰਤਰ ਸਮੇਤ ਸਥਾਪਤੀ ਦੀਆਂ ਖ਼ੈਰ-ਖਵਾਹ ਸਾਰੀਆਂ ਹੀ ਤਾਕਤਾਂ ਨੂੰ ਅੱਖ 'ਚ ਰੋੜ ਵਾਂਗ ਰੜਕਦਾ ਹੈ। ਮੁਲਕ ਦੇ ਬਾਕੀ ਹਿੱਸਿਆਂ ਵਿਚ ਹੁਕਮਰਾਨ ਅਵਾਮ ਦੇ ਉਨ੍ਹਾਂ ਰੋਸ-ਪ੍ਰਗਟਾਵਿਆਂ ਨੂੰ ਅਣਗੌਲੇ ਕਰ ਕੇ ਅਤੇ ਸਹਿਜੇ ਹੀ ਬੇਅਸਰ ਕਰ ਕੇ ਸਟੇਟ ਦੀਆਂ ਲੋਕ-ਵਿਰੋਧੀ ਨੀਤੀਆਂ ਨੂੰ ਮੌਜ ਨਾਲ ਹੀ ਥੋਪਦੇ ਰਹਿੰਦੇ ਹਨ ਜੋ 'ਕਾਨੂੰਨੀ' ਚੌਖਟੇ ਵਿਚ ਰਹਿ ਕੇ ਜਥੇਬੰਦ ਕੀਤੇ ਜਾ ਰਹੇ ਹਨ ਜਿਨ੍ਹਾਂ ਨੂੰ ਹੁਕਮਰਾਨ ਟਿੱਚ ਵੀ ਨਹੀਂ ਜਾਣਦੇ; ਜਦਕਿ ਮਾਓਵਾਦੀ ਖੇਤਰਾਂ ਵਿਚ ਕਾਰਪੋਰੇਟਾਂ ਨਾਲ ਕੇਂਦਰੀ ਤੇ ਸੂਬਾਈ ਹਕੂਮਤਾਂ ਵਲੋਂ ਕੀਤੇ ਇਕਰਾਰਨਾਮੇ ਲਾਗੂ ਕਰਨਾ ਸੁਖਾਲਾ ਨਹੀਂ ਹੈ।

ਦੋ ਹੋਰ ਘਟਨਾ-ਵਿਕਾਸ ਵੀ ਮੋਦੀ ਹਕੂਮਤ ਵਲੋਂ ਲੋਕਾਂ ਖ਼ਿਲਾਫ਼ ਜੰਗ ਵਿਚ ਤੇਜ਼ੀ ਲਿਆਉਣ ਦੀਆਂ ਤਿਆਰੀਆਂ ਦੀ ਗਵਾਹੀ ਦਿੰਦੇ ਹਨ। ਮੀਡੀਆ ਦੇ ਇਕ ਹਿੱਸੇ ਵਿਚ ਉਨ੍ਹਾਂ ਬੁੱਧੀਜੀਵੀ ਹਿੱਸਿਆਂ ਤੇ ਉਨ੍ਹਾਂ ਅਕਾਦਮਿਕ ਅਦਾਰਿਆਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ ਜਿੱਥੋਂ ਹਿੰਦੁਸਤਾਨੀ ਰਾਜ ਦੇ ਤਾਨਾਸ਼ਾਹ ਕਿਰਦਾਰ ਅਤੇ ਕਾਰਪੋਰੇਟਸ਼ਾਹੀ ਦੇ ਖ਼ਿਲਾਫ਼ ਲਗਾਤਾਰ ਆਵਾਜ਼ ਉਠ ਰਹੀ ਹੈ। 2 ਜੂਨ ਨੂੰ 'ਪਾਇਨੀਅਰ' ਅਖ਼ਬਾਰ ਵਿਚ ਕੇ.ਜੀ.ਸੁਰੇਸ਼ ਨਾਂ ਦੇ ਲੇਖਕ ਦਾ ਮੁੱਖ ਸਫ਼ੇ ਉਪਰ ਲੇਖ ਛਪਿਆ ਹੈ। ਇਸ ਅਖ਼ਬਾਰ ਦਾ ਸੰਪਾਦਕ ਚੰਦਨ ਮਿਤਰਾ ਸਥਾਪਤੀ ਵਿਰੋਧੀ ਲਹਿਰਾਂ ਨੂੰ ਬੇਰਹਿਮੀ ਨਾਲ ਕੁਚਲਣ ਲਈ ਨਿੱਤ ਹੀ ਜ਼ਹਿਰ ਉਗਲਦਾ ਹੈ। ਤਾਜ਼ਾ ਲੇਖ ਵਿਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੀਆਂ ਦੋ ਦਰਜਨ ਦੇ ਕਰੀਬ ਵਿਦਿਆਰਥੀ ਤੇ ਸਭਿਆਚਾਰਕ ਜਥੇਬੰਦੀਆਂ (ਖ਼ਾਸ ਕਰ ਕੇ ਰੈਡੀਕਲ ਖ਼ਿਆਲਾਂ ਵਾਲੀ ਡੈਮੋਕਰੇਟਿਕ ਸਟੂਡੈਂਟਸ ਯੂਨੀਅਨ, ਸਿਆਸੀ ਕੈਦੀਆਂ ਦੀ ਰਿਹਾਈ ਲਈ ਕਮੇਟੀ ਜੇ.ਐਨ.ਯੂ. ਫੋਰਮ ਅਗੇਂਸਟ ਵਾਰ ਆਨ ਪੀਪਲ, ਰੈਵੋਲੂਸ਼ਨਰੀ ਕਲਚਰਲ ਫਰੰਟ, ਸਟੂਡੈਂਟਸ ਫਾਰ ਰਿਜਿਸਟੈਂਸ) ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਲੇਖਕ ਨੇ ਆਪਣਾ ਤੁਆਰਫ਼ ਵਿਵੇਕਾਨੰਦ ਫਾਊਂਡੇਸ਼ਨ ਦੇ ਸੀਨੀਅਰ ਫੈਲੋ ਅਤੇ ਸੰਪਾਦਕ ਵਜੋਂ ਕਰਾਇਆ ਹੈ; ਤੇ ਯੂਨੀਵਰਸਿਟੀ ਨੂੰ ਇਨ੍ਹਾਂ ਦੇਸ-ਧ੍ਰੋਹੀ ਅਨਸਰਾਂ ਤੋਂ ਮੁਕਤ ਕਰਾਉਣ ਲਈ ਹਮਲਾ ਕਰਨ ਦਾ ਸੱਦਾ ਦਿੱਤਾ ਹੈ: "ਇਹ ਵਿਦਵਾਨ ਜੋ ਉਦਾਰਵਾਦੀ ਅਤੇ ਨਾਰੀਵਾਦੀ ਹੋਣ ਦਾ ਢੌਂਗ ਰਚਦੇ ਹਨ; ਆਪਣੇ ਬਿਆਨਾਂ, ਤਕਰੀਰਾਂ, ਉਨ੍ਹਾਂ ਜਥੇਬੰਦੀਆਂ ਦੇ ਨਾਂ 'ਤੇ ਪ੍ਰਕਾਸ਼ਨਾਵਾਂ, ਰੋਸ-ਮੁਜ਼ਾਹਰਿਆਂ, ਗੋਸ਼ਟੀਆਂ ਅਤੇ ਵਿਚਾਰ-ਚਰਚਾਵਾਂ ਜ਼ਰੀਏ ਭਾਰਤ ਦਾ ਅਕਸ ਵਿਗਾੜਨ ਦੀਆਂ ਦੁਸ਼ਟ ਅਤੇ ਰਾਸ਼ਟਰ ਵਿਰੋਧੀ ਕਾਰਵਾਈਆਂ ਵਿਚ ਲੱਗੇ ਹੋਏ ਹਨ ਜਿਨ੍ਹਾਂ ਨੂੰ ਦੁਸ਼ਮਣ ਬਦੇਸ਼ੀ ਏਜੰਸੀਆਂ ਤੋਂ ਫੰਡ ਆਉਂਦੇ ਹਨ।" ਡੈਮੋਕਰੇਟਿਕ ਸਟੂਡੈਂਟਸ ਯੂਨੀਅਨ ਨੂੰ ਪਾਕਿਸਤਾਨ ਦੇ ਫੰਡਾਂ ਨਾਲ ਚਲਦੀ ਜਥੇਬੰਦੀ ਦਰਸਾਇਆ ਗਿਆ ਹੈ। ਲੇਖਕ ਨੇ ਯੂਨੀਵਰਸਿਟੀ ਕੈਂਪਸ ਅਤੇ ਰਾਜਧਾਨੀ ਵਿਚ ਅਗਾਂਹਵਧੂ ਬੁੱਧੀਜੀਵੀਆਂ ਵਲੋਂ ਕਸ਼ਮੀਰ ਦੀ ਆਜ਼ਾਦੀ ਦੀ ਹਮਾਇਤ, ਕਸ਼ਮੀਰ ਅਤੇ ਉੱਤਰ-ਪੂਰਬੀ ਰਿਆਸਤਾਂ ਵਿਚ ਹਿੰਦੁਸਤਾਨੀ ਫ਼ੌਜ ਦੇ ਜ਼ੁਲਮਾਂ ਅਤੇ ਅਫਸਪਾ ਰਾਹੀਂ ਦਮਨ, ਅਫ਼ਜ਼ਲ ਗੁਰੂ ਤੇ ਕਸਾਬ ਨੂੰ ਫਾਂਸੀ ਦੇ ਵਿਰੋਧ, ਓਪਰੇਸ਼ਨ ਗ੍ਰੀਨ ਹੰਟ, ਫਰਜ਼ੀ ਮੁਕਾਬਲਿਆਂ ਅਤੇ ਆਦਿਵਾਸੀਆਂ ਦੀ ਕਤਲੋਗ਼ਾਰਤ, ਕਸ਼ਮੀਰ ਵਿਚ ਬੇਪਛਾਣ ਕਬਰਾਂ, ਸਮੂਹਕ ਜਬਰ ਜਨਾਹਾਂ ਖ਼ਿਲਾਫ਼ ਸਰਗਰਮੀਆਂ ਦਾ ਉਚੇਚਾ ਜ਼ਿਕਰ ਕਰਦਿਆਂ ਸਵਾਲ ਕੀਤਾ ਹੈ- 'ਕੀ ਇਸ ਖ਼ਿੱਤੇ ਦੇ ਕਿਸੇ ਹੋਰ ਜਮਹੂਰੀ ਮੁਲਕ ਵਿਚ ਅਜਿਹੀਆਂ ਰਾਸ਼ਟਰ ਵਿਰੋਧੀ ਸਰਗਰਮੀਆਂ ਦੀ ਇਜਾਜ਼ਤ ਦੇਣ ਦੀ ਗੱਲ ਸੋਚੀ ਜਾ ਸਕਦੀ ਹੈ?' ਤੇ ਨਾਲ ਹੀ ਆਪਣਾ ਅਸਲ ਉਦੇਸ਼ ਵੀ ਜ਼ਾਹਿਰ ਕਰ ਦਿੱਤਾ ਹੈ: "ਹੁਣ ਜਦਕਿ ਕੌਮਪ੍ਰਸਤ ਹਕੂਮਤ ਕੇਂਦਰ ਵਿਚ ਸੱਤਾ ਵਿਚ ਹੈ, ਤੇ ਇਸ ਦੀ ਆਪਣੀ ਬਹੁ-ਗਿਣਤੀ ਹੈ, ਹੁਣ ਸਹੀ ਵਕਤ ਹੈ ਕਿ ਇਸ ਵੱਕਾਰੀ ਸੰਸਥਾ ਨੂੰ ਵੱਖਵਾਦੀਆਂ, ਮਾਓਵਾਦੀਆਂ ਅਤੇ ਰਾਸ਼ਟਰ ਵਿਰੋਧੀ ਤਾਕਤਾਂ ਤੋਂ ਰਹਿਤ ਬਣਾਇਆ ਜਾਵੇ। ਅਕਾਦਮਿਕ ਕੈਂਪਸਾਂ ਵਿਚ ਵਿਚਾਰਾਂ ਦੀ ਆਜ਼ਾਦੀ ਤਾਂ ਹੋਣੀ ਚਾਹੀਦੀ ਹੈ ਪਰ ਇਹ ਕੌਮੀ ਹਿੱਤਾਂ ਲਈ ਘਾਤਕ ਮਨਮਾਨੀਆਂ ਦਾ ਲਾਇਸੰਸ ਨਹੀਂ ਹੋਣੀ ਚਾਹੀਦੀ।" ਇਹ ਕਵਾਇਦ ਹਕੂਮਤ ਦਮਨ ਵਿਚ ਵਾਧੇ ਦੇ ਨਾਲ-ਨਾਲ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਨੂੰ ਕੁਚਲ ਕੇ ਸਮਾਜ ਦੇ ਜਾਗਰੂਕ ਹਿੱਸਿਆਂ ਦੀ ਆਵਾਜ਼ ਨੂੰ ਬੰਦ ਕਰਨ ਦੇ ਹੱਕ 'ਚ ਲੋਕ-ਰਾਇ ਬਣਾਉਣ ਦੀ ਮੌਕਾਰਥੀਵਾਦੀ ਕਵਾਇਦ ਹੈ।

ਇਸੇ ਸਿਲਸਿਲੇ ਦੀ ਅਗਲੀ ਕੜੀ ਇੰਟੈਲੀਜੈਂਸ ਬਿਊਰੋ ਦੀ ਐਨ.ਜੀ.ਓ. (ਗ਼ੈਰ-ਸਰਕਾਰੀ ਜਥੇਬੰਦੀਆਂ) ਬਾਰੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਭੇਜੀ ਤਾਜ਼ਾ ਰਿਪੋਰਟ ਹੈ। ਇਸ ਰਿਪੋਰਟ ਵਿਚ ਇਹ ਮੁੱਦਾ ਬਣਾਇਆ ਗਿਆ ਹੈ ਕਿ ਬਹੁਤ ਸਾਰੀਆਂ ਐਨ.ਜੀ.ਓਜ਼ ਵਲੋਂ ਮਨੁੱਖੀ ਹੱਕਾਂ ਦੇ ਨਾਂ 'ਤੇ ਆਉਂਦੇ ਫੰਡ 'ਵਿਕਾਸ ਪ੍ਰੋਜੈਕਟਾਂ' ਵਿਚ ਅੜਿੱਕਾ ਪਾਉਣ ਲਈ ਵਰਤੇ ਜਾ ਰਹੇ ਹਨ। ਇਹ ਕੋਲਾ ਅਤੇ ਬਾਕਸਾਈਟ ਦੀਆਂ ਖਾਣਾਂ ਖੋਦਣ, ਤੇਲ ਲੱਭਣ, ਪਰਮਾਣੂ ਪਲਾਂਟਾਂ, ਦਰਿਆਵਾਂ ਨੂੰ ਜੋੜਨ ਆਦਿ ਪ੍ਰੋਜੈਕਟਾਂ ਖ਼ਿਲਾਫ਼ ਮੁਜ਼ਾਹਰੇ ਕਰ ਕੇ ਅਤੇ ਉਸਾਰੀ ਕਾਮਿਆਂ ਦੀ ਲੁੱਟ-ਖਸੁੱਟ, ਤੇ ਵਾਤਾਵਰਨ ਦੇ ਮੁੱਦੇ ਉਠਾ ਕੇ ਮੁਲਕ ਦੇ ਨਾਂ ਨੂੰ ਵੱਟਾ ਲਾ ਰਹੇ ਹਨ ਅਤੇ ਆਰਥਿਕਤਾ ਨੂੰ ਨੁਕਸਾਨ ਪਹੁੰਚਾ ਰਹੇ ਹਨ। ਰਿਪੋਰਟ ਵਿਚ ਬੇਸ਼ਕ ਗਰੀਨਪੀਸ, ਨੈਸ਼ਨਲ ਅਲਾਇੰਸ ਆਫ ਐਂਟੀ-ਨਿਊਕਲੀਅਰ ਮੂਵਮੈਂਟ, ਪੀਪਲਜ਼ ਮੂਵਮੈਂਟ ਅਗੇਂਸਟ ਨਿਊਕਲੀਅਰ ਐਨਰਜੀ, ਕੁਲੀਸ਼ਨ ਫਾਰ ਨਿਊਕਲੀਅਰ ਡਿਸਆਰਮਾਮੈਂਟ ਐਂਡ ਪੀਸ ਨਾਂ ਦੀਆਂ ਐਨ.ਜੀ.ਓਜ਼ ਦਾ ਹੀ ਉਚੇਚਾ ਜ਼ਿਕਰ ਕੀਤਾ ਗਿਆ ਹੈ, ਪਰ ਇਹ ਸਾਰੀ ਕਵਾਇਦ ਅਖੌਤੀ ਵਿਕਾਸ ਪ੍ਰੋਜੈਕਟਾਂ ਵਿਰੁੱਧ ਉਠ ਰਹੇ ਅਵਾਮੀ ਵਿਰੋਧ ਨੂੰ ਬਦਨਾਮ ਕਰਨ ਦੀ ਚਾਲ ਹੀ ਹੈ। ਪੋਸਕੋ, ਵੇਦਾਂਤ ਦੇ ਦਿਓਕੱਦ ਪ੍ਰੋਜੈਕਟਾਂ ਵਿਰੁੱਧ ਅਵਾਮੀ ਲਹਿਰਾਂ ਕਾਰਨ ਪਿਛਲੀ ਕਾਂਗਰਸ ਹਕੂਮਤ ਨੂੰ ਮੁਲਕ ਦੇ ਵਸੀਲੇ ਵਿਦੇਸ਼ੀ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਮੁਹਿੰਮ ਨੂੰ ਵੱਡਾ ਧੱਕਾ ਲੱਗਿਆ ਸੀ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਵੀ ਕੁਡਨਕੁਲਮ ਪ੍ਰਮਾਣੂ ਪਲਾਂਟ ਵਿਰੁੱਧ ਅੰਦੋਲਨ ਨੂੰ ਬਦਨਾਮ ਕਰਨ ਲਈ ਆਪਣੇ ਕਾਰਜ-ਕਾਲ ਵਿਚ ਅਜਿਹੀ ਸੁਰ ਹੀ ਅਲਾਪੀ ਸੀ। ਇਹ ਵੀ ਚੇਤੇ ਰਹੇ ਕਿ ਯੂ.ਪੀ.ਏ. ਸਰਕਾਰ ਨੇ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਵਿਚ 'ਆਰਥਿਕ ਦਹਿਸ਼ਤਵਾਦ' ਦੀ ਨਵੀਂ ਧਾਰਾ ਜੋੜ ਕੇ ਅਵਾਮੀ ਲਹਿਰਾਂ ਦੇ ਫੰਡਾਂ ਨੂੰ ਇਸ ਕਾਨੂੰਨ ਦੀ ਮਾਰ ਹੇਠ ਲਿਆਉਣ ਦਾ ਨਵਾਂ ਦਮਨਕਾਰੀ ਫ਼ੈਸਲਾ ਕੀਤਾ ਸੀ। ਨਿਸ਼ਚੇ ਹੀ ਬਹੁਤ ਸਾਰੀਆਂ ਐਨ.ਜੀ.ਓਜ਼ ਵਿਦੇਸ਼ੀ ਫੰਡਾਂ ਨਾਲ ਚਲਦੀਆਂ ਹਨ, ਅਤੇ ਉਨ੍ਹਾਂ ਦੇ ਵਿੱਤੀ ਵਸੀਲੇ ਛਾਣ-ਬੀਣ ਦੀ ਮੰਗ ਕਰਦੇ ਹਨ ਪਰ ਇਸ ਮੁਲਕ 'ਤੇ ਕਾਬਜ਼ ਕਾਰਪੋਰੇਟਸ਼ਾਹੀ ਦੇ ਬੇਹਿਸਾਬ ਭ੍ਰਿਸ਼ਟਾਚਾਰ ਦੇ ਮੁਕਾਬਲੇ ਇਹ ਵਿੱਤੀ ਬੇਨਿਯਮੀਆਂ ਕੋਈ ਮਾਇਨੇ ਨਹੀਂ ਰੱਖਦੀਆਂ। 2004 'ਚ ਸਾਊਥ ਏਸ਼ੀਆ ਵਾਚ ਨੇ ਇਕ ਤੱਥ ਖੋਜ ਰਿਪੋਰਟ ਜਾਰੀ ਕੀਤੀ ਸੀ ਕਿ ਹਿੰਦੂ ਸੇਵਾ ਸੰਘ ਅਤੇ ਸੇਵਾ ਇੰਟਰਨੈਸ਼ਨਲ ਨੇ ਇੰਗਲੈਂਡ ਦੇ ਲੈਸਟਰ ਸ਼ਹਿਰ ਤੋਂ ਦਹਿ-ਲੱਖਾਂ ਪੌਂਡ ਇਕੱਠੇ ਕਰ ਕੇ ਆਰ.ਐਸ.ਐਸ. ਨੂੰ ਭੇਜੇ ਸਨ। ਅਜੇ ਮਾਰਚ 2014 ਵਿਚ ਹੀ ਦਿੱਲੀ ਹਾਈਕੋਰਟ ਨੇ ਭਾਜਪਾ ਅਤੇ ਕਾਂਗਰਸ ਨੂੰ ਬਦੇਸ਼ੀ ਕੰਪਨੀ ਵੇਦਾਂਤ ਸਮੂਹ ਤੋਂ ਬਦੇਸ਼ੀ ਫੰਡ ਹਾਸਲ ਕਰਦੇ ਵਕਤ ਕੀਤੀਆਂ ਭਾਰੀ ਬੇਨਿਯਮੀਆਂ ਲਈ ਝਾੜ ਪਾਈ ਸੀ। ਉਹ ਇੰਟੈਲੀਜੈਂਸ ਹੀ ਕੀ ਹੋਈ ਜਿਸ ਨੂੰ ਹਿੰਦੂਤਵੀ ਅਤੇ ਹੁਕਮਰਾਨ ਕੋੜਮੇ ਦੇ ਕਾਰਪੋਰੇਟ 'ਦਾਨ' ਨਜ਼ਰ ਆ ਜਾਣ। ਦਰਅਸਲ, ਇੰਟੈਲੀਜੈਂਸ ਬਿਊਰੋ ਦੀ ਰਿਪੋਰਟ ਦਾ ਮੂਲ ਸਰੋਕਾਰ ਤਾਂ 'ਵਿਕਾਸ ਪ੍ਰੋਜੈਕਟਾਂ' ਦਾ ਅਵਾਮੀ ਵਿਰੋਧ ਹੈ। ਇਸ ਵਕਤ ਇਹ ਰਿਪੋਰਟ ਖ਼ਾਸ ਮਕਸਦ ਨੂੰ ਲੈ ਕੇ ਨਸ਼ਰ ਕੀਤੀ ਗਈ ਹੈ। ਅਖੌਤੀ ਵਿਕਾਸ ਮਾਡਲ ਦੀ ਰਫ਼ਤਾਰ ਨੂੰ ਜ਼ਰਬਾਂ ਦੇਣ ਲਈ ਜ਼ਰੂਰੀ ਹੈ 'ਵਿਕਾਸ' ਦੀ ਲੋਕ ਵਿਰੋਧੀ ਤਾਸੀਰ ਉਪਰ ਪਰਦਾਪੋਸ਼ੀ ਕੀਤੀ ਜਾਵੇ ਅਤੇ ਇਨ੍ਹਾਂ ਪ੍ਰੋਜੈਕਟਾਂ ਦੇ ਖ਼ਿਲਾਫ਼ ਹਿਟਲਰ ਰਾਜ ਦੀ ਤਰ੍ਹਾਂ ਪੂਰੀ ਤਰ੍ਹਾਂ ਝੂਠ 'ਤੇ ਆਧਾਰਤ ਗੋਇਬਲਵਾਦੀ ਲੋਕ-ਰਾਇ ਤਿਆਰ ਕੀਤੀ ਜਾਵੇ ਅਤੇ ਇਨ੍ਹਾਂ ਨਾਲ ਉਜੜਨ ਵਾਲੇ ਅਵਾਮ ਦੇ ਵਿਰੋਧ ਨੂੰ ਦੇਸ਼-ਧ੍ਰੋਹੀ ਕਾਰਵਾਈਆਂ ਬਣਾ ਕੇ ਪੇਸ਼ ਕੀਤਾ ਜਾਵੇ।


ਇਸੇ ਪ੍ਰਸੰਗ 'ਚ ਹਾਲ ਹੀ ਵਿਚ ਰਿਲਾਇੰਸ ਕਾਰੋਬਾਰੀ ਸਲਤਨਤ ਦੇ ਮਾਲਕ ਮੁਕੇਸ਼ ਅੰਬਾਨੀ ਵਲੋਂ ਨੈੱਟਵਰਕ-18 ਉਪਰ ਮੁਕੰਮਲ ਕਬਜ਼ਾ ਕਰ ਕੇ ਮਾਸ-ਮੀਡੀਆ ਸਨਅਤ ਦਾ ਸਭ ਤੋਂ ਵੱਡਾ ਖਿਡਾਰੀ ਬਣ ਜਾਣਾ ਵੀ ਬਹੁਤ ਅਹਿਮੀਅਤ ਰੱਖਦਾ ਹੈ। ਉਹ ਹੁਣ ਸੂਚਨਾ ਅਤੇ ਵਿਚਾਰਾਂ ਦੇ ਸੰਚਾਰ ਉਪਰ ਕਾਬਜ਼ ਹੋ ਕੇ ਮੀਡੀਆ ਜ਼ਰੀਏ ਲੋਕ-ਰਾਇ ਨੂੰ ਪ੍ਰਭਾਵਿਤ ਕਰਨ ਦੀ ਬੇਸ਼ੁਮਾਰ ਤਾਕਤ ਦਾ ਮਾਲਕ ਬਣ ਗਿਆ ਹੈ। ਸੀ.ਐਨ.ਐਨ-ਆਈ.ਬੀ.ਐਨ, ਆਈ.ਬੀ.ਐਨ.7 ਵਰਗੇ ਕਈ ਤਾਕਤਵਰ ਟੀ.ਵੀ. ਚੈਨਲ, ਮਨੀਕੰਟਰੋਲ, ਫਸਟਪੋਸਟ, ਆਈ.ਬੀ.ਐਨ. ਲਾਈਵ, ਕ੍ਰਿਕਟਨੈਕਸਟ, ਹੋਮਸ਼ਾਪ18 ਵਰਗੀਆਂ ਚੋਟੀ ਦੀਆਂ ਇੰਟਰਨੈਟ ਸਾਈਟਾਂ ਅਤੇ ਫੋਰਬਸ ਇੰਡੀਆ ਤੇ ਓਵਰਡ੍ਰਾਈਵ ਵਰਗੇ ਰਸਾਲੇ ਹੁਣ ਮੁਕੇਸ਼ ਦੀ ਅਜਾਰੇਦਾਰਾ ਮਾਲਕੀ ਹੇਠ ਹਨ। ਇਸ ਨਾਲ ਭਾਰਤ ਵਿਚ ਵਿਚਾਰਾਂ ਦੀ ਆਜ਼ਾਦੀ ਦੀ ਗੁੰਜਾਇਸ਼ ਹੋਰ ਵੀ ਸੁੰਗੜ ਜਾਵੇਗੀ ਅਤੇ ਇਹ ਮੀਡੀਆ ਸਲਤਨਤ ਲੋਕ ਹਿੱਤਾਂ ਉਪਰ ਪ੍ਰਚਾਰ ਹਮਲਿਆਂ ਦਾ ਵੱਡਾ ਹਥਿਆਰ ਬਣ ਕੇ ਸਾਹਮਣੇ ਆਵੇਗੀ। ਮੋਦੀ ਹਕੂਮਤ ਦੇ ਕਾਰਪੋਰੇਟ ਮੋਰਚੇ ਦੇ ਨਾਲ-ਨਾਲ ਇਸ ਦਾ ਜੋੜਾ ਭਾਈ ਹਿੰਦੂਤਵੀ ਮੋਰਚਾ ਵੀ ਪਿੱਛੇ ਨਹੀਂ ਹੈ। 2 ਜੂਨ ਨੂੰ ਪੂਣੇ ਵਿਚ ਹਿੰਦੂ ਰਾਸ਼ਟਰ ਸੈਨਾ ਦੇ ਹਜੂਮ ਵਲੋਂ ਆਪਣੇ ਬਾਈਕ ਉਪਰ ਜਾ ਰਹੇ ਮੋਹਸਿਨ ਸਾਦਿਕ ਸ਼ੇਖ ਨਾਂ ਦੇ ਮੁਸਲਿਮ ਇੰਜੀਨੀਅਰ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਹਿੰਦੂਤਵੀ ਹਜੂਮ ਫੇਸਬੁਕ ਉਪਰ ਬਾਲ ਠਾਕਰੇ ਅਤੇ ਛਤਰਪਤੀ ਸ਼ਿਵਾਜੀ ਦੀਆਂ ਅਪਮਾਨਜਨਕ ਤਸਵੀਰਾਂ ਲਗਾਏ ਜਾਣ ਵਿਰੁੱਧ ਰੋਸ ਪ੍ਰਗਟਾ ਰਿਹਾ ਸੀ ਕਿ ਇਹ ਪੇਜ ਕਿਸੇ 'ਨਿਹਾਲ ਖ਼ਾਂ' ਨਾਂ ਦੇ ਮੁਸਲਮਾਨ ਨੇ ਪੋਸਟ ਕੀਤੀਆਂ ਸਨ ਪਰ ਪੁਲਿਸ ਰਿਪੋਰਟ ਮੁਤਾਬਿਕ ਇਸ ਪੇਜ ਨੂੰ ਨਿਖਿਲ ਟਿਕੋਨੇ ਨਾਂ ਦਾ ਇਕ 'ਹਿੰਦੂ' ਚਲਾ ਰਿਹਾ ਸੀ। ਇਸ ਹਿੰਦੂਤਵੀ ਗਰੋਹ ਨੇ ਇਸ ਲਿੰਕ ਉਪਰ ਚੈਟਿੰਗ ਕਰ ਕੇ ਇਸ ਨੂੰ ਤੇਜ਼ੀ ਨਾਲ ਫੈਲਾਇਆ ਅਤੇ ਫਿਰ ਇਸ ਨੂੰ ਮੁੱਦਾ ਬਣਾ ਲਿਆ। ਇਹ ਪੇਜ ਫੇਸਬੁਕ ਉਪਰੋਂ ਹਟਾ ਦਿੱਤਾ ਗਿਆ, ਫਿਰ ਵੀ ਹਿੰਦੂਤਵੀ ਰੋਸ-ਪ੍ਰਗਟਾਵੇ ਦੇ ਨਾਂ ਹੇਠ ਹੁੱਲੜਬਾਜ਼ੀ ਤੋਂ ਬਾਜ਼ ਨਹੀਂ ਆਏ ਅਤੇ ਯੋਜਨਾਬੱਧ ਢੰਗ ਨਾਲ ਇਕ ਬੇਕਸੂਰ ਮੁਸਲਮਾਨ ਨੂੰ ਹਾਕੀਆਂ ਅਤੇ ਪੱਥਰ ਮਾਰ ਕੇ ਮਾਰ ਦਿੱਤਾ। ਇਸ ਪਿੱਛੋਂ ਮਰਾਠੀ ਵਿਚ ਐਸ.ਐਮ.ਐਸ. ਜ਼ਰੀਏ ਮੁਸਲਿਮ ਅਵਾਮ ਨੂੰ ਸੁਨੇਹਾ ਦਿੱਤਾ ਗਿਆ: 'ਪਹਿਲਾ ਵਿਕਟ ਡਿਗਿਆ ਹੈ'। ਇਸ 'ਸੈਨਾ' ਦੇ ਸੈਨਾਪਤੀ ਧਨੰਜਯ ਦੇਸਾਈ ਉਪਰ ਫ਼ਸਾਦਾਂ ਅਤੇ ਗੁੰਡਾ ਟੈਕਸ ਵਸੂਲਣ ਦੇ 23 ਮਾਮਲੇ ਪਹਿਲਾਂ ਹੀ ਦਰਜ ਹਨ। ਲਗਦਾ ਹੈ ਇਹੀ ਉਹ 'ਅੱਛੇ ਦਿਨ' ਹਨ ਜਿਨ੍ਹਾਂ ਦੇ ਵਾਅਦੇ ਅਤੇ ਦਾਅਵੇ ਮੋਦੀ ਚੋਣਾਂ ਤੋਂ ਪਹਿਲਾਂ ਅਤੇ ਚੋਣ-ਮੁਹਿੰਮ ਦੌਰਾਨ ਕਰਦਾ ਰਿਹਾ।



*ਮਾਓਵਾਦੀਆਂ ਦੇ ਅਸਰ ਵਾਲਾ ਉਹ ਜੰਗਲੀ ਇਲਾਕਾ ਜਿਥੋਂ ਦੇ ਲੋਕ, ਕਾਰਪੋਰੇਟ ਲਾਣੇ ਦਾ ਡਟ ਕੇ ਵਿਰੋਧ ਕਰ ਰਹੇ ਹਨ।*

# ਬਜ਼ੁਰਗ ਸਰਦਾਰ ਉਮਰ ਦਿਨ ਚਾਰ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਇਸ ਤੋਂ ਪਹਿਲਾਂ ਕਿ ਅਤਿਅੰਤ ਅਚੰਭੇ ਭਰੀ ਦੁਖਦਾਈ ਸੂਚਨਾ ਦੀਆਂ ਉਦਾਸ ਤੇ ਵੈਰਾਗੀ ਤੰਦਾਂ ਪਕੜ ਕੇ ਉਸ ਨੂੰ ਵਿਸਥਾਰ ਵਿਚ ਲਿਖਣਾ ਸ਼ੁਰੂ ਕਰਾਂ, ਮੇਰੀ ਇੱਛਾ ਹੈ ਕਿ ਹੋਣੀ ਦੇ ਇਸ ਅਜਬ ਵਰਤਾਰੇ ਦੀ ਥੋੜ੍ਹੀ-ਬਹੁਤੀ ਥਾਹ ਪਾਉਣ ਹਿਤ ਭੂਮਿਕਾ ਵਜੋਂ ਕੁਝ ਅਜਿਹੀਆਂ ਘਟਨਾਵਾਂ ਵਰਣਨ ਕਰ ਦਿਆਂ ਜੋ ਮੈਂ ਇਧਰੋਂ-ਉਧਰੋਂ ਸੁਣ ਕੇ, ਜਾਂ ਪੜ੍ਹ ਕੇ ਆਪਣੇ ਚੇਤਿਆਂ ਦੀ ਚੰਗੇਰ ਵਿਚ ਸਾਂਭੀਆਂ ਹੋਈਆਂ ਨੇ। ਉਮੀਦ ਕਰਦਾ ਹਾਂ ਕਿ ਇਨ੍ਹਾਂ ਦੇ ਲਿਖਤੀ ਬਿਰਤਾਂਤ ਵਿਚ ਲੰਘ ਕੇ, ਵਰਤ ਚੁੱਕੇ ਭਾਣੇ ਦੇ ਦਰਦ ਨੂੰ ਸਹਿਜ ਨਾਲ ਸਮਝਿਆ ਜਾ ਸਕੇਗਾ। ਅਚਾਨਕ ਅਕਾਲ ਚਲਾਣਾ ਕਰ ਗਏ ਜਿਸ ਸੂਝਵਾਨ ਸੱਜਣ ਦੇ ਅੰਤਮ ਸਮੇਂ ਦੇ ਕੁਝ ਵਾਕਿਆਤ ਲਿਖਣ ਜਾ ਰਿਹਾਂ, ਉਨ੍ਹਾਂ ਦਾ ਰਹੱਸ ਜਾਣਨ ਵਾਸਤੇ ਕੁਝ ਵੇਰਵੇ ਜ਼ਰੂਰੀ ਜਾਪਦੇ ਨੇ।

ਜਥਾ ਭਿੰਡਰਾਂ ਦੇ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਦੇ ਗੜਵਈ ਰਹੇ ਭਾਈ ਲਛਮਣ ਸਿੰਘ ਮਾਜਰਾ ਜੱਟਾਂ ਜਥੇ ਦੀਆਂ ਗੱਲਾਂ ਦਾ ਅਮੁਕ ਖ਼ਜ਼ਾਨਾ ਸੀ। ਉਹ ਦੱਸਿਆ ਕਰਦੇ ਸਨ ਕਿ ਜਥੇ ਵਿਚ ਤੈਅ-ਸ਼ੁਦਾ ਦਿਨਾਂ 'ਤੇ ਅੰਮ੍ਰਿਤ ਸੰਚਾਰ ਹੁੰਦਾ ਸੀ। ਇਕ ਵਾਰ ਅੰਮ੍ਰਿਤ ਸੰਚਾਰ ਦੇ ਪ੍ਰੋਗਰਾਮ ਦੀ ਪੂਰਨ ਸਮਾਪਤੀ ਮੌਕੇ ਕੋਈ ਸੱਜਣ ਆਣ ਕੇ ਕਹਿਣ ਲੱਗਾ, "ਮੈਨੂੰ ਵੀ ਅੰਮ੍ਰਿਤ ਛਕਾਓ ਜੀ।" ਜਥੇ ਦੇ ਸਿੰਘਾਂ ਨੇ ਕਿਹਾ, "ਅੱਜ ਤਾਂ ਸਮਾਪਤੀ ਹੋ ਚੁੱਕੀ ਹੈ, ਅਗਲੀ ਵਾਰੀ ਸਹੀ।" ਉਹ ਕਹੇ, "ਨਹੀਂ, ਮੈਂ ਤਾਂ ਅੱਜ ਹੀ ਅੰਮ੍ਰਿਤਪਾਨ ਕਰਨਾ ਹੈ।" ਸਿੰਘਾਂ ਨੇ ਉਸ ਦੀ ਅਭਿਲਾਸ਼ਾ ਦੇਖ ਕੇ ਆਖਿਆ, "ਹੁਣੇ ਤਾਂ ਨਹੀਂ, ਪਰ ਸਵੇਰੇ ਅਸੀਂ ਦੁਬਾਰਾ ਅੰਮ੍ਰਿਤ ਦਾ ਬਾਟਾ ਤਿਆਰ ਕਰਾਂਗੇ, ਤੁਸੀਂ ਕੱਲ੍ਹ ਆ ਜਾਣਾ।" ਬਾਹਰੋਂ ਆਇਆ ਸੱਜਣ ਖਹਿੜੇ ਈ ਪੈ ਗਿਆ। ਅਖੇ, ਅੱਜ ਹੀ ਛਕਣਾ ਐ ਅੰਮ੍ਰਿਤ।

ਗੱਲ ਆਖਰ ਸੰਤਾਂ ਕੋਲ ਪਹੁੰਚੀ। ਉਨ੍ਹਾਂ ਉਸ ਨੂੰ ਪਿਆਰ ਸਤਿਕਾਰ ਨਾਲ ਮਨਾਇਆ, "ਭਾਈ ਸਿੱਖਾ! ਜ਼ਿਦ ਨਹੀਂ ਕਰੀਦੀ। ਤੂੰ ਰਾਤ ਸਾਡੇ ਕੋਲ ਆਰਾਮ ਕਰ, ਸਵੇਰੇ ਤੈਨੂੰ ਅੰਮ੍ਰਿਤਪਾਨ ਕਰਵਾ ਦਿਆਂਗੇ।" ਉਹ ਸੰਤਾਂ ਦਾ ਆਖਾ ਮੰਨ ਤਾਂ ਗਿਆ ਪਰ ਨਿਰਾਸ਼ ਜਿਹਾ ਹੋ ਗਿਆ। ਰਾਤ ਨੂੰ ਲੰਗਰ-ਪਾਣੀ ਛਕ ਕੇ ਉਹ ਸੌਂ ਗਿਆ। ਸੁਬ੍ਹਾ ਸਾਰੀ ਸੰਗਤ ਉਠ ਕੇ ਇਸ਼ਨਾਨ-ਪਾਨ ਕਰਨ ਲੱਗ ਪਈ, ਪਰ ਉਹ ਉਠਿਆ ਹੀ ਨਾ। ਜਦੋਂ ਰਜਾਈ ਚੁੱਕ ਕੇ ਦੇਖਿਆ, ਉਹ ਪੂਰਾ ਹੋ ਚੁੱਕਾ ਸੀ।

ਸੰਤ ਜੀ ਨੇ ਇਸ ਘਟਨਾ ਦਾ ਬਹੁਤ ਵੈਰਾਗ ਕੀਤਾ। ਉਹ ਪਛਤਾਵਾ ਕਰਦਿਆਂ ਆਪਣੇ ਸਾਥੀਆਂ ਨੂੰ ਕਹਿਣ ਲੱਗੇ, "ਸਿੰਘੋ ਦੇਖੋ! ਤੁਹਾਡੀ ਘੌਲ ਕਾਰਨ ਇਕ ਸਰੀਰ ਅੰਮ੍ਰਿਤ ਤੋਂ ਵਾਂਝਾ ਚਲਾ ਗਿਆ ਦੁਨੀਆਂ ਤੋਂ।"

ਦੂਜੀ ਕਹਾਣੀ ਮੈਂ ਕਿਸੇ ਕਿਤਾਬਚੇ ਵਿਚ ਪੜ੍ਹੀ ਹੋਈ ਹੈ। ਸੰਨ 1999 ਦੇ ਉਨ੍ਹਾਂ ਦਿਨਾਂ ਵਿਚ ਜਦੋਂ ਅਕਾਲੀ ਲੀਡਰਾਂ ਵਲੋਂ ਸਾਰੀ ਕੌਮ ਨੂੰ ਅੰਮ੍ਰਿਤਧਾਰੀ ਬਣਾਉਣ ਦੇ ਐਲਾਨ ਕੀਤੇ ਜਾ ਰਹੇ ਸਨ, ਉਸ ਮੌਕੇ ਮੇਰੇ ਹੱਥ ਲੱਗੀ ਇਸ ਕਿਤਾਬ ਵਿਚ ਇਕ ਨਿੱਕੀ ਕਹਾਣੀ ਛਪੀ ਹੋਈ ਸੀ... ਕਹਿੰਦੇ, ਕੋਈ ਓਪਰਾ ਬੰਦਾ ਕਿਸੇ ਗ੍ਰਹਿਸਥੀ ਸਿੱਖ ਦੇ ਘਰੇ ਗਿਆ। ਕੁਝ ਛਕਣ-ਛਕਾਉਣ ਵੇਲੇ ਗੱਲਾਂ-ਬਾਤਾਂ ਕਰਦਿਆਂ ਉਸ ਸਿੱਖ ਪਰਿਵਾਰ ਦੇ ਕਾਲਜ ਜਾਂਦੇ ਗੱਭਰੂ ਮੂੰਹੋਂ ਬੜੇ ਗਿਆਨ-ਧਿਆਨ ਦੀਆਂ ਗੱਲਾਂ ਸੁਣ ਕੇ ਓਪਰਾ ਬੰਦਾ ਕਾਫੀ ਪ੍ਰਭਾਵਤ ਹੋਇਆ। ਹੈਰਾਨ ਹੁੰਦਿਆਂ ਉਸ ਨੇ ਮੁੰਡੇ ਨੂੰ ਉਸ ਦੀ ਉਮਰ ਪੁੱਛੀ। ਮੁੰਡਾ ਬੋਲਿਆ, "ਜੀ ਮੈਂ ਚਾਰ ਸਾਲਾਂ ਦਾ ਹੋਇਆ ਹਾਂ ਹਾਲੇ।" ਗੱਭਰੂ ਦੇ ਮੂੰਹੋਂ 'ਚਾਰ ਸਾਲ' ਵਾਲਾ ਜਵਾਬ ਸੁਣ ਕੇ, ਪੁੱਛਣ ਵਾਲੇ ਨੇ ਪਹਿਲਾਂ ਸੋਚਿਆ ਕਿ ਉਸ ਨੂੰ ਮਖੌਲ ਕੀਤਾ ਹੋਣੈ, ਪਰ ਸਾਧੂਆਂ-ਸੰਤਾਂ ਵਰਗੇ ਮੁੰਡੇ ਦਾ ਸ਼ਾਂਤ ਚਿੱਤ ਚਿਹਰਾ-ਮੋਹਰਾ ਦੱਸ ਰਿਹਾ ਸੀ ਕਿ ਮੁੰਡਾ ਯੱਕੜ ਮਾਰਨਾ ਵਾਲਾ ਨਹੀਂ।

ਸ਼ਸ਼ੋਪੰਜ ਵਿਚ ਪਏ ਬੰਦੇ ਨੂੰ ਹੋਰ ਤਾਂ ਕੁਝ ਨਾ ਸੁੱਝਾ, ਉਸ ਨੇ ਐਵੇਂ ਹੀ ਗੱਲ ਹੋਧਰੇ ਪਾਉਣ ਲਈ ਮੁੰਡੇ ਨੂੰ ਉਸ ਦੇ ਪਿਉ ਦੀ ਉਮਰ ਪੁੱਛ ਲਈ। "ਉਹ ਤਾਂ ਜੀ ਦੋ ਸਾਲ ਦੇ ਹੋਏ ਆ।" ਇਹ ਅਨੋਖਾ ਜਵਾਬ ਸੁਣ ਕੇ ਓਪਰੇ ਬੰਦੇ ਦਾ ਮੂੰਹ ਹੀ ਅੱਡਿਆ ਰਹਿ ਗਿਆ, ਪਰ ਪੈਂਦੀ ਸੱਟੇ ਉਸ ਨੇ ਮਾਂ ਦੀ ਉਮਰ ਪੁੱਛੀ। ਉਹ ਵੀ 'ਦੋ ਸਾਲ' ਦੀ ਹੀ ਸੁਣ ਕੇ ਬੰਦਾ ਸੋਚੀਂ ਪੈ ਗਿਆ ਕਿ ਇਹ ਕੀ ਮਾਜਰਾ ਹੋਵੇਗਾ? ਮੱਸ ਫੁੱਟ ਗੱਭਰੂ ਚਾਰ ਸਾਲ ਦਾ, ਮਾਂ-ਬਾਪ ਦੋਵੇਂ ਦੋ-ਦੋ ਸਾਲ ਦੇ?

ਇਸ ਅਜੀਬ ਗੁੰਝਲ ਨੂੰ ਖੁਦ-ਬ-ਖੁਦ ਖੋਲ੍ਹਣ ਲਈ ਕੁਝ ਪਲ ਮਨ ਦੇ ਘੋੜੇ ਦੁੜਾਉਣ ਬਾਅਦ ਓਪਰਾ ਬੰਦਾ ਮੁੰਡੇ ਦੇ ਬਾਪ ਨੂੰ ਇਸ ਬੁਝਾਰਤ ਜਿਹੀ ਦਾ ਉਤਰ ਪੁੱਛਦਾ ਹੈ। ਬਾਪ ਦੱਸਦਾ ਹੈ, "ਸਾਡਾ ਪੁੱਤਰ ਬਿਲਕੁਲ ਸੱਚ ਬੋਲ ਰਿਹਾ ਹੈ। ਸ੍ਰੀਮਾਨ ਜੀ, ਮੈਂ ਤੇ ਮੇਰੀ ਘਰਵਾਲੀ ਭਾਵੇਂ ਪੰਜਾਹ ਨੂੰ ਢੁੱਕੇ ਹੋਏ ਹਾਂ, ਪਰ ਗੁਰੂਘਰ ਵਿਚ ਜਨਮ ਲਿਆਂ ਨੂੰ, ਭਾਵ ਅੰਮ੍ਰਿਤਪਾਨ ਕਰਿਆਂ ਸਾਨੂੰ ਦੋ ਸਾਲ ਹੀ ਹੋਏ ਨੇ। ਨਿਗੁਰੇ ਰਹਿਣ ਵਾਲੇ ਸਾਲਾਂ ਨੂੰ ਅਸੀਂ ਆਪਣੀ ਉਮਰ ਵਿਚ ਨਹੀਂ ਗਿਣਦੇ। ਇੰਜ ਹੀ ਸਾਡਾ ਬੇਟਾ ਬੇਸ਼ਕ ਪੱਚੀ ਸਾਲ ਦਾ ਹੈ, ਪਰ ਅੰਮ੍ਰਿਤ ਛਕਿਆਂ ਉਸ ਨੂੰ ਸਿਰਫ ਚਾਰ ਸਾਲ ਹੀ ਹੋਏ ਨੇ। ਇਹ ਹੈ ਸਾਡੇ ਟੱਬਰ ਦੀਆਂ ਉਮਰਾਂ ਦਾ ਰਾਜ਼।"

ਹੁਣ ਅੱਗੇ ਵਧਦੇ ਹਾਂ। ਇਸ ਪਾਵਨ ਅੰਮ੍ਰਿਤ ਦਾ ਚਸ਼ਮਾ ਜਦੋਂ 1699 ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਫੁੱਟਿਆ ਸੀ, ਤਦ ਅੰਮ੍ਰਿਤ ਦਾਤੇ, ਕਲਗੀਆਂ ਵਾਲੇ ਪਾਤਸ਼ਾਹ ਨੇ ਜਾਤ ਅਭਿਮਾਨੀਆਂ ਨੂੰ ਐਲਾਨੀਆ ਕਿਹਾ ਸੀ ਕਿ ਇਨ ਗਰੀਬ ਸਿੱਖਨ ਕੋ ਦੇਉਂ ਪਾਤਸ਼ਾਹੀ। ਸਤਿਗੁਰੂ ਨੇ ਉਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਜਿਨ੍ਹਾਂ ਨੂੰ ਆਪਣੇ-ਆਪ ਨੂੰ ਉਚੀਆਂ ਜਾਤਾਂ ਕਹਾਉਣ ਵਾਲੇ ਸੂਦਰ ਕਹਿੰਦੇ ਸੀ। ਜਦ ਇਹ ਕਥਿਤ ਸੂਦਰ ਸ਼ਸਤਰਧਾਰੀ ਸਰਦਾਰ ਬਣ ਕੇ ਮੈਦਾਨ ਵਿਚ ਨਿੱਤਰੇ, ਤਾਂ ਜਾਤ ਅਭਿਮਾਨੀਆਂ ਦੇ ਝੁੰਡ ਪਹਾੜੀ ਰਾਜਿਆਂ ਨੇ ਇਨ੍ਹਾਂ ਗੁਰੂ ਦੇ ਸਿੱਖਾਂ ਨੂੰ ਟਿੱਚਰਾਂ ਕੀਤੀਆਂ,

ਉਹਨੇ 'ਕੱਠੇ ਕੀਤੇ ਜੱਟ ਬੂਟ,
ਝੀਵਰ ਤਰਖਾਣਾ।
ਉਹ ਕੀ ਜਾਣਨ ਤੇਗ ਨੂੰ
ਹੱਥ ਕਿਧਰੋਂ ਪਾਉਣਾ?

ਸਮਾਂ ਆਪਣੀ ਤੋਰੇ ਤੁਰਦਾ ਗਿਆ। ਬਿਪਰ ਸ਼ਕਤੀਆਂ ਨੇ ਸਿੱਖਾਂ ਵਿਚ ਵੀ ਜਾਤਾਂ-ਗੋਤਾਂ ਦੇ ਕੁਲੱਛਣੇ ਬੀਅ ਬੀਜ ਦਿਤੇ। ਪੰਥ ਵਿਚ ਵੀ ਉਚੀਆਂ ਤੇ ਨੀਵੀਆਂ ਜਾਤਾਂ ਦੀਆਂ ਵੰਡੀਆਂ ਪਾ ਦਿੱਤੀਆਂ ਗਈਆਂ। ਇਤਿਹਾਸ ਨੇ ਉਹ ਪਲ ਵੀ ਤੱਕੇ ਜਦ ਸਿੰਘ ਸਭਾ ਲਹਿਰ ਦੇ ਜ਼ੋਰਦਾਰ ਪ੍ਰਭਾਵ ਸਦਕਾ ਕਥਿਤ ਅਛੂਤ ਸਿੱਖ ਕੜਾਹ ਪ੍ਰਸ਼ਾਦ ਦੀਆਂ ਪਰਾਤਾਂ ਸਿਰਾਂ 'ਤੇ ਚੁੱਕ ਕੇ ਖਾਲਸਾ ਪੰਥ ਦਾ ਮੁੜ ਅੰਗ ਬਣਨ ਲਈ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹਾਜ਼ਰ ਹੋਏ। ਬਿਪਰ ਦੇ ਹੱਥਠੋਕੇ ਪੁਜਾਰੀ ਉਦੋਂ ਹਰਿਮੰਦਰ ਸਾਹਿਬ ਸੁੰਨਾ ਛੱਡ ਕੇ ਦੌੜ ਗਏ ਪਰ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਅਨੁਸਾਰ ਪੰਥ ਨੇ ਜੈਕਾਰੇ ਛੱਡ ਕੇ ਆਪਣੇ ਵਿਛੜੇ ਭਰਾਵਾਂ ਦਾ ਚਾਅਵਾਂ ਤੇ ਰੀਝਾਂ ਨਾਲ ਸਵਾਗਤ ਕੀਤਾ। ਵਕਤ ਦੀ ਤਿਰਛੀ ਨਜ਼ਰ ਨੇ ਫਿਰ ਉਹ ਲਮਹੇ ਵੀ ਦੇਖੇ, ਜਦੋਂ ਵਿਦਵਤਾ ਦੇ ਵਗਦੇ ਦਰਿਆ ਤੇ ਕੌਮੀ ਚਿੰਤਕ ਡਾ. ਭੀਮ ਰਾਉ ਅੰਬੇਦਕਰ ਨੇ ਕਰੋੜਾਂ ਸਾਥੀਆਂ ਸਮੇਤ ਅੰਮ੍ਰਿਤਪਾਨ ਕਰਨ ਦੀਆਂ ਯੋਜਨਾਵਾਂ ਬਣਾਈਆਂ। ਬਿਪਰ ਆਗੂ ਮਹਾਤਮਾ ਗਾਂਧੀ ਦੇ ਢਿੱਡ ਪੀੜ ਹੋਣ ਲੱਗ ਪਈ। ਉਸ ਨੇ ਤਾਂ ਮਰਨ ਵਰਤ ਰੱਖਣ ਦਾ ਐਲਾਨ ਕਰ ਦਿਤਾ। ਇੱਧਰ ਸਿੱਖ ਆਗੂਆਂ ਵਿਚ ਕੁਝ ਅਜਿਹੇ ਸਨ ਜਿਨ੍ਹਾਂ ਨੂੰ ਕੇਸਾਧਾਰੀ ਬਿਪਰ ਹੀ ਕਿਹਾ ਜਾ ਸਕਦਾ ਹੈ। ਇਨ੍ਹਾਂ ਸਾਰਿਆਂ ਦੀਆਂ ਗੁੰਦੀਆਂ ਹੋਈਆਂ ਗੋਂਦਾਂ ਨੇ ਡਾ. ਅੰਬੇਦਕਰ ਦਾ ਸੁਪਨਾ ਚਕਨਾਚੂਰ ਕਰ ਦਿੱਤਾ। ਕਾਲ ਚੱਕਰ ਚਲਦਾ ਗਿਆ। ਬਹੁਤ ਕੁਝ ਅਜਿਹਾ ਵਾਪਰਦਾ ਰਿਹਾ ਜਿਸ ਨੇ ਸਿੱਖਾਂ ਅਤੇ ਪਛੜੇ ਵਰਗਾਂ ਵਿਚਕਾਰ ਪਾੜੇ ਪਾਏ... ਦਿਲਾਂ ਦੀਆਂ ਦੂਰੀਆਂ ਵਧਾਈਆਂ।



ਹਰਭਜਨ ਸਿੰਘ ਲਾਖਾ 6 ਜੂਨ ਨੂੰ ਅੰਮ੍ਰਿਤ ਛਕਣ ਤੋਂ ਬਾਅਦ ਦਰਬਾਰ ਸਾਹਿਬ ਵਿਖੇ

ਫਿਰ ਚੜ੍ਹਿਆ 2014 ਦਾ ਮਹੀਨਾ ਜੂਨ। ਸਾਰਾ ਸਿੱਖ ਜਗਤ ਭਾਵੇਂ ਜੂਨ ਚੁਰਾਸੀ ਦੇ ਘੱਲੂਘਾਰੇ ਦੀ 30ਵੀਂ ਬਰਸੀ ਦੇ ਵੈਰਾਗਮਈ ਪ੍ਰੋਗਰਾਮਾਂ ਨੂੰ ਅੰਤਮ ਛੋਹਾਂ ਦੇ ਰਿਹਾ ਸੀ ਪਰ ਇਨ੍ਹਾਂ ਤਪਸ਼ ਭਰੇ ਦਿਨਾਂ ਵਿਚ ਠੰਢੇ ਠਾਰ ਕਰ ਦੇਣ ਵਾਲੀ ਖ਼ੁਸ਼-ਖਬਰ ਨੇ ਸਭ ਦਾ ਧਿਆਨ ਖਿੱਚਿਆ। ਬਹੁਜਨ ਸਮਾਜ ਪਾਰਟੀ ਦੇ ਬਾਨੀ ਬਾਬੂ ਕਾਸ਼ੀ ਰਾਮ ਦੇ ਸਾਥੀ ਅਤੇ ਦੋ ਵਾਰ ਲੋਕ ਸਭਾ ਦੇ ਮੈਂਬਰ ਰਹੇ ਸ੍ਰੀ ਹਰਭਜਨ ਲਾਖਾ ਦੇ ਬਿਆਨ ਅਖਬਾਰਾਂ ਵਿਚ ਛਪੇ ਕਿ ਉਹ ਆਪਣੇ ਸਾਥੀਆਂ ਸਮੇਤ ਅੰਮ੍ਰਿਤਪਾਨ ਕਰ ਰਹੇ ਹਨ। ਉਨ੍ਹਾਂ ਐਲਾਨ ਕੀਤਾ ਕਿ ਉਹ ਛੇ ਜੂਨ ਵਾਲੇ ਇਤਿਹਾਸਕ ਦਿਨ 'ਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅੰਮ੍ਰਿਤਪਾਨ ਕਰਨ ਉਪਰੰਤ ਲਹਿਰ ਚਲਾਉਣਗੇ ਜਿਸ ਦਾ ਮਿਸ਼ਨ ਹੋਵੇਗਾ ਜਾਤਾਂ-ਪਾਤਾਂ ਦੇ ਸੰਗਲਾਂ ਨੂੰ ਤੋੜ ਕੇ, ਸਰਬੱਤ ਮਾਈ-ਭਾਈ ਨੂੰ ਸਾਹਿਬ ਕਲਗੀਆਂ ਵਾਲੇ ਪਾਤਸ਼ਾਹ ਦੇ ਚਰਨੀਂ ਲਾਉਣਾ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਫਲਸਫ਼ੇ ਨੂੰ ਘਰ-ਘਰ ਪਹੁੰਚਾਉਣ ਦਾ ਉਨ੍ਹਾਂ ਤਹੱਈਆ ਕਰ ਲਿਆ। ਅਖ਼ਬਾਰਾਂ ਵਿਚ ਚੋਣਵੇਂ ਸਾਥੀਆਂ ਨਾਲ ਉਨ੍ਹਾਂ ਦੀਆਂ ਤਸਵੀਰਾਂ ਵੀ ਛਪੀਆਂ ਜਿਨ੍ਹਾਂ ਵਿਚ ਸ੍ਰੀ ਲਾਖਾ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦਿਖਾਈ ਦੇ ਰਹੇ ਸਨ।

ਖ਼ਬਰ ਪੜ੍ਹ ਕੇ ਫੁੱਲ ਵਾਂਗ ਖਿੜੇ ਦਿਲ ਅਤੇ ਡੁੱਲ੍ਹ-ਡੁੱਲ੍ਹ ਪੈਂਦੀਆਂ ਖੁਸ਼ੀਆਂ ਨਾਲ ਮੈਂ 'ਡਾ. ਅੰਬੇਦਕਰ ਸਿੱਖ ਫਾਊਂਡੇਸ਼ਨ' ਦੇ ਸਿਆਟਲ ਵਾਲੇ ਵੀਰਾਂ ਨੂੰ ਵਧਾਈਆਂ ਦਿੱਤੀਆਂ। ਉਹ ਵੀ ਬਾਗੋ-ਬਾਗ। ਇਸ ਕ੍ਰਾਂਤੀਕਾਰੀ ਐਲਾਨ ਦੀ ਖ਼ੁਸ਼ੀ ਮਾਣਦਿਆਂ 1989 ਦਾ ਉਹ ਸਮਾਂ ਯਾਦ ਆ ਗਿਆ ਜਦੋਂ ਸ੍ਰੀ ਲਾਖਾ ਸਾਡੇ ਲੋਕ ਸਭਾ ਹਲਕਾ ਫਿਲੌਰ ਤੋਂ ਚੋਣ ਲੜ ਰਹੇ ਸਨ। ਪਿੰਡ ਦੁਪਾਲਪੁਰ ਮੇਰੇ ਗਰੀਬਖਾਨੇ ਉਨ੍ਹਾਂ ਚਾਹ-ਪਾਣੀ ਛਕਦਿਆਂ ਢੇਰ ਸਾਰੀਆਂ ਗੱਲਾਂ ਕੀਤੀਆਂ ਸਨ। ਉਦੋਂ ਹੀ ਉਨ੍ਹਾਂ ਮੈਨੂੰ ਆਪਣੀ ਏਅਰ ਫ਼ੋਰਸ ਵਾਲੀ ਪੰਦਰਾਂ ਸਾਲ ਦੀ ਸਰਵਿਸ ਬਾਰੇ ਅਤੇ ਕਾਸ਼ੀ ਰਾਮ ਨਾਲ ਸਬੰਧਤ ਕਈ ਯਾਦਾਂ ਬਾਰੇ ਦੱਸਿਆ ਸੀ। ਉਨ੍ਹਾਂ ਦਾ ਪਿੰਡ ਕਰਨਾਣਾ ਮੇਰੇ ਸ਼੍ਰੋਮਣੀ ਕਮੇਟੀ ਚੋਣ ਹਲਕੇ ਵਿਚ ਪੈਂਦਾ ਹੋਣ ਕਰ ਕੇ ਉਨ੍ਹਾਂ ਸੰਨ 1996 ਵਿਚ ਮੇਰੀ ਕਾਫੀ ਮਦਦ ਵੀ ਕੀਤੀ ਸੀ।

ਮੈਨੂੰ ਉਹ ਕੁਸੈਲੇ ਪਲ ਵੀ ਯਾਦ ਆਏ ਜਦੋਂ ਸੰਨ 1999 ਵਿਚ ਨਵਾਂ ਸ਼ਹਿਰ ਦੇ ਭਾਈ ਹਿੰਮਤ ਸਿੰਘ ਯਾਦਗਾਰੀ ਭਵਨ ਵਿਖੇ ਹੋਏ ਸਮਾਗਮ ਵਿਚ ਮੇਰਾ ਉਨ੍ਹਾਂ ਨਾਲ ਤਿੱਖਾ ਬਹਿਸ-ਮੁਬਹਿਸਾ ਵੀ ਹੋਇਆ ਸੀ। ਸਟੇਜ 'ਤੇ ਭਾਸ਼ਨ ਦੌਰਾਨ ਉਨ੍ਹਾਂ ਅੰਮ੍ਰਿਤ ਛਕਣ ਬਾਰੇ ਕੁਝ ਅਯੋਗ ਜਿਹੇ ਲਫ਼ਜ਼ ਬੋਲੇ ਸਨ ਜਿਨ੍ਹਾਂ ਦਾ ਮੈਂ ਉਸੇ ਵੇਲੇ ਹੀ ਜਵਾਬ ਦਿੱਤਾ ਸੀ ਪਰ ਉਨ੍ਹਾਂ ਵਡੱਪਣ ਦਿਖਾਉਂਦਿਆਂ ਗੁੱਸਾ ਕਰਨ ਦੀ ਬਜਾਏ ਹੱਸਦਿਆਂ ਮੈਨੂੰ ਗਲਵਕੜੀ 'ਚ ਲੈ ਕੇ ਛੋਟਾ ਵੀਰ ਆਖਿਆ ਸੀ।

ਖੈਰ! ਤਾਂਘ ਨਾਲ ਉਡੀਕਦਿਆਂ ਛੇ ਜੂਨ ਆਇਆ। ਇਸ ਦਿਨ ਸ਼ਾਮ ਨੂੰ ਖ਼ਬਰਾਂ ਸੁਣਦਿਆਂ ਪਤਾ ਲੱਗਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਡਾਂਗ-ਸੋਟਾ ਅਤੇ ਤਲਵਾਰਬਾਜ਼ੀ ਦੇ ਆਪੋ ਵਿਚੀਂ ਹੀ ਜੌਹਰ ਦਿਖਾਏ ਗਏ। ਉਤਸਕੁਤਾ ਨਾਲ ਦੂਜੇ ਦਿਨ ਸੱਤ ਜੂਨ ਦੀਆਂ ਅਖਬਾਰਾਂ ਪੜ੍ਹੀਆਂ। ਦਲਿਤਪੁਣਾ ਵਗ੍ਹਾ ਕੇ ਮਾਰਦਿਆਂ ਗੁਰੂ ਕਾ ਲਾਡਲਾ ਸਿੰਘ ਬਣਨ ਵਾਲੇ ਸ੍ਰੀ ਲਾਖਾ ਦੀ ਮਹੱਤਵਪੂਰਨ ਖਬਰ, ਪੁਜਾਰੀਆਂ ਦੇ ਹਉਮੈ ਭਰੇ ਪ੍ਰਗਟਾਵੇ ਦੇ ਭਾਰ ਥੱਲੇ ਦਬੀ ਪਈ ਸੀ। ਹਾਂ, ਕੁਝ ਅਖ਼ਬਾਰਾਂ ਵਿਚ ਛਪੀ ਫ਼ੋਟੋ ਦੱਸ ਰਹੀ ਸੀ ਕਿ ਸ੍ਰੀ ਹਰਭਜਨ ਸਿੰਘ ਲਾਖਾ 'ਚਮਕੇ ਸਿੰਘ ਭੁਜੰਗੀਏ ਨੀਲ ਅੰਮ੍ਰਿਤਧਾਰੇ' ਦਾ ਸਕਾਰ ਰੂਪ ਹੋਏ ਬੈਠੇ ਨੇ।

ਸ੍ਰੀ ਲਾਖਾ ਦੇ ਇਸ ਇਨਕਲਾਬੀ ਕਦਮ ਦੀਆਂ ਵਧਾਈਆਂ ਦਾ ਲੈਣ-ਦੇਣ ਅਜੇ ਚੱਲ ਹੀ ਰਿਹਾ ਸੀ ਕਿ ਚਾਰ ਦਿਨਾਂ ਬਾਅਦ ਹੀ 'ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ' ਦਾ ਭਾਣਾ ਵਰਤ ਗਿਆ। 'ਮਨ ਕੀ ਮਨ ਹੀ ਮਾਹਿ ਰਹੀ' ਅਨੁਸਾਰ ਸ੍ਰੀ ਲਾਖਾ ਦੀਆਂ ਰੀਝਾਂ ਧਰੀਆਂ ਧਰਾਈਆਂ ਰਹਿ ਗਈਆਂ। ਕੁਦਰਤ ਦੇ ਅਜੀਬ ਵਰਤਾਰਿਆਂ ਵਿਚ ਇਕ ਅਧਿਆਏ ਹੋਰ ਜੁੜ ਗਿਆ। ਫੌਲਾਦੀ ਹੌਸਲੇ ਅਤੇ ਚੱਟਾਨ ਵਰਗੇ ਮਜ਼ਬੂਤ ਇਰਾਦੇ ਵਾਲੇ ਸ੍ਰੀ ਲਾਖਾ ਦੇ ਬੇਵਕਤ ਚਲਾਣੇ ਨਾਲ ਪੈਣ ਵਾਲੇ ਕੌਮੀ ਘਾਟੇ ਬਾਰੇ ਸੋਚਦਾ ਹਾਂ। ਛੇ ਜੂਨ ਤੋਂ ਦਸ ਜੂਨ ਸਿਰਫ ਚਾਰ ਦਿਨ। ਲਾਖਾ ਸਰਦਾਰ ਉਮਰ ਲਿਖਾਈ ਦਿਨ ਚਾਰ।

ਸਦਮੇ ਵਿਚ ਡੁੱਬੇ ਦੇ ਬੁਲ੍ਹਾਂ 'ਤੇ ਆਪ-ਮੁਹਾਰੇ ਇਹ ਸ਼ਿਅਰ ਆ ਗਿਆ,

ਉਮਰੇ ਦਰਾਜ ਮਾਂਗ ਕਰ,
ਲਾਏ ਥੇ ਚਾਰ ਦਿਨ
ਦੋ ਆਰਜ਼ੂ ਮੇਂ ਕਟ ਗਏ,
ਦੋ ਇੰਤਜ਼ਾਰ ਮੇਂ।

ਸਿੱਖ ਸਭਿਆਚਾਰ ਮੁਤਾਬਕ ਹਰਭਜਨ ਸਿੰਘ ਦੇ ਹੁਕਮ ਰਜਾਈ ਚਲੇ ਜਾਣ 'ਤੇ ਜਿਥੇ ਅਰਦਾਸ ਕਰਨੀ ਬਣਦੀ ਹੈ ਕਿ ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ੇ, ਉਥੇ ਉਨ੍ਹਾਂ ਦੇ ਅਰੰਭੇ ਮਿਸ਼ਨ ਨੂੰ ਅਗਾਂਹ ਤੋਰਨ ਵਾਲੇ ਕਿਸੇ ਮਰਦੇ-ਮੁਜਾਹਿਦ ਦੀ ਉਡੀਕ ਵੀ ਕਰਦੇ ਹਾਂ।

## ਸੰਪਾਦਕ ਦੀ ਡਾਕ

# ਗੁਰਦੁਆਰਿਆਂ 'ਚ ਅੰਗਰੇਜ਼ੀ ਬੋਲਦੇ ਪ੍ਰਚਾਰਕ ਵੀ ਹੋਣ

ਪਿਛਲੇ ਦੋ ਸਾਲ ਤੋਂ ਮੈਂ 'ਪੰਜਾਬ ਟਾਈਮਜ਼' ਦਾ ਰੈਗੂਲਰ ਆਨਲਾਈਨ ਪਾਠਕ ਹਾਂ। ਮੇਰਾ ਕੰਮ-ਕਾਰ ਸਾਫਟਵੇਅਰ ਨਾਲ ਸਬੰਧਤ ਹੈ, ਤੇ ਇਹ ਚਿੱਠੀ ਮੈਂ ਅਮਰੀਕਾ ਵਿਚ ਤੁਹਾਡੇ ਵੱਲੋਂ ਮਾਂ ਬੋਲੀ ਪੰਜਾਬੀ ਦੀ ਕੀਤੀ ਜਾ ਰਹੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਲਿਖ ਰਿਹਾ ਹਾਂ। ਤੁਹਾਡੀ ਇਸ ਮਿਹਨਤ ਅਤੇ ਲਗਨ ਲਈ ਤੁਹਾਨੂੰ ਅਤੇ ਤੁਹਾਡੀ ਸਮੁੱਚੀ ਟੀਮ ਨੂੰ ਵਧਾਈ ਦੇਣੀ ਬਣਦੀ ਹੈ। ਆਪਣੀ ਇਸ ਚਿੱਠੀ ਰਾਹੀਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਰਚੇ ਵਿਚ ਛਪਦੀਆਂ ਸੰਪਾਦਕੀਆਂ, ਮੌਜੂਦਾ ਸਿਆਸਤ ਬਾਰੇ ਜਤਿੰਦਰ ਪਨੂੰ ਦੀਆਂ ਟਿੱਪਣੀਆਂ, ਬੂਟਾ ਸਿੰਘ ਦੀਆਂ ਲਿਖਤਾਂ ਵਿਚੋਂ ਉਭਰਦੇ ਰਾਜਕੀ ਅਤਿਵਾਦ (ਸਟੇਟ ਟੈਰਰਿਜ਼ਮ), ਪ੍ਰਿੰ. ਸਰਵਣ ਸਿੰਘ ਦੇ ਖੇਡਾਂ ਨਾਲ ਸਬੰਧਤ ਲੇਖ, ਬਲਜੀਤ ਬਾਸੀ ਦਾ ਸ਼ਬਦ ਗਿਆਨ, ਜਤਿੰਦਰ ਮੌਹਰ ਦੇ ਕਲਾ ਤੇ ਸਿਨੇਮਾ ਬਾਰੇ ਖੂਬਸੂਰਤ ਲੇਖ ਅਤੇ ਦਲਜੀਤ ਅਮੀ, ਮੇਜਰ ਕੁਲਾਰ, ਤਰਲੋਚਨ ਸਿੰਘ ਦੁਪਾਲਪੁਰ, ਐਸ. ਅਸ਼ੋਕ ਭੌਰਾ, ਸੁਰਜੀਤ ਕੌਰ ਅਤੇ ਕਾਨਾ ਸਿੰਘ ਵਰਗੇ ਲੇਖਕਾਂ ਦੀਆਂ ਛਪਦੀਆਂ ਲਿਖਤਾਂ ਦਾ ਜ਼ਿਕਰ ਕਰਨਾ ਬਣਦਾ ਹੀ ਹੈ। ਇਸ ਤੋਂ ਇਲਾਵਾ ਕਹਾਣੀਆਂ ਅਤੇ ਲੇਖਾਂ, ਇਥੋਂ ਤੱਕ ਕਿ ਇਸ਼ਤਿਹਾਰਾਂ ਦੀ ਚੋਣ ਵੀ ਮੈਨੂੰ ਚੰਗੀ ਲਗਦੀ ਹੈ। ਹਾਲ ਹੀ ਵਿਚ ਛਪਿਆ ਸੁਖਦੇਵ ਸਿੱਧੂ ਦਾ ਲੇਖ 'ਵਲੈਤ ਦੇ ਭੱਠੇ' ਬਹੁਤ ਖ਼ੂਬਸੂਰਤ ਸੀ। ਪਰਚੇ ਵਿਚ ਮੈਨੂੰ ਸਿਰਫ਼ ਗੁਲਜ਼ਾਰ ਸੰਧੂ ਦੀਆਂ ਲਿਖਤਾਂ ਚੰਗੀਆਂ ਨਹੀਂ ਲਗਦੀਆਂ। ਉਨ੍ਹਾਂ ਦੀਆਂ ਬਹੁਤੀਆਂ ਲਿਖਤਾਂ ਫਜ਼ੂਲ ਅਤੇ ਲੋਕਾਂ ਦੀ ਖੁਸ਼ਾਮਦ ਕਰਨ ਵਾਲੀਆਂ ਹੁੰਦੀਆਂ ਹਨ। ਉਹ ਖੁਸ਼ਵੰਤ ਸਿੰਘ ਦੇ ਕਾਲਮ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਨ।

ਇਸ ਤੋਂ ਇਲਾਵਾ ਪਰਚੇ ਵਿਚ ਅਮਰੀਕਾ ਵਿਚ ਸਿੱਖਾਂ ਦੀ ਆਪਣੀ ਪਛਾਣ ਅਤੇ ਇਸ ਲਈ ਚੱਲ ਰਹੀ ਜੱਦੋ-ਜਹਿਦ ਬਾਰੇ ਵੱਧ ਤੋਂ ਵੱਧ ਛਪਣਾ ਚਾਹੀਦਾ ਹੈ। ਮੈਂ ਅਕਸਰ ਸੋਚਦਾ ਹਾਂ ਕਿ ਸਿੱਖਾਂ ਦੀ ਕੋਈ ਇਕਸਾਰ ਪਛਾਣ ਜਾਂ ਏਕਤਾ ਨਾ ਹੋਣ ਕਰ ਕੇ ਵੀ ਕਈ ਦਿੱਕਤਾਂ ਆਉਂਦੀਆਂ ਹਨ। ਜੇ ਅਸੀਂ ਸਾਰੇ ਰੀਤ ਮੁਤਾਬਕ ਆਪਣੇ ਨਾਂ ਨਾਲ 'ਸਿੰਘ' ਲਾ ਕੇ ਅਮਰੀਕੀਆਂ ਵਿਚ ਆਪਣੀ ਪਛਾਣ ਬਣਾ ਸਕੀਏ ਤਾਂ ਮਸਲਾ ਕਾਫੀ ਹੱਦ ਤੱਕ ਹੱਲ ਹੋ ਜਾਵੇਗਾ। ਦੂਜੇ, ਜੇ ਅਸੀਂ ਗੁਰਦੁਆਰਿਆਂ ਦੀ ਗਿਣਤੀ ਵਧਾਉਣ ਦੀ ਥਾਂ ਨੌਜਵਾਨਾਂ ਅਤੇ ਬੱਚਿਆਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੋੜੀਏ ਤਾਂ ਵਧੇਰੇ ਚੰਗਾ ਹੋਵੇਗਾ। ਇਸ ਦੇ ਨਾਲ ਹੀ ਅਸੀਂ ਕਾਨੂੰਨ ਦੀ ਪਾਲਣਾ ਕਰਨ ਵਾਲੇ ਚੰਗੇ ਨਾਗਰਿਕ ਬਣੀਏ। ਗੁਰਦੁਆਰਿਆਂ ਵਿਚ ਅੰਗਰੇਜ਼ੀ ਬੋਲਦੇ ਪ੍ਰਚਾਰਕ ਵੀ ਹੋਣੇ ਚਾਹੀਦੇ ਹਨ ਤਾਂ ਕਿ ਸਾਡੇ ਬੱਚੇ ਆਮ ਪ੍ਰਚਾਰਕਾਂ ਦੀਆਂ ਕਹਾਣੀਆਂ ਦੀ ਥਾਂ, ਆਪਣੇ-ਆਪ ਨੂੰ ਨਵੇਂ ਮਾਹੌਲ ਨਾਲ ਜੋੜ ਸਕਣ। ਇਸ ਨਾਲ ਅਮਰੀਕੀ ਲੋਕਾਂ ਨਾਲ ਵੀ ਵੱਧ ਰਾਬਤਾ ਬਣੇਗਾ।

*-ਰਾਜਦੀਪ ਸਿੰਘ, ਨਿਊ ਜਰਸੀ*

---

## ਸਿੱਖ ਪ੍ਰਬੰਧਕਾਂ ਅੱਗੇ ਬੇਨਤੀ

ਮਾੜੀ ਕਰਤੂਤ ਕੋਈ ਕਰਦਾ ਹੈ, ਸ਼ਰਮ ਕਿਸੇ ਹੋਰ ਨੂੰ ਆ ਰਹੀ ਹੁੰਦੀ ਹੈ ਜਿਸ ਨੂੰ ਇਹ ਸਮਝ ਹੁੰਦੀ ਹੈ ਕਿ ਮਾੜਾ ਕੀ ਹੈ ਤੇ ਚੰਗਾ ਕੀ! ਕਰਤੂਤ ਕਰਨ ਵਾਲੇ ਨੂੰ ਜੇ ਗਿਆਨ ਹੋਵੇ ਤਾਂ ਉਹ ਮਾੜਾ ਕਰੇ ਹੀ ਨਾ। ਧਰਮ ਦੇ ਠੇਕੇਦਾਰ ਅਖਾਉਣ ਵਾਲੇ ਅਸਲੋਂ ਅਣਜਾਣ ਹੁੰਦੇ ਹਨ। ਉਨ੍ਹਾਂ ਦਾ ਗਿਆਨ ਤਾਂ ਬੱਸ ਇਹੀ ਹੁੰਦਾ ਹੈ ਕਿ ਅਸੀਂ ਬਹੁਤ ਉਚੇ ਹਾਂ ਪਰ ਸਿੱਖੀ ਵਿਚ ਤਾਂ ਆਪਣੇ-ਆਪ ਨੂੰ ਨੀਵਾਂ ਜਾਣਨ ਵਾਲੇ ਨੂੰ ਉਚਾ ਦੱਸਿਆ ਗਿਆ ਹੈ। ਆਪਣੇ ਨਾਂ ਦੇ ਨਾਲ ਅਹੁਦੇ ਜੋੜਨ ਨਾਲ ਸਾਡੇ ਅੰਦਰ ਉਹ ਗੁਣ ਨਹੀਂ ਆ ਜਾਂਦਾ। ਅੱਜ ਪਿੰਡੋ-ਪਿੰਡ ਜਥੇਦਾਰ ਤੇ ਪ੍ਰਧਾਨ ਮਿਲਦੇ ਹਨ, ਜਥੇਦਾਰ ਕਹਾਉਣ ਵਾਲੇ ਦੀ ਆਗਿਆ ਦਾ ਪਾਲਣ ਕਰਨ ਵਾਲਾ ਭਾਵੇਂ ਕੋਈ ਨਾ ਹੋਵੇ। ਰੌਲੇ ਦਾ ਯੁਗ ਹੈ ਜੋ ਜਿੰਨਾ ਰੌਲਾ ਜ਼ਿਆਦਾ ਪਾ ਲਵੇ, ਉਹੀ ਬੜਾ ਬਣ ਜਾਂਦਾ ਹੈ।

ਸ੍ਰੀ ਅਕਾਲ ਤਖਤ ਸਾਹਿਬ ਅੰਦਰ ਜੋ ਕੁਝ ਹੋਇਆ, ਕੀ ਉਥੇ ਕੋਈ ਜਥੇਦਾਰ ਸਾਹਿਬਾਨ ਨਹੀਂ ਸਨ ਜਿਹੜੇ ਚੰਗਿਆੜੀ ਨੂੰ ਅੱਗ ਬਣਨ ਤੋਂ ਪਹਿਲਾਂ ਰੋਕ ਸਕਦੇ। ਜਥੇਦਾਰਾਂ ਦੇ ਹੁਕਮਨਾਮੇ ਮੰਨ ਕੇ ਤਨਖਾਹਾਂ ਭੁਗਤੀਆਂ ਜਾਂਦੀਆਂ ਹਨ। ਉਥੇ ਉਠ ਕੇ ਜਥੇਦਾਰ ਸਾਹਿਬ ਹੁਕਮ ਕਰ ਦੇਵੇ, ਕੋਈ ਨਹੀਂ ਹਿੱਲੇਗਾ। ਉਸ ਆਵਾਜ਼ ਅੰਦਰ ਅਗਰ ਸੱਚ ਦੀ ਤਾਕਤ ਹੁੰਦੀ, ਹਵਾ ਵੀ ਰੁਕ ਜਾਂਦੀ, ਪਰ ਕੁਝ ਨਹੀਂ ਹੋਇਆ। ਬੱਸ ਹੋਇਆ ਇਹ ਕਿ ਸਾਰਾ ਸਿੱਖ ਜਗਤ ਸ਼ਰਮਿੰਦਾ ਹੋ ਗਿਆ। ਘਰਾਂ ਵਿਚ ਬੈਠੇ ਮੇਰੇ ਵਰਗੇ ਆਪਣੇ ਬੱਚਿਆਂ ਅੱਗੇ ਆਪਣੇ-ਆਪ ਨੂੰ ਦੋਸ਼ੀ ਸਮਝਣ ਲੱਗ ਪਏ।

ਜਦ ਕੋਈ ਵਿਦੇਸ਼ੀ ਸਰਕਾਰ ਸਾਡੀ ਪੱਗ ਅਤੇ ਆਪਣੇ ਦੇਸ਼ ਦਾ ਕੋਈ ਕਾਨੂੰਨ ਲਾਗੂ ਕਰਦੀ ਹੈ, ਉਸ ਵੇਲੇ ਗੁਰਦੁਆਰਿਆਂ ਦੇ ਖਰਚ 'ਤੇ ਵਿਦੇਸ਼ ਯਾਤਰਾਵਾਂ ਸ਼ੁਰੂ ਹੋ ਜਾਂਦੀਆਂ ਹਨ... ਦੂਜੀ ਸਰਕਾਰ ਨੂੰ ਸਮਝਾਉਣ ਲਈ। ਜੇ ਏਅਰਪੋਰਟ 'ਤੇ ਸਾਡੀ ਸਭ ਦੀ ਰੱਖਿਆ ਲਈ ਤਲਾਸ਼ੀ ਹੁੰਦੀ ਹੈ, ਜਾਂ ਸਾਡੀ ਪੱਗ ਨੂੰ ਹੱਥ ਲੱਗ ਜਾਵੇ, ਤਾਂ ਅਸੀਂ ਸ਼ਿਕਾਇਤ ਲੈ ਕੇ ਯੂ.ਐਨ. ਵੀ ਚਲੇ ਜਾਵਾਂਗੇ। ਜਦ ਪੱਗ ਵਾਲੇ ਦੇ ਸਿਰ ਉਤੇ ਪੱਗਵਾਲੇ ਕਿਸੇ ਦੂਜੇ ਦਾ ਕੜੇ ਵਾਲਾ ਹੱਥ ਵਾਰ ਕਰਦਾ ਹੈ, ਫਿਰ ਅਸੀਂ ਕਿਸ ਕੋਲ ਜਾਣਾ ਹੈ, ਕਦੀ ਸੋਚਿਆ? ਇਹ ਸੋਚਣ ਦੀ ਕਦੀ ਲੋੜ ਨਹੀਂ ਸਮਝੀ ਗਈ। ਜਿਹੜੇ ਮੂੰਹ ਹਰ ਵੇਲੇ ਵਾਹਿਗੁਰੂ ਦਾ ਸਿਮਰਨ ਕਰਨ ਵਾਲੇ ਹਨ, ਉਨਾਂ ਵਿਚੋਂ ਗਾਲ੍ਹਾਂ ਕਿਵੇਂ ਨਿਕਲ ਆਉਂਦੀਆਂ ਹਨ ਭਲਾ? ਸਾਫ ਹੈ ਕਿ ਅਸੀਂ ਅੰਦਰੋਂ ਖਾਲੀ ਹਾਂ। ਹੁਣ ਨਿਮਾਣੇ ਸਿੱਖ ਵਜੋਂ ਬੇਨਤੀ ਇਹ ਹੈ ਕਿ ਸਿੱਖ ਪ੍ਰਬੰਧਕਾਂ ਅੱਗੇ ਕਿ ਕੋਈ ਪ੍ਰੋਗਰਾਮ ਹੋਵੇ, ਜਿੰਨੀਆਂ ਜਥੇਬੰਦੀਆਂ ਹਨ, ਮਿਲ ਕੇ ਪ੍ਰੋਗਰਾਮ ਬਣਾਓ। ਸਾਰੇ ਉਸ ਉਤੇ ਦਸਤਖਤ ਕਰਨ। ਨਹੀਂ ਤਾਂ ਇਸ ਤਰ੍ਹਾਂ ਦੀ ਸ਼ਰਧਾਂਜਲੀ ਨਾਲੋਂ ਸ਼ਹੀਦ ਉਵੇਂ ਹੀ ਚੰਗੇ ਹਨ।

*-ਕਿਰਪਾਲ ਕੌਰ*

*ਫੋਨ: 815-356-9535*

# ਮੋਦੀ ਮੂਹਰੇ ਸਿਰ ਚੁੱਕ ਕੇ ਆਣ ਖੜੋਤੇ ਮੁੱਦੇ ਤੇ ਮੁਸ਼ਕਲਾਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਕਮਾਨ ਭਾਰਤੀ ਜਨਤਾ ਪਾਰਟੀ ਦੇ ਆਗੂ ਨਰਿੰਦਰ ਮੋਦੀ ਦੇ ਹੱਥ ਆਈ ਨੂੰ ਜਦੋਂ ਪੌਣਾ ਮਹੀਨਾ ਵੀ ਨਹੀਂ ਹੋਇਆ, ਇਸ ਸਰਕਾਰ ਨੂੰ ਆਪਣੇ ਰਾਹ ਵਿਚ ਆਣ ਖੜੋਤੇ ਕਈ ਗੰਭੀਰ ਮੁੱਦਿਆਂ ਅਤੇ ਮੁਸ਼ਕਲਾਂ ਨਾਲ ਅੱਖ ਵਿਚ ਅੱਖ ਪਾ ਕੇ ਵੇਖਣਾ ਪੈ ਗਿਆ ਹੈ। ਸਾਡੇ ਮੀਡੀਏ ਵੱਲ ਵੇਖ ਕੇ ਗੱਲ ਕਰਨੀ ਹੋਵੇ ਤਾਂ ਉਸ ਲਈ ਹੋਰ ਸਭਨਾਂ ਤੋਂ ਵੱਡਾ ਮੁੱਦਾ ਇਹ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੀ ਮਾਤਾ ਨੂੰ ਮਿਲੀ ਸ਼ਾਲ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੀ ਮਾਤਾ ਨੂੰ ਮਿਲੀ ਸਾੜ੍ਹੀ ਵਾਸਤੇ ਹਾਲੇ ਅਸੀਸਾਂ ਦੀ ਲੜੀ ਨਹੀਂ ਮੁੱਕੀ ਕਿ ਸਰਹੱਦਾਂ ਉਤੇ ਗੋਲਾਬੰਦੀ ਦੀ ਉਲੰਘਣਾ ਦੀ ਖਬਰ ਆ ਗਈ ਹੈ। ਅਸੀਂ ਇਸ ਨੂੰ ਹਾਲੇ ਵੱਡੀ ਗੱਲ ਨਹੀਂ ਕਹਿ ਰਹੇ। ਇਸ ਹਫਤੇ ਦੇ ਸ਼ੁਰੂ ਵਾਲੇ ਦੋ ਦਿਨ ਕਰਾਚੀ ਏਅਰਪੋਰਟ ਉਤੇ ਜਿਨ੍ਹਾਂ ਦਹਿਸ਼ਤਗਰਦਾਂ ਨੇ ਹਮਲੇ ਕੀਤੇ ਸਨ, ਉਨ੍ਹਾਂ ਦੇ ਜੋਟੀਦਾਰ ਉਥੇ ਫੌਜ ਤੇ ਖੁਫੀਆ ਏਜੰਸੀਆਂ ਵਿਚ ਬਹੁਤ ਹਨ, ਉਨ੍ਹਾਂ ਵਿਚੋਂ ਕੋਈ ਬੰਦਾ ਜਾਣ-ਬੁੱਝ ਕੇ ਇਹ ਰੱਫੜ ਪਾ ਸਕਦਾ ਹੈ ਤੇ ਇਹ ਰੱਫੜ ਅਚਾਨਕ ਚੱਲੀ ਗੋਲੀ ਕਾਰਨ ਵੀ ਪੈ ਸਕਦਾ ਹੈ। ਕਈ ਵਾਰੀ ਰਾਤ ਦੇ ਉਨੀਂਦਰੇ ਵਿਚ ਇੱਕ ਪਾਸੇ ਦੇ ਕਿਸੇ ਫੌਜੀ ਤੋਂ ਅਚਾਨਕ ਚੱਲ ਗਈ ਗੋਲੀ ਵੀ ਸਰਹੱਦਾਂ ਉਤੇ ਘੰਟਿਆਂ ਬੱਧੀ ਗੋਲੀਆਂ ਚੱਲਣ ਦਾ ਕਾਰਨ ਬਣ ਜਾਂਦੀ ਹੁੰਦੀ ਹੈ। ਇਸੇ ਕਾਰਨ ਦੋਵਾਂ ਦੇਸ਼ਾਂ ਦੇ ਫੌਜੀ ਅਪਰੇਸ਼ਨਾਂ ਦੇ ਮੁਖੀਆਂ ਵਿਚਾਲੇ ਹਾਟ-ਲਾਈਨ ਦਾ ਪ੍ਰਬੰਧ ਕੀਤਾ ਗਿਆ ਹੈ ਤੇ ਉਨ੍ਹਾਂ ਦੀ ਜ਼ਿਮੇਵਾਰੀ ਬਣਦੀ ਹੈ ਕਿ ਏਦਾਂ ਦੀਆਂ ਝੜਪਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਯਤਨ ਕਰਨ। ਦੋਵਾਂ ਦੇਸ਼ਾਂ ਦੇ ਵਿਚ ਇੱਕ ਨਵਾਂ 'ਕਾਰਗਿਲ', ਜਿਵੇਂ ਇਸ ਨੂੰ ਦੋਵੇਂ ਪਾਸਿਆਂ ਦਾ ਮੀਡੀਆ ਕਹਿ ਰਿਹਾ ਹੈ, ਬਣਨ ਦੀ ਕੋਈ ਸੰਭਾਵਨਾ ਹਾਲ ਦੀ ਘੜੀ ਸਾਨੂੰ ਨਹੀਂ ਜਾਪਦੀ, ਅਤੇ ਅਸੀਂ ਸੁੱਖ ਮੰਗਾਂਗੇ ਕਿ ਉਹੋ ਜਿਹੀ ਸਥਿਤੀ ਕਦੀ ਪੈਦਾ ਵੀ ਨਾ ਹੋਵੇ।

ਸਰਹੱਦਾਂ ਦਾ ਮਾਮਲਾ ਫੌਰੀ ਨਹੀਂ, ਭਾਵੇਂ ਧਿਆਨ ਤੋਂ ਲਾਂਭੇ ਕਰਨ ਵਾਲਾ ਵੀ ਨਹੀਂ, ਇਸ ਦੀ ਥਾਂ ਕੇਂਦਰ ਦੀ ਸਰਕਾਰ ਦੇ ਸਾਹਮਣੇ ਕਈ ਹੋਰ ਵੱਡੇ ਮੁੱਦੇ ਸਿਰ ਚੁੱਕ ਖੜੋਤੇ ਹਨ, ਜਿਨ੍ਹਾਂ ਦਾ ਸਾਹਮਣਾ ਕਰਨ ਵੇਲੇ ਪ੍ਰਧਾਨ ਮੰਤਰੀ ਦਾ ਰੁਖ ਉਸ ਬਾਰੇ ਲੋਕਾਂ ਵਿਚ ਕੋਈ ਧਾਰਨਾ ਬਣਾਉਣ ਵਾਲਾ ਸਾਬਤ ਹੋ ਸਕਦਾ ਹੈ। ਆਮ ਲੋਕਾਂ ਲਈ ਸਭ ਤੋਂ ਵੱਡਾ ਮੁੱਦਾ ਇੱਕ ਵਾਰ ਫਿਰ ਮਹਿੰਗਾਈ ਦਾ ਹੈ। ਸਬਜ਼ੀਆਂ ਦੇ ਭਾਅ ਇੱਕ-ਦਮ ਚੜ੍ਹ ਗਏ ਹਨ। ਕੋਈ ਸਬਜ਼ੀ ਇੱਕੋ ਹਫਤੇ ਵਿਚ ਡਿਓਢੇ ਅਤੇ ਕੋਈ ਦੁੱਗਣੇ ਤੱਕ ਚਲੀ ਗਈ ਹੈ। ਪਿਆਜ਼ ਦਾ ਭਾਅ ਸਾਰੇ ਭਾਰਤ ਵਿਚ ਚੜ੍ਹ ਗਿਆ ਹੈ ਤੇ ਇਸ ਵਿਚ ਕੀਮਤਾਂ ਵੀ ਕਿਤੇ ਪੰਝੀ ਰੁਪਏ ਤੇ ਕਿਤੇ ਪੰਝੱਤਰ ਰੁਪਏ ਤੱਕ ਦੇ ਫਰਕ ਵਾਲੀਆਂ ਹੋਣ ਕਾਰਨ ਲੋਕਾਂ ਵਿਚ ਚਰਚਾ ਚੱਲ ਪਈ ਹੈ ਕਿ ਚੋਣਾਂ ਵਿਚ ਚੰਦੇ ਦੇਣ ਵਾਲੇ ਕੁਝ ਖਾਸ ਵਪਾਰੀ ਵਰਗਾਂ ਨੂੰ ਚੋਣ-ਚੰਦੇ ਪੂਰੇ ਕਰਨ ਲਈ ਵੇਲੇ ਸਿਰ ਖੁੱਲ੍ਹ ਦੇ ਦਿੱਤੀ ਗਈ ਹੈ। ਯਕੀਨੀ ਭਾਵੇਂ ਨਾ ਹੋਵੇ, ਪਰ ਇਹ ਗੱਲ ਠੀਕ ਵੀ ਹੋ ਸਕਦੀ ਹੈ।

ਕੇਂਦਰ ਸਰਕਾਰ ਦਾ ਇੱਕ ਮੰਤਰੀ ਗੋਪੀ ਨਾਥ ਮੁੰਡੇ ਦਿੱਲੀ ਵਿਚ ਸੜਕੀ ਹਾਦਸੇ ਵਿਚ ਮਾਰਿਆ ਗਿਆ। ਜਦੋਂ ਅੰਤਮ ਸੰਸਕਾਰ ਹੋਣਾ ਸੀ, ਉਥੇ ਲੋਕਾਂ ਨੇ ਇਸ ਮੰਗ ਲਈ ਇੱਟ-ਵੱਟਾ ਚਲਾ ਦਿੱਤਾ ਕਿ ਇਹ ਮੌਤ ਸ਼ੱਕੀ ਜਾਪਦੀ ਹੈ, ਇਸ ਲਈ ਸੀ ਬੀ ਆਈ ਜਾਂਚ ਕਰਵਾਈ ਜਾਵੇ। ਅਗਲੇ ਦਿਨੀਂ ਇਹ ਚਰਚਾ ਹੋਰ ਵੀ ਵਧ ਗਈ। ਮਹਾਰਾਸ਼ਟਰ ਵਿਚ ਵਿਧਾਨ ਸਭਾ ਨਾਲ ਦੂਸਰਾ ਹਾਊਸ ਵਿਧਾਨ ਪ੍ਰੀਸ਼ਦ ਵੀ ਹੈ, ਜਿਹੜੀ ਪੰਜਾਬ ਵਿਚ ਵੀ ਪਹਿਲਾਂ ਹੁੰਦੀ ਸੀ ਤੇ ਫਿਰ ਬੰਦ ਕਰ ਦਿੱਤੀ ਗਈ ਸੀ। ਉਥੋਂ ਦੀ ਵਿਧਾਨ ਪ੍ਰੀਸ਼ਦ ਵਿਚ ਵਿਰੋਧੀ ਧਿਰ ਦਾ ਆਗੂ ਭਾਜਪਾ ਦਾ ਪਾਂਡੂਰੰਗ ਫੁੰਡਕਰ ਹੈ ਤੇ ਉਸ ਨੇ ਇਹ ਕਹਿ ਕੇ ਸਨਸਨੀ ਮਚਾ ਦਿੱਤੀ ਹੈ ਕਿ ਮਰਹੂਮ ਆਗੂ ਗੋਪੀ ਨਾਥ ਮੁੰਡੇ ਨੂੰ ਭਾਜਪਾ ਵਿਚ ਏਨਾ ਜ਼ਲੀਲ ਕੀਤਾ ਜਾਂਦਾ ਰਿਹਾ ਸੀ ਤੇ ਉਹ ਇੱਕ ਵਾਰੀ ਭਾਜਪਾ ਛੱਡ ਕੇ ਕਾਂਗਰਸ ਵਿਚ ਹੀ ਚਲਾ ਚੱਲਿਆ ਸੀ। ਇਸ ਦਾ ਅਸਰ ਇਹ ਹੋਇਆ ਕਿ ਗੋਪੀ ਨਾਥ ਮੁੰਡੇ ਦੀ ਮੌਤ ਵਾਲੇ ਹਾਦਸੇ ਬਾਰੇ ਸ਼ੱਕ ਦੀ ਗੁੰਜਾਇਸ਼ ਹੋਰ ਵਧ ਗਈ ਤੇ ਫਿਰ ਇਸ ਹਾਦਸੇ ਦੀ ਜਾਂਚ ਸੀ ਬੀ ਆਈ ਨੂੰ ਸੌਂਪਣ ਦਾ ਫੈਸਲਾ ਕਰਨਾ ਪੈ ਗਿਆ, ਤਾਂ ਕਿ ਦੇਸ਼ ਦੀ ਅਗਵਾਈ ਕਰਦੀ ਪਾਰਟੀ ਦੇ ਆਪਣੇ ਅੰਦਰ ਇੱਕ ਸੀਨੀਅਰ ਆਗੂ ਦੀ ਮੌਤ ਬਾਰੇ ਪੈਦਾ ਹੋਏ ਭਰਮ ਖਤਮ ਕੀਤੇ ਜਾ ਸਕਣ।

ਕੀ ਹੁਣ ਸੀ ਬੀ ਆਈ ਜਾਂਚ ਨਾਲ ਸਾਰੇ ਭਰਮ ਖਤਮ ਹੋ ਜਾਣਗੇ? ਪਹਿਲਾਂ ਤਾਂ ਭਾਜਪਾ ਇਹ ਦੋਸ਼ ਲਾਇਆ ਕਰਦੀ ਸੀ ਕਿ ਕਾਂਗਰਸ ਸੀ ਬੀ ਆਈ ਦੀ ਦੁਰਵਰਤੋਂ ਕਰਦੀ ਹੈ, ਹੁਣ ਇਸ ਦੇ ਆਪਣੇ ਉਪਰ ਇਹੋ ਦੋਸ਼ ਲੱਗ ਗਿਆ ਹੈ। ਪੱਛਮੀ ਬੰਗਾਲ ਦੇ ਇੱਕ ਘੋਟਾਲੇ ਦੀ ਜਾਂਚ ਸੀ ਬੀ ਆਈ ਕਰ ਰਹੀ ਹੈ ਤੇ ਉਥੋਂ ਦੀ ਸਰਕਾਰ ਨੂੰ ਭਾਜਪਾ ਆਪਣੇ ਪੱਖ ਵਿਚ ਕਰਨਾ ਚਾਹੁੰਦੀ ਹੈ। ਚਿੱਟ-ਫੰਡ ਘੋਟਾਲੇ ਦੀ ਜਾਂਚ ਠੀਕ ਹੋ ਰਹੀ ਹੈ ਜਾਂ ਗਲਤ, ਇਹ ਗੱਲ ਪਤਾ ਨਹੀਂ, ਪਰ ਉਥੇ ਰਾਜ ਕਰਦੀ ਤ੍ਰਿਣਮੂਲ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਤੇ ਪਾਰਟੀ ਬੁਲਾਰੇ ਡੈਰੇਕ ਓ ਬਰਾਇਨ ਨੇ ਦੋਸ਼ ਲਾ ਦਿੱਤਾ ਹੈ ਕਿ ਭਾਜਪਾ ਇਸ ਕੇਸ ਵਿਚ ਸੀ ਬੀ ਆਈ ਦੀ ਦੁਰਵਰਤੋਂ ਕਰ ਰਹੀ ਹੈ। ਜੇ ਕੱਲ੍ਹ ਨੂੰ ਗੋਪੀ ਨਾਥ ਮੁੰਡੇ ਦੇ ਕੇਸ ਦੀ ਜਾਂਚ ਦੇ ਸਿੱਟਿਆਂ ਤੋਂ ਸਬੰਧਤ ਪਰਿਵਾਰ ਤੇ ਮੁੰਡੇ ਸਮੱਰਥਕਾਂ ਦੀ ਤਸੱਲੀ ਨਾ ਹੋਈ ਤਾਂ ਜਿਹੜਾ ਦੋਸ਼ ਅੱਜ ਤ੍ਰਿਣਮੂਲ ਕਾਂਗਰਸ ਦੇ ਬੁਲਾਰੇ ਨੇ ਲਾਇਆ ਹੈ, ਉਹ ਭਾਜਪਾ ਦੇ ਆਪਣੇ ਅੰਦਰੋਂ ਵੀ ਲਾਇਆ ਜਾ ਸਕਦਾ ਹੈ।

ਭਾਜਪਾ ਦੇ ਪ੍ਰਧਾਨ ਮੰਤਰੀ ਦੇ ਸਾਹਮਣੇ ਇੱਕ ਮਾਮਲਾ ਹੋਰ ਵੀ ਪੂਰੀ ਗੰਭੀਰਤਾ ਨਾਲ ਪੇਸ਼ ਹੋਇਆ ਹੈ। ਉਸ ਨੇ ਪਾਰਲੀਮੈਂਟ ਵਿਚ ਰਾਸ਼ਟਰਪਤੀ ਦੇ ਭਾਸ਼ਣ ਉਤੇ ਧੰਨਵਾਦ ਦੇ ਮਤੇ ਉਤੇ ਬਹਿਸ ਨੂੰ ਸਮੇਟਦੇ ਹੋਏ ਕਿਹਾ ਸੀ ਕਿ ਇਸ ਪਾਰਲੀਮੈਂਟ ਵਿਚ ਬਹੁਤ ਸਾਰੇ ਮੈਂਬਰਾਂ ਉਤੇ ਅਪਰਾਧਕ ਕੇਸ ਹਨ, ਅਸੀਂ ਇਨ੍ਹਾਂ ਕੇਸਾਂ ਦਾ ਫੈਸਲਾ ਇੱਕੋ ਸਾਲ ਵਿਚ ਕਰਵਾ ਦਿਆਂਗੇ ਤੇ ਅਗਲੇ ਸਾਲ ਤੱਕ ਕੋਈ ਦਾਗੀ ਪਾਰਲੀਮੈਂਟ ਵਿਚ ਨਹੀਂ ਹੋਵੇਗਾ। ਕਹਿਣ ਤੋਂ ਭਾਵ ਇਹ ਸੀ ਕਿ ਜਿਹੜੇ ਦੋਸ਼ੀ ਸਾਬਤ ਹੋ ਗਏ, ਉਹ ਜੇਲ੍ਹ ਵਿਚ ਜਾਣਗੇ ਤੇ ਜਿਹੜੇ ਬੇਗੁਨਾਹ ਸਾਬਤ ਹੋ ਗਏ, ਉਹ ਪਾਰਲੀਮੈਂਟ ਵਿਚ ਬੈਠਿਆ ਕਰਨਗੇ। ਸਿਰਫ ਇੱਕ ਦਿਨ ਬਾਅਦ ਇੱਕ ਮਾਮਲਾ ਰਾਜਸਥਾਨ ਤੋਂ ਆ ਗਿਆ। ਉਥੋਂ ਦੇ ਸਾਰੇ ਪੰਝੀ ਹਲਕਿਆਂ ਤੋਂ ਭਾਜਪਾ ਦੇ ਐਮ ਪੀ ਜਿੱਤੇ ਸਨ ਅਤੇ ਮੰਤਰੀ ਸਿਰਫ ਇੱਕੋ ਬਣਿਆ ਸੀ, ਉਹ ਵੀ ਪੂਰਾ ਨਹੀਂ, ਰਾਜ ਮੰਤਰੀ ਬਣਾਇਆ ਗਿਆ ਸੀ। ਭਾਜਪਾ ਨੂੰ ਇੱਕ ਪਾਰਟੀ ਤਾਂ ਕਿਹਾ ਜਾ ਸਕਦਾ ਹੈ, ਇੱਕ-ਮੁੱਠ ਪਾਰਟੀ ਨਹੀਂ ਕਿਹਾ ਜਾ ਸਕਦਾ। ਇਸ ਇੱਕੋ ਪਾਰਟੀ ਵਿਚ ਕਈ ਧੜੇ ਤੇ ਧਿਰਾਂ ਅਤੇ ਕਈ ਤਰ੍ਹਾਂ ਦੇ ਵਿਰੋਧ ਹਨ। ਰਾਜਸਥਾਨ ਤੋਂ ਸਿਰਫ ਇੱਕ ਮੰਤਰੀ ਬਣਾਇਆ ਜਾਣ ਕਰ ਕੇ ਉਥੋਂ ਦੀ ਮੁੱਖ ਮੰਤਰੀ ਬੀਬੀ ਵਸੁੰਧਰਾ ਰਾਜੇ ਹੁਣ ਪ੍ਰਧਾਨ ਮੰਤਰੀ ਮੋਦੀ ਨਾਲ ਮੂੰਹ ਵਿੰਗਾ ਕਰੀ ਬੈਠੀ ਹੈ। ਉਥੋਂ ਬਣਾਏ ਗਏ ਇਕਲੌਤੇ ਕੇਂਦਰੀ ਮੰਤਰੀ ਨਿਹਾਲ ਸਿੰਘ ਉਤੇ ਬਲਾਤਕਾਰ ਦਾ ਦੋਸ਼ ਲੱਗਾ ਹੈ ਤੇ ਅਦਾਲਤ ਤੋਂ ਉਸ ਦੇ ਸੰਮਨ ਜਾਰੀ ਹੋ ਗਏ ਹਨ। ਦੂਸਰਿਆਂ ਨੂੰ ਕਟਹਿਰੇ ਵਿਚ ਖੜਾ ਕਰ ਕੇ ਅਸਤੀਫਾ ਮੰਗਣ ਵਾਲੇ ਭਾਜਪਾ ਆਗੂ ਨਿਹਾਲ ਸਿੰਘ ਬਾਰੇ ਕਹਿ ਰਹੇ ਹਨ ਕਿ ਉਸ ਨੂੰ ਅਸਤੀਫਾ ਦੇਣ ਦੀ ਲੋੜ ਨਹੀਂ। ਭਾਜਪਾ ਦੇ ਬਹੁਤ ਸਾਰੇ ਆਗੂ ਇਸ ਮੰਤਰੀ ਉਤੇ ਬਣੇ ਕੇਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਵਸੁੰਧਰਾ ਰਾਜੇ ਦੀ ਉਸ ਧੜੇਬੰਦਕ ਖਿੱਚੋਤਾਣ ਨੂੰ ਵੇਖ ਰਹੇ ਹਨ, ਜਿਸ ਵਿਚ ਭਾਜਪਾ ਤੋਂ ਬਾਗੀ ਹੋ ਕੇ ਚੋਣ ਲੜ ਚੁੱਕੇ ਸਾਬਕਾ ਵਿਦੇਸ਼ ਮੰਤਰੀ ਜਸਵੰਤ ਸਿੰਘ ਦੀਆਂ ਨਰਿੰਦਰ ਮੋਦੀ ਨਾਲ ਹੋਈਆਂ ਮੀਟਿੰਗਾਂ ਵੀ ਸ਼ਾਮਲ ਹਨ।

ਇਸ ਦੌਰਾਨ ਇੱਕ ਹੋਰ ਮੁੱਦਾ ਅਚਾਨਕ ਉਭਰਿਆ ਤੇ ਫਿਰ ਉਸ ਨੂੰ ਦੱਬਣ ਲਈ ਗੋਆ ਦੇ ਮੁੱਖ ਮੰਤਰੀ ਨੂੰ ਆਪਣਾ ਫੈਸਲਾ ਬਦਲਣਾ ਪਿਆ ਹੈ। ਗੋਆ ਦੇ ਕੁਝ ਮੰਤਰੀ ਇੱਕ ਸਟੱਡੀ ਟੂਰ ਬਣਾ ਕੇ ਸੰਸਾਰ ਫੁੱਟਬਾਲ ਕੱਪ ਵੇਖਣ ਲਈ ਬਰਾਜ਼ੀਲ ਨੂੰ ਤੁਰ ਪਏ ਸਨ। ਰੌਲਾ ਪਿਆ ਤਾਂ ਮੁੱਖ ਮੰਤਰੀ ਨੇ ਕਹਿ ਦਿੱਤਾ ਕਿ ਉਹ ਵੱਡੇ ਟੂਰਨਾਮੈਂਟ ਕਰਾਉਣ ਦੀ ਜਾਣਕਾਰੀ ਹਾਸਲ ਕਰਨ ਲਈ ਭੇਜੇ ਜਾ ਰਹੇ ਹਨ। ਇੱਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਇਹ ਕਿਹਾ ਸੀ ਕਿ ਜਿੱਥੇ ਕਿਤੇ ਸਾਇੰਸ ਕਾਨਫਰੰਸ ਹੋਵੇ, ਸਾਇੰਸਦਾਨ ਹੀ ਭੇਜੇ ਜਾਣਗੇ, ਉਨ੍ਹਾਂ ਨਾਲ ਮੰਤਰੀ ਤੇ ਪਾਰਲੀਮੈਂਟ ਮੈਂਬਰ ਭੇਜਣ ਦੀ ਰੀਤ ਖਤਮ ਕਰਨੀ ਹੈ। ਉਸ ਫੈਸਲੇ ਨਾਲ ਗੋਆ ਦੇ ਮੰਤਰੀਆਂ ਦਾ ਦੌਰਾ ਵੀ ਜੁੜ ਗਿਆ। ਮੁੱਖ ਮੰਤਰੀ ਨੇ ਕਹਿ ਦਿੱਤਾ ਕਿ ਮੇਰੇ ਮੰਤਰੀ ਆਪਣੇ ਪੱਲਿਓਂ ਖਰਚ ਕਰ ਲੈਣਗੇ। ਆਖਰ ਉਹ ਵੀ ਰੱਦ ਕਰਨਾ ਪੈ ਗਿਆ। ਇਸ ਨੂੰ ਭਾਜਪਾ ਦੇ ਮੀਡੀਆ ਮੈਨੇਜਰ ਪ੍ਰਧਾਨ ਮੰਤਰੀ ਵੱਲੋਂ ਅਸੂਲ ਉਤੇ ਪਹਿਰਾ ਦੇਣਾ ਆਖ ਰਹੇ ਹਨ।

ਹੁਣ ਅਸੂਲ ਉਤੇ ਪਹਿਰਾ ਦੇਣ ਦਾ ਇੱਕ ਸਵਾਲ ਵੀ ਖੜਾ ਹੋ ਗਿਆ ਹੈ। ਕੇਂਦਰੀ ਜਾਂਚ ਏਜੰਸੀ ਨੇ ਇੱਕ ਕੇਸ ਦਰਜ ਕੀਤਾ ਹੈ, ਜਿਸ ਦੇ ਮੁਤਾਬਕ ਕੁਝ ਪਾਰਲੀਮੈਂਟ ਮੈਂਬਰ ਗਲਤ ਭੱਤੇ ਵਸੂਲਦੇ ਰਹੇ ਹਨ। ਉਹ ਟਰੈਵਲ ਏਜੰਸੀ ਨਾਲ ਮਿਲ ਕੇ ਪਹਿਲਾਂ ਹਵਾਈ ਟਿਕਟਾਂ ਬਣਵਾ ਕੇ ਉਨ੍ਹਾਂ ਦਾ ਬੋਰਡਿੰਗ ਪਾਸ ਬਣਵਾਉਂਦੇ ਤੇ ਫਿਰ ਟਿਕਟ ਰੱਦ ਕਰ ਕੇ ਬਿਨਾਂ ਸਫਰ ਕੀਤੇ ਤੋਂ ਉਹੋ ਬੋਰਡਿੰਗ ਪਾਸ ਵਿਖਾ ਕੇ ਉਸ ਦੇ ਪੈਸੇ ਸਰਕਾਰ ਤੋਂ ਲੈ ਲੈਂਦੇ ਸਨ। ਸਫਰ ਕੀਤੇ ਬਿਨਾਂ ਸਰਕਾਰ ਤੋਂ ਝੂਠੇ ਬਿੱਲ ਵਸੂਲਦੇ ਰਹੇ ਇਨ੍ਹਾਂ ਛੇ ਪਾਰਲੀਮੈਂਟ ਮੈਂਬਰਾਂ ਵਿਚੋਂ ਇੱਕ ਭਾਜਪਾ ਦਾ ਮੈਂਬਰ ਵੀ ਹੈ, ਜਿਸ ਨੇ ਸਿਰਫ ਸਾਢੇ ਛੇ ਹਜ਼ਾਰ ਦਾ ਰਿਫੰਡ ਦਾ ਖਰਚਾ ਦੇ ਕੇ ਇੱਕ ਲੱਖ ਉਨਾਸੀ ਹਜ਼ਾਰ ਰੁਪਏ ਸਰਕਾਰ ਕੋਲੋਂ ਵਸੂਲੇ ਹੋਏ ਹਨ। ਬਿਨਾਂ ਸ਼ੱਕ ਇੱਕ ਮੈਂਬਰ ਬੀਜੂ ਜਨਤਾ ਦਲ ਦਾ, ਇੱਕ ਤ੍ਰਿਣਮੂਲ ਕਾਂਗਰਸ ਦਾ, ਇੱਕ ਲਾਲੂ ਪ੍ਰਸਾਦ ਦੀ ਪਾਰਟੀ ਦਾ ਤੇ ਇੱਕ ਬੀਬੀ ਮਾਇਆਵਤੀ ਦੀ ਪਾਰਟੀ ਦਾ ਹੈ, ਪਰ ਸਭ ਤੋਂ ਵੱਡਾ ਸਵਾਲ ਪ੍ਰਧਾਨ ਮੰਤਰੀ ਦੇ ਆਪਣੀ ਪਾਰਟੀ ਦੇ ਮੈਂਬਰ ਵੱਲ ਵਤੀਰੇ ਦਾ ਹੈ। ਜਦੋਂ ਅਟਲ ਬਿਹਾਰੀ ਵਾਜਪਾਈ ਸਰਕਾਰ ਹੁੰਦੀ ਸੀ, ਉਦੋਂ ਵੀ ਇੱਕ ਵਾਰੀ ਸਕੈਂਡਲ ਸਾਹਮਣੇ ਆਇਆ ਸੀ, ਪਰ ਉਹ ਹਵਾਈ ਟਿਕਟਾਂ ਦੀ ਥਾਂ ਰੇਲਵੇ ਦਾ ਸੀ। ਕੁਝ ਮੈਂਬਰਾਂ ਨੇ ਰੇਲਵੇ ਤੋਂ ਮਿਲਦੇ ਫਸਟ ਕਲਾਸ ਏਅਰ ਕੰਡੀਸ਼ਨਡ ਸਫਰ ਦੇ ਮੁਫਤ ਵਾਉਚਰਾਂ ਨਾਲ ਇੱਕੋ ਦਿਨ ਕਈ ਸ਼ਹਿਰਾਂ ਨੂੰ ਸਫਰ ਕੀਤਾ ਹੋਇਆ ਸੀ। ਇੱਕ ਭਾਜਪਾ ਐਮ ਪੀ ਨੇ ਉਸੇ ਦਿਨ ਦੋ ਫਸਟ ਕਲਾਸ ਏ ਸੀ ਸੀਟਾਂ ਬੁੱਕ ਕਰਵਾ ਕੇ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਤੋਂ ਦਿੱਲੀ ਨੂੰ ਅਤੇ ਉਸੇ ਦਿਨ ਉਸੇ ਸਮੇਂ ਦੋ ਫਸਟ ਕਲਾਸ ਏ ਸੀ ਸੀਟਾਂ ਬੁੱਕ ਕਰ ਕੇ ਉਸੇ ਸ਼ਹਿਰ ਭੋਪਾਲ ਤੋਂ ਮੁੰਬਈ ਨੂੰ ਸਫਰ ਕੀਤਾ ਹੋਇਆ ਸੀ। ਅਸਲ ਖੇਡ ਇਹ ਸੀ ਕਿ ਟਿਕਟਾਂ ਬੁੱਕ ਐਮ ਪੀ ਦੇ ਨਾਂ ਉਤੇ ਹੁੰਦੀਆਂ ਸਨ, ਸਫਰ ਕੁਝ ਹੋਰ ਲੋਕ ਕਰਦੇ ਸਨ ਅਤੇ ਉਨ੍ਹਾਂ ਨੂੰ ਟਿਕਟ ਦੇ ਅਸਲ ਕਿਰਾਏ ਦਾ ਅੱਧੋ-ਅੱਧਾ ਦੇ ਹਿਸਾਬ ਨਾਲ ਛੋਟ ਦੇ ਕੇ ਬਾਕੀ ਪੈਸੇ ਵਸੂਲਣ ਤੋਂ ਲੱਖਾਂ ਰੁਪਏ ਦਾ ਹੇਰ-ਫੇਰ ਹੋਈ ਜਾ ਰਿਹਾ ਸੀ। ਜਿਹੜੇ ਐਮ ਪੀ ਫੜੇ ਗਏ, ਉਹ ਸਾਰੇ ਭਾਜਪਾ ਦੇ ਨਹੀਂ ਸਨ, ਪਰ ਵਾਜਪਾਈ ਸਰਕਾਰ ਹੋਣ ਕਾਰਨ ਮੁੱਖ ਰੌਲਾ ਪ੍ਰਧਾਨ ਮੰਤਰੀ ਵਾਜਪਾਈ ਦੀ ਭਾਜਪਾ ਵਾਲੇ ਮੈਂਬਰਾਂ ਦਾ ਪਿਆ ਸੀ ਤੇ ਲੋਕ ਉਨ੍ਹਾਂ ਵਿਰੁਧ ਕਾਰਵਾਈ ਦੀ ਸ਼ੁਰੂਆਤ ਭਾਜਪਾ ਤੋਂ ਕਰਨ ਦੀ ਮੰਗ ਕਰਦੇ ਸਨ।

ਹੁਣ ਵੀ ਜਿਨ੍ਹਾਂ ਛੇ ਸੰਸਦ ਮੈਂਬਰਾਂ ਦਾ ਕਿਰਦਾਰ ਸਾਹਮਣੇ ਆਇਆ ਹੈ, ਉਹ ਛੇ ਵੱਖੋ-ਵੱਖ ਪਾਰਟੀਆਂ ਨਾਲ ਸਬੰਧਤ ਹਨ, ਪਰ ਵੱਧ ਚਰਚਾ ਉਸ ਪ੍ਰਧਾਨ ਮੰਤਰੀ ਦੀ ਪਾਰਟੀ ਵਾਲੇ ਮੈਂਬਰ ਦੀ ਹੋਣੀ ਹੈ, ਜਿਸ ਦਾ ਨਾਹਰਾ ਹੈ ਕਿ ਭਾਰਤ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਨਾ ਹੈ। ਅੰਗਰੇਜ਼ੀ ਮੁਹਾਵਰਾ ਹੈ ਕਿ 'ਚੈਰਿਟੀ ਬਿਗਿਨਜ਼ ਐਟ ਹੋਮ', ਅਰਥਾਤ ਨੇਕੀ ਦੇ ਕੰਮ ਦੀ ਸ਼ੁਰੂਆਤ ਆਪਣੇ ਘਰ ਤੋਂ ਕਰਨੀ ਚਾਹੀਦੀ ਹੈ। ਨਰਿੰਦਰ ਮੋਦੀ ਨੂੰ ਭ੍ਰਿਸ਼ਟਾਚਾਰ ਦਾ ਗੰਦ ਹੂੰਝਣ ਦਾ ਕੰਮ ਆਪਣੀ ਪਾਰਟੀ ਵਾਲਿਆਂ ਤੋਂ ਸ਼ੁਰੂ ਕਰਨਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਉਸ ਬਾਰੇ ਭਰੋਸਾ ਹੋ ਸਕੇ। ਅਸੀਂ ਇਹ ਕੁਝ ਮੁੱਦੇ ਇਸ ਵੇਲੇ ਚਰਚਾ ਵਿਚ ਲਿਆਂਦੇ ਹਨ, ਪਰ ਗੱਲ ਇਥੋਂ ਤੱਕ ਸੀਮਤ ਨਹੀਂ। ਚਰਚਾ ਪ੍ਰਧਾਨ ਮੰਤਰੀ ਵੱਲੋਂ ਸਰਕਾਰ ਦੀ ਵਾਗ ਸੰਭਾਲਣ ਦੇ ਬਾਅਦ ਕੀਤੀ ਗਈ ਸਭ ਤੋਂ ਪਹਿਲੀ ਨਿਯੁਕਤੀ ਬਾਰੇ ਵੀ ਕਈ ਤਰ੍ਹਾਂ ਦੀ ਸੁਣੀ ਗਈ ਹੈ, ਪਰ ਉਸ ਨਿਯੁਕਤੀ ਵਾਲੇ ਅਧਿਕਾਰੀ ਦੇ ਨਾਲ ਰਹੇ ਅਫਸਰ ਦੱਬੀ ਜ਼ੁਬਾਨ ਵਿਚ ਗੱਲਾਂ ਕਰਦੇ ਹਨ ਤੇ ਜਨਤਕ ਤੌਰ ਉਤੇ ਆਪਣੇ ਮੂੰਹ ਉਤੇ ਲੱਗੀ ਟੇਪ ਲਾਹੁਣ ਨੂੰ ਤਿਆਰ ਨਹੀਂ। ਉਹ ਆਪਣੀ ਚੁੱਪ ਕਦੇ ਤੋੜਨਗੇ ਜਾਂ 'ਇੱਕ ਚੁੱਪ ਤੇ ਸੌ ਸੁੱਖ' ਠੀਕ ਸਮਝਣਗੇ, ਇਸ ਦੀ ਉਡੀਕ ਕਰਨੀ ਪਵੇਗੀ।



*ਆਮ ਲੋਕਾਂ ਲਈ ਸਭ ਤੋਂ ਵੱਡਾ ਮੁੱਦਾ ਇੱਕ ਵਾਰ ਫਿਰ ਮਹਿੰਗਾਈ ਦਾ ਹੈ। ਸਬਜ਼ੀਆਂ ਦੇ ਭਾਅ ਇੱਕ-ਦਮ ਚੜ੍ਹ ਗਏ ਹਨ। ਕੋਈ ਸਬਜ਼ੀ ਇੱਕੋ ਹਫਤੇ ਵਿਚ ਡਿਓਢੇ ਅਤੇ ਕੋਈ ਦੁੱਗਣੇ ਤੱਕ ਚਲੀ ਗਈ ਹੈ। ਪਿਆਜ਼ ਦਾ ਭਾਅ ਸਾਰੇ ਭਾਰਤ ਵਿਚ ਚੜ੍ਹ ਗਿਆ ਹੈ ਤੇ ਇਸ ਵਿਚ ਕੀਮਤਾਂ ਵੀ ਕਿਤੇ ਪੰਝੀ ਰੁਪਏ ਤੇ ਕਿਤੇ ਪੰਝੱਤਰ ਰੁਪਏ ਤੱਕ ਦੇ ਫਰਕ ਵਾਲੀਆਂ ਹੋਣ ਕਾਰਨ ਲੋਕਾਂ ਵਿਚ ਚਰਚਾ ਚੱਲ ਪਈ ਹੈ ਕਿ ਚੋਣਾਂ ਵਿਚ ਚੰਦੇ ਦੇਣ ਵਾਲੇ ਕੁਝ ਖਾਸ ਵਪਾਰੀ ਵਰਗਾਂ ਨੂੰ ਚੋਣ-ਚੰਦੇ ਪੂਰੇ ਕਰਨ ਲਈ ਵੇਲੇ ਸਿਰ ਖੁੱਲ੍ਹ ਦੇ ਦਿੱਤੀ ਗਈ ਹੈ। ਯਕੀਨੀ ਭਾਵੇਂ ਨਾ ਹੋਵੇ, ਪਰ ਇਹ ਗੱਲ ਠੀਕ ਵੀ ਹੋ ਸਕਦੀ ਹੈ।*



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਸਿੱਖ ਸੰਗਤਾਂ ਤੋਂ ਪਾਵਨ ਸਰੂਪ ਵਿਦੇਸ਼ ਭੇਜਣ ਬਾਰੇ ਰਾਏ ਮੰਗੀ

**ਅੰਮ੍ਰਿਤਸਰ:** ਪੰਜ ਸਿੰਘ ਸਾਹਿਬਾਨ ਨੇ ਕੰਟੇਨਰਾਂ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਵਿਦੇਸ਼ ਭੇਜਣ ਦੇ ਮਾਮਲੇ 'ਤੇ ਨਜ਼ਰਸਾਨੀ ਕਰਦਿਆਂ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ, ਸਭਾ ਸੁਸਾਇਟੀਆਂ ਤੇ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਲਿਖਤੀ ਰੂਪ ਵਿਚ ਇਸ ਬਾਰੇ ਆਪਣੇ ਸੁਝਾਅ ਭੇਜਣ। ਇਥੇ ਹੋਈ ਇਕੱਤਰਤਾ ਵਿਚ ਬੰਗਲੌਰ ਦੇ ਇਕ ਗੁਰਦੁਆਰੇ ਵਿਚ ਬੱਜਰ ਕੁਰਹਿਤ ਕਰਨ ਦੇ ਦੋਸ਼ ਹੇਠ ਹਰਮਿੰਦਰ ਸਿੰਘ 'ਖਾਲਸਾ ਬੁਲੇਟਿਨ' ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਜਦੋਂਕਿ ਆਲ ਇੰਡੀਆ ਸਿੱਖ ਕਾਨਫਰੰਸ ਜਥੇਬੰਦੀ ਦੇ ਆਗੂ ਗੁਰਚਰਨ ਸਿੰਘ ਬੱਬਰ ਨੂੰ ਸ੍ਰੀ ਅਕਾਲ ਤਖਤ ਦੇ ਜਥੇਦਾਰ ਖਿਲਾਫ ਮਾੜੀ ਸ਼ਬਦਾਵਲੀ ਵਰਤਣ ਦੇ ਦੋਸ਼ ਹੇਠ ਅਕਾਲ ਤਖਤ 'ਤੇ ਹਾਜ਼ਰ ਹੋ ਕੇ ਸਪੱਸ਼ਟੀਕਰਨ ਦੇਣ ਦੀ ਹਦਾਇਤ ਕੀਤੀ ਗਈ।



ਇਕੱਤਰਤਾ ਦੇ ਵੇਰਵੇ ਜਾਰੀ ਕਰਦਿਆਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਇਕੱਤਰਤਾ ਵਿਚ ਪਾਵਨ ਸਰੂਪ ਵਿਦੇਸ਼ ਭੇਜਣ ਬਾਰੇ ਸਿੱਖ ਜਥੇਬੰਦੀਆਂ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਇਸ ਮਾਮਲੇ ਬਾਰੇ ਸਰਬ ਸਾਂਝੀ ਰਾਏ ਕਾਇਮ ਕੀਤੀ ਜਾਵੇ। ਪਿਛਲੇ ਦਿਨੀਂ ਦਿੱਲੀ ਵਿਚ ਇਸ ਬਾਰੇ ਇਕ ਕੰਨਟੇਨਰ ਉਸ ਵੇਲੇ ਕਾਬੂ ਕੀਤਾ ਗਿਆ ਸੀ, ਜਦੋਂ ਉਸ ਵਿਚ ਪਾਵਨ ਸਰੂਪ ਲੱਦ ਕੇ ਵਿਦੇਸ਼ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਸੀ। ਕਈ ਜਥੇਬੰਦੀਆਂ ਦੇ ਕਾਰਕੁੰਨਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਇਸ ਮਾਮਲੇ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਆਪਣਾ ਅਸਤੀਫ਼ਾ ਦੇਣ।ਇਥੇ ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪੰਜ ਸਿੰਘ ਸਾਹਿਬਾਨ ਵੱਲੋਂ ਵਿਸ਼ੇਸ਼ ਕੰਟੇਨਰ, ਜਿਸ ਵਿਚ ਪਾਵਨ ਸਰੂਪਾਂ ਨੂੰ ਅਦਬ ਸਤਿਕਾਰ ਨਾਲ ਰੱਖਣ ਦਾ ਪ੍ਰਬੰਧ ਹੋਵੇ, ਰਾਹੀਂ ਪਾਵਨ ਸਰੂਪ ਵਿਦੇਸ਼ ਭੇਜਣ ਨੂੰ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਹੁਣ ਇਸ ਮਾਮਲੇ 'ਤੇ ਮੁੜ ਨਜ਼ਰਸਾਨੀ ਕੀਤੀ ਗਈ ਹੈ ਤੇ ਨਵੇਂ ਸਿਰੇ ਤੋਂ ਪਾਵਨ ਸਰੂਪ ਵਿਦੇਸ਼ ਭੇਜਣ ਦਾ ਮਾਮਲਾ ਵਿਚਾਰਿਆ ਜਾ ਰਿਹਾ ਹੈ।

ਇਕੱਤਰਤਾ ਵਿਚ ਬੰਗਲੌਰ ਤੋਂ ਹਰਮਿੰਦਰ ਸਿੰਘ 'ਖਾਲਸਾ ਬੁਲੇਟਿਨ' ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਹੈ ਤੇ ਉਸ ਨੂੰ ਹਦਾਇਤ ਕੀਤੀ ਹੈ ਕਿ ਉਹ ਪੰਜ ਸਿੰਘ ਸਾਹਿਬਾਨ ਦੀ ਅਗਲੀ ਇਕੱਤਰਤਾ ਵਿਚ ਪੇਸ਼ ਹੋ ਕੇ ਤਨਖਾਹ ਲਗਵਾਏ। ਜੇਕਰ ਉਹ ਨਹੀਂ ਆਉਂਦਾ ਤਾਂ ਉਸ ਖਿਲਾਫ਼ ਪੰਥਕ ਮਰਿਆਦਾ ਮੁਤਾਬਕ ਅਗਲੀ ਕਾਰਵਾਈ ਹੋਵੇਗੀ। ਉਨ੍ਹਾਂ ਦੱਸਿਆ ਕਿ ਬੰਗਲੌਰ ਦੀਆਂ ਸਿੱਖ ਸੰਗਤਾਂ ਵੱਲੋਂ ਦੋਸ਼ ਲਾਇਆ ਗਿਆ ਹੈ ਕਿ ਇਸ ਵਿਅਕਤੀ ਨੇ ਉਥੋਂ ਦੇ ਗੁਰਦੁਆਰੇ ਵਿਚ ਬਜਰ ਕੁਰਹਿਤ ਕੀਤੀ ਹੈ। ਇਸ ਬਾਰੇ ਪੱਤਰ ਭੇਜ ਕੇ ਸਪੱਸ਼ਟੀਕਰਨ ਦੇਣ ਲਈ ਸੱਦਿਆ ਗਿਆ ਸੀ ਪਰ ਉਸ ਨੇ ਉਲਟ ਹਉਮੈ ਭਰੇ ਪੱਤਰ ਲਿਖ ਕੇ ਜੁਆਬ ਦਿੱਤਾ ਹੈ। ਇਸ ਤੋਂ ਇਲਾਵਾ ਦਿੱਲੀ ਦੀ ਸਿੱਖ ਜਥੇਬੰਦੀ ਆਲ ਇੰਡੀਆ ਸਿੱਖ ਕਾਨਫਰੰਸ ਦੇ ਮੁਖੀ ਗੁਰਚਰਨ ਸਿੰਘ ਬੱਬਰ ਨੂੰ ਵੀ ਅਗਲੀ ਇਕੱਤਰਤਾ ਵਿਚ ਆਪਣਾ ਸਪੱਸ਼ਟੀਕਰਨ ਦੇਣ ਲਈ ਤਲਬ ਕੀਤਾ ਗਿਆ ਹੈ।

ਇਕੱਤਰਤਾ ਵਿਚ ਛੇ ਜੂਨ ਨੂੰ ਸ੍ਰੀ ਅਕਾਲ ਤਖਤ ਵਿਖੇ ਵਾਪਰੀ ਹਿੰਸਕ ਘਟਨਾ 'ਤੇ ਵੀ ਵਿਚਾਰ ਕੀਤਾ ਗਿਆ ਹੈ ਤੇ ਪੰਜ ਸਿੰਘ ਸਾਹਿਬਾਨ ਨੇ ਇਸ ਨੂੰ ਮੰਦਭਾਗੀ ਘਟਨਾ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇਸ ਘਟਨਾ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਵੱਲੋਂ ਜਾਂਚ ਕਮੇਟੀ ਬਣਾਈ ਗਈ ਹੈ, ਜਿਸ ਦੀ ਰਿਪੋਰਟ ਆਉਣ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇਗੀ।

ਜਾਂਚ ਕਮੇਟੀ ਵੱਲੋਂ ਜੋ ਸਿਫਾਰਸ਼ਾਂ ਕੀਤੀਆਂ ਜਾਣਗੀਆਂ, ਉਸ ਬਾਰੇ ਪ੍ਰਬੰਧਕਾਂ ਨਾਲ ਮੀਟਿੰਗ ਕੀਤੀ ਜਾਵੇਗੀ ਤਾਂ ਜੋ ਭਵਿੱਖ ਵਿਚ ਅਜਿਹੀ ਮੰਦਭਾਗੀ ਘਟਨਾ ਨਾ ਵਾਪਰੇ। ਉਨ੍ਹਾਂ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਨਾਅਰੇਬਾਜ਼ੀ ਕਰਨ ਤੋਂ ਰੋਕਣ ਆਦਿ ਬਾਰੇ ਵੀ ਰਿਪੋਰਟ ਆਉਣ ਤੋਂ ਬਾਅਦ ਵਿਚਾਰ ਕੀਤਾ ਜਾਵੇਗਾ ਤੇ ਇਸ ਘਟਨਾ ਬਾਰੇ ਪਸ਼ਚਾਤਾਪ ਵੀ ਕੀਤਾ ਜਾਵੇਗਾ।

## ਮਾਨ ਨੂੰ ਕਲੀਨ ਚਿੱਟ ਨਹੀਂ ਦਿੱਤੀ: ਸਿੰਘ ਸਾਹਿਬ

ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਸ. ਸਿਮਰਨਜੀਤ ਸਿੰਘ ਮਾਨ ਨੂੰ ਕਲੀਨ ਚਿੱਟ ਨਹੀਂ ਦਿੱਤੀ ਗਈ ਹੈ, ਸਗੋਂ ਉਨ੍ਹਾਂ ਉਸ ਨੂੰ ਖੁਦ ਨਾਅਰੇ ਲਾਉਣ ਤੋਂ ਰੋਕਿਆ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਘੱਲੂਘਾਰਾ ਦਿਵਸ ਮੌਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਹੀ ਸੰਦੇਸ਼ ਜਾਰੀ ਕੀਤਾ ਜਾਂਦਾ ਹੈ, ਹੋਰ ਕਿਸੇ ਨੂੰ ਸਮਾਗਮ ਦੌਰਾਨ ਸੰਬੋਧਨ ਕਰਨ ਦੀ ਪ੍ਰਵਾਨਗੀ ਨਹੀਂ ਹੈ। ਇਸੇ ਲਈ ਹੀ ਸ੍ਰੀ ਮਾਨ ਨੂੰ ਮਾਇਕ ਦੇਣ ਤੋਂ ਮਨ੍ਹਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਦਾ 350ਵਾਂ ਸਥਾਪਨਾ ਦਿਵਸ 19 ਜੂਨ 2015 ਨੂੰ ਆ ਰਿਹਾ ਹੈ, ਜਿਸ ਬਾਰੇ ਕਈ ਪ੍ਰੋਗਰਾਮ ਉਲੀਕੇ ਗਏ ਹਨ। ਇਹ ਪ੍ਰੋਗਰਾਮ 19 ਜੂਨ ਤੋਂ ਸ਼ੁਰੂ ਹੋਣਗੇ, ਜੋ ਸਾਲ ਭਰ ਚੱਲਣਗੇ। ਇਸ ਤਹਿਤ ਧਾਰਮਿਕ ਸਮਾਗਮ ਹੋਣਗੇ ਤੇ ਨਗਰ ਕੀਰਤਨ ਸਜਾਏ ਜਾਣਗੇ।

# ਧਰਮੀ ਫੌਜੀਆਂ ਦਾ ਕੋਰਟ ਮਾਰਸ਼ਲ ਗੈਰ-ਕਾਨੂੰਨੀ ਕਰਾਰ

**ਚੰਡੀਗੜ੍ਹ:** ਹਾਈ ਕੋਰਟ ਨੇ ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਈ ਫ਼ੌਜੀ ਕਾਰਵਾਈ ਵਿਰੁੱਧ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ 'ਬਗਾਵਤ' ਕਰਨ ਵਾਲੇ ਸਿੱਖ ਫ਼ੌਜੀਆਂ ਦੇ ਕੋਰਟ ਮਾਰਸ਼ਲ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਹੈ। ਹਾਈ ਕੋਰਟ ਦੇ ਜਸਟਿਸ ਐਸ.ਐਸ. ਸਾਰੋਂ ਤੇ ਜਸਟਿਸ ਨਵਿਤਾ ਸਿੰਘ ਵਾਲੇ ਡਿਵੀਜ਼ਨ ਬੈਂਚ ਵੱਲੋਂ ਕੁਝ ਸਮਾਂ ਪਹਿਲਾਂ ਸੁਣਾਏ ਫ਼ੈਸਲੇ ਨੂੰ ਹੁਣ ਨਸ਼ਰ ਕੀਤਾ ਗਿਆ ਹੈ। ਫ਼ੈਸਲੇ ਤਹਿਤ ਨਾ ਸਿਰਫ਼ ਇਕ ਅਜਿਹੇ ਸਿੱਖ ਫ਼ੌਜੀ ਖਿਲਾਫ਼ ਸਾਲ 1985 ਵਿਚ ਜਨਰਲ ਕੋਰਟ ਮਾਰਸ਼ਲ ਦੀ ਹੋਈ ਕਾਰਵਾਈ ਆਰਮੀ ਰੂਲਜ਼ 1954 ਦੇ ਨਿਯਮ 180 ਦੀ ਉਲੰਘਣਾ ਤਹਿਤ ਗੈਰ-ਕਨੂੰਨੀ ਤੇ ਬਿਨਾਂ ਕਿਸੇ ਆਧਾਰ 'ਤੇ ਕੀਤੀ ਕਰਾਰ ਦੇ ਦਿੱਤੀ ਗਈ ਬਲਕਿ ਜੰਮੂ ਨਾਲ ਸਬੰਧਤ ਸਾਬਕਾ ਸਿੱਖ ਭਾਰਤੀ ਫ਼ੌਜੀ ਕੁਲਵੰਤ ਸਿੰਘ ਦੀ ਪਟੀਸ਼ਨ 'ਤੇ ਆਰਮਡ ਫੋਰਸਿਜ਼ ਟ੍ਰਿਬਿਊਨਲ, ਚੰਡੀਗੜ੍ਹ ਵੱਲੋਂ ਉਸ ਵਿਰੁੱਧ ਸੁਣਾਇਆ ਗਿਆ ਫ਼ੈਸਲਾ ਵੀ ਰੱਦ ਕਰ ਦਿੱਤਾ ਗਿਆ ਹੈ।

ਸਾਲ 1971 ਵਿਚ ਸਿਪਾਹੀ ਦੇ ਤੌਰ 'ਤੇ ਫੌਜ ਵਿਚ ਭਰਤੀ ਹੋਏ ਕੁਲਵੰਤ ਸਿੰਘ ਨੇ 166 ਮਾਊਂਟੇਨ ਰੈਜਮੈਂਟ ਵਿਚ ਸੇਵਾ ਨਿਭਾਈ। ਸੇਵਾਮੁਕਤੀ ਦੀ ਨਿਯਮਤ ਸਮਾਂ ਸੀਮਾਂ ਨੇੜੇ ਆਉਣ ਦੇ ਦਿਨਾਂ ਵਿਚ ਹੀ ਜੂਨ 1984 ਵਿਚ ਭਰਤੀ ਫ਼ੌਜ ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੀ ਖ਼ਬਰ ਆਈ ਤਾਂ ਉਸ ਵੇਲੇ ਇਹ ਤੇ ਕੁਝ ਹੋਰ ਸਿੱਖ ਫ਼ੌਜੀ ਪੱਛਮੀ ਬੰਗਾਲ ਵਿਚ ਜਲਪਾਈ ਗੁੜੀ ਵਿਖੇ ਤਾਇਨਾਤ ਸਨ। 10 ਜੂਨ 1984 ਦੀ ਰਾਤ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਤੇ ਪਿੱਛੇ ਰਹਿੰਦੇ ਆਪਣੇ ਪਰਿਵਾਰਾਂ ਦੀ ਫ਼ਿਕਰ ਕਰਦਿਆਂ ਇਨ੍ਹਾਂ ਨੇ ਰੋਸ ਵਜੋਂ ਬੈਰਕਾਂ ਛੱਡ ਦਿੱਤੀਆਂ ਤੇ ਰਾਤੋਂ ਰਾਤ ਰੇਲਵੇ ਸਟੇਸ਼ਨ ਪਹੁੰਚ ਗਏ। ਇਨ੍ਹਾਂ ਦੀ ਯੂਨਿਟ ਦੇ ਅਧਿਕਾਰੀਆਂ ਨੇ ਕੁਝ ਕੁ ਘੰਟਿਆਂ ਮਗਰੋਂ ਇਨ੍ਹਾਂ ਨੂੰ ਲੱਭ ਲਿਆ ਤੇ ਕਮਾਂਡਿੰਗ ਅਫ਼ਸਰ ਨੇ ਸਮਝਾ ਬੁਝਾ ਕੇ ਵਾਪਸ ਯੂਨਿਟ ਵਿਚ ਲਿਆਂਦਾ, ਜਿਸ ਮਗਰੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। 11 ਨਵੰਬਰ 1985 ਨੂੰ ਕੁਲਵੰਤ ਸਿੰਘ, ਨਾਇਕ ਪਿਆਰਾ ਸਿੰਘ ਸਣੇ ਛੇ ਜਣਿਆਂ ਖ਼ਿਲਾਫ਼ ਫੌਜ ਵਿਚੋਂ ਭੱਜਣ ਤੇ ਇਸ ਨਾਲ ਸਬੰਧਤ ਹੋਰਨਾਂ ਧਾਰਾਵਾਂ ਤਹਿਤ ਚਾਰਜਸ਼ੀਟ ਦਾਇਰ ਕੀਤੀ ਗਈ ਤੇ ਜਨਰਲ ਕੋਰਟ ਮਾਰਸ਼ਲ ਦੀ ਕਾਰਵਾਈ ਮਗਰੋਂ ਫ਼ੌਜੀ ਹਿਰਾਸਤ ਵਿਚ ਹੀ ਦੋ ਮਹੀਨੇ ਦੀ ਸਖ਼ਤ ਸਜ਼ਾ ਵੀ ਸੁਣਾਈ ਗਈ।

19 ਫਰਵਰੀ 1988 ਨੂੰ ਉਸ ਦੇ ਕੋਰਟਮਾਰਸ਼ਲ ਤੇ ਫ਼ੌਜ ਵਿਚੋਂ ਭੱਜਣ ਦੇ ਰਿਕਾਰਡ ਨੂੰ ਆਧਾਰ ਬਣਾਉਂਦਿਆਂ ਪੈਨਸ਼ਨ ਦੇਣ ਦਾ ਫ਼ੈਸਲਾ ਵਾਪਸ ਲੈ ਲਿਆ ਗਿਆ। ਹਾਈ ਕੋਰਟ ਦੇ ਉਕਤ ਬੈਂਚ ਨੇ ਫੈਸਲਾ ਸੁਣਾਉਂਦਿਆਂ ਦਾਅਵਾ ਕੀਤਾ ਕਿ ਫ਼ੌਜ ਦੇ ਨਿਯਮ 180 ਤਹਿਤ ਇਨ੍ਹਾਂ ਖ਼ਿਲਾਫ਼ ਹੋਇਆ ਕੋਰਟ ਮਾਰਸ਼ਲ ਪੂਰੀ ਤਰ੍ਹਾਂ ਗੈਰ ਕਾਨੂੰਨੀ ਤੇ ਆਧਾਰਹੀਣ ਸੀ, ਕਿਉਂਕਿ ਇਸ ਰੂਲ ਦਾ ਇਕ ਵੱਡਾ ਪਹਿਲੂ ਇਹ ਹੈ ਕਿ ਕੋਰਟਮਾਰਸ਼ਲ ਦੀ ਕਾਰਵਾਈ ਦਾ ਸਾਹਮਣਾ ਕਰਨ ਵਾਲੇ ਨੂੰ ਬਕਾਇਦਾ ਤੌਰ 'ਤੇ ਆਪਣੀ ਗੱਲ ਰੱਖਣ ਤੇ ਬਰਾਬਰ ਦੂਵੱਲੀ ਬਹਿਸ ਵਿਚ ਹਿੱਸਾ ਲੈਣ ਆਦਿ ਜਿਹੇ ਹੱਕ ਮਿਲੇ ਹੋਏ ਹਨ, ਪਰ ਇਨ੍ਹਾਂ ਸਿੱਖ ਫ਼ੌਜੀਆਂ ਦੇ ਮਾਮਲੇ ਵਿਚ ਇਸ ਨਿਯਮ ਦੀ ਪਾਲਣਾ ਨਹੀਂ ਹੋਈ ਹੈ।

# ਸਿੱਖਾਂ ਵਿਚ ਪਾੜਾ ਪਾਉਣ ਤੋਂ ਗੁਰੇਜ਼ ਕਰੇ ਹਰਿਆਣਾ ਸਰਕਾਰ: ਮੱਕੜ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਗਿਜ਼ ਬਰਦਾਸ਼ਤ ਨਹੀਂ ਹੋਵੇਗੀ।

ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਹਾਕ ਦੇ ਆਪੂ ਬਣੇ ਪ੍ਰਧਾਨ ਦੀਦਾਰ ਸਿੰਘ ਨਲਵੀ ਦੇ ਵੱਖਰੀ ਕਮੇਟੀ ਬਣਾਉਣ ਦੇ ਬਿਆਨ ਦੀ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਹੈ ਕਿ ਸ. ਨਲਵੀ ਅਜਿਹੇ ਬਿਆਨ ਦੇ ਕੇ ਸਿੱਖਾਂ ਵਿਚ ਪਾੜਾ ਪਾਉਣ ਤੋਂ ਗੁਰੇਜ਼ ਕਰਨ ਅਤੇ ਉਹ ਕਾਂਗਰਸ ਦਾ ਹੱਥ ਠੋਕਾ ਬਣ ਕੇ ਨਾ ਵਿਚਰਨ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਦਿਨੀਂ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵੀ ਸੋਚੀ ਸਮਝੀ ਸਾਜ਼ਿਸ਼ ਤਹਿਤ ਬਿਆਨ ਦੇ ਕੇ ਸਿੱਖ ਕੌਮ ਨੂੰ ਵੰਡਣ ਦੀ ਕੋਝੀ ਸਾਜ਼ਿਸ਼ ਰਚੀ ਸੀ। ਇਸ ਬਾਰੇ ਹਰਿਆਣਾ ਸਰਕਾਰ ਦਾ ਕੋਈ ਵੀ ਲੁਕਵਾਂ ਕਦਮ ਸੰਸਦ ਦੀਆਂ ਸ਼ਕਤੀਆਂ ਦੀ ਸਿੱਧੀ ਉਲੰਘਣਾ ਹੋਵੇਗੀ। ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਢਾਂਚੇ ਨਾਲ ਕਿਸੇ ਨੂੰ ਛੇੜਛਾੜ ਦੀ ਆਗਿਆ ਨਾ ਦਿੱਤੀ ਜਾਵੇ। ਸ਼੍ਰੋਮਣੀ ਕਮੇਟੀ ਦੀ ਕਾਇਮੀ ਵਾਸਤੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਸਿੱਖਾਂ ਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ, ਜਾਇਦਾਦਾਂ ਕੁਰਕ ਕਰਵਾਈਆਂ ਤੇ ਜੇਲ੍ਹਾਂ ਕੱਟ ਕੇ ਗੁਰਦੁਆਰਿਆਂ ਦਾ ਪ੍ਰਬੰਧ ਸੰਗਤੀ ਬਣਾਇਆ।ਉਨ੍ਹਾਂ ਹੁੱਡਾ ਦੇ ਬਿਆਨ 'ਤੇ ਵੀ ਪ੍ਰਤੀਕਰਮ ਕਰਦਿਆਂ ਕਿਹਾ ਕਿ ਹੁੱਡਾ ਸਿੱਖ ਭਾਈਚਾਰੇ ਵਿਚ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਤਿਆਗ ਦੇਣ। ਸ਼੍ਰੋਮਣੀ ਕਮੇਟੀ ਗੁਰਦੁਆਰਾ ਐਕਟ 1925 ਮੁਤਾਬਕ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਪੰਜਾਬ, ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਵਿਚ ਬਹੁਤ ਸੁਚਾਰੂ ਢੰਗ ਨਾਲ ਕਰਦੀ ਆ ਰਹੀ ਹੈ।

# ਅਕਾਲ ਤਖਤ ਵਿਖੇ ਹਿੰਸਾ ਦੀ ਜਾਂਚ ਲਈ ਕਮੇਟੀ ਕਾਇਮ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖਤ ਵਿਖੇ ਛੇ ਜੂਨ ਨੂੰ ਵਾਪਰੀ ਹਿੰਸਕ ਘਟਨਾ ਦੀ ਮੁਕੰਮਲ ਜਾਂਚ ਲਈ ਪੰਜ ਮੈਂਬਰੀ ਕਮੇਟੀ ਕਾਇਮ ਕੀਤੀ ਗਈ ਹੈ। ਇਸ ਕਮੇਟੀ ਵਿਚ ਦੋ ਮੈਂਬਰ ਸ਼੍ਰੋਮਣੀ ਕਮੇਟੀ ਤੇ ਦੋ ਮੈਂਬਰ ਵੱਖ-ਵੱਖ ਸਿੱਖ ਜਥੇਬੰਦੀਆਂ ਤੋਂ ਸ਼ਾਮਲ ਕੀਤੇ ਗਏ ਹਨ। ਦੱਸਣਯੋਗ ਹੈ ਕਿ ਛੇ ਜੂਨ ਨੂੰ ਘੱਲੂਘਾਰਾ ਦਿਵਸ ਮੌਕੇ ਮਾਈਕ ਦੀ ਪ੍ਰਾਪਤੀ ਨੂੰ ਲੈ ਕੇ ਸ੍ਰੀ ਅਕਾਲ ਤਖਤ ਵਿਖੇ ਹਿੰਸਕ ਘਟਨਾ ਵਾਪਰੀ ਸੀ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਛੇ ਕਰਮਚਾਰੀਆਂ ਸਮੇਤ ਤਕਰੀਬਨ 10 ਤੋਂ ਵੱਧ ਵਿਅਕਤੀ ਜ਼ਖ਼ਮੀ ਹੋ ਗਏ ਸਨ। ਇਸ ਮਾਮਲੇ ਵਿਚ ਪੁਲਿਸ ਨੇ 28 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ, ਜਿਨ੍ਹਾਂ ਵਿਚੋਂ 22 ਜਣਿਆਂ ਨੂੰ ਗ੍ਰਿਫ਼ਤਾਰ ਕਰਕੇ ਫਰੀਦਕੋਟ ਜੇਲ੍ਹ ਭੇਜਿਆ ਜਾ ਚੁੱਕਿਆ ਹੈ। ਇਸ ਮਗਰੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਗਈ ਸੀ ਕਿ ਘਟਨਾ ਦੀ ਜਾਂਚ ਕਰਨ ਵਾਸਤੇ ਇਕ ਕਮੇਟੀ ਬਣਾਈ ਜਾਵੇ, ਜੋ ਜਾਂਚ ਮਗਰੋਂ ਆਪਣੀ ਰਿਪੋਰਟ ਦੇਵੇ। ਰਿਪੋਰਟ ਦੇ ਆਧਾਰ 'ਤੇ ਪੰਜ ਸਿੰਘ ਸਾਹਿਬਾਨ ਵੱਲੋਂ ਇਹ ਮਾਮਲਾ ਵਿਚਾਰਿਆ ਜਾਵੇਗਾ ਤੇ ਅਗਲੀ ਕਾਰਵਾਈ ਹੋਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਵਾਪਰੀ ਹਿੰਸਕ ਘਟਨਾ ਦੀ ਮੁਕੰਮਲ ਜਾਂਚ ਪੜਤਾਲ ਲਈ ਪੰਜ ਮੈਂਬਰੀ ਕਮੇਟੀ ਕਾਇਮ ਕੀਤੀ ਗਈ ਹੈ, ਜਿਸ ਵਿਚ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ, ਬਾਬਾ ਅਵਤਾਰ ਸਿੰਘ ਮੁਖੀ ਬਿਧੀ ਚੰਦ ਸੰਪਰਦਾਇ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਤੇ ਅੰਤ੍ਰਿੰਗ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਸ਼ਾਮਲ ਹਨ। ਕਮੇਟੀ ਦੇ ਕੋਆਰਡੀਨੇਟਰ ਬਲਵਿੰਦਰ ਸਿੰਘ ਜੌੜਾਸਿੰਘਾ ਵਧੀਕ ਸਕੱਤਰ ਨੂੰ ਥਾਪਿਆ ਗਿਆ ਹੈ।ਉਨ੍ਹਾਂ ਕਿਹਾ ਕਿ ਇਹ ਕਮੇਟੀ ਛੇਤੀ ਹੀ ਘਟਨਾ ਦੀ ਮੁਕੰਮਲ ਪੜਤਾਲ ਕਰਕੇ ਰਿਪੋਰਟ ਸੌਂਪੇਗੀ।

## ਓਬਾਮਾ ਆਵਾਸੀ ਸੁਧਾਰਾਂ ਦੇ ਹੱਕ ਵਿਚ ਨਿੱਤਰੇ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਨੇ ਆਵਾਸੀ ਸੁਧਾਰ ਅਸੰਭਵ ਹੋਣ ਦੀ ਰਾਏ ਨੂੰ ਮੂਲੋਂ ਹੀ ਰੱਦ ਕਰਦਿਆਂ ਕਾਂਗਰਸ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਇਸ ਬਾਰੇ ਐਕਟ ਪਾਸ ਕਰ ਦਿੱਤਾ ਜਾਵੇ ਤੇ ਜਦੋਂ ਇਹ ਸਹੀਬੰਦ ਹੋ ਕੇ ਕਾਨੂੰਨ ਬਣ ਗਿਆ ਤਾਂ ਇਸ ਨਾਲ ਕੋਈ ਇਕ ਕਰੋੜ 10 ਲੱਖ ਲੋਕਾਂ ਨੂੰ ਨਾਗਰਿਕਤਾ ਦੇ ਅਧਿਕਾਰ ਮਿਲ ਜਾਣਗੇ।

ਵੈਸਟਨ ਮੈਸੇਚਿਊਸਿਟਸ ਵਿਚ ਇਕ ਸਮਾਗਮ ਦੌਰਾਨ ਓਬਾਮਾ ਨੇ ਕਿਹਾ ਕਿ ਵਿਦਵਾਨਾਂ ਤੇ ਵਿਸ਼ਲੇਸ਼ਣਕਾਰਾਂ ਨੂੰ ਸੁਣਨਾ ਦਿਲਚਸਪੀ ਭਰਿਆ ਹੁੰਦਾ ਹੈ ਤੇ ਕੁਝ ਰਵਾਇਤੀ ਲੋਕ ਆਖਦੇ ਹਨ ਕਿ ਆਵਾਸ ਸੁਧਾਰ ਬਿਲਕੁਲ ਅਸੰਭਵ ਹਨ। ਉਹ ਸਦਨ ਦੇ ਸਪੀਕਰ ਨੂੰ ਦੱਸਣਗੇ ਕਿ ਉਸ ਨੂੰ ਇਹ ਰਾਇ ਖਾਰਜ ਕਰਨ ਦੀ ਲੋੜ ਹੈ ਕਿਉਂਕਿ ਜੇਕਰ ਅੱਜ ਉਹ, ਉਨ੍ਹਾਂ ਲੋਕਾਂ ਨੂੰ ਮਿਲੇ ਹੁੰਦੇ ਤਾਂ ਪਤਾ ਲੱਗਦਾ ਕਿ ਸਿਆਸਤ ਇਸ ਵਿਚ ਕੋਈ ਭੂਮਿਕਾ ਅਦਾ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਚਾਹੁੰਦਾ ਹੈ ਕਿ ਸਿਆਸਤ ਕਾਰਨ ਸਥਿਤੀ ਜਿਉਂ ਦੀ ਤਿਉਂ ਰਹਿਣੀ ਚਾਹੀਦੀ ਹੈ ਤਾਂ ਉਹ ਸਥਿਤੀ ਬਦਲ ਚੁੱਕੀ ਹੈ। ਕਿਸੇ ਨੁਕਤੇ 'ਤੇ ਆ ਕੇ ਮੁੱਦੇ ਇੰਨੇ ਅਹਿਮ ਹੁੰਦੇ ਹਨ ਕਿ ਉਹ ਆਪਣਾ ਰਾਹ ਆਪ ਬਣਾਉਂਦੇ ਹਨ।

# ਖੂਹ ਵਿਚੋਂ ਮਿਲੀਆਂ ਅਸਥੀਆਂ ਦਾ ਸਸਕਾਰ ਪਹਿਲੀ ਅਗਸਤ ਨੂੰ

**ਅਜਨਾਲਾ:** ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਦੇ ਖੂਹ ਵਿਚੋਂ ਕੱਢੀਆਂ ਗਈਆਂ ਸੰਨ 1857 ਦੇ ਰਾਸ਼ਟਰੀ ਵਿਦਰੋਹ ਦੇ 282 ਸ਼ਹੀਦ ਹਿੰਦੁਸਤਾਨੀ ਸੈਨਿਕਾਂ ਦੀਆਂ ਅਸਥੀਆਂ ਦਾ ਅੰਤਿਮ ਸੰਸਕਾਰ ਅਜਨਾਲਾ ਵਿਚ ਪਹਿਲੀ ਅਗਸਤ ਨੂੰ ਕੀਤਾ ਜਾਵੇਗਾ। ਇਹ ਜਾਣਕਾਰੀ ਪੰਜਾਬ ਸਰਕਾਰ ਵੱਲੋਂ ਸ਼ਹੀਦੀ ਖੂਹ ਸਮਾਰਕ ਤੇ ਅਸਥੀਆਂ ਦੇ ਰੱਖ-ਰਖਾਵ ਨੂੰ ਲੈ ਕੇ ਬਣਾਈ ਗਈ ਸਲਾਹਕਾਰ ਕਮੇਟੀ ਦੇ ਮੈਂਬਰ ਇਤਿਹਾਸਕਾਰ ਤੇ ਖੋਜਕਰਤਾ ਸੁਰਿੰਦਰ ਕੋਛੜ ਨੇ ਕਲਚਰਲ, ਪੁਰਾਤੱਤਵ ਤੇ ਮਿਊਜ਼ੀਅਮ ਵਿਭਾਗ ਪੰਜਾਬ ਦੇ ਡਾਇਰੈਕਟਰ ਨਵਜੋਤ ਸਿੰਘ ਰੰਧਾਵਾ ਨੂੰ ਮੰਗ ਪੱਤਰ ਵਜੋਂ ਦਿੱਤੀ।



ਮੰਗ ਪੱਤਰ ਵਿਚ ਸ੍ਰੀ ਕੋਛੜ ਨੇ ਦੱਸਿਆ ਕਿ ਉਨ੍ਹਾਂ ਨੇ ਉਸ ਖੂਹ ਵਿਚੋਂ ਆਪਣੀ ਖੋਜ ਦੇ ਆਧਾਰ 'ਤੇ ਸਥਾਨਕ ਗੁਰਦੁਆਰਾ ਸ਼ਹੀਦਗੰਜ ਅਜਨਾਲਾ ਦੀ ਕਮੇਟੀ ਦੇ ਸਹਿਯੋਗ ਨਾਲ ਜੋ 282 ਸ਼ਹੀਦ ਹਿੰਦੁਸਤਾਨੀ ਸੈਨਿਕਾਂ ਦੀਆਂ ਅਸਥੀਆਂ ਕੱਢਵਾਈਆਂ ਸਨ, ਨੂੰ ਜਾਂਚ ਲਈ ਚੰਡੀਗੜ੍ਹ ਲਿਜਾਉਣ ਸਮੇਂ ਉਨ੍ਹਾਂ ਵਿਚੋਂ ਬਹੁਤ ਸਾਰੀਆਂ ਅਸਥੀਆਂ ਨੂੰ ਫੋਰੈਂਸਿਕ ਸਾਇੰਸ ਤੇ ਡੀਐਨਏ ਮਾਹਿਰਾਂ ਨੇ ਨਕਾਰਾ ਐਲਾਨ ਦਿੱਤਾ ਸੀ। ਇਨ੍ਹਾਂ ਅਸਥੀਆਂ, ਜੋ ਮੁਰੰਮਤ ਕਰਕੇ ਅਜਾਇਬ ਘਰ ਵਿਚ ਰੱਖਣਯੋਗ ਨਹੀਂ ਹਨ, ਦਾ ਅਜਨਾਲਾ ਵਿਚ ਪਹਿਲੀ ਅਗਸਤ ਨੂੰ ਅੰਤਿਮ ਸੰਸਕਾਰ ਕੀਤਾ ਜਾਵੇਗਾ। ਸ੍ਰੀ ਕੋਛੜ ਮੁਤਾਬਕ ਹਿੰਦੁਸਤਾਨੀ ਸੈਨਿਕਾਂ ਦੇ ਅੰਤਿਮ ਸਸਕਾਰ ਸਮਾਰੋਹ ਵਿਚ ਸ਼ਾਮਲ ਹੋਣ ਲਈ ਦੇਸ਼-ਵਿਦੇਸ਼ ਦੀਆਂ ਸਮਾਜਕ, ਧਾਰਮਿਕ, ਵਿਦਿਅਕ ਸੰਸਥਾਵਾਂ, ਭਾਰਤੀ ਸੈਨਾ ਤੇ ਦੇਸ਼ ਦੇ ਸਿਆਸਤਦਾਨਾਂ ਸਮੇਤ ਦੇਸ਼ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਨੂੰ ਪੱਤਰ ਭੇਜੇ ਜਾ ਰਹੇ ਹਨ। ਸ੍ਰੀ ਕੋਛੜ ਨੇ ਮੰਗ-ਪੱਤਰ ਵਿਚ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਹੈ ਕਿ ਪੰਜਾਬ ਸਰਕਾਰ ਭਾਰਤੀ ਗ੍ਰਹਿ ਮੰਤਰਾਲਿਆ ਦੀ ਮਾਰਫ਼ਤ ਬਰਤਾਨੀਆ ਸਰਕਾਰ ਤੋਂ ਉਨ੍ਹਾਂ ਸ਼ਹੀਦ ਹਿੰਦੁਸਤਾਨੀ ਸੈਨਿਕਾਂ ਦੇ ਨਾਵਾਂ ਬਾਰੇ ਸਾਰੀ ਜਾਣਕਾਰੀ ਦੋ ਹਫ਼ਤੇ ਦੇ ਅੰਦਰ ਮੰਗਵਾਏ ਤੇ ਸੈਨਿਕਾਂ ਦੀਆਂ ਅਸਥੀਆਂ ਦਾ ਅੰਤਿਮ ਸੰਸਕਾਰ ਸਨਮਾਨਪੂਰਵਕ ਢੰਗ ਨਾਲ ਕਰਨ ਲਈ ਅਜਨਾਲਾ ਵਿਚ ਉਚਿਤ ਜਗ੍ਹਾ ਉਪਲੱਬਧ ਕਰਵਾਈ ਜਾਵੇ।

# ਸੰਸਦ ਵਿਚ ਛਾ ਗਿਆ ਭਗਵੰਤ ਮਾਨ



**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਭਗਵੰਤ ਮਾਨ ਦੀਆਂ ਸੰਸਦ ਵਿਚ ਵਿਅੰਗ ਭਰੀਆਂ ਟਿੱਪਣੀਆਂ ਦੀ ਅੱਜ ਕੱਲ੍ਹ ਸ਼ੋਸ਼ਲ ਮੀਡੀਆ 'ਤੇ ਖ਼ੂਬ ਚਰਚਾ ਹੈ। ਲੋਕਾਂ ਵੱਲੋਂ ਇਨ੍ਹਾਂ ਟਿੱਪਣੀਆਂ ਦਾ ਵੱਟਸਐਪ ਤੇ ਫੇਸਬੁੱਕ ਆਦਿ ਸਾਈਟਾਂ 'ਤੇ ਵੱਡੇ ਪੱਧਰ ਉਤੇ ਅਦਾਨ-ਪ੍ਰਦਾਨ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਮਾਨ ਨੇ ਸੰਸਦ ਵਿਚ ਖ਼ੁਦ ਨੂੰ ਆਮ ਲੋਕਾਂ ਦਾ ਨੁਮਾਇੰਦਾ ਦੱਸਦਿਆਂ ਦਿੱਲੀ ਵਿਚ ਬਿਜਲੀ ਦੀ ਸਮੱਸਿਆ ਬਾਰੇ ਟਿੱਪਣੀਆਂ ਕੀਤੀਆਂ ਤੇ ਰਾਸ਼ਟਰਪਤੀ ਬਾਰੇ ਭਾਸ਼ਣ ਦੌਰਾਨ ਹੋਈ ਬਹਿਸ ਵਿਚ ਕਿਹਾ ਕਿ ਨਿਰੀ ਭਾਸ਼ਣਬਾਜ਼ੀ ਹੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਦਿੱਲੀ ਦੇ ਲਾਲ ਕਿਲ੍ਹੇ 'ਤੇ ਹੋਣ ਵਾਲਾ ਭਾਸ਼ਣ ਵੀ ਹੁਣ ਬਦਲਣ ਵਾਲਾ ਹੋ ਗਿਆ ਹੈ ਕਿਉਂਕਿ ਹੁਣ ਤਾਂ ਲਾਲ ਕਿਲ੍ਹੇ ਦੇ ਕਬੂਤਰਾਂ ਨੂੰ ਵੀ ਪ੍ਰਧਾਨ ਮੰਤਰੀ ਵਾਲੇ ਭਾਸ਼ਣ ਯਾਦ ਹੋ ਗਏ ਹਨ।

ਭਗਵੰਤ ਮਾਨ ਨੇ ਕਿਹਾ ਕਿ ਦਿੱਲੀ ਅੰਦਰ ਬਿਜਲੀ ਦੀ ਸਮੱਸਿਆ ਤੋਂ ਤਾਂ ਦਾਦਿਆਂ-ਪੜਦਾਦਿਆਂ ਦੇ ਮੋਮਬੱਤੀਆਂ ਵਾਲੇ ਦਿਨ ਯਾਦ ਆ ਗਏ ਹਨ। ਸਰਕਾਰ ਹੁਣ ਦਿੱਲੀ ਦੇ ਲੋਕਾਂ ਨੂੰ ਘੰਟੇ ਲਈ ਏ.ਸੀ. ਬੰਦ ਕਰਨ ਲਈ ਆਖ ਰਹੀ ਹੈ ਤੇ ਦਸ ਵਜੇ ਤੋਂ ਬਾਅਦ ਮਾਲਾਂ ਅੰਦਰ ਜਾਣ ਤੋਂ ਰੋਕ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ 'ਤੇ ਤਨਜ ਕੱਸਦਿਆਂ ਕਿਹਾ ਕਿ ਸਾਨੂੰ ਤਾਂ ਪੰਜਾਬ ਸਰਕਾਰ ਨੇ ਬਿਜਲੀ ਬਿਨਾਂ ਰਹਿਣ ਦੀ ਆਦਤ ਪਾ ਦਿੱਤੀ ਹੈ ਪਰ ਦੇਸ਼ ਦੇ ਦਿਲ ਦਿੱਲੀ ਨਾਲ ਤਾਂ ਅਜਿਹਾ ਨਾ ਕਰੋ। ਉਨ੍ਹਾਂ ਆਪਣੇ ਛੋਟੇ ਜਿਹੇ ਭਾਸ਼ਣ ਵਿਚ ਕਿਹਾ ਕਿ ਭਾਜਪਾ ਨੇ ਲੋਕਾਂ ਤੋਂ 60 ਸਾਲ ਮੰਗੇ ਹਨ ਪਰ ਉਹ ਵਾਅਦੇ 2022 ਤੱਕ ਦੇ (ਗੁਸਲਖ਼ਾਨੇ ਬਣਾਉਣ ਦੇ) ਕਰ ਰਹੇ ਹਨ ਜਿਵੇਂ ਕਿ ਉਦੋਂ ਤੱਕ ਉਹ ਇਥੇ ਹੀ ਰਹਿਣਗੇ।

ਉਨ੍ਹਾਂ ਦਾਅਵਾ ਕੀਤਾ ਕਿ ਦਿੱਲੀ ਵਿਚ ਜਦੋਂ 'ਆਪ' ਦੀ ਸਰਕਾਰ ਸੀ ਤਾਂ ਬਿਜਲੀ ਦੇ ਭਾਅ ਘੱਟ ਸਨ ਤੇ ਇਹ ਵੱਧ ਵੀ ਮਿਲਦੀ ਸੀ ਜਦਕਿ ਹੁਣ ਬਿਜਲੀ ਦੇ ਭਾਅ ਵੱਧ ਹਨ ਤੇ ਇਹ ਘੱਟ ਮਿਲ ਰਹੀ ਹੈ।

ਯਾਦ ਰਹੇ ਕਿ ਭਗਵੰਤ ਮਾਨ ਨੇ ਪਿਛਲੇ ਹਫਤੇ ਭਾਜਪਾ ਦੇ ਸੰਸਦ ਮੈਂਬਰ ਰਾਜੀਵ ਪ੍ਰਤਾਪ ਰੂਡੀ ਨੂੰ ਵੀ ਸੰਸਦ ਵਿਚ ਘੇਰ ਲਿਆ ਸੀ। ਸ੍ਰੀ ਰੂਡੀ ਨੇ ਭਾਸ਼ਣ ਦੌਰਾਨ ਦਿੱਲੀ ਦੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਸਰਕਾਰ ਬਾਰੇ ਟਿੱਪਣੀ ਕੀਤੀ ਸੀ ਕਿ ਕੁਝ ਭੁੱਲੇ-ਭਟਕੇ ਲੋਕਾਂ ਨੇ ਇਕ ਪਾਰਟੀ ਨੂੰ ਜਿੱਤਾ ਦਿੱਤਾ ਸੀ। ਇਸ 'ਤੇ ਭਗਵੰਤ ਮਾਨ ਨੇ ਤੁਰੰਤ ਇਤਰਾਜ਼ ਕੀਤਾ ਕਿ ਉਹ ਉਨ੍ਹਾਂ ਦੀ ਪਾਰਟੀ ਨੂੰ 30 ਫੀਸਦੀ ਤੋਂ ਵਧ ਵੋਟਾਂ ਪਾਉਣ ਵਾਲੇ ਵੋਟਰਾਂ ਨੂੰ ਭੁੱਲੇ-ਭਟਕੇ ਆਖ ਕੇ ਉਨ੍ਹਾਂ ਮਜ਼ਾਕ ਨਾ ਉਡਾਉਣ। ਮਗਰੋਂ ਸ੍ਰੀ ਰੂਡੀ ਨੇ ਆਪਣੇ ਸ਼ਬਦ ਵਾਪਸ ਲੈਣੇ ਪਏ।



*ਕੈਲੀਫੋਰਨੀਆ ਵਿਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਤੇ ਰਾਜਾ ਸਵੀਟਸ ਦੇ ਮਾਲਕ ਮੱਖਣ ਬੈਂਸ ਦੀ ਬੇਟੀ ਗੁਰਸ਼ਰਨ ਬੈਂਸ ਦੇ ਯੂਨੀਵਰਸਿਟੀ ਆਫ ਕੈਲੀਫੋਰਨੀਆ, ਸੈਂਟਾ ਬਾਰਬਰਾ ਤੋਂ ਗ੍ਰੈਜੂਏਸ਼ਨ ਮੌਕੇ ਗੁਰਸ਼ਰਨ ਨਾਲ ਮੱਖਣ ਬੈਂਸ ਤੇ ਬਲਜੀਤ ਕੌਰ ਬੈਂਸ ਖੁਸ਼ੀ ਤੇ ਚਾਅ ਦੇ ਰੌਂਅ ਵਿਚ। ਆਪਣੇ ਮਿੱਠੇ ਤੇ ਨਿਮਰਤਾ ਵਾਲੇ ਸੁਭਾਅ ਕਰਕੇ ਜਾਣੇ ਜਾਂਦੇ ਸ੍ਰੀ ਬੈਂਸ ਨੂੰ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਚਹੇਤਿਆਂ, ਪ੍ਰਸ਼ੰਸਕਾਂ ਤੇ ਹਮਦਰਦਾਂ ਨੇ ਵੀ ਵਧਾਈ ਭੇਜੀ ਹੈ। (ਤਸਵੀਰ ਤੇ ਵੇਰਵਾ: ਅਸ਼ੋਕ ਭੌਰਾ)*

# ਹਾਈ ਕੋਰਟ ਵੱਲੋਂ ਪੰਜਾਬ ਸਰਕਾਰ 'ਤੇ ਵਿਤਕਰੇ ਦਾ ਦੋਸ਼!

**ਚੰਡੀਗੜ੍ਹ:** ਹਾਈ ਕੋਰਟ ਵੱਲੋਂ ਕੁੱਲ 18 ਕੇਸਾਂ ਬਾਰੇ ਦਿੱਤੇ ਗਏ ਫੈਸਲੇ ਮਗਰੋਂ ਪੰਜਾਬ ਸਰਕਾਰ ਵੱਲੋਂ ਸਿਰਫ ਦੋ ਕੇਸਾਂ ਬਾਰੇ ਹੀ ਅਪੀਲ ਦਾਇਰ ਕਰਨ ਨੂੰ ਵਿਤਕਰਾ ਕਰਾਰ ਦਿੰਦੇ ਹੋਏ ਦੋਵਾਂ ਅਪੀਲਾਂ ਨੂੰ ਰੱਦ ਕਰ ਦਿੱਤਾ ਹੈ।

ਹਾਈ ਕੋਰਟ ਨੇ ਸਪਸ਼ਟ ਕੀਤਾ ਕਿ ਸੂਬਾ ਸਰਕਾਰ ਅਪੀਲ ਦਾਇਰ ਕਰਨ ਦੇ ਮਾਮਲੇ ਵਿਚ ਵਿਤਕਰਾ ਨਹੀਂ ਕਰ ਸਕਦੀ। ਅਦਾਲਤ ਨੇ ਫੈਸਲੇ ਵਿਚ ਦਖਲਅੰਦਾਜ਼ੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਦੋ ਕੇਸਾਂ ਵਿਚ ਨਿਆਇਕ ਦਖਲਅੰਦਾਜ਼ੀ ਦਾ ਅਰਥ ਵਿਤਕਰਾ ਕਰਨਾ ਹੋਵੇਗਾ। ਇਹ ਹੁਕਮ ਹਾਈ ਕੋਰਟ ਨੇ ਸੂਬਾ ਸਰਕਾਰ ਤੇ ਹੋਰ ਅਪੀਲਕਰਤਾਵਾਂ ਵੱਲੋਂ ਬਲਦੇਵ ਰਾਜ ਮਿੱਤਲ ਤੇ ਹੋਰ ਪ੍ਰਤੀਵਾਦੀਆਂ ਵਿਰੁੱਧ ਦਾਇਰ ਕੀਤੀਆਂ ਗਈਆਂ ਦੋ ਅਪੀਲਾਂ 'ਤੇ ਦਿੱਤੇ ਹਨ। ਪਹਿਲਾਂ ਜੇ.ਬੀ.ਟੀ ਤੇ ਜੇਵੀ ਅਧਿਆਪਕਾਂ ਵੱਲੋਂ ਹਾਈ ਕੋਰਟ ਵਿਚ 18 ਰਿੱਟ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ। ਇਨ੍ਹਾਂ ਵੱਲੋਂ ਉੱਚਯੋਗਤਾ ਹੋਣ ਕਾਰਨ ਵਧੇਰੇ ਲਾਭ ਦਿੱਤੇ ਜਾਣ ਦੀ ਬੇਨਤੀ ਕੀਤੀ ਗਈ ਸੀ। ਹਾਈ ਕੋਰਟ ਨੇ 15 ਅਪਰੈਲ 2009 ਨੂੰ ਸਾਰੀਆਂ 18 ਪਟੀਸ਼ਨਾਂ 'ਤੇ ਫੈਸਲਾ ਸੁਣਾਇਆ ਸੀ ਪਰ ਸੂਬਾ ਸਰਕਾਰ ਨੇ ਸਿਰਫ ਦੋ ਮਾਮਲਿਆਂ ਵਿਚ ਹਾਈ ਕੋਰਟ ਵਿਚ ਅਪੀਲ ਕੀਤੀ ਸੀ। ਸੂਬਾ ਸਰਕਾਰ ਦੀ ਇਸ ਪਹੁੰਚ ਦਾ ਨੋਟਿਸ ਲੈਂਦਿਆਂ ਬੈਂਚ ਨੇ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ 18 ਪਟੀਸ਼ਨਾਂ 'ਤੇ ਫੈਸਲਾ ਸੁਣਾਇਆ ਗਿਆ ਸੀ ਪਰ ਸਰਕਾਰ ਨੇ ਸਿਰਫ ਦੋ ਕੇਸਾਂ ਬਾਰੇ ਅਪੀਲ ਕੀਤੀ। ਇਸ ਦਾ ਅਰਥ ਹੈ ਕਿ ਬਾਕੀ 16 ਕੇਸਾਂ ਦੇ ਪਟੀਸ਼ਨਰਾਂ ਬਾਰੇ ਫੈਸਲਾ ਪ੍ਰਵਾਨ ਕੀਤਾ ਗਿਆ ਤੇ ਰਾਹਤ ਦਿੱਤੀ ਗਈ।

## ਚੀਨ ਵਿਚ 13 ਅਤਿਵਾਦੀ ਫਾਹੇ ਲਾਏ

**ਪੇਇਚਿੰਗ:** ਚੀਨ ਦੇ ਅਸ਼ਾਂਤ ਪ੍ਰਾਂਤ ਸ਼ਿਨਚਿਆਂਗ ਵਿਚ ਇਸਲਾਮਵਾਦੀ ਕਹੇ ਜਾਂਦੇ 13 ਅਤਿਵਾਦੀਆਂ ਨੂੰ ਫਾਹੇ ਲਾਇਆ ਗਿਆ। ਫਾਹੇ ਲਾਏ ਗਏ ਇਹ 13 ਅਤਿਵਾਦੀ ਆਕਸੂ, ਤੁਰਪਾਨ ਤੇ ਹੋਤਾਨ ਦੀਆਂ ਅਦਾਲਤਾਂ ਵੱਲੋਂ ਸੱਤ ਵੱਖ-ਵੱਖ ਮਾਮਲਿਆਂ ਵਿਚ ਦੋਸ਼ੀ ਠਹਿਰਾਏ ਗਏ ਸਨ। ਸ਼ਿਨਚਿਆਂਗ ਵਿਚ ਹੁਣ ਤੱਕ ਫਾਹੇ ਲਾਏ ਗਏ ਦੋਸ਼ੀਆਂ ਦੀ ਇਹ ਸਭ ਤੋਂ ਵੱਡੀ ਗਿਣਤੀ ਹੈ।

# ਭਾਈ ਰੂਪਾ ਦੇ ਵਾਸਨੀਕਾਂ ਦਾ ਖਹਿੜਾ ਅਜੇ ਵੀ ਨਾ ਛੁੱਟਿਆ

**ਬਠਿੰਡਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿੰਡ ਭਾਈ ਰੂਪਾ ਦੀ ਵਿਵਾਦ ਵਾਲੀ ਜ਼ਮੀਨ 'ਤੇ ਕਬਜ਼ਾ ਕਰਨ ਤੋਂ ਬਾਅਦ ਵੀ ਪਿੰਡ ਵਾਸੀਆਂ ਨੂੰ ਪੁਲਿਸ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਠਿੰਡਾ ਪੁਲਿਸ ਨੇ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਰੋਧ ਕਰਨ ਵਾਲੇ ਪਿੰਡ ਭਾਈ ਰੂਪਾ ਦੇ ਲੋਕਾਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਥਾਣਾ ਫੂਲ ਦੀ ਪੁਲਿਸ ਨੇ ਪੁਰਾਣੀ ਐਫ.ਆਈ.ਆਰ. ਨੰਬਰ 28 ਵਿਚ ਤਕਰੀਬਨ ਅੱਧੀ ਦਰਜਨ ਵਿਅਕਤੀ ਹੋਰ ਨਾਮਜ਼ਦ ਕੀਤੇ ਹਨ। ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਨੇ ਨੌਂ ਜੂਨ ਨੂੰ ਜਦੋਂ ਪਿੰਡ ਭਾਈ ਰੂਪਾ ਵਿਚ ਵਿਵਾਦ ਵਾਲੀ ਜ਼ਮੀਨ ਦਾ ਕਬਜ਼ਾ ਲਿਆ ਤਾਂ ਉਦੋਂ ਪਿੰਡ ਦੇ ਗੁਰੂ ਘਰ ਦੇ 17 ਵਰ੍ਹਿਆਂ ਦੇ ਨੌਜਵਾਨ ਗ੍ਰੰਥੀ ਨੇ ਪਿੰਡ ਦੇ ਗੁਰੂ ਘਰ ਵਿਚੋਂ ਹੋਕਾ ਦੇ ਦਿੱਤਾ ਸੀ ਕਿ ਸ਼੍ਰੋਮਣੀ ਕਮੇਟੀ ਜ਼ਮੀਨ ਦਾ ਕਬਜ਼ਾ ਲੈਣ ਪੁੱਜ ਗਈ ਹੈ।

ਥਾਣਾ ਫੂਲ ਦੀ ਪੁਲਿਸ ਨੇ ਇਸ ਗ੍ਰੰਥੀ ਨੂੰ ਪੁਰਾਣੀ ਐਫ.ਆਈ.ਆਰ. ਵਿਚ ਨਾਮਜ਼ਦ ਕਰ ਦਿੱਤਾ ਹੈ। ਉਸ ਨੂੰ ਧਾਰਾ 307 ਤਹਿਤ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਥਾਣਾ ਫੂਲ ਦੀ ਪੁਲਿਸ ਨੇ ਪਿੰਡ ਭਾਈ ਰੂਪਾ ਵਿਚ ਅੱਧੀ ਦਰਜਨ ਆਗੂਆਂ ਦੇ ਘਰਾਂ ਵਿਚ ਛਾਪੇ ਮਾਰੇ ਪਰ ਕੋਈ ਆਗੂ ਪੁਲਿਸ ਦੇ ਹੱਥ ਨਾ ਲੱਗ ਸਕਿਆ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਤੇ ਲੰਗਰ ਕਮੇਟੀ ਵਿਚਾਲੇ ਟਕਰਾਅ ਹੋ ਗਿਆ ਸੀ। ਇਸ ਬਾਰੇ ਥਾਣਾ ਫੂਲ ਵਿਚ ਸੱਤ ਮਈ 2014 ਨੂੰ ਧਾਰਾ 307 ਤਹਿਤ ਪਿੰਡ ਭਾਈ ਰੂਪਾ ਦੇ 17 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਇਨ੍ਹਾਂ ਵਿਚੋਂ ਅੱਧੀ ਦਰਜਨ ਵਿਅਕਤੀ ਤਾਂ ਪੁਲਿਸ ਨੇ ਗ੍ਰਿਫ਼ਤਾਰ ਵੀ ਕਰ ਲਏ ਸਨ। ਜਦੋਂ ਗ੍ਰਿਫ਼ਤਾਰ ਵਿਅਕਤੀਆਂ ਦੀ ਜ਼ਮਾਨਤ ਹੋ ਗਈ ਤਾਂ ਜੇਲ੍ਹ ਵਿਚੋਂ ਰਿਹਾਈ ਹੋਣ ਮਗਰੋਂ ਮੁੜ ਪੁਲਿਸ ਨੇ ਇਨ੍ਹਾਂ ਆਗੂਆਂ ਨੂੰ ਧਾਰਾ 107,151 ਤਹਿਤ ਜੇਲ੍ਹ ਭੇਜ ਦਿੱਤਾ।

ਥਾਣਾ ਫੂਲ ਦੇ ਮੁੱਖ ਅਫਸਰ ਦਾ ਕਹਿਣਾ ਹੈ ਕਿ ਪਿੰਡ ਭਾਈ ਰੂਪਾ ਦੇ ਗ੍ਰੰਥੀ ਨੂੰ ਪੁਰਾਣੇ ਕੇਸ ਵਿਚ ਅੱਠ ਮਈ ਨੂੰ ਹੀ ਨਾਮਜ਼ਦ ਕੀਤਾ ਗਿਆ ਸੀ ਤੇ ਉਸ ਨੂੰ ਹੁਣ ਗ੍ਰਿਫ਼ਤਾਰ ਕੀਤਾ ਗਿਆ ਹੈ। ਛੇ ਵਿਅਕਤੀ ਹੋਰ ਨਾਮਜ਼ਦ ਕੀਤੇ ਗਏ ਹਨ। ਦੂਜੇ ਪਾਸੇ ਜਮਹੂਰੀ ਅਧਿਕਾਰ ਸਭਾ ਨੇ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਨੂੰ ਪਿੰਡ ਦੇ ਲੋਕਾਂ ਨਾਲ ਧੱਕਾ ਕਰਾਰ ਦਿੱਤਾ ਹੈ। ਸਭਾ ਦੀ ਮੰਗ ਹੈ ਕਿ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਰਿਹਾਈ ਹੋਵੇ ਅਤੇ ਉਨ੍ਹਾਂ ਖ਼ਿਲਾਫ਼ ਸ਼੍ਰੋਮਣੀ ਕਮੇਟੀ ਵੱਲੋਂ ਦਰਜ ਕਰਵਾਏ ਕੇਸ ਰੱਦ ਕੀਤੇ ਜਾਣ।

# ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਦੀ ਮੀਟਿੰਗ ਹੋਈ

**ਫਰੀਮਾਂਟ (ਬਿਊਰੋ):** ਗੁਰੂ ਤੇਗ ਬਹਾਦਰ ਸਪੋਰਟਸ ਕਲੱਬ-ਕੈਲੀਫੋਰਨੀਆ ਦੀ ਇਥੇ ਲੰਘੇ ਐਤਵਾਰ ਹੋਈ ਮੀਟਿੰਗ ਵਿਚ ਕਲੱਬ ਵਲੋਂ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।



*ਮੀਟਿੰਗ ਤੋਂ ਬਾਅਦ ਕਲੱਬ ਦੇ ਅਹੁਦੇਦਾਰ ਤੇ ਮੈਂਬਰ*

ਮੀਟਿੰਗ ਦੌਰਾਨ ਕਲੱਬ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਫੈਸਲਾ ਲਿਆ ਕਿ ਆਉਣ ਵਾਲੇ ਸਮੇਂ ਵਿਚ ਕਲੱਬ ਵਲੋਂ ਕਬੱਡੀ ਨੂੰ ਵਧੇਰੇ ਪ੍ਰਫੁਲਿਤ ਕਰਨ ਲਈ ਵੱਧ ਵੱਧ ਤੋਂ ਯਤਨ ਕੀਤੇ ਜਾਣਗੇ ਅਤੇ ਹੋਰਨਾਂ ਕਲੱਬਾਂ ਦੇ ਟੂਰਨਾਮੈਂਟਾਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਇਹ ਵੀ ਫੈਸਲਾ ਲਿਆ ਗਿਆ ਕਿ ਕਲੱਬ ਵਲੋਂ ਹਰ ਸਾਲ ਸ਼ਹੀਦਾਂ ਦੇ ਦਿਵਸ ਮਨਾਏ ਜਾਣਗੇ।

ਇਸ ਤੋਂ ਇਲਾਵਾ ਪੰਜਾਬੀ ਸਭਿਆਚਾਰ ਨੂੰ ਇਥੋਂ ਦੇ ਬੱਚਿਆਂ ਵਿਚ ਪ੍ਰਫੁਲਿਤ ਕਰਨ ਲਈ ਬੱਚਿਆਂ ਦੇ ਪ੍ਰੋਗਰਾਮ ਅਤੇ ਹੋਰ ਮਨੋਰੰਜਕ ਪ੍ਰੋਗਰਾਮ ਕਰਵਾਉਣ ਦਾ ਵੀ ਫੈਸਲਾ ਲਿਆ ਗਿਆ।

# ਰੇਡੀਓ 'ਚੰਨ ਪ੍ਰਦੇਸੀ' ਵਲੋਂ ਹਾਂਗ ਕਾਂਗ ਤੋਂ ਕਾਲ ਕਰਨ ਲਈ ਵਿਸ਼ੇਸ਼ ਫੋਨ ਨੰਬਰ ਜਾਰੀ

**ਸ਼ਿਕਾਗੋ (ਬਿਊਰੋ):** ਸ਼ਿਕਾਗੋ ਤੋਂ ਚਲਦੇ ਪੰਜਾਬੀ ਰੇਡੀਓ 'ਚੰਨ ਪ੍ਰਦੇਸੀ' ਵਲੋਂ ਹਾਂਗ ਕਾਂਗ ਤੋਂ ਕਾਲ ਕਰਨ ਲਈ ਵਿਸ਼ੇਸ਼ ਫੋਨ ਨੰਬਰ 817 00 136 ਜਾਰੀ ਕੀਤਾ ਗਿਆ ਹੈ। ਇਸ ਫੋਨ ਨੰਬਰ ਰਾਹੀਂ ਸਰੋਤੇ ਰੇਡੀਓ 'ਤੇ ਚੱਲ ਰਹੇ ਲਾਈਵ ਪ੍ਰੋਗਰਾਮਾਂ ਵਿਚ ਹਿਸਾ ਲੈ ਸਕਦੇ ਹਨ। ਹਾਂਗ ਕਾਂਗ ਤੋਂ ਕਾਲ ਕਰਨ ਲਈ ਸਰੋਤਿਆਂ ਨੂੰ ਪਹਿਲਾਂ ਆਈ ਡੀ ਡੀ ਸੇਵਾ 'ਤੇ ਖਰਚ ਕਰਨਾ ਪੈਂਦਾ ਹੈ।

ਰੇਡੀਓ 'ਚੰਨ ਪ੍ਰਦੇਸੀ' ਵਜੋਂ ਜਾਰੀ ਬਿਆਨ ਅਨੁਸਾਰ ਬਹੁਤ ਸਾਰੇ ਪੰਜਾਬੀ ਰੇਡੀਓ ਇੰਟਰਨੈਟ ਰਾਹੀਂ ਸੁਣੇ ਜਾ ਸਕਦੇ ਹਨ। ਇਨ੍ਹਾਂ ਵਿਚ ਬਹੁਗਿਣਤੀ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਜਾਂ ਇੰਗਲੈਂਡ ਤੋਂ ਚੱਲਣ ਵਾਲੇ ਹਨ। ਇਸ ਲਈ ਇਨ੍ਹਾਂ ਦੇ ਲਾਈਵ ਪ੍ਰੋਗਰਾਮਾਂ ਵਿਚ ਕਾਲ ਕਰਨ ਲਈ ਉਥੋਂ ਦੇ ਹੀ ਫੋਨ ਨੰਬਰ ਹਨ।

ਬਿਆਨ ਅਨੁਸਾਰ ਰੇਡੀਓ 'ਚੰਨ ਪ੍ਰਦੇਸੀ' ਤੋਂ ਖਿੱਚ ਦਾ ਕੇਂਦਰ ਬਣੇ ਪ੍ਰੋਗਰਾਮ ਹਨ 'ਪੰਜਾਬੀ ਸੱਥ' (ਸਵੇਰੇ 7:30 ਤੋਂ 8:45) ਜਿਸ ਨੂੰ ਸ਼ਿਕਾਗੋ ਸਟੂਡੀਓ ਤੋਂ ਸਰਵਨ ਸਿੰਘ ਟਿਵਾਣਾ ਪੇਸ਼ ਕਰਦੇ ਹਨ। ਇਸ ਤੋਂ ਇਲਾਵਾ ਹਾਂਗ ਕਾਂਗ ਦੇ ਸਮੇਂ ਅਨੁਸਾਰ ਰਾਤ 9 ਤੋਂ 10 ਵਜੇ ਤੱਕ ਸੁਖਨੈਬ ਸਿਧੂ ਦਾ 'ਸਿਧੂ ਲਾਈਵ' ਅਤੇ ਰਾਤ 10 ਤੋਂ ਇਕ ਵਜੇ ਤੱਕ ਪਰਮਿੰਦਰ ਸਿੰਘ ਟਿਵਾਣਾ ਵਲੋਂ ਪੇਸ਼ ਕੀਤਾ ਜਾਂਦਾ 'ਟਿਵਾਣਾ ਲਾਈਵ', ਜਿਸ ਵਿਚ ਪ੍ਰਸਿਧ ਪੱਤਰਕਾਰ ਬਲਤੇਜ ਸਿੰਘ ਪਨੂੰ ਖਬਰਾਂ ਦੀ ਪੁਣਛਾਣ ਕਰਦੇ ਹਨ।

ਹੋਰ ਜਾਣਕਾਰੀ ਲਈ 'ਚੰਨ ਪ੍ਰਦੇਸੀ' ਦੇ ਦਰਸ਼ਨ ਸਿੰਘ ਬਸਰਾਓਂ 815-557-4991 ਜਾਂ ਸਰਵਣ ਸਿੰਘ ਟਿਵਾਣਾ 219-670-4579 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# 'ਪੰਜਾਬ ਟਾਈਮਜ਼ ਦੇ ਨਾਮ ਰੰਗਲੀ ਸ਼ਾਮ'- ਕੁਝ ਯਾਦਗਾਰੀ ਤਸਵੀਰਾਂ












*ਗੁਰਦੁਆਰਾ ਸਿੰਘ ਸਭਾ, ਬਿਊਨਾ ਪਾਰਕ (ਕੈਲੀਫੋਰਨੀਆ) ਵਿਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਪਹਿਲਾ ਖੂਨ ਦਾਨ ਕੈਂਪ ਡਾ. ਅੰਮ੍ਰਿਤ ਸਿੰਘ ਦੀ ਦੇਖ-ਰੇਖ ਹੇਠ ਲਾਇਆ ਗਿਆ। ਤਸਵੀਰਾਂ ਵਿਚ ਖੂਨ ਦਾਨ ਕਰਦੇ ਹੋਏ ਸੰਗਤ ਦੇ ਮੈਂਬਰ।*

# ਪੰਜਾਬੀ ਲੋਕ ਰੰਗ ਖੇਡੇਗਾ ਨਾਟਕ 'ਉਮਰਾਂ ਲੰਘੀਆਂ ਪੱਬਾਂ ਭਾਰ'

**ਨਿਊ ਵਾਰਕ, ਕੈਲੀਫੋਰਨੀਆ (ਅਸ਼ੋਕ ਭੌਰਾ):** ਮਿੱਟੀ ਰੁਦਨ ਕਰੇ, ਸਰਦਲ ਦੇ ਆਰ-ਪਾਰ ਅਤੇ ਪੱਤਣਾਂ 'ਤੇ ਰੋਣ ਖੜ੍ਹੀਆਂ



*ਪੰਜਾਬ ਲੋਕ ਰੰਗ ਦੀ ਸਮੁੱਚੀ ਟੀਮ ਨਿਰਦੇਸ਼ਕ ਸੁਰਿੰਦਰ ਧਨੋਆ ਨਾਲ*

ਵਰਗੇ ਸਫਲ ਨਾਟਕਾਂ ਦੀ ਪੇਸ਼ਕਾਰੀ ਤੋਂ ਬਾਅਦ ਪੰਜਾਬ ਲੋਕ ਰੰਗ ਕੈਲੀਫੋਰਨੀਆ ਨਾਟਕਕਾਰ ਸੁਰਿੰਦਰ ਧਨੋਆ ਦੇ ਨਿਰਦੇਸ਼ਨ ਹੇਠ ਆਪਣਾ ਅਗਲਾ ਨਾਟਕ 'ਉਮਰਾਂ ਲੰਘੀਆਂ ਪੱਬਾਂ ਭਾਰ' ਅਕਤੂਬਰ ਤੇ ਨਵੰਬਰ ਮਹੀਨੇ ਦੋ ਥਾਂਵਾਂ-ਯੂਨੀਅਨ ਸਿਟੀ ਤੇ ਸੈਨ ਹੋਜ਼ੇ ਵਿਚ ਖੇਡਣ ਜਾ ਰਿਹਾ ਹੈ।

ਸਥਾਨਕ ਪੰਜ ਦਰਿਆ ਫੋਕ ਅਕੈਡਮੀ ਸੰਸਥਾ ਵਿਚ ਇਸ ਨਾਟਕ ਤੇ ਪੰਜਾਬ ਲੋਕ ਰੰਗ ਦੇ ਮੈਂਬਰਾਂ ਦੀ ਭਰਵੀਂ ਹਾਜ਼ਰੀ ਵਿਚ ਸੁਰਿੰਦਰ ਧਨੋਆ ਨੇ ਦੱਸਿਆ ਕਿ ਇਹ ਨਾਟਕ ਉਨ੍ਹਾਂ ਖੁਦ ਲਿਖਿਆ ਹੈ ਜੋ ਪਰਦੇਸੀ ਵੱਸਣ ਦੀ ਤ੍ਰਾਸਦੀ, ਦੁੱਖ ਅਤੇ ਰੋਟੀ ਖਾਤਰ ਪੱਕਿਆਂ ਹੋਣ ਦੇ ਕਾਨੂੰਨੀ ਪਹਿਲੂਆਂ ਸਮੇਤ ਜੀਵਨ ਨਿਰਵਾਹ ਦੀ ਇਕ ਵੱਖਰੀ ਵਿਆਖਿਆ ਪੇਸ਼ ਕਰੇਗਾ। ਉਨ੍ਹਾਂ ਕਿਹਾ ਕਿ ਇਸ ਨਾਟਕ ਦੀ ਇਕ ਹੋਰ ਖਾਸੀਅਤ ਇਹ ਹੋਵੇਗੀ ਕਿ ਸੰਵਾਦ-ਸ਼ੈਲੀ ਨੂੰ ਬਿਲਕੁਲ ਭਿੰਨ ਰੱਖਿਆ ਗਿਆ ਹੈ ਤੇ ਹਾਸਰਸ ਦਾ ਵੀ ਇਕ ਆਪਣਾ ਅਨੰਦ ਹੋਵੇਗਾ। ਗੀਤ ਤੇ ਸੰਗੀਤ ਨੂੰ ਵੀ ਇਸ ਵਾਰ ਪਹਿਲਾਂ ਨਾਲੋਂ ਹੋਰ ਅਹਿਮੀਅਤ ਦਿੱਤੀ ਗਈ ਹੈ।

ਇਸ ਨਾਟਕ ਲਈ ਜਿਹੜੇ ਕਲਾਕਾਰਾਂ ਦੀ ਚੋਣ ਕੀਤੀ ਗਈ ਹੈ ਉਹ ਰੰਗ ਮੰਚ ਨਾਲ ਪਹਿਲਾਂ ਵੀ ਗਹਿਗੱਚ ਹਨ ਤੇ ਅੰਦਰੂਨੀ ਕਲਾ ਨਾਲ ਭਰਪੂਰ ਹਨ। ਇਨ੍ਹਾਂ ਵਿਚ ਮੁਖ ਭੂਮਿਕਾ ਅੰਮ੍ਰਿਤ ਸਰਾਂ ਤੇ ਸ਼ਕਤੀ ਮਾਣਕ ਦੀ ਹੋਵੇਗੀ ਜਦਕਿ ਦਿਲਾਵਰ ਚਾਹਲ, ਦਰਸ਼ਨ ਕਹਿਲ, ਮੀਤ, ਸੋਨੂੰ ਰਾਣਾ, ਜਸਵਿੰਦਰ ਧਨੋਆ, ਮੋਨਿਕਾ ਉਪਲ, ਵਿਵੇਕ ਪੋਪਲੀ, ਸੇਵਾ ਸਿੰਘ, ਦਰਸ਼ਨ ਔਜਲਾ ਤੇ ਕਨਵਰ ਬਰਾੜ ਮਹਿਮ ਕਿਰਦਾਰ ਨਿਭਾਉਣਗੇ। ਲੋਕ ਨਾਚਾਂ ਨਾਲ ਲੰਮੇ ਸਮੇਂ ਤੋਂ ਜੁੜੇ ਪਾਲੀ ਧਨੋਆ ਦਾ ਹਾਸ ਰਸ ਰੰਗ ਵੱਖਰੇ ਰੂਪ ਵਿਚ ਵੇਖਣ ਨੂੰ ਮਿਲੇਗਾ। ਕਾਸਟਿਊਮ ਡਿਜ਼ਾਈਨ ਲਵੀ ਸਰਾਂ ਦਾ ਹੋਵੇਗਾ। ਸੁਰਿੰਦਰ ਧਨੋਆ ਅਨੁਸਾਰ ਨਾਟਕ ਦੀਆਂ ਰਿਹਰਸਲਾਂ ਬਾਕਾਇਦਾ ਸ਼ੁਰੂ ਹੋ ਗਈਆਂ ਹਨ ਤੇ ਉਨ੍ਹਾਂ ਆਸ ਪ੍ਰਗਟਾਈ ਹੈ ਕਿ ਸਮੂਹ ਪੰਜਾਬੀ ਭਾਈਚਾਰਾ ਪਹਿਲਾਂ ਵਾਂਗ ਸਹਿਯੋਗ ਕਰੇਗਾ। ਸ੍ਰੀ ਧਨੋਆ ਆਪ ਬਿਲਕੁਲ ਛੋਟਾ ਜਿਹਾ ਰੋਲ ਨਿਭਾ ਰਹੇ ਹਨ ਤਾਂ ਕਿ ਨਿਰਦੇਸ਼ਨਾ ਵੱਲ ਵੱਧ ਧਿਆਨ ਦਿੱਤਾ ਜਾ ਸਕੇ। ਇਸ ਮੌਕੇ ਲੇਖਕ ਜਗਤਾਰ ਗਿੱਲ ਵੀ ਹਾਜ਼ਰ ਸਨ।

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਬੰਧੀ ਕੀਰਤਨ ਸਮਾਗਮ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਵਿਚ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਕੀਰਤਨ ਸਮਾਗਮ ਹੋਏ। ਅਖੰਡ ਪਾਠ ਦੇ ਭੋਗ ਉਪਰੰਤ ਕਥਾ ਦਾ ਪਰਵਾਹ ਚੱਲਿਆ, ਜਿਸ ਦੌਰਾਨ ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਨੇ ਸੰਗਤ ਨੂੰ ਇਤਿਹਾਸਕ ਵਾਰਤਾ ਸਰਵਣ ਕਰਵਾਈ। ਉਨ੍ਹਾਂ ਬ੍ਰਾਹਮਣਵਾਦੀ ਗੰਗੂ, ਚੰਦੂ ਤੇ ਸੁੱਚਾਨੰਦ ਦੀ ਖੁਣਸੀ ਸੋਚ ਬਾਰੇ ਜਾਣਕਾਰੀ ਦਿੰਦਿਆਂ ਇਸਲਾਮੀ ਬਾਦਸ਼ਾਹ ਜਹਾਂਗੀਰ ਦੀ ਗੁਰੂ ਸਾਹਿਬ ਦੀ ਸ਼ਹਾਦਤ ਵਿਚ ਪਾਈ ਹਿੱਸੇਦਾਰੀ ਬਾਰੇ ਵਿਸਥਾਰ ਨਾਲ ਦੱਸਿਆ। ਕਥਾ ਦੌਰਾਨ ਉਨ੍ਹਾਂ ਕੌਮ ਨੂੰ ਦੁਸ਼ਮਣਾਂ ਤੇ ਦੋਸਤਾਂ ਦੀ ਸ਼ਹੀਦਾਂ ਦੇ ਲਹੂ ਨਾਲ ਰੰਗੀ ਲਕੀਰ ਬਾਰੇ ਸਪਸ਼ਟ ਦੱਸਦਿਆਂ ਸਾਵਧਾਨ ਕੀਤਾ। ਉਪਰੰਤ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਗੁਰਪ੍ਰੀਤ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਗੁਰਿੰਦਰ ਸਿੰਘ ਨੇ ਸ਼ਹੀਦੀ ਦਿਵਸ ਉਤੇ ਵਿਸ਼ੇਸ਼ ਕੀਰਤਨ ਸਮਾਗਮ ਦੀ ਸ਼ੁਰੂਆਤ ਕਰਵਾਈ ਜਿਸ ਵਿਚ ਵਾਰੋ ਵਾਰੀ ਭਾਈ ਤਾਜਵਿੰਦਰ ਸਿੰਘ, ਭਾਈ ਨਿਰਮਲ ਸਿੰਘ ਨਾਗਪੁਰੀ, ਬੀਬੀ ਸੁਖਵਿੰਦਰ ਕੌਰ ਜਮੁਨਾ ਨਗਰ, ਭਾਈ ਅਵਤਾਰ ਸਿੰਘ ਤੇ ਭਾਈ ਤਜਿੰਦਰ ਸਿੰਘ ਖੰਨੇ ਵਾਲਿਆਂ ਦੇ ਰਾਗੀ ਜਥਿਆਂ ਨੇ ਗੁਰਮਤਿ ਸੰਗੀਤ ਦੇ ਰਾਗ ਵਿਚ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।





# ਗਿੱਪੀ ਗਰੇਵਾਲ ਦੇ ਸ਼ੋਅ ਵਿਰੁਧ ਰੋਸ ਮੁਜ਼ਾਹਰਾ

**ਸੈਨ ਹੋਜ਼ੇ (ਬਿਊਰੋ):** ਸਿੱਖ ਤੇ ਹੋਰ ਨੌਜਵਾਨਾਂ ਵਲੋਂ ਗਾਇਕ ਗਿੱਪੀ ਗਰੇਵਾਲ ਦੇ ਸ਼ੋਅ ਦਾ ਬਾਈਕਾਟ ਕਰਦਿਆਂ ਰੋਸ ਮੁਜ਼ਾਹਰਾ ਕੀਤਾ ਗਿਆ। ਇਹ ਸ਼ੋਅ ਸੈਨ ਹੋਜ਼ੇ ਸਟੇਟ ਯੂਨੀਵਰਸਿਟੀ ਦੇ ਵੱਡੇ ਹਾਲ ਵਿਚ ਹੋ ਰਿਹਾ ਸੀ ਅਤੇ ਅੰਦਰ ਜਾਣ ਵਾਲੇ ਵੱਡੇ ਗੇਟ ਦੇ ਸਾਹਮਣੇ ਹੀ ਭਾਰੀ ਗਿਣਤੀ ਵਿਚ ਨੌਜਵਾਨ ਤੇ ਮੱਧ ਉਮਰ ਵਾਲੇ ਲਿਖਤੀ ਤਖਤੀਆਂ ਤੇ ਬੈਨਰ ਲੈ ਕੇ ਮੁਜ਼ਾਹਰਾ ਕਰ ਰਹੇ ਸਨ, ਜਿਨ੍ਹਾਂ ਉਤੇ ਪੰਜਾਬ ਦੇ ਨਸ਼ਾ ਮਾਫੀਆ ਦੀ ਬਾਦਲਕਿਆਂ ਨਾਲ ਮਿਲੀਭੁਗਤ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਮਾਰ ਮੁਕਾਉਣ ਦੀ ਸਾਜ਼ਿਸ਼ ਦੇ ਹੱਕ ਵਿਚ ਗਾਇਕ ਗਿੱਪੀ ਗਰੇਵਾਲ ਦੁਆਰਾ ਕੀਤੇ ਪ੍ਰਚਾਰ ਬਾਰੇ ਲਿਖਿਆ ਹੋਇਆ ਸੀ।

ਰੋਸ ਪ੍ਰਦਰਸ਼ਨਕਾਰੀਆਂ ਦੇ ਹੱਥਾਂ ਵਿਚ ਫੜ੍ਹੀਆਂ ਤਖਤੀ ਉਤੇ 'ਨਿਊ ਯਾਰਕ ਟਾਈਮਜ਼' ਦੀ ਇਕ ਰਿਪੋਰਟ ਦਾ ਵੀ ਜ਼ਿਕਰ ਸੀ, ਜੋ 18 ਅਪਰੈਲ 2012 ਨੂੰ ਛਪੀ ਸੀ ਅਤੇ ਜਿਸ ਦਾ ਲੇਖਕ ਜਿਮ ਯਾਰਡਲੀ ਸੀ। ਤਖਤੀ ਉਤੇ ਇਹ ਲਿਖਿਆ ਹੋਇਆ ਸੀ, "ਨਸ਼ੇ ਦੀ ਆਦਤ ਪੰਜਾਬ ਵਿਚ ਵੱਧ ਰਹੀ ਇਕ ਗੰਭੀਰ ਸੱਮਸਿਆ।" ਇਹ ਤਖਤੀ ਆਉਣ-ਜਾਣ ਵਾਲੇ ਸਥਾਨਕ ਮੂਲ ਦੇ ਲੋਕਾਂ ਅਤੇ ਹੋਰ ਵਿਦਿਆਰਥੀਆਂ ਲਈ ਖਿੱਚ ਦਾ ਕਾਰਨ ਸੀ। ਸ਼ੋਅ ਵੇਖਣ ਆਉਣ ਵਾਲਿਆਂ ਨਾਲ ਵੀ ਨੌਜਵਾਨ ਗੱਲਾਂ ਕਰ ਰਹੇ ਸਨ ਤੇ ਪ੍ਰੇਰ ਕੇ ਸ਼ੋਅ ਦਾ ਵਿਰੋਧ ਕਰਨ ਲਈ ਮਨਾ ਰਹੇ ਸਨ। ਬਹੁਤੇ ਲੋਕ ਵਾਪਸ ਜਾ ਰਹੇ ਸਨ ਤੇ ਕੁਝ ਸ਼ੋਅ ਵੇਖਣਾ ਛੱਡ ਕੇ ਰੋਸ ਪ੍ਰਦਰਸ਼ਨ ਵਿਚ ਸ਼ਾਮਲ ਵੀ ਹੋ ਗਏ ਸਨ। ਗਲੋਬਲ ਪੰਜਾਬ ਟੀ.ਵੀ. ਅਤੇ ਰੇਡੀਓ ਚੜ੍ਹਦੀ ਕਲਾ ਵਾਲੇ ਭਾਈ ਮੱਲਾ, ਭਾਈ ਗੁਰਚਰਨ ਸਿੰਘ ਮਾਨ ਤੇ ਭਾਈ ਲਖਬੀਰ ਸਿੰਘ ਵੀ ਹਾਜ਼ਰ ਸਨ ਤੇ ਰੇਡੀਓ ਉਤੇ ਰਿਪੋਰਟ ਦੇ ਰਹੇ ਸਨ।

ਮੁਜ਼ਾਹਰੇ ਦਾ ਪ੍ਰਬੰਧ ਕਰਨ ਵਾਲੇ ਫਤਹਿ ਸਪੋਰਟਸ ਕਲੱਬ ਕੈਲੀਫੋਰਨੀਆ, ਸਿੱਖ ਸੇਵਾ ਸੁਸਾਇਟੀ ਸੈਕਰਾਮੈਂਟੋ, ਸੇਵ ਪੰਜਾਬੀ ਕਲਚਰ ਆਰਗੇਨਾਈਜ਼ੇਸ਼ਨ ਤੇ ਫਤਹਿ ਟੀ ਵੀ ਚੈਨਲ ਵਾਲਿਆਂ ਨੇ ਕਿਹਾ ਕਿ ਉਨ੍ਹਾਂ ਦੀ ਕਿਸੇ ਨਾਲ ਕੋਈ ਨਿਜੀ ਵਿਰੋਧਤਾ ਨਹੀਂ ਹੈ ਬਲਕਿ ਇਹ ਵਿਰੋਧ ਸਿਰਫ ਉਨ੍ਹਾਂ ਵਿਕਾਊ ਲੋਕਾਂ ਵਿਰੁਧ ਹੈ ਜੋ ਚੰਦ ਟਕਿਆਂ ਖਾਤਰ ਪੰਜਾਬ ਦੀ ਜਵਾਨੀ ਦਾ ਨਸ਼ਿਆਂ ਰਾਹੀਂ ਖਾਤਮਾ ਕਰਨ ਵਾਲਿਆਂ ਦਾ ਪ੍ਰਚਾਰ ਕਰ ਰਹੇ ਹਨ ਤੇ ਆਮ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਉਹ ਸਮੁੱਚੇ ਭਾਈਚਾਰੇ ਨੂੰ ਨਸ਼ਿਆਂ ਵਿਰੁਧ ਲਾਮਬੰਧ ਹੋਣ ਲਈ ਕਹਿ ਰਹੇ ਸਨ। ਮੁਜ਼ਾਹਰੇ ਨੂੰ ਭਾਈ ਸੰਦੀਪ ਸਿੰਘ, ਹਰਸਿਮਰਨ ਸੰਗਰਾਮ ਸਿੰਘ, ਭਾਈ ਗੁਰਚਰਨ ਸਿੰਘ ਮਾਨ ਤੇ ਭਾਈ ਦਰਸ਼ਨ ਸਿੰਘ ਸੰਧੂ ਨੇ ਵੀ ਸੰਬੋਧਨ ਕੀਤਾ। ਤਿੰਨ ਘੰਟੇ ਚੱਲੇ ਇਸ ਵਿਰੋਧ ਪ੍ਰਦਰਸ਼ਨ ਵਿਚ ਜਲ-ਪਾਣੀ ਦੀ ਸੇਵਾ ਦਾ ਵੀ ਪ੍ਰਬੰਧ ਸੀ।




*ਉਘੇ ਸਿੱਖ ਚਿੰਤਕ, ਵਿਦਵਾਨ ਅਤੇ ਹਾਸ ਵਿਅੰਗ ਲੇਖਕ ਮਰਹੂਮ ਡਾ. ਗੁਰਨਾਮ ਸਿੰਘ ਤੀਰ ਉਰਫ ਚਾਚਾ ਚੰਡੀਗੜ੍ਹੀਆ ਦੀ ਬੇਟੀ ਸ਼ਇਰਾ ਤੇ ਰੋਜ਼ਾਨਾ ਅਜੀਤ ਦੀ ਕਾਲਮਨਵੀਸ ਬੱਬੂ ਤੀਰ ਹਾਲ ਹੀ ਵਿਚ ਆਪਣੇ ਇਕ ਹਫਤੇ ਦੀ ਕੈਲੀਫੋਰਨੀਆ ਫੇਰੀ ਦੌਰਾਨ ਉਚੇਚੇ ਤੌਰ 'ਤੇ ਰੇਡੀਓ ਚੜ੍ਹਦੀ ਕਲਾ ਦੇ ਸਟੂਡੀਓ ਮੁਲਾਕਾਤ ਤੇ ਵਿਚਾਰ-ਵਟਾਂਦਰੇ ਲਈ ਪੁੱਜੇ। ਤਸਵੀਰ ਵਿਚ ਬੱਬੂ ਤੀਰ ਨਾਲ ਐਸ. ਅਸ਼ੋਕ ਭੌਰਾ, ਤਾਰਾ ਸਿੰਘ ਸਾਗਰ ਤੇ ਜਸਵਿੰਦਰ ਕੌਰ ਧਨੋਆ।*

**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥**

ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪੂਜਨੀਕ ਪਿਤਾ ਜੀ ਸ. ਇਕਬਾਲ ਸਿੰਘ ਗਿੱਲ (ਉਮਰ 91 ਸਾਲ) ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ 15 ਜੂਨ 2014 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ ਅਤੇ ਅਰਦਾਸ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋਵੇਗਾ।

## ਅੰਤਿਮ ਸੰਸਕਾਰ

22 ਜੂਨ 2014, ਐਤਵਾਰ
ਸਮਾਂ: ਦੁਪਹਿਰ 12:00 ਵਜੇ
ਸ਼ਾਂਤ ਭਵਨ-ਪੰਜਾਬੀ ਫਿਊਨਰਲ ਹੋਮ
4800 E. Clayton Ave., Fowler, CA 93625

## ਅੰਤਿਮ ਅਰਦਾਸ

ਬਾਅਦ ਦੁਪਹਿਰ 2 ਵਜੇ
ਗੁਰਦੁਆਰਾ ਨਾਨਕ ਪ੍ਰਕਾਸ਼, ਫਰਿਜ਼ਨੋ



ਸ. ਇਕਬਾਲ ਸਿੰਘ ਗਿੱਲ (ਪਾੜ੍ਹਾ)
ਘੋਲੀਆ ਖੁਰਦ (ਮੋਗਾ)
(12 ਅਕਤੂਬਰ 1923 ਤੋਂ 15 ਜੂਨ 2014)

ਦੁਖੀ ਹਿਰਦੇ
ਹਰਬੰਸ ਸਿੰਘ ਗਿੱਲ, ਗੁਰਚਰਨ ਸਿੰਘ ਗਿੱਲ, ਦਲੀਪ ਸਿੰਘ ਗਿੱਲ ਅਤੇ ਗੁਰਦੇਵ ਸਿੰਘ ਗਿੱਲ (ਪੁੱਤਰ)
ਜਸਵਿੰਦਰ ਕੌਰ ਸੰਘਾ (ਬੇਟੀ), ਹਰਚਰਨ ਸਿੰਘ ਸੰਘਾ (ਜਵਾਈ)

**ਸੰਪਰਕ ਕਰੋ: 559-283-1721 ਅਤੇ 559-763-4401**

# ਸੰਤ ਰਾਮਾਨੰਦ ਦੀ ਯਾਦ ‘ਚ ਸਮਾਗਮ ਕਰਵਾਇਆ

**ਸੈਕਰਾਮੈਂਟੋ (ਬਿਊਰੋ):** ਸ੍ਰੀ ਗੁਰੂ ਰਵਿਦਾਸ ਟੈਂਪਲ-ਸੈਕਰਾਮੈਂਟੋ ਵਿਚ ਯੂਨਾਈਟਿਡ ਅਵੇਅਰਨੈਸ ਰਵਿਦਾਸੀਆ ਕਮਿਊਨਿਟੀ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸੰਤ ਰਾਮਾਨੰਦ ਦੀ ਯਾਦ ਵਿਚ ਸਮਾਗਮ ਕੀਤਾ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਭਾਈ ਨਿਰਮਲ ਸਿੰਘ ਅਤੇ ਭਾਈ ਜਸਪਾਲ ਸਿੰਘ ਨੇ ਸੰਗਤ ਨੂੰ ਕੀਰਤਨ ਸਰਵਣ ਕਰਵਾਇਆ।

ਇਸ ਮੌਕੇ ਸੰਤ ਰਾਮਾਨੰਦ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਵੱਖ ਵੱਖ ਬੁਲਾਰਿਆਂ-ਡਾ. ਹਰਮੇਸ਼ ਕੁਮਾਰ, ਤਵਿੰਦਰ ਕਾਜਲਾ, ਹੰਸ ਰਾਜ ਕਾਜਲਾ, ਰਾਜ ਕੁਮਾਰ ਸੂਦ, ਰਕੇਸ਼ ਚੰਦਰ, ਕੇਵਲ ਬੋਲੀਨਾ, ਪਰਮਜੀਤ ਭੁੱਟਾ, ਰਾਮ ਮੂਰਤੀ ਸਰੋਏ, ਸੋਨੂੰ ਅੰਬੇਡਕਰ, ਡਾ. ਸਰੋਜ ਬਾਲਾ, ਪ੍ਰੇਮ ਚੁੰਬਰ ਅਤੇ ਜੀਵਨ ਰੱਤੂ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਵੈਨਕੂਵਾਰ, ਕੈਨੇਡਾ ਦੇ ਗੁਰੂ ਘਰ ਵਲੋਂ ਭੇਟ ਕੀਤੀ ਕਿਤਾਬ ਵੀ ਰਿਲੀਜ਼ ਕੀਤੀ ਗਈ। ਤਾਜ ਐਂਟਰਟੇਨਮੈਂਟ ਅਤੇ ਹਰਮੇਸ਼ ਹੱਪੋਵਾਲੀਆ ਵਲੋਂ ‘ਦਾ ਗ੍ਰੇਟ ਭੀਮ’ ਨਾਂ ਦੀ ਸੀ ਡੀ ਦੀਆਂ ਕਾਪੀਆਂ ਵੀ ਸੰਗਤ ਨੂੰ ਵੰਡੀਆਂ ਗਈਆਂ। ਗੁਰੂ ਘਰ ਦੇ ਪ੍ਰਧਾਨ ਜੋਗਿੰਦਰ ਚੁੰਬਰ ਨੇ ਸੰਗਤਾਂ ਦਾ ਧੰਨਵਾਦ ਕੀਤਾ। ਲੰਗਰ ਦੀ ਸੇਵਾ ਗਿਆਨ ਚੰਦ ਕਾਜਲਾ, ਕੇਵਲ ਬੋਲੀਨਾ ਅਤੇ ਸੁੱਖ ਰਾਮ ਤੇ ਪਰਿਵਾਰ ਵਲੋਂ ਕੀਤੀ ਗਈ।



# ਪੰਜਾਬੀ ਗੀਤਕਾਰੀ ਮੰਚ ਵਲੋਂ ਸਾਹਿਤਕ ਮਿਲਣੀ 22 ਨੂੰ

**ਸੈਕਰਾਮੈਂਟੋ (ਅਸ਼ੋਕ ਭੌਰਾ):** ਪੰਜਾਬੀ ਗੀਤਕਾਰੀ ਮੰਚ-ਕੈਲੀਫੋਰਨੀਆ ਵਲੋਂ ਗਾਇਕਾਂ ਤੇ ਗੀਤਕਾਰਾਂ ਨੂੰ ਆਪਣੇ ਬਣਦੇ ਸਮਾਜਿਕ ਫਰਜ਼ਾਂ ਪ੍ਰਤੀ ਸੁਚੇਤ ਕਰਨ ਹਿਤ ਅਤੇ ਮੰਚ ਵਲੋਂ ਬੀਤੇ ਸਮੇਂ ਵਿਚ ਕੀਤੇ ਗਏ ਕੰਮਾਂ ਦੀ ਵਿਆਖਿਆ ਸਬੰਧੀ ਇਕ ਸਹਾਿਤਕ ਮਿਲਣੀ 22 ਜੂਨ ਨੂੰ ਸੈਕਰਾਮੈਂਟੋ ਵਿਚ ਰੱਖੀ ਹੈ।

ਮੰਚ ਦੇ ਪ੍ਰਧਾਨ ਗੀਤਕਾਰ ਮੱਖਣ ਲੁਹਾਰ ਅਤੇ ਜਨਰਲ ਸਕੱਤਰ ਧਰਮ ਕੰਮੇਆਣਾ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਰੀਓਲਿੰਡਾ ਵਿਚ ਇਹ ਪ੍ਰੋਗਰਾਮ ਐਤਵਾਰ ਨੂੰ ਬਾਅਦ ਦੁਪਹਿਰ 2 ਵਜੇ ਸ਼ੁਰੂ ਹੋ ਕੇ ਸ਼ਾਮ 6 ਵਜੇ ਤੱਕ ਚੱਲੇਗਾ। ਚਾਹ-ਪਾਣੀ ਦਾ ਵੀ ਪ੍ਰਬੰਧ ਹੋਵੇਗਾ। ਮੰਚ ਨੇ ਸਮੂਹ ਗੀਤਕਾਰਾਂ, ਕਵੀਆਂ, ਸ਼ਾਇਰਾਂ ਤੇ ਸਾਹਿਤਕ ਪ੍ਰੇਮੀਆਂ ਨੂੰ ਇਸ ਪ੍ਰੋਗਰਾਮ ਵਿਚ ਪਹੁੰਚਣ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ ਫੋਨ 916-613-0577 ਜਾਂ 805-727-0516 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


Harmit Toor
Professional Real Estate Services
For a Real Estate Broker with an in-depth knowledge of both the area and market, contact Harmit Toor!
925.202.7027 hdtoor@gmail.com
Broker Associate
BRE Lic. #01462579
NMLS #358820
WWW.MissionPeakBrokers.Com
For Buying/Selling Home, Business & Loans
550 Credit Scores FHA Purchase Loans Available
Serving Bay Area and Central Valley Over 10 Years!


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

HD IP
Security Solution
ULTRA High Resolution
Gas stations, Liquor Store, Hotel/Motels, Homes or
Any Kind Of Business
-Cash Register Interface.
-Fully Trained Tech.Staff.
-16 Year Satisfied Custmer.

HD-SDI
Licence Plate Reader
2 Year Warranty
Vista CCTV TECHNOLOGY
Call Mr. Sukhpal
1-661-586-5080

The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC

Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
*Perm Filing (Perm Labor Certification)
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW (In WA)
*Divorce *Annulment
*International Custody
INCORPORATIONS (In WA)
*International Contracts, Mergers
*Attorney Supreme Court of India
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available

### ਲਤਾ ਮੰਗੇਸ਼ਕਰ ਤੇ ਬੈਜੂ ਮੰਗੇਸ਼ਕਰ

# ਭੂਆ-ਭਤੀਜੇ ਦੀ ਸੁਰਾਂ ਦੀ ਛਹਿਬਰ



## ਕਲਾ ਪਰਿਕਰਮਾ

ਮਸ਼ਹੂਰ ਸੰਗੀਤਕਾਰ ਹਿਰਦੇਨਾਥ ਮੰਗੇਸ਼ਕਰ ਦੇ ਪੁੱਤਰ ਬੈਜੂ ਮੰਗੇਸ਼ਕਰ ਦੀ ਪਲੇਠੀ ਐਲਬਮ 'ਯਾ ਰੱਬਾ' ਵਿਚ ਕੁੱਲ ਚਾਰ ਗੀਤ ਹਨ। ਇਨ੍ਹਾਂ ਵਿਚੋਂ ਦੋ ਕਲਾਮ ਤਾਂ 16ਵੀਂ ਸਦੀ ਦੇ ਸੂਫੀ ਸ਼ਾਇਰ ਸ਼ਾਹ ਹੁਸੈਨ ਦੇ ਹੀ ਹਨ। ਬੈਜੂ ਨੇ ਇਕ ਗੀਤ ਆਪਣੀ ਭੂਆ ਲਤਾ ਮੰਗੇਸ਼ਕਰ ਨਾਲ ਗਾਇਆ ਹੈ। ਆਪਣੇ ਲੰਮੇ ਅਤੇ ਕਾਮਯਾਬ ਕੈਰੀਅਰ ਦੌਰਾਨ, ਇਸ ਤੋਂ ਪਹਿਲਾਂ ਲਤਾ ਮੰਗੇਸ਼ਕਰ ਨੇ ਕਦੀ ਸੂਫੀ ਕਲਾਮ ਨਹੀਂ ਸੀ ਗਾਇਆ। ਇਸ ਐਲਬਮ ਵਿਚ ਉਸ ਨੇ ਪਹਿਲੀ ਵਾਰ ਸੂਫੀ ਸ਼ਾਇਰੀ ਦਾ ਗਾਇਨ ਕੀਤਾ। ਐਲਬਮ ਦਾ ਚੌਥਾ ਗੀਤ ਬੈਜੂ ਨੇ ਇਕੱਲੇ ਨੇ ਗਾਇਆ ਹੈ।

ਆਪਣੀ ਭੂਆ ਲਤਾ ਮੰਗੇਸ਼ਕਰ ਬਾਰੇ ਬੈਜੂ ਬਹੁਤ ਹੁੱਬ ਕੇ ਗੱਲਾਂ ਕਰਦਾ ਹੈ। ਉਹ ਆਖਦਾ ਹੈ ਕਿ ਲਤਾ ਮੰਗੇਸ਼ਕਰ ਸਾਡੇ ਸਭ ਲਈ ਪ੍ਰੇਰਨਾ ਦੀ ਦੇਵੀ ਹੈ। ਉਹ ਇਸ ਉਮਰ ਵਿਚ ਵੀ ਸੰਗੀਤ ਨੂੰ ਪਹਿਲਾਂ ਜਿੰਨੀ ਤੀਬਰਤਾ ਨਾਲ ਸਮਰਪਿਤ ਹੈ। ਉਨ੍ਹਾਂ ਦੀ ਸ਼ਖ਼ਸੀਅਤ ਵਿਚ ਅਜਿਹੀਆਂ ਬਹੁਤ ਸਾਰੀਆਂ ਖੂਬੀਆਂ ਹਨ ਜਿਨ੍ਹਾਂ ਤੋਂ ਨਵੇਂ ਗਾਇਕ ਅਤੇ ਸੰਗੀਤਕਾਰ ਬਹੁਤ ਕੁਝ ਸਿੱਖ ਸਕਦੇ ਹਨ। ਬੈਜੂ ਨੇ ਦੱਸਿਆ-"ਲਤਾ ਭੂਆ ਨੇ ਕੱਲ੍ਹ ਤੱਕ ਕੋਈ ਸੂਫੀ ਗੀਤ ਨਹੀਂ ਸੀ ਗਾਇਆ, ਜਦੋਂ ਮੈਂ ਉਨ੍ਹਾਂ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਪਹਿਲਾਂ ਤਾਂ ਝਿਜਕ ਦਿਖਾਈ ਪਰ ਬਾਅਦ ਵਿਚ ਜਦੋਂ ਇਸ ਪ੍ਰੋਜੈਕਟ ਬਾਰੇ ਖੁੱਲ੍ਹ ਕੇ ਗੱਲਾਂ-ਬਾਤਾਂ ਹੋਈਆਂ ਤਾਂ ਉਹ ਦੋ-ਗਾਣੇ ਲਈ ਝੱਟ ਸਹਿਮਤ ਹੋ ਗਏ। ਫਿਰ ਉਨ੍ਹਾਂ ਪ੍ਰੋਜੈਕਟ ਲਈ ਪੂਰੀ ਜਾਨ ਲਾ ਦਿੱਤੀ। ਉਂਝ, ਆਪਣੇ ਕੈਰੀਅਰ ਦੌਰਾਨ ਹਜ਼ਾਰਾਂ ਗੀਤ ਗਾਉਣ ਵਾਲੀ ਇੰਨੀ ਵੱਡੀ ਗਾਇਕਾ ਇਹ ਸੂਫੀ ਗੀਤ ਗਾਉਣ ਵੇਲੇ ਥੋੜ੍ਹੀ ਨਰਵਸ ਜਿਹੀ ਲੱਗ ਰਹੀ ਸੀ। ਦੂਜੇ ਬੰਨੇ, ਮੈਂ ਤਾਂ ਉਨ੍ਹਾਂ ਤੋਂ ਵੀ ਵੱਧ ਨਰਵਸ ਸਾਂ, ਸਗੋਂ ਬਹੁਤ ਘਬਰਾਇਆ ਹੋਇਆ ਸਾਂ ਕਿ ਇੰਨੀ ਉਚ ਦੁਮਾਲੜੀ ਸ਼ਖ਼ਸੀਅਤ ਅੱਗੇ ਗਾ ਵੀ ਸਕਾਂਗਾ ਜਾਂ ਨਹੀਂ। ਉਨ੍ਹਾਂ ਦਾ ਤਾਂ ਨਾਂ ਹੀ ਕਾਫ਼ੀ ਹੁੰਦਾ ਹੈ, ਤੇ ਮੈਂ ਤਾਂ ਉਨ੍ਹਾਂ ਦੇ ਨਾਲ ਗਾਉਣ ਜਾ ਰਿਹਾ ਸਾਂ ਪਰ ਜਦੋਂ ਉਨ੍ਹਾਂ ਮੇਰੇ ਮੋਢੇ ਉਤੇ ਹੱਥ ਧਰਿਆ, ਤਾਂ ਮੈਂ ਸੰਭਲ ਗਿਆ ਅਤੇ ਰਿਕਾਰਡਿੰਗ ਸ਼ੁਰੂ ਹੋ ਗਈ।"




ਬੈਜੂ ਮੰਗੇਸ਼ਕਰ ਨੇ ਦੱਸਿਆ ਕਿ ਲਤਾ ਭੂਆ ਕਰ ਕੇ ਉਸ ਨੇ ਆਪਣੀ ਇਸ ਐਲਬਮ ਲਈ ਪੂਰੇ ਦੋ ਸਾਲ ਉਡੀਕ ਕੀਤੀ। ਜਦੋਂ ਉਨ੍ਹਾਂ ਨਾਲ ਇਸ ਐਲਬਮ ਬਾਰੇ ਗੱਲ ਹੋਈ ਸੀ, ਉਦੋਂ ਇਕ ਤਾਂ ਉਨ੍ਹਾਂ ਦੇ ਰੁਝੇਵੇਂ ਹੀ ਨਹੀਂ ਸਨ ਮੁੱਕਦੇ, ਦੂਜੇ ਉਨ੍ਹਾਂ ਦੀ ਸਿਹਤ ਵੀ ਕੁਝ ਕੁ ਢਿੱਲੀ ਚੱਲ ਰਹੀ ਸੀ। ਬੈਜੂ ਦਾ ਦਾਅਵਾ ਹੈ ਕਿ ਉਸ ਨੇ ਆਪਣੀ ਇਸ ਐਲਬਮ ਵਿਚ ਹਿੰਦੋਸਤਾਨੀ ਸੰਗੀਤ ਦੀ ਸ਼ਾਨ ਅਤੇ ਸੋਭਾ, ਸ਼ਾਇਰੀ ਦੀ ਸ਼ੁੱਧਤਾ ਅਤੇ ਪਵਿੱਤਰਤਾ ਕਾਇਮ ਰੱਖਣ ਦਾ ਪੂਰਾ ਯਤਨ ਕੀਤਾ ਹੈ, ਤੇ ਸੰਗੀਤ ਪ੍ਰੇਮੀਆਂ ਨੇ ਵੀ ਇਸ ਪੱਖੋਂ ਖੂਬ ਹੁੰਗਾਰਾ ਭਰਿਆ ਹੈ।

ਬੈਜੂ ਮੰਗੇਸ਼ਕਰ ਦੀ ਇਹ ਐਲਬਮ ਉਨ੍ਹਾਂ ਦੇ ਦਾਦਾ ਦੀਨਾ ਨਾਥ ਮੰਗੇਸ਼ਕਰ ਦੀ ਬਰਸੀ ਮੌਕੇ ਰਿਲੀਜ਼ ਕੀਤੀ ਗਈ ਸੀ। ਬੈਜੂ ਨੂੰ ਸੰਗੀਤ ਵਿਰਾਸਤ ਵਿਚ ਮਿਲਿਆ ਹੈ। ਉਸ ਦੇ ਦਾਦਾ ਦੀਨਾ ਨਾਥ ਮੰਗੇਸ਼ਕਰ ਉਮਦਾ ਸੰਗੀਤਕਾਰ ਤਾਂ ਸਨ ਹੀ, ਥੀਏਟਰ ਅਦਾਕਾਰ ਵੀ ਸਨ। ਉਨ੍ਹਾਂ ਮਰਾਠੀ ਨਾਟਕਾਂ ਵਿਚ ਵੀ ਕੰਮ ਕੀਤਾ। ਬਾਅਦ ਵਿਚ ਉਹ ਮਰਾਠੀ ਫਿਲਮਾਂ ਦੇ ਪ੍ਰੋਡਿਊਸਰ ਵੀ ਬਣੇ। ਦੀਨਾ ਨਾਥ ਦੇ ਦੋ ਵਿਆਹ ਹੋਏ। ਪਹਿਲੀ ਪਤਨੀ ਦਾ ਨਾਂ ਨਰਮਦਾ ਸੀ। ਇਨ੍ਹਾਂ ਦੇ ਘਰ ਇਕ ਧੀ ਲਤਿਕਾ ਨੇ ਜਨਮ ਲਿਆ ਪਰ ਛੋਟੀ ਉਮਰ ਵਿਚ ਹੀ ਉਸ ਦੀ ਮੌਤ ਹੋ ਗਈ। ਛੇਤੀ ਹੀ ਨਰਮਦਾ ਵੀ ਚਲ ਵਸੀ। ਦੀਨਾ ਨਾਥ ਦਾ ਦੂਜਾ ਵਿਆਹ ਉਸ ਦੀ ਪਤਨੀ ਨਰਮਦਾ ਦੀ ਭੈਣ ਸ਼ਿਵਾਂਤੀ ਨਾਲ ਹੋਇਆ। ਉਨ੍ਹਾਂ ਦੇ ਘਰ ਪੰਜ ਬੱਚਿਆਂ-ਲਤਾ ਮੰਗੇਸ਼ਕਰ, ਮੀਨਾ ਮੰਗੇਸ਼ਕਰ, ਆਸ਼ਾ ਮੰਗੇਸ਼ਕਰ (ਭੌਸਲੇ), ਊਸ਼ਾ ਮੰਗੇਸ਼ਕਰ ਅਤੇ ਹਿਰਦੇਨਾਥ ਮੰਗੇਸ਼ਕਰ ਨੇ ਜਨਮ ਲਿਆ। ਦੀਨਾ ਨਾਥ ਅਤੇ ਸ਼ਿਵਾਂਤੀ ਨੇ ਆਪਣੀ ਪਲੇਠੀ ਧੀ ਦਾ ਨਾਂ (ਲਤਾ) ਪਹਿਲਾਂ ਫੌਤ ਹੋ ਚੁੱਕੀ ਬੱਚੀ ਲਤਿਕਾ ਦੇ ਨਾਂ 'ਤੇ ਰੱਖਿਆ।

## ਬਾਪੂ ਹਿਰਦੇਨਾਥ ਦੀ ਵੀ ਬੱਲੇ-ਬੱਲੇ...

*ਬੈਜੂ ਮੰਗੇਸ਼ਕਰ ਦੇ ਪਿਤਾ ਹਿਰਦੇਨਾਥ ਮੰਗੇਸ਼ਕਰ ਦਾ ਜਨਮ 1935 ਵਿਚ ਹੋਇਆ। ਫਿਲਮ ਅਤੇ ਸੰਗੀਤ ਦੀ ਦੁਨੀਆਂ ਵਿਚ ਉਹ ਬਾਲਾ ਸਾਹਿਬ ਦੇ ਨਾਮ ਨਾਲ ਮਸ਼ਹੂਰ ਹਨ। ਉਨ੍ਹਾਂ ਨੇ ਬਹੁਤਾ ਸੰਗੀਤ ਮਰਾਠੀ ਫਿਲਮਾਂ ਲਈ ਹੀ ਦਿੱਤਾ ਹੈ। 'ਲੇਕਿਨ', 'ਮਾਇਆ ਮੇਮ ਸਾਹਿਬ', 'ਲਾਲ ਸਲਾਮ', 'ਮਸ਼ਾਲ', 'ਧਨਵਾਨ' ਵਰਗੀਆਂ ਚੋਣਵੀਆਂ ਹਿੰਦੀ ਫਿਲਮਾਂ ਲਈ ਵੀ ਉਨ੍ਹਾਂ ਸੰਗੀਤ ਦਿੱਤਾ। ਉਨ੍ਹਾਂ ਦੀ ਵਾਹਵਾ ਚਰਚਾ ਹੋਈ। ਉਨ੍ਹਾਂ ਮਿਰਜ਼ਾ ਗਾਲਿਬ ਦੀਆਂ ਗਜ਼ਲਾਂ ਦੀ ਐਲਬਮ 'ਗਾਲਿਬ' ਵੀ ਤਿਆਰ ਕੀਤੀ। ਗਾਲਿਬ ਦੀਆਂ ਇਹ ਗਜ਼ਲਾਂ ਲਤਾ ਮੰਗੇਸ਼ਕਰ ਨੇ ਗਾਈਆਂ ਹਨ। ਉਹਨੇ ਆਸ਼ਾ ਭੌਸਲੇ ਲਈ ਵੀ ਉਨ੍ਹਾਂ ਕਈ ਗੀਤਾਂ ਦੀਆਂ ਧੁਨਾਂ ਤਿਆਰ ਕੀਤੀਆਂ। ਇਹ ਗੀਤ ਅੱਜ ਵੀ ਉਤਨੇ ਹੀ ਮਕਬੂਲ ਹਨ।*



# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਜੂਨ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-122



ਤਸਵੀਰ: ਇੰਦਰਮੋਹਨ ਸਿੰਘ ਛਾਬੜਾ, ਸ਼ਿਕਾਗੋ

*ਸਾਈਕਲ 'ਤੇ ਵੀ 'ਡਬਲ' ਸਵਾਰੀ 'ਸੁੱਕੀ' ਕਿਉਂ ਲੰਘਾਵਾਂ?*
*'ਮੁੱਲ' ਤਾਰ ਕੇ ਭਰਤੀ ਹੋਈ ਹਾਂ, ਕਿਉਂ ਨਾ 'ਨੋਟ' ਬਣਾਵਾਂ?*

## ਕੈਪਸ਼ਨ ਮੁਕਾਬਲਾ-120



ਨਿੱਤ ਨਵੇਂ ਅਸੀਂ ਸੁਣਦੇ ਨਾਹਰੇ
ਸਭ ਲਈ ਸਿੱਖਿਆ ਤੇ ਰੁਜ਼ਗਾਰ।
ਸੱਚੋ ਸੱਚ ਤਸਵੀਰ ਬੋਲਦੀ
ਕਿੰਨੀ ਝੂਠੀ ਇਹ ਸਰਕਾਰ।
*-ਜਗਮੀਤ ਸਿੰਘ ਪੰਧੇਰ, ਕੈਨੇਡਾ*
*ਫੋਨ: 204-505-0751*

---

ਇਹ ਹਮਾਰਾ ਜੀਵਣਾ
ਸਾਹਿਬ ਸੱਚੇ ਦੇਖ।
ਖੇਡਣ ਦੇ ਦਿਨ ਸਾਥੋਂ ਖੋਹੇ
ਅਜਿਹੇ ਕਿਉਂ ਅਸਾਡੜੇ ਲੇਖ?
ਨਿੱਕੀ ਉਮਰੇ ਮੁਸ਼ੱਕਤਾਂ ਪਏ ਕਰੀਏ
ਫਿਰ ਵੀ ਕਿਉਂ ਭੁੱਖਾ ਪੇਟ?
ਸੁਣਿਆ ਤੂੰ ਸਭ ਨੂੰ ਦਿੰਦੈ
ਫਿਰ ਸਾਨੂੰ ਕਿਉਂ ਮਾਰੇ ਫੇਟ?
*-ਸੇਵਾ ਸਿੰਘ ਨੂਰਪਰੀ*

---

ਉਮਰ ਨਿਆਣੀ, ਫਿਕਰ ਵੱਡੇ
ਘਰਦਿਆਂ ਲਾਈ ਆਹਰੇ।
ਧੀਆਂ ਦੀ ਇਹ ਕੈਸੀ ਹੋਣੀ
ਦੇਸ਼ ਮੇਰੇ ਦੀਏ ਸਰਕਾਰੇ।
ਵੱਡੇ ਹੋਰ ਹੋਰ ਵੱਡੇ ਹੋਏ
ਬੌਣੇ ਹੋ ਗਏ ਗਰੀਬ ਬਿਚਾਰੇ।
ਭੁੱਖੇ ਪੇਟ ਦੀ ਇਹ ਕਹਾਣੀ
ਡਾਢਿਆ ਤੇਰੇ ਰੰਗ ਨਿਆਰੇ।
*-ਹਰਮੀਕ ਸਿੰਘ ਵਿੱਕੀ*
*ਸਟਾਕਟਨ, ਕੈਲੀਫੋਰਨੀਆ।*

ਮਜਬੂਰੀ ਦਾ ਆਲਮ ਦੇਖੋ
ਕੀ ਕੀ ਰੰਗ ਦਿਖਾਏ।
ਪੇਟ ਦੀ ਅੱਗ ਬੁਝਾਵਣ ਖਾਤਰ
ਕੋਮਲ ਬੱਚੇ ਕੰਮੀਂ ਲਾਏ।
*-ਗੁਰਦੇਵ ਸਿੰਘ ਵਿਰਦੀ*

---

ਐ ਦੋਸਤ,
ਹਾਥੋਂ ਕੀ ਸਨਦ ਹੈ ਮਿਹਨਤ।
ਇਸ ਨਏ ਜਹਾਂ ਕੋ,
ਨਈ ਤਸਵੀਰ ਦੇਗੀ।
ਕਿਸੀ ਤੁਫਾਂ ਮੇ ਤੇਰੀ
ਨਜ਼ਰ ਨਾ ਝੁਕਨੇ ਪਾਏ,
ਮੇਰੇ ਬੱਚੇ ਤੇਰੀ ਨਿਗਾਹ
ਆਸਮਾਨਾਂ ਕੋ ਚੀਰ ਦੇਗੀ।
*-ਐਸ ਮਹਿਬੂਬ, ਨਵਾਂ ਸ਼ਹਿਰੀ*
*ਫੋਨ: 732-773-6777*

---

ਵਗੇ ਪਸੀਨਾ, ਸੜਦਾ ਪਿੰਡਾ
ਸੁੱਕਦਾ ਜਾਵੇ ਖੂਨ।
ਛਿੱਕੇ ਉਤੇ ਟੰਗੇ ਰਹਿੰਦੇ
ਬੱਚਿਆਂ ਲਈ ਕਾਨੂੰਨ।
ਕੀ ਸਾਡਾ ਜੰਮਣਾ ਇਥੇ
ਕੀ ਹੈ ਸਾਡਾ ਜੀਣਾ।
ਭੁੱਖੇ, ਨੰਗੇ, ਹੀਣੇ ਰਹਿ
ਕੱਟ ਜਾਣੀ ਦੁਰਲਭ ਜੂਨ।
*-ਮਹਾਂ ਸਿੰਘ ਹਾਂਸ*
*ਫੋਨ: 408-707-9222*

---

ਬਿਹਾਰ ਤੋਂ ਆਏ ਕਰਨ
ਵਿਚ ਪੰਜਾਬ ਮਜਦੂਰੀ
ਛੋਟੇ ਬੱਚੇ ਲਾਉਂਦੇ ਜੀਰੀ
ਇਨ੍ਹਾਂ ਦੀ ਮਜਬੂਰੀ।
ਖੇਡਣ, ਪੜ੍ਹਨ ਦੀ ਉਮਰ ਪਿਆਰੀ
ਗਰੀਬੀ ਨੇ ਕੀਤੀ ਹਾਲਤ ਮਾੜੀ।
ਸੱਚ ਮੰਨੋ ਚੋਰ-ਬਾਜ਼ਾਰੀ ਦੀ
ਮਾਰ ਪਈ ਇਹ ਸਾਰੀ।
*-ਗੋਰਾ ਪ੍ਰਜਾਪਤ*
*ਫੋਨ: 718-690-8403*

## ਜਬਰ ਜਨਾਹ ਦੇ ਦੋਸ਼ ਵਿਚ ਅਕਾਲੀ ਆਗੂ ਸੀਖਾਂ ਪਿੱਛੇ

**ਪਟਿਆਲਾ:** ਨਾਭਾ ਬਲਾਕ ਦੇ ਪਿੰਡ ਤੁੰਗਾਂ ਦੇ ਅਕਾਲੀ ਆਗੂ ਮੇਜਰ ਸਿੰਘ ਤੁੰਗਾਂ ਨੂੰ ਇਕ ਮੁਟਿਆਰ ਦਾ ਸਰੀਰਕ ਸ਼ੋਸ਼ਣ ਕਰਨ ਦੇ ਦੋਸ਼ਾਂ ਹੇਠਾਂ ਦਰਜ ਕੀਤੇ ਗਏ ਕੇਸ ਤਹਿਤ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਗਿਆ ਹੈ। ਦੂਜੇ ਬੰਨ੍ਹੇ ਲੜਕੀ ਦੇ ਭਰਾ ਦਾ ਕਹਿਣਾ ਹੈ ਕਿ ਇਸ ਕੇਸ ਵਿਚ ਧਾਰਾ 376 ਵੀ ਸ਼ਾਮਲ ਹੋਣੀ ਚਾਹੀਦੀ ਸੀ, ਪਰ ਮੁਲਜ਼ਮ ਦੇ ਅਕਾਲੀ ਦਲ ਦੀ ਤਰਫ਼ੋਂ ਬਲਾਕ ਸਮਿਤੀ ਮੈਂਬਰ ਦਾ ਪਤੀ ਹੋਣ ਕਰਕੇ ਅਜਿਹਾ ਨਹੀਂ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪੀੜਤ ਲੜਕੀ ਨੇ ਮੇਜਰ ਸਿੰਘ 'ਤੇ ਉਸ ਦੀਆਂ ਇਤਰਾਜ਼ਯੋਗ ਫੋਟੋਆਂ ਤੇ ਵੀਡੀਓ ਬਣਾ ਕੇ ਬਲੈਕਮੇਲ ਕਰਨ ਦੇ ਦੋਸ਼ ਲਾਏ ਹਨ। ਦੂਜੇ ਬੰਨ੍ਹੇ ਪਿੰਡ ਦੇ ਸਰਪੰਚ ਰਣਜੀਤ ਸਿੰਘ ਤੁੰਗਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਦੋਵਾਂ ਧਿਰਾਂ ਵਿਚ ਸਮਝੌਤਾ ਕਰਵਾਉਣ ਲਈ ਪੁਲਿਸ ਨੇ ਉਸ 'ਤੇ ਵੀ ਦਬਾਓ ਪਾਇਆ। ਪਰਿਵਾਰਕ ਮੈਂਬਰਾਂ ਤੇ ਸਰਪੰਚ ਨੇ ਨਾਭਾ ਹਲਕੇ ਦੇ ਇਕ ਪ੍ਰਮੁੱਖ ਅਕਾਲੀ ਆਗੂ 'ਤੇ ਵੀ ਮੁਲਜ਼ਮ ਦੀ ਮਦਦ ਕਰਨ ਦੇ ਦੋਸ਼ ਲਾਏ ਹਨ। ਉਧਰ ਪਰਜਾਪਤ ਕੁੰਭਕਾਰ ਸੰਘ ਦੇ ਪੰਜਾਬ ਜਨਰਲ ਸਕੱਤਰ ਮੱਖਣ ਸਿੰਘ ਟੋਡਰਵਾਲ ਦਾ ਕਹਿਣਾ ਹੈ ਕਿ ਜੇਕਰ ਪੀੜਤ ਕੁੜੀ ਨੂੰ ਇਨਸਾਫ ਨਾ ਮਿਲਿਆ ਤਾਂ ਉਹ ਸੰਘਰਸ਼ ਦੇ ਰਾਹ ਪੈਣ ਲਈ ਮਜਬੂਰ ਹੋਣਗੇ।

# ਸਰਕਾਰੀ ਜਾਇਦਾਦਾਂ ਵੇਚਣ ਦੇ ਸਭ ਅੜਿੱਕੇ ਪਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਰਕਾਰੀ ਜਾਇਦਾਦਾਂ ਵੇਚਣ ਦੇ ਰਾਹ ਵਿਚ ਆਉਂਦੇ ਸਾਰੇ ਅੜਿੱਕਿਆਂ ਨੂੰ ਦੂਰ ਕਰ ਲਿਆ ਹੈ। ਇਨ੍ਹਾਂ ਸੰਪਤੀਆਂ ਦਾ ਇੰਤਕਾਲ ਪੁੱਡਾ ਦੇ ਨਾਂ ਹੋ ਚੁੱਕਿਆ ਹੈ ਤੇ ਇਸ ਵੱਲੋਂ ਹੁਣ ਇਨ੍ਹਾਂ ਨੂੰ ਨਿਲਾਮ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਸੂਚਨਾ ਦਾ ਅਧਿਕਾਰ ਕਾਨੂੰਨ ਤਹਿਤ ਪੁੱਡਾ ਤੋਂ ਮਿਲੇ ਵੇਰਵਿਆਂ ਮੁਤਾਬਕ ਰੋਪੜ ਸ਼ਹਿਰ ਵਿਚ ਪੈਂਦੀ ਬੜੀ ਹਵੇਲੀ ਦੀ ਤਕਰੀਬਨ 16 ਏਕੜ ਜ਼ਮੀਨ ਵੇਚੀ ਜਾਣੀ ਹੈ ਤੇ ਇਥੋਂ ਦੇ ਪਿੰਡ ਸੁਖਰਾਮਪੁਰ ਦੀ 10.70 ਏਕੜ ਜ਼ਮੀਨ ਦਾ ਇੰਤਕਾਲ ਵੀ ਪੁੱਡਾ ਦੇ ਨਾਂ ਹੋ ਗਿਆ ਹੈ।

ਪੰਜਾਬ ਸਰਕਾਰ ਨੇ ਰੋਪੜ ਦੇ ਡੀ.ਸੀ. ਨੂੰ ਪੱਤਰ ਲਿਖ ਕੇ ਇਸ ਸਾਈਟ ਦਾ ਕਬਜ਼ਾ ਪੁੱਡਾ ਨੂੰ ਦੇਣ ਲਈ ਹਦਾਇਤ ਕੀਤੀ ਹੈ। ਰੋਪੜ ਦੇ ਮੌਜੂਦਾ ਬੱਸ ਅੱਡੇ ਨੂੰ ਵੀ ਸਰਕਾਰ ਨਿਲਾਮ ਕਰੇਗੀ। ਬੱਸ ਅੱਡੇ (ਪੰਜਾਬ ਰੋਡਵੇਜ਼) ਦੀ 21 ਕਨਾਲ ਨੌਂ ਮਰਲੇ ਜ਼ਮੀਨ ਨਵਾਂ ਬੱਸ ਸਟੈਂਡ ਬਣਨ ਮਗਰੋਂ ਨਿਲਾਮ ਕੀਤੀ ਜਾਵੇਗੀ। ਇਥੇ ਨਵੀਂ ਬੱਸ ਅੱਡੇ ਦੀ ਉਸਾਰੀ ਹੋ ਰਹੀ ਹੈ। ਬਠਿੰਡਾ ਸ਼ਹਿਰ ਦੇ ਮਾਲ ਰੋਡ 'ਤੇ ਪੈਂਦੇ ਸਰਕਾਰੀ ਪ੍ਰਾਇਮਰੀ ਸਕੂਲ ਦਾ ਇੰਤਕਾਲ ਵੀ ਪੁੱਡਾ ਦੇ ਨਾਂ ਹੋ ਚੁੱਕਿਆ ਹੈ। ਇਸ ਸਕੂਲ ਦੀ ਸੰਪਤੀ 1.4 ਏਕੜ ਹੈ। ਸਕੂਲ ਲਈ ਨਵੀਂ ਇਮਾਰਤ ਉਸਾਰੀ ਅਧੀਨ ਹੈ ਜਿਸ ਤੋਂ ਬਾਅਦ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਨਵੀਂ ਇਮਾਰਤ ਵਿਚ ਤਬਦੀਲ ਕਰ ਦਿੱਤਾ ਜਾਵੇਗਾ ਤੇ ਇਸ ਨੂੰ ਵੇਚਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ। ਬਠਿੰਡਾ ਦੀ ਮੌਜੂਦਾ ਕੇਂਦਰੀ ਜੇਲ੍ਹ ਦੀ 31 ਏਕੜ ਜ਼ਮੀਨ ਦਾ ਇੰਤਕਾਲ ਪਹਿਲਾਂ ਹੀ ਪੁੱਡਾ ਦੇ ਨਾਂ ਹੋ ਚੁੱਕਿਆ ਹੈ। ਫ਼ਰੀਦਕੋਟ ਦੀ ਸਹਿਕਾਰੀ ਖੰਡ ਦੀ 135 ਏਕੜ ਜ਼ਮੀਨ ਵਿਚ ਵੀ ਰਿਹਾਇਸ਼ੀ ਪਲਾਟਾਂ ਦੀ ਸਕੀਮ ਸ਼ੁਰੂ ਕਰ ਦਿੱਤੀ ਗਈ ਹੈ।



ਮਿਲੀ ਜਾਣਕਾਰੀ ਮੁਤਾਬਕ ਨਾਭਾ ਦੀ ਖੁੱਲ੍ਹੀ ਜੇਲ੍ਹ ਦੀ 100 ਏਕੜ ਜ਼ਮੀਨ ਵੀ ਸਰਕਾਰ ਵੇਚ ਰਹੀ ਹੈ ਤੇ ਇਸ ਦੀ ਪਲਾਨਿੰਗ ਦਾ ਕੰਮ ਚੱਲ ਰਿਹਾ ਹੈ। ਕਪੂਰਥਲਾ ਦੀ ਪੁਰਾਣੀ ਜੇਲ੍ਹ ਸਾਈਟ ਦੀ 11 ਏਕੜ ਪੰਜ ਕਨਾਲ ਜ਼ਮੀਨ ਵਿਚ ਵੀ ਰਿਹਾਇਸ਼ੀ ਪਲਾਟਾਂ ਦੀ ਸਕੀਮ ਲਾਂਚ ਕੀਤੀ ਜਾ ਚੁੱਕੀ ਹੈ। ਅੰਮ੍ਰਿਤਸਰ ਦੀ ਪੁਰਾਣੀ ਕੇਂਦਰੀ ਜੇਲ੍ਹ ਦੀ 76 ਏਕੜ ਜ਼ਮੀਨ ਵੀ ਸਰਕਾਰ ਵੇਚਣ ਦੀ ਤਿਆਰੀ ਕਰ ਰਹੀ ਹੈ। ਸਰਕਾਰ ਵੱਲੋਂ ਆਪਣੇ ਪਹਿਲੇ ਕਾਰਜਕਾਲ ਵਿਚ ਵੇਚੀਆਂ ਗਈਆਂ ਜਾਇਦਾਦਾਂ ਵੱਖਰੀਆਂ ਹਨ। ਪੰਜਾਬ ਸਰਕਾਰ ਵੱਲੋਂ ਕਾਫ਼ੀ ਅਰਸਾ ਪਹਿਲਾਂ ਜਨਤਕ ਮਕਸਦਾਂ ਵਾਸਤੇ ਇਨ੍ਹਾਂ ਜ਼ਮੀਨਾਂ ਨੂੰ ਐਕੁਆਇਰ ਕੀਤਾ ਗਿਆ ਸੀ ਪਰ ਹੁਣ ਇਨ੍ਹਾਂ ਨੂੰ ਵੇਚਿਆ ਜਾ ਰਿਹਾ ਹੈ।

## ਸੁਖਬੀਰ ਦੇ ਹਲਕੇ ਦਾ ਸਰਕਾਰੀ ਹਸਪਤਾਲ ਹੋਵੇਗਾ ਨਿਲਾਮ

ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਹਲਕਾ ਜਲਾਲਾਬਾਦ ਦੇ ਮੌਜੂਦਾ ਸਰਕਾਰੀ ਹਸਪਤਾਲ ਨੂੰ ਵੀ ਨਿਲਾਮ ਕੀਤਾ ਜਾਵੇਗਾ ਤੇ ਜਿਸ ਦੀ ਜਗ੍ਹਾ ਤਕਰੀਬਨ 10 ਕਨਾਲ ਹੈ। ਪੰਜਾਬ ਸਰਕਾਰ ਵੱਲੋਂ ਜਲਾਲਾਬਾਦ ਵਿਚ ਨਵਾਂ ਹਸਪਤਾਲ ਬਣਾਇਆ ਜਾ ਰਿਹਾ ਹੈ। ਜਿਸਦੇ ਬਣਨ ਮਗਰੋਂ ਮੌਜੂਦਾ ਹਸਪਤਾਲ ਵਾਲੀ ਜਗ੍ਹਾ ਵੇਚੀ ਜਾਣੀ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਸੰਸਦੀ ਹਲਕੇ ਦੇ ਮਾਨਸਾ ਸ਼ਹਿਰ ਦੇ ਮਹਿਲਾ ਥਾਣੇ ਦੀ ਤਿੰਨ ਕਨਾਲ 13 ਮਰਲੇ ਦੀ ਜਾਇਦਾਦ ਵੇਚੀ ਜਾਣੀ ਹੈ। ਮਾਨਸਾ ਵਿਚ ਹੀ ਖ਼ੁਰਾਕ ਤੇ ਸਪਲਾਈ ਵਿਭਾਗ ਦੀ ਪੰਜ ਕਨਾਲ ਅੱਠ ਮਰਲੇ ਜਗ੍ਹਾ ਵੀ ਨਿਲਾਮ ਹੋਵੇਗੀ। ਇਸ ਸਾਈਟ ਦੀ ਪਲਾਨਿੰਗ ਕੀਤੀ ਜਾ ਰਹੀ ਹੈ। ਪਲਾਨਿੰਗ ਮਗਰੋਂ ਸਮਰੱਥ ਅਧਿਕਾਰੀ ਤੋਂ ਇਸ ਸਾਈਟ ਦੀ ਰਾਖਵੀਂ ਕੀਮਤ ਤੈਅ ਕਰਵਾ ਕੇ ਇਸ ਨੂੰ ਵੇਚਿਆ ਜਾਵੇਗਾ। ਮਾਨਸਾ ਵਿਚ ਪੀ.ਐਸ.ਆਈ.ਈ.ਸੀ. ਦੀ 52 ਏਕੜ ਜ਼ਮੀਨ ਵੀ ਸਰਕਾਰ ਵੇਚੇਗੀ। ਇਸ ਜਗ੍ਹਾ ਵਿਚ ਸਰਕਾਰ ਨੇ ਕਲੋਨੀ ਕੱਟ ਦਿੱਤੀ ਹੈ।

## ਪੰਜਾਬ ਭਾਜਪਾ ਕੋਲ ਹੁਣ ਆਪਣੀ ਚਲਾਉਣ ਦਾ ਮੌਕਾ: ਬਾਜਵਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਭਾਰਤੀ ਜਨਤਾ ਪਾਰਟੀ ਪੰਜਾਬ ਨੂੰ ਸਲਾਹ ਦਿੱਤੀ ਕਿ ਹੁਣ ਗੱਠਜੋੜ ਸਾਂਝੇਦਾਰ ਸ਼੍ਰੋਮਣੀ ਅਕਾਲੀ ਦਲ ਦੇ ਬੋਝ ਤੋਂ ਛੁਟਕਾਰਾ ਪਾਉਣ ਤੇ ਸਰਕਾਰ ਤੋਂ ਬਾਹਰ ਨਿਕਲ ਕੇ ਆਜ਼ਾਦੀ ਨਾਲ ਕੰਮ ਕਰਨ ਦਾ ਉਨ੍ਹਾਂ ਕੋਲ ਵਧੀਆ ਮੌਕਾ ਹੈ।

ਸ. ਬਾਜਵਾ ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ-ਭਾਜਪਾ ਗੱਠਜੋੜ ਨੂੰ ਸ਼ਰਮਿੰਦਗੀ ਦਾ ਸਾਹਮਣਾ ਕਰਨ ਮਗਰੋਂ ਅਕਾਲੀ ਦਲ ਹਾਲੇ ਵੀ ਭਾਜਪਾ ਨੂੰ ਡਰਾਉਣ ਲੱਗਾ ਹੋਇਆ ਹੈ, ਜਿਸ ਦਾ ਕੇਸਰੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨਾਂ ਨੇ ਸਖਤ ਨੋਟਿਸ ਲਿਆ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਭਾਜਪਾ ਮੰਤਰੀਆਂ ਦੇ ਵਿਭਾਗਾਂ 'ਤੇ ਹੁਕਮ ਚਲਾ ਰਹੇ ਹਨ, ਜਿਨ੍ਹਾਂ ਵਿਚ ਸਥਾਨਕ ਸਰਕਾਰਾਂ ਤੇ ਉਦਯੋਗ ਤੇ ਮਾਇਨਿੰਗ ਵਿਭਾਗ ਵਿਸ਼ੇਸ਼ ਤੌਰ 'ਤੇ ਸ਼ਾਮਲ ਹਨ। ਸੁਖਬੀਰ ਨੇ ਚੋਣਾਂ ਤੋਂ ਬਾਅਦ ਪ੍ਰਾਪਰਟੀ ਟੈਕਸ ਤੇ ਰੇਤ ਦੀ ਨਾਜਾਇਜ਼ ਖੁਦਾਈ ਦਾ ਦੋਸ਼ ਭਾਜਪਾ 'ਤੇ ਲਗਾਉਂਦਿਆਂ ਕਿਹਾ ਸੀ ਕਿ ਇਹ ਵਿਭਾਗ ਗਠਜੋੜ ਸਾਂਝੇਦਾਰ ਕੋਲ ਹਨ ਜਦਕਿ ਸੱਚਾਈ ਇਹ ਹੈ ਕਿ ਇਥੇ ਸੁਖਬੀਰ ਦੀ ਹੀ ਚੱਲਦੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਸੀਨੀਅਰ ਆਗੂ ਤੇ ਹੁਣ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਅਕਾਲੀ ਆਗੂਆਂ, ਖਾਸ ਕਰਕੇ ਸੁਖਬੀਰ ਬਾਦਲ ਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਕਾਰਜਗੁਜ਼ਾਰੀ ਦਾ ਸਭ ਤੋਂ ਮਾੜਾ ਤਜਰਬਾ ਭੁਗਤਣਾ ਪਿਆ ਹੈ, ਜਿਨ੍ਹਾਂ ਵੱਲੋਂ ਸੂਬੇ ਵਿਚ ਤਿਆਰ ਕੀਤੇ ਸਿਆਸੀ ਜਾਲ ਕਾਰਨ ਨਰਿੰਦਰ ਮੋਦੀ ਦੀ ਲਹਿਰ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ।

## ਜ਼ਿਲ੍ਹਾ ਜਥੇਦਾਰੀਆਂ ਲਈ ਅਕਾਲੀ ਆਗੂ ਪੱਬਾਂ ਭਾਰ

**ਚੰਡੀਗੜ੍ਹ:** ਅਕਾਲੀ ਆਗੂਆਂ ਵਿਚ ਜ਼ਿਲ੍ਹਾ ਜਥੇਦਾਰ ਬਣਨ ਲਈ ਕਵਾਇਦ ਤੇਜ਼ ਹੋ ਗਈ ਹੈ। ਲੋਕ ਸਭਾ ਚੋਣਾਂ ਵਿਚ ਸੂਬੇ ਭਰ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮਾੜੇ ਪ੍ਰਦਰਸ਼ਨ ਤੋਂ ਬਾਅਦ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹਰ ਜ਼ਿਲ੍ਹੇ ਦੇ ਆਗੂਆਂ ਨਾਲ ਬੈਠਕ ਕਰਕੇ ਤੁਰੰਤ ਜਥੇਬੰਦੀਆਂ ਬਣਾਉਣ ਦਾ ਐਲਾਨ ਕੀਤਾ ਗਿਆ ਸੀ। ਮਿਲੀ ਜਾਣਕਾਰੀ ਮੁਤਾਬਕ ਅਕਾਲੀ ਦਲ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਵੇਗਾ ਕਿ ਪਾਰਟੀ ਹਾਈਕਮਾਂਡ ਵੱਲੋਂ ਜ਼ਿਲ੍ਹੇ ਵਿਚ ਪੇਂਡੂ ਤੇ ਸ਼ਹਿਰੀ ਇਕਾਈਆਂ ਵੱਖੋ-ਵੱਖਰੇ ਤੌਰ 'ਤੇ ਬਣਾਈਆਂ ਜਾਣਗੀਆਂ। ਪਾਰਟੀ ਦੇ ਇਸ ਫੈਸਲੇ ਨਾਲ ਜਿਥੇ ਜ਼ਿਲ੍ਹੇ ਦੀ ਲੀਡਰਸ਼ਿਪ ਵਿਚਲੀ ਧੜੇਬੰਦੀ ਨੂੰ ਨੱਥ ਪਵੇਗੀ, ਉਥੇ ਸਰਕਲ ਤੇ ਜ਼ਿਲ੍ਹਾ ਪੱਧਰ ਦੇ ਅਹੁਦੇਦਾਰਾਂ ਨੂੰ ਵੱਧ ਤੋਂ ਵੱਧ ਅਹੁਦੇ ਵੀ ਵੰਡੇ ਜਾ ਸਕਦੇ ਹਨ।

ਬੀਤੇ ਕਈ ਸਾਲਾਂ ਤੋਂ ਜ਼ਿਲ੍ਹਾ ਜਥੇਦਾਰ ਤੇ ਜ਼ਿਲ੍ਹੇ ਦੀ ਸਮੁੱਚੀ ਜਥੇਬੰਦੀ ਤੋਂ ਸੱਖਣੇ ਚੱਲ ਰਹੇ ਜ਼ਿਲ੍ਹਾ ਰੂਪਨਗਰ ਅੰਦਰ ਹੁਣ ਅਕਾਲੀ ਆਗੂਆਂ ਵਿਚ ਜ਼ਿਲ੍ਹਾ ਜਥੇਦਾਰ ਬਣਨ ਲਈ ਜੋੜ-ਤੋੜ ਦੀ ਸਿਆਸਤ ਸ਼ੁਰੂ ਹੋ ਗਈ ਹੈ। ਜ਼ਿਕਰਯੋਗ ਹੈ ਕਿ ਮਾਸਟਰ ਤਾਰਾ ਸਿੰਘ ਲਾਡਲ ਤੋਂ ਬਾਅਦ ਹੁਣ ਤੱਕ ਜ਼ਿਲ੍ਹੇ ਅੰਦਰ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਪ੍ਰਧਾਨ ਨਹੀਂ ਬਣਿਆ ਹੈ ਤੇ ਨਾ ਹੀ ਕਿਸੇ ਨੇ ਜ਼ਿਲ੍ਹਾ ਜਥੇਬੰਦੀ ਬਣਾਉਣ ਵਿਚ ਕੋਈ ਦਿਲਚਸਪੀ ਹੀ ਵਿਖਾਈ ਹੈ। ਹਾਲਾਂਕਿ ਇਸ ਸਭ ਦੇ ਬਾਵਜੂਦ ਜ਼ਿਲ੍ਹੇ ਅੰਦਰ ਅਕਾਲੀ ਦਲ ਦਾ ਪ੍ਰਦਰਸ਼ਨ ਵਧੀਆ ਹੀ ਰਿਹਾ ਹੈ, ਪਰ ਅਕਾਲੀ ਆਗੂਆਂ ਵਿਚ ਕੋਈ ਅਹੁਦਾ ਨਾ ਮਿਲਣ ਕਰਕੇ ਨਮੋਸ਼ੀ ਦਾ ਆਲਮ ਜ਼ਰੂਰ ਵੇਖਣ ਨੂੰ ਮਿਲਦਾ ਸੀ।

ਇਸ ਬਾਰੇ ਪਾਰਟੀ ਦੇ ਸਕੱਤਰ ਤੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਪਾਰਟੀ ਨੇ ਸੂਬਾਈ ਪੱਧਰ 'ਤੇ ਇਹ ਫੈਸਲਾ ਲਿਆ ਹੈ ਕਿ ਹਰ ਜ਼ਿਲ੍ਹੇ ਵਿਚ ਪੇਂਡੂ ਤੇ ਸ਼ਹਿਰੀ ਇਕਾਈਆਂ ਵੱਖੋ-ਵੱਖਰੇ ਤੌਰ 'ਤੇ ਬਣਾਈਆਂ ਜਾਣਗੀਆਂ ਜਿਸ ਨਾਲ ਜਿਥੇ ਪਾਰਟੀ ਨੂੰ ਮਜ਼ਬੂਤੀ ਮਿਲੇਗੀ, ਉਥੇ ਵਰਕਰਾਂ ਵਿਚ ਵੀ ਜੋਸ਼ ਭਰੇਗਾ।

## ਐਸ.ਐਮ.ਐਸ. ਨਾਲ ਮਨਰੇਗਾ ਫੰਡਾਂ ਦੀ ਧਾਂਦਲੀ ਹੋਈ ਬੇਨਕਾਬ

**ਚੰਡੀਗੜ੍ਹ:** ਅਫਸਰਸ਼ਾਹੀ, ਪ੍ਰਾਈਵੇਟ ਬੈਂਕਾਂ ਦੇ ਮੁਲਾਜ਼ਮਾਂ ਤੇ ਸਰਪੰਚਾਂ ਦੀ ਮਿਲੀਭੁਗਤ ਨਾਲ ਮਨਰੇਗਾ ਫੰਡਾਂ ਵਿਚ ਹੋ ਰਹੀ ਧਾਂਦਲੀ ਇਕ ਅਲਰਟ ਐਸ.ਐਮ.ਐਸ. ਨੇ ਬੇਨਕਾਬ ਕਰ ਦਿੱਤੀ ਹੈ। ਇਹ ਮਾਮਲਾ ਵਿਜੀਲੈਂਸ ਬਿਊਰੋ ਪੰਜਾਬ ਕੋਲ ਪੁੱਜ ਗਿਆ ਹੈ ਤੇ ਕਈ ਵੱਡੇ ਖੁਲਾਸੇ ਹੋਣ ਦੇ ਆਸਾਰ ਹਨ। ਗੁਰਦਾਸਪੁਰ ਜ਼ਿਲ੍ਹੇ ਦੇ ਬਲਾਕ ਕਾਹਨੂੰਵਾਨ ਦੇ ਇਕ ਮਨਰੇਗਾ ਸਕੀਮ ਦੇ ਜੌਬ ਕਾਰਡ ਧਾਰਕ ਦੇ ਗੁਪਤ ਪੱਤਰ ਨੇ ਇਸ ਧਾਂਦਲੀ ਨੂੰ ਉਜਾਗਰ ਕੀਤਾ ਹੈ। ਇਸ ਮਾਮਲੇ ਵਿਚ ਕਾਂਗਰਸ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵਿਜੀਲੈਂਸ ਬਿਊਰੋ ਦੇ ਚੀਫ ਡਾਇਰੈਕਟਰ ਸੁਰੇਸ਼ ਅਰੋੜਾ ਕੋਲ ਇਹ ਮੁੱਦਾ ਪਹੁੰਚਾ ਕੇ ਵੱਡੀ ਧਾਂਦਲੀ ਦਾ ਸ਼ੱਕ ਜ਼ਾਹਿਰ ਕੀਤਾ ਹੈ। ਸ. ਖਹਿਰਾ ਨੇ ਵਿਜੀਲੈਂਸ ਬਿਊਰੋ ਦੇ ਧਿਆਨ ਵਿਚ ਲਿਆਂਦਾ ਹੈ ਕਿ ਕੁਝ ਅਕਾਲੀ ਸਰਪੰਚਾਂ, ਬੈਂਕ ਦੇ ਸਟਾਫ ਤੇ ਹੋਰ ਅਧਿਕਾਰੀਆਂ ਵੱਲੋਂ ਮਿਲੀਭੁਗਤ ਨਾਲ ਮਨਰੇਗਾ ਜੌਬ ਕਾਰਡ ਹੋਲਡਰਾਂ ਦੇ ਜ਼ੀਰੋ ਬੈਲੇਂਸ ਖਾਤੇ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਬਲਾਕ ਵਿਚਲੇ ਪ੍ਰਾਈਵੇਟ ਬੈਂਕਾਂ ਵਿਚ ਖੁੱਲ੍ਹਵਾਏ ਗਏ ਸਨ। ਕੁਝ ਅਕਾਲੀ ਸਰਪੰਚਾਂ ਵੱਲੋਂ ਪ੍ਰਾਈਵੇਟ ਬੈਂਕਾਂ ਦੇ ਅਧਿਕਾਰੀਆਂ ਨਾਲ ਗੰਢਤੁੱਪ ਕਰਕੇ ਖਾਤਾ ਧਾਰਕਾਂ/ਮਨਰੇਗਾ ਸਕੀਮ ਦੇ ਜੌਬ ਕਾਰਡ ਧਾਰਕਾਂ ਨੂੰ ਮੁਹੱਈਆ ਕਰਵਾਈਆਂ ਇੰਸਟੈਂਟ ਕਿੱਟਾਂ ਗ਼ੈਰਕਾਨੂੰਨੀ ਢੰਗ ਨਾਲ ਆਪਣੇ ਕਬਜ਼ੇ ਵਿਚ ਲੈ ਲਈਆਂ ਸਨ। ਇਨ੍ਹਾਂ ਇੰਸਟੈਂਟ ਕਿੱਟਾਂ ਵਿਚ ਖਾਤਾ ਧਾਰਕਾਂ ਦੇ ਏ.ਟੀ.ਐਮ. ਕਾਰਡ ਤੇ ਪਾਸਵਰਡ ਸਨ। ਮਨਰੇਗਾ ਸਕੀਮ ਤਹਿਤ ਕੀਤੇ ਕੰਮਾਂ ਦੀ ਅਦਾਇਗੀ ਜਦੋਂ ਇਨ੍ਹਾਂ ਖਾਤਿਆਂ ਵਿਚ ਜਮ੍ਹਾਂ ਹੁੰਦੀ ਸੀ ਤਾਂ ਦਿਹਾੜੀਦਾਰਾਂ ਦੀ ਥਾਂ ਘੁਟਾਲੇਬਾਜ਼ ਸਰਪੰਚ ਏ.ਟੀ.ਐਮ. ਤੇ ਪਾਸਵਰਡ ਦੀ ਵਰਤੋਂ ਕਰਕੇ ਗਰੀਬਾਂ ਦੀ ਕਮਾਈ ਕਢਵਾ ਲੈਂਦੇ ਸਨ। ਵਿਜੀਲੈਂਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਗਿਆ ਹੈ ਕਿ ਟੈਲੀ ਬੈਂਕਿੰਗ ਸਹੂਲਤ ਰਾਹੀਂ ਰਕਮ ਦੀ ਨਿਕਾਸੀ ਮੌਕੇ ਅਲਰਟ ਐਸ.ਐਮ.ਐਸ. ਜੌਬ ਕਾਰਡ ਹੋਲਡਰ ਦੇ ਮੋਬਾਈਲ ਫੋਨ 'ਤੇ ਆ ਜਾਂਦਾ ਸੀ। ਸ. ਖਹਿਰਾ ਨੇ 12 ਮਈ ਨੂੰ 1500 ਰੁਪਏ ਕਢਵਾਉਣ ਵਾਲੀ ਇਕ ਐਸ.ਐਮ.ਐਸ. ਅਲਰਟ ਦੀ ਕਾਪੀ ਵੀ ਵਿਜੀਲੈਂਸ ਨੂੰ ਮੁਹੱਈਆ ਕੀਤੀ ਹੈ। ਸ. ਖਹਿਰਾ ਨੇ ਦੋਸ਼ ਲਾਇਆ ਕਿ ਹਰੇਕ ਦਿਹਾੜੀਦਾਰ ਦੇ ਤਕਰੀਬਨ ਛੇ-ਛੇ ਹਜ਼ਾਰ ਰੁਪਏ ਹੁਣ ਤੱਕ ਕਢਵਾਏ ਜਾ ਚੁੱਕੇ ਹਨ।

## ਭਾਰਤੀ ਇੰਜਨੀਅਰ 'ਤੇ ਪਤਨੀ ਤੇ ਦੋ ਬੱਚਿਆਂ ਨੂੰ ਮਾਰਨ ਦੇ ਦੋਸ਼ ਤੈਅ

**ਸ਼ਿਕਾਗੋ:** ਭਾਰਤ ਮੂਲ ਦੇ ਕੰਪਿਊਟਰ ਇੰਜਨੀਅਰ ਲਕਸ਼ਮੀ ਨਿਵਾਸ ਦੇਰੂਸੁ ਨੂੰ ਆਪਣੀ ਪਤਨੀ ਤੇ ਦੋ ਬੱਚਿਆਂ ਦੀ ਹੱਤਿਆ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ। ਸਾਲ 2008 ਵਿਚ ਉਸ ਨੇ ਇਨ੍ਹਾਂ ਤਿੰਨਾਂ ਦਾ ਗਲਾ ਵੱਢ ਦਿੱਤਾ ਸੀ। ਭਾਵੇਂ ਇਹ ਕੰਪਿਊਟਰ ਇੰਜਨੀਅਰ ਵਾਰਦਾਤ ਮਗਰੋਂ ਭਾਰਤ ਭੱਜ ਗਿਆ ਸੀ ਪਰ ਉਸ ਨੂੰ ਉਥੋਂ ਲਿਆ ਕੇ ਇਥੇ ਕੇਸ ਚਲਾਇਆ ਗਿਆ।

ਜਿਊਰੀ ਨੇ ਉਸ ਨੂੰ ਬੇਦਰਦੀ ਨਾਲ ਕਤਲ ਕਰਨ ਦਾ ਦੋਸ਼ੀ ਮੰਨਿਆ। ਸੁਣਵਾਈ ਵੇਲੇ ਇਸ ਭਾਰਤੀ ਨੇ ਆਪਣਾ ਗੁਨਾਹ ਮੰਨ ਲਿਆ। ਉਸ ਨੇ ਕਿਹਾ ਕਿ ਉਹ ਆਪਣੇ ਵਿਆਹ ਤੋਂ ਖੁਸ਼ ਨਹੀਂ ਸੀ। ਇਸ ਮਗਰੋਂ ਹੁਣ ਤਿੰਨ ਜੁਲਾਈ ਨੂੰ ਮਿਸ਼ੀਗਨ ਦੀ ਅਦਾਲਤ ਵੱਲੋਂ ਉਸ ਨੂੰ ਬਗ਼ੈਰ ਪੈਰੋਲ ਤੋਂ ਉਮਰ ਕੈਦ ਦੀ ਸਜ਼ਾ ਸੁਣਾਈ ਜਾਵੇਗੀ। ਇਸ ਇੰਜਨੀਅਰ ਦਾ 13 ਅਕਤੂਬਰ 2008 ਨੂੰ ਵਿਚ ਆਪਣੀ ਪਤਨੀ ਜੈਲਕਸ਼ਮੀ (37) ਨਾਲ ਝਗੜਾ ਹੋ ਗਿਆ। ਗੁੱਸੇ ਵਿਚ ਆਏ ਪਤੀ ਨੇ ਆਪਣੀ ਪਤਨੀ ਦੇ ਸਰੀਰ 'ਤੇ ਚਾਕੂ ਨਾਲ ਕਈ ਵਾਰ ਕੀਤੇ ਤੇ ਅਖੀਰ ਉਸ ਦਾ ਗਲਾ ਵੱਢ ਦਿੱਤਾ। ਇਸ ਮਗਰੋਂ ਲਕਸ਼ਮੀ ਨਿਵਾਸ ਘਰ ਵਿਚ ਬੈਠਾ ਰਿਹਾ ਤੇ ਆਪਣੀ ਧੀ ਤੇਜਸਵੀ (14) ਦੀ ਸਕੂਲ ਤੋਂ ਆਉਣ ਦੀ ਉਡੀਕ ਕਰਦਾ ਰਿਹਾ। ਜਿਵੇਂ ਹੀ ਉਹ ਘਰ ਦਾਖਲ ਹੋਈ, ਉਸ ਨੇ ਤੇਜਸਵੀ ਦਾ ਗਲਾ ਵੱਢ ਦਿੱਤਾ ਤੇ ਇਸ 40 ਮਿੰਟ ਮਗਰੋਂ ਸਕੂਲ ਤੋਂ ਆਏ ਆਪਣੇ 12 ਸਾਲ ਪੁੱਤ ਸ਼ਿਵ ਕੁਮਾਰ ਨੂੰ ਵੀ ਮਾਰ ਦਿੱਤਾ। ਹੱਤਿਆ ਕਰਨ ਤੋਂ ਅਗਲੇ ਦਿਨ ਉਹ ਭਾਰਤ (ਹੈਦਰਾਬਾਦ) ਆ ਗਿਆ, ਪਰ 2013 ਵਿਚ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

## ਕੈਨੇਡਾ ਦੇ ਓਂਟਾਰੀਓ ਸੂਬੇ ਦੀਆਂ ਚੋਣਾਂ ਵਿਚ ਪੰਜ ਪੰਜਾਬੀਆਂ ਦੀ ਝੰਡੀ



**ਟਰਾਂਟੋ:** ਲਿਬਰਲ ਪਾਰਟੀ ਨੇ ਓਂਟਾਰੀਓ ਸੂਬਾਈ ਚੋਣਾਂ ਵਿਚ ਬਹੁਮਤ ਹਾਸਲ ਕਰ ਲਿਆ ਹੈ। ਇਨ੍ਹਾਂ ਚੋਣਾਂ ਵਿਚ ਵੱਖ-ਵੱਖ ਪਾਰਟੀਆਂ ਵੱਲੋਂ ਤਕਰੀਬਨ ਦਰਜਨ ਪੰਜਾਬੀ ਉਮੀਦਵਾਰ ਖੜ੍ਹੇ ਸਨ ਪਰ ਜਿੱਤ ਪੰਜ ਨੂੰ ਹੀ ਨਸੀਬ ਹੋਈ। ਇਕ ਨੂੰ ਛੱਡ ਕੇ ਸਾਰੇ ਜੇਤੂ ਪੰਜਾਬੀ ਲਿਬਰਲ ਹਨ।

ਕੈਥਲਿਨ ਵਿੰਨ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਨੂੰ ਲੋਕਾਂ ਨੇ ਕੁਝ ਸਕੈਂਡਲਾਂ ਦੇ ਬਾਵਜੂਦ ਮਜ਼ਬੂਤ ਫਤਵਾ ਦਿੱਤਾ ਹੈ। 107 ਸੀਟਾਂ ਵਾਲੀ ਵਿਧਾਨ ਸਭਾ ਵਿਚ ਪਈਆਂ ਵੋਟਾਂ ਵਿਚ ਲਿਬਰਲ ਪਾਰਟੀ ਨੂੰ 59, ਕੰਜ਼ਰਵੇਟਿਵਾਂ ਨੂੰ 27 ਤੇ ਐਨ.ਡੀ.ਪੀ. ਨੂੰ 21 ਸੀਟਾਂ ਮਿਲੀਆਂ ਹਨ। ਵਿਰੋਧੀ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਟਿਮ ਹੁਡਾਕ ਨੇ ਆਪਣੀ ਹਾਰ ਕਬੂਲਦਿਆਂ ਲੀਡਰੀ ਛੱਡਣ ਦਾ ਐਲਾਨ ਕਰ ਦਿੱਤਾ ਹੈ। ਨੌਜਵਾਨ ਹਰਿੰਦਰ ਮੱਲ੍ਹੀ ਨੇ ਪੈਮ ਹੁੰਦਲ (ਕੰਜ਼ਰਵੇਟਿਵ) ਤੇ ਗੁਰਪ੍ਰੀਤ ਢਿੱਲੋਂ (ਐਨ.ਡੀ.ਪੀ.) ਨੂੰ ਮਾਤ ਦਿੱਤੀ ਹੈ ਉਹ ਸਾਬਕਾ ਸੰਸਦ ਮੈਂਬਰ ਗੁਰਬਖ਼ਸ਼ ਮੱਲ੍ਹੀ ਦੀ ਧੀ ਹੈ।

ਲਿਬਰਲ ਵਿੱਕ ਢਿੱਲੋਂ, ਰਣਦੀਪ ਸੰਧੂ (ਕੰਜ਼ਰਵੇਟਿਵ) ਤੇ ਗੁਰਨੀ ਗਿੱਲ (ਐਨ.ਡੀ.ਪੀ.)ਨੂੰ ਹਰਾ ਕੇ ਚੌਥੀ ਵਾਰ ਐਮ.ਪੀ.ਪੀ. ਬਣਿਆ ਹੈ। ਸਾਬਕਾ ਮੰਤਰੀ ਹਰਿੰਦਰ ਤੱਖਰ ਵੀ ਚੌਥੀ ਵਾਰ ਜੇਤੂ ਰਿਹਾ ਹੈ। ਅੰਮ੍ਰਿਤ ਮਾਂਗਟ ਤੀਜੀ ਵਾਰ ਲਿਬਰਲ ਸੀਟ 'ਤੇ ਕਾਮਯਾਬ ਹੋਈ ਹੈ, ਉਸ ਨੇ ਕੰਜ਼ਰਵੇਟਿਵ ਅਮਰਜੀਤ ਗਿੱਲ ਨੂੰ ਪਛਾੜਿਆ। ਸਾਬਕਾ ਲਿਬਰਲ ਸੰਸਦ ਮੈਂਬਰ ਡਾ. ਕੁਲਦੀਪ ਕੁਲਾਰ ਨੂੰ ਡੈਮੋਕਰੇਟ ਜਗਮੀਤ ਸਿੰਘ ਨੇ ਦੂਜੀ ਵਾਰ ਹਰਾਇਆ ਹੈ।

ਬਾਕੀ ਹਲਕਿਆਂ ਵਿਚ ਇੰਦਰਾ ਨਾਇਡੂ, ਡਾ. ਸ਼ਫੀਕ ਕਾਦਰੀ , ਦੀਪਿਕਾ ਦਮਰੇਲਾ ਤੇ ਯਾਸਰ ਨਕਵੀ (ਸਾਰੇ ਲਿਬਰਲ) ਜੇਤੂ ਜਦਕਿ ਜੈਕ ਉੱਪਲ, ਅਜੈ ਕ੍ਰਿਸ਼ਨਨ, ਨੀਨਾ ਤਾਂਗੜੀ, ਨੀਤਾ ਕੰਗ, ਬੌਬੀ ਡੇਡ ਤੇ ਅੰਜੂ ਸਿੱਕਾ ਨਾਕਾਮਯਾਬ ਰਹੇ। ਦੀਪਿਕਾ ਨੂੰ 52 ਫੀਸਦ, ਤੱਖੜ ਨੂੰ 49 ਫੀਸਦ, ਮਾਂਗਟ ਨੂੰ 48 ਫੀਸਦ, ਵਿੱਕ ਨੂੰ 45ਫੀਸਦ, ਜਗਮੀਤ ਨੂੰ 44 ਫੀਸਦ ਤੇ ਮੱਲ੍ਹੀ ਨੂੰ 39 ਫੀਸਦ ਵੋਟਾਂ ਪਈਆਂ।

# ਮੈਡੀਕਲ ਸਟੋਰ ਵੀ ਬਣੇ ਪਏ ਨੇ ਨਸ਼ਿਆਂ ਦੇ ਅੱਡੇ

## ਸੌਖਿਆਂ ਹੀ ਮਿਲ ਰਹੀਆਂ ਨਸ਼ੀਲੀਆਂ ਦਵਾਈਆਂ



**ਚੰਡੀਗੜ੍ਹ:** ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਮੈਡੀਕਲ ਨਸ਼ਿਆਂ ਦੇ ਆਦੀ ਹੋ ਰਹੇ ਹਨ। ਸਸਤੇ ਤੇ ਸੌਖ ਨਾਲ ਮਿਲਣ ਵਾਲੇ ਇਹ ਨਸ਼ੇ ਪੰਜਾਬ ਦੀ ਜਵਾਨੀ ਨੂੰ ਤਬਾਹੀ ਵੱਲ ਲਿਜਾਣ ਵਿਚ ਸਭ ਤੋਂ ਵੱਡਾ ਯੋਗਦਾਨ ਪਾ ਰਹੇ ਹਨ। ਇਹ ਖੁਲਾਸਾ ਪੰਜਾਬ ਪੁਲਿਸ ਵੱਲੋਂ ਕਰੋੜਾਂ ਨਸ਼ੀਲੇ ਕੈਪਸੂਲ ਤੇ ਗੋਲੀਆਂ ਬਰਾਮਦ ਕਰਨ ਤੋਂ ਹੋਇਆ ਹੈ। ਪੰਜਾਬ ਪੁਲਿਸ ਤੋਂ ਮਿਲੇ ਅੰਕੜਿਆਂ ਮੁਤਾਬਕ ਪਿਛਲੇ ਵਰ੍ਹੇ ਸੂਬੇ ਵਿਚੋਂ 3,06,52,590 ਨਸ਼ੀਲੇ ਕੈਪਸੂਲ ਤੇ ਗੋਲੀਆਂ ਬਰਾਮਦ ਕੀਤੀਆਂ ਹਨ। ਇਕ ਅੰਦਾਜ਼ੇ ਮੁਤਾਬਕ ਪੁਲਿਸ ਰੋਜ਼ਾਨਾ ਔਸਤਨ 84 ਹਜ਼ਾਰ ਤੇ ਹਰੇਕ ਮਹੀਨੇ ਤਕਰੀਬਨ 26 ਲੱਖ ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ ਕਰਦੀ ਆ ਰਹੀ ਹੈ।

ਇਸ ਤੋਂ ਇਲਾਵਾ ਨਸ਼ਿਆਂ ਵਿਚ ਧਸੇ ਨਸ਼ੇੜੀ ਹੁਣ ਆਪਣੇ ਜਿਸਮਾਂ ਵਿਚ ਹਜ਼ਾਰਾਂ ਨਸ਼ੀਲੇ ਟੀਕੇ ਵੀ ਚੋਭ ਰਹੇ ਹਨ। ਮਿਲੇ ਅੰਕੜਿਆਂ ਮੁਤਾਬਕ ਪੰਜਾਬ ਪੁਲਿਸ ਨੇ ਪਿਛਲੇ ਵਰ੍ਹੇ 3,23,056 ਨਸ਼ੀਲੇ ਟੀਕੇ ਬਰਾਮਦ ਕੀਤੇ ਸਨ। ਹਰੇਕ ਵਰ੍ਹੇ ਨਸ਼ੀਲੇ ਟੀਕੇ, ਕੈਪਸੂਲ ਤੇ ਗੋਲੀਆਂ ਬਰਾਮਦ ਕਰਨ ਦੀ ਗਿਣਤੀ ਕਈ ਗੁਣਾ ਵਧਦੀ ਜਾ ਰਹੀ ਹੈ। ਪੰਜਾਬ ਪੁਲਿਸ ਨੇ ਸਾਲ 2011 ਵਿਚ 30,574 ਤੇ ਸਾਲ 2012 ਵਿਚ 55145 ਨਸ਼ੀਲੇ ਟੀਕੇ ਬਰਾਮਦ ਕੀਤੇ ਹਨ। ਇਸ ਤਰ੍ਹਾਂ ਪੁਲਿਸ ਨੇ ਸਾਲ 2013 ਦੌਰਾਨ ਸਾਲ 2012 ਤੋਂ 486 ਫੀਸਦੀ ਵਧ ਟੀਕੇ ਬਰਾਮਦ ਕੀਤੇ ਹਨ।

ਦੂਜੇ ਪਾਸੇ ਪੁਲਿਸ ਨੇ ਸਾਲ 2011 ਦੌਰਾਨ 61,39,029 ਤੇ ਸਾਲ 2012 ਦੌਰਾਨ 1,14,61,241 ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ ਕੀਤੇ ਸਨ। ਪੁਲਿਸ ਨੇ ਸਾਲ 2013 ਦੌਰਾਨ ਸਾਲ 2011 ਤੋਂ 399 ਫੀਸਦੀ ਵੱਧ ਨਸ਼ੀਲੇ ਕੈਪਸੂਲਾਂ ਤੇ ਗੋਲੀਆਂ ਦੀ ਬਰਾਮਦਗੀ ਕੀਤੀ ਹੈ। ਨਸ਼ਾ ਵਿਰੋਧੀ ਏਜੰਸੀਆਂ ਦੇ ਵੇਰਵੇ ਮੁਤਾਬਕ ਕਿਸੇ ਵੀ ਸੂਬੇ ਵਿਚ ਨਸ਼ਿਆਂ ਦੀ ਬਰਾਮਦਗੀ ਕੁੱਲ ਖਪਤ ਦਾ ਸਿਰਫ 10-15 ਫੀਸਦੀ ਹੀ ਹੁੰਦੀ ਹੈ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੰਜਾਬ ਵਿਚ ਇਕੱਲੇ ਨਸ਼ਿਆਂ ਦੇ ਟੀਕਿਆਂ, ਕੈਪਸੂਲਾਂ ਤੇ ਗੋਲੀਆਂ ਦੀ ਖਪਤ ਕਰੋੜਾਂ ਵਿਚ ਹੋ ਰਹੀ ਹੈ। ਜੇਕਰ ਮੰਨ ਲਿਆ ਜਾਵੇ ਕਿ ਡਰੱਗ ਦੀ ਬਰਾਮਦਗੀ ਖਪਤ ਦਾ ਸਿਰਫ 10-15 ਫੀਸਦੀ ਹੀ ਹੁੰਦੀ ਹੈ ਤਾਂ ਸੂਬੇ ਵਿਚ ਸਾਲਾਨਾ ਤਕਰੀਬਨ 27 ਕਰੋੜ ਨਸ਼ੀਲੇ ਕੈਪਸੂਲਾਂ ਤੇ ਗੋਲੀਆਂ ਦੀ ਖਪਤ ਹੋਣ ਦੀ ਸੰਭਾਵਨਾ ਬਣ ਜਾਂਦੀ ਹੈ।

ਪੰਜਾਬ ਪੁਲਿਸ ਮੁਤਾਬਕ ਇਹ ਵੱਡੇ ਪੱਧਰ 'ਤੇ ਡਰੱਗ ਦੀ ਬਰਾਮਦਗੀ ਸੂਬੇ ਭਰ ਵਿਚ ਵਿਆਪਕ ਪੱਧਰ 'ਤੇ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਦਾ ਸਿੱਟਾ ਹੈ। ਪੰਜਾਬ ਵਿਚ ਮਹਿੰਗੇ ਨਸ਼ੇ ਹੈਰੋਇਨ ਦੀ ਬਰਾਮਦਗੀ ਵਿਚ ਵੀ ਵੱਡੇ ਪੱਧਰ 'ਤੇ ਵਾਧਾ ਹੋਇਆ ਹੈ। ਪੰਜਾਬ ਪੁਲਿਸ ਦੇ ਅੰਕੜਿਆਂ ਅਨੁਸਾਰ ਸਾਲ 2011 ਵਿਚ 101 ਕਿੱਲੋ ਤੇ ਸਾਲ 2012 ਦੌਰਾਨ 279 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ ਸੀ, ਜਦਕਿ ਪਿਛਲੇ ਵਰ੍ਹੇ ਤਕਰੀਬਨ 421 ਕਿੱਲੋ ਹੈਰੋਇਨ ਬਰਾਮਦ ਕੀਤੀ ਹੈ। ਪੰਜਾਬ ਪੁਲਿਸ ਵੱਲੋਂ ਇਸ ਵਰ੍ਹੇ ਹੁਣ ਤੱਕ 302 ਕਿਲੋ ਹੈਰੋਇਨ ਬਰਾਮਦ ਕਰਕੇ ਨਵਾਂ ਰਿਕਾਰਡ ਬਣਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸੂਬੇ ਵਿਚ ਵਿਆਪਕ ਪੱਧਰ 'ਤੇ ਆਈਸ ਡਰੱਗ ਬਣਾਉਣ ਦਾ ਖੁਲਾਸਾ ਹੋਇਆ ਹੈ, ਜੋ ਸੂਬੇ ਲਈ ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਹੈ। ਪੰਜਾਬ ਪੁਲਿਸ ਮੁਤਾਬਕ ਭਾਵੇਂ ਆਈਸ ਡਰੱਗ ਵਿਆਪਕ ਪੱਧਰ 'ਤੇ ਦੇਸ਼ ਵਿਚ ਹੀ ਬਣਦੀ ਹੈ ਪਰ ਇਸ ਦੀ ਸਪਲਾਈ ਕੈਨੇਡਾ ਤੇ ਹਾਲੈਂਡ ਦੀਆਂ ਕੌਮਾਂਤਰੀ ਮੰਡੀਆਂ ਵਿਚ ਹੁੰਦੀ ਹੈ।

ਪੰਜਾਬ ਪੁਲਿਸ ਦੇ ਆਈ.ਜੀ. ਕਾਊਂਟਰ ਇੰਟੈਲੀਜੈਂਸ ਗੌਰਵ ਯਾਦਵ ਮੁਤਾਬਕ ਸੂਬੇ ਵਿਚ ਆਮ ਨਸ਼ੇੜੀ ਮੈਡੀਕਲ ਸਟੋਰਾਂ ਤੋਂ ਮਿਲਦੀਆਂ ਨਸ਼ੀਲੀਆਂ ਗੋਲੀਆਂ, ਕੈਪਸੂਲ, ਟੀਕੇ ਤੇ ਭੁੱਕੀ ਦਾ ਇਸਤੇਮਾਲ ਕਰਦੇ ਹਨ। ਜਿਸ ਕਾਰਨ ਪੁਲਿਸ ਨੇ ਹੈਰੋਇਨ ਤੇ ਆਈਸ ਦੀ ਸਪਲਾਈ ਦੇ ਨੈੱਟਵਰਕ ਨੂੰ ਤੋੜਨ ਦੀ ਚਲਾਈ ਮੁਹਿੰਮ ਦੇ ਨਾਲ ਮੈਡੀਕਲ ਸਟੋਰਾਂ ਉਪਰ ਮਿਲਦੇ ਨਸ਼ਿਆਂ 'ਤੇ ਵੀ ਸ਼ਿਕੰਜਾ ਕੱਸਣ ਦੀ ਰਣਨੀਤੀ ਬਣਾਈ ਹੈ। ਸਿਹਤ ਵਿਭਾਗ ਦੇ ਡਰੱਗ ਇੰਸਪੈਕਟਰਾਂ ਨਾਲ ਮਿਲ ਕੇ ਇਸ ਲਈ ਵਿਸ਼ੇਸ਼ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ।

## ਜੇਲ੍ਹਾਂ ਵਿਚਲੇ ਨਸ਼ਾ ਛੁਡਾਊ ਕੇਂਦਰਾਂ ਦਾ ਮੰਦੜਾ ਹਾਲ

**ਚੰਡੀਗੜ੍ਹ:** ਕੈਦੀਆਂ ਨੂੰ ਨਸ਼ੇ ਦੀ ਲਤ ਤੋਂ ਨਿਜਾਤ ਦਿਵਾਉਣ ਲਈ ਜੇਲ੍ਹਾਂ ਅੰਦਰ ਬਣੇ ਨਸ਼ਾ ਛੁਡਾਊ ਕੇਂਦਰ ਬਸ ਖਾਨਾਪੂਰਤੀ ਤੱਕ ਹੀ ਸੀਮਤ ਰਹੇ ਗਏ ਹਨ। ਮੈਡੀਕਲ ਅਮਲੇ ਤੇ ਦਵਾਈਆਂ ਦੀ ਘਾਟ ਕਾਰਨ ਨਸ਼ਾ ਛੱਡਣ ਵਾਲੇ ਕੈਦੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪੰਜਾਬ ਦੇ ਮੁੱਖ ਮੰਤਰੀ ਨੂੰ ਭੇਜੀ ਆਪਣੀ ਰਿਪੋਰਟ ਵਿਚ ਫ਼ਰੀਦਕੋਟ ਦੇ ਐਸ.ਡੀ.ਐਮ ਨੇ ਕਿਹਾ ਹੈ ਕਿ ਨਸ਼ਾ ਛੱਡ ਰਹੇ ਕੈਦੀਆਂ ਦੀ ਸਾਂਭ-ਸੰਭਾਲ ਦਾ ਕੋਈ ਪੁਖਤਾ ਇੰਤਜ਼ਾਮ ਨਹੀਂ। ਜੇਲ੍ਹਾਂ ਵਿਚ ਨਸ਼ਾ ਛੁਡਾਊ ਕੇਂਦਰ ਤਾਂ ਹਨ ਪਰ ਇਥੇ ਮੈਡੀਕਲ ਅਮਲੇ ਦੀ ਘਾਟ ਹੈ। ਜੇਲ੍ਹ ਦੇ ਹਸਪਤਾਲ ਵਿਚੋਂ ਕੈਦੀਆਂ ਲਈ ਢੁਕਵੀਆਂ ਦਵਾਈਆਂ ਨਾ ਮਿਲਣ ਕਰਕੇ ਕੈਦੀਆਂ ਤੇ ਡਾਕਟਰਾਂ ਤੇ ਸਟਾਫ ਦਰਮਿਆਨ ਰੋਜ਼ ਹੀ ਝੜਪ ਹੁੰਦੀ ਰਹਿੰਦੀ ਹੈ। ਉਥੇ ਕੈਦੀਆਂ ਲਈ ਦਰਦ ਦੇ ਟੀਕੇ ਤੋਂ ਇਲਾਵਾ ਹੋਰ ਕੁਝ ਨਹੀਂ ਮਿਲਦਾ। ਫਰੀਦਕੋਟ ਜੇਲ੍ਹ ਵਿਚ ਡਰੱਗ ਕਰਕੇ ਸ਼ੱਕੀ ਮੌਤਾਂ ਦੇ ਕਈ ਕੇਸ ਹੋਏ ਹਨ। ਚਾਰ ਖੁਦਕੁਸ਼ੀ ਤੇ ਕਈ ਖੁਦਕੁਸ਼ੀ ਦੀ ਕੋਸ਼ਿਸ਼ ਦੇ ਕੇਸਾਂ ਤੋਂ ਇਲਾਵਾ ਫਰੀਦਕੋਟ ਜੇਲ੍ਹ ਵਿਚ 14 ਤੋਂ ਵੱਧ ਮੌਤਾਂ ਹੋਈਆਂ ਹਨ ਜਿਨ੍ਹਾਂ ਵਿਚੋਂ ਬਹੁਤੀਆਂ ਡਰੱਗ ਨਾਲ ਸਬੰਧਤ ਮੌਤਾਂ ਦੇ ਮਾਮਲੇ ਸਮਝੇ ਜਾਂਦੇ ਹਨ। ਇਸ ਤੋਂ ਪਹਿਲਾਂ ਐਸ.ਡੀ.ਐਮ. ਕੋਟਕਪੂਰਾ ਵੱਲੋਂ ਆਪਣੀ ਜਾਂਚ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਫਰੀਦਕੋਟ ਜੇਲ੍ਹ ਵਿਚ ਨਸ਼ਿਆਂ ਦੀ ਅਲਾਮਤ ਬਹੁਤ ਜ਼ਿਆਦਾ ਹੈ ਤੇ ਜੇਲ੍ਹ ਦੇ ਕੁੱਲ 1784 ਵਿਚੋਂ 80 ਫੀਸਦੀ ਤੋਂ ਵੱਧ ਕੈਦੀ ਕੋਈ ਨਾ ਕੋਈ ਨਸ਼ਾ ਕਰਦੇ ਹਨ।

# ਧਾਰਾ 370 ਦਾ ਵਿਵਾਦ ਹੋਰ ਉਲਝਾਏਗਾ ਕਸ਼ਮੀਰ ਮਸਲਾ

ਆਪਣੇ ਭਾਸ਼ਣ ਦੌਰਾਨ ਭਾਰਤੀ ਜਨਤਾ ਪਾਰਟੀ ਜੋ ਹਿੰਦੂ ਸੰਗਠਨ ਹੈ, ਨੂੰ ਆਪਣੀ ਮਾਂ ਦੱਸਦਿਆਂ ਜਦੋਂ ਨਰੇਂਦਰ ਮੋਦੀ ਰੋ ਪਏ ਤਾਂ ਮੈਨੂੰ ਜਾਪਿਆ ਕਿ ਇਹ ਸਿਰਫ ਭਾਵੁਕਤਾ ਦਾ ਪ੍ਰਗਟਾਵਾ ਹੈ ਅਤੇ ਜਦੋਂ ਉਨ੍ਹਾਂ ਨੇ ਭਾਰਤ ਦਾ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਕਿਹਾ ਕਿ ਉਹ 125 ਕਰੋੜ ਲੋਕਾਂ ਨੂੰ ਨਾਲ ਲੈ ਕੇ ਚੱਲਣਗੇ ਤਾਂ ਮੈਂ ਨਿਸਚਿੰਤ ਮਹਿਸੂਸ ਕੀਤਾ ਸੀ; ਪਰ ਜਿਵੇਂ ਹੀ ਪਾਰਟੀ ਨੇ ਆਪਣਾ ਪ੍ਰੋਗਰਾਮ ਜ਼ਾਹਿਰ ਕਰਨਾ ਸ਼ੁਰੂ ਕੀਤਾ, ਮੈਂ ਵੇਖਿਆ ਕਿ ਇਹ ਤਾਂ ਵੰਡਣ ਵਾਲੀ ਉਸ ਰਾਜਨੀਤੀ ਨੂੰ ਢਕਣ ਲਈ ਹੀ ਸੀ ਜੋ ਆਰ.ਐਸ.ਐਸ. ਨੇ ਤਿਆਰ ਕੀਤੀ ਹੈ। ਮੋਦੀ ਪੱਖਪਾਤ ਰਹਿਤ ਵਿਅਕਤੀ ਦਾ ਅਕਸ ਉਭਾਰ ਰਹੇ ਹਨ, ਜਦੋਂ ਕਿ ਭਾਜਪਾ ਤੇ ਆਰ.ਐਸ.ਐਸ. ਬਹੁਲਵਾਦ ਨੂੰ ਕਮਜ਼ੋਰ ਕਰਨ ਵਾਲੇ ਕਦਮ ਉਠਾ

**ਕੁਲਦੀਪ ਨਈਅਰ**

ਰਹੇ ਹਨ। ਆਰ.ਐਸ.ਐਸ. ਆਪਣੇ ਭਰੋਸੇ ਵਾਲੇ ਲੋਕਾਂ ਨੂੰ ਵੱਖ-ਵੱਖ ਕਮਿਸ਼ਨਾਂ ਅਤੇ ਅਹਿਮ ਅਹੁਦਿਆਂ 'ਤੇ ਨਿਯੁਕਤ ਕਰਵਾ ਰਿਹਾ ਹੈ। ਕੇਡਰ ਵਿਚਲੇ ਨੌਜਵਾਨਾਂ ਦੀਆਂ ਨਿਯੁਕਤੀਆਂ ਛੋਟੀਆਂ ਜ਼ਿੰਮੇਵਾਰੀਆਂ ਲਈ ਕੀਤੀਆਂ ਜਾ ਰਹੀਆਂ ਹਨ।

ਨੌਕਰਸ਼ਾਹੀ ਕਿਉਂਕਿ ਹਵਾ ਦੇ ਰੁਖ਼ ਮੁਤਾਬਿਕ ਹੀ ਝੁਕ ਜਾਂਦੀ ਹੈ, ਇਸ ਲਈ ਭਾਜਪਾ ਅਤੇ ਆਰ.ਐਸ.ਐਸ. ਨੂੰ ਆਪਣਾ ਏਜੰਡਾ ਲਾਗੂ ਕਰਨ ਵਿਚ ਕਿਸੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਸਾਬਕਾ ਖੇਤੀ ਮੰਤਰੀ ਸ਼ਰਦ ਪਵਾਰ ਦਾ ਇਹ ਬਿਆਨ ਸਹੀ ਹੈ ਕਿ ਭਾਜਪਾ ਦੀ ਜਿੱਤ ਤੋਂ ਬਾਅਦ ਸਭ ਥਾਈਂ ਫ਼ਿਰਕਾਪ੍ਰਸਤੀ ਦਾ ਰੰਗ ਦਿਸਣਾ ਸ਼ੁਰੂ ਹੋ ਗਿਆ ਹੈ ਅਤੇ ਇਹ ਮੋਦੀ ਦੇ ਪਹਿਲੇ ਪੰਦਰਵਾੜੇ ਦੌਰਾਨ ਹੋਇਆ ਹੈ। ਉਨ੍ਹਾਂ ਨੇ ਤਾਂ ਅਜੇ ਆਪਣਾ ਪੰਜ ਸਾਲ ਦਾ ਕਾਰਜਕਾਲ ਪੂਰਾ ਕਰਨਾ ਹੈ। ਪੁਣੇ ਜੋ ਭਾਰਤ ਦਾ ਸਭ ਤੋਂ ਉਦਾਰ ਸ਼ਹਿਰ ਹੈ, ਵਿਚ ਜੋ ਕੁਝ ਹੋਇਆ, ਉਸ ਤੋਂ ਪਤਾ ਲਗਦਾ ਹੈ ਕਿ ਇਹ ਸ਼ਕਤੀਆਂ ਉਨਮਾਦੀ ਹੋ ਗਈਆਂ ਹਨ। ਸ਼ਿਵਾਜੀ ਅਤੇ ਸ਼ਿਵ ਸੈਨਾ ਦੇ ਬਾਨੀ ਬਾਲ ਠਾਕਰੇ ਖਿਲਾਫ਼ ਇਤਰਾਜ਼ਯੋਗ ਟਿੱਪਣੀਆਂ ਪੋਸਟ ਕੀਤੇ ਜਾਣ ਤੋਂ ਬਾਅਦ ਇਕ ਕੱਟੜਵਾਦੀ ਹਿੰਦੂ ਸੰਗਠਨ ਨੇ 28 ਸਾਲਾ ਆਈ.ਟੀ. ਮੈਨੇਜਰ ਮੋਹਸਿਨ ਸ਼ੇਖ ਨੂੰ ਕਤਲ ਕਰ ਦਿੱਤਾ। ਸਹੀ ਹੈ ਕਿ ਭਾਜਪਾ ਨੇ ਹੱਤਿਆ ਦੀ ਨਿੰਦਾ ਕੀਤੀ, ਪਰ ਪ੍ਰਧਾਨ ਮੰਤਰੀ ਮੋਦੀ ਲਈ ਇਹ

***ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 'ਤੇ ਸਵਾਲ ਉਠਾਉਣ ਵਾਲੇ ਵੀ ਉਹੀ ਤੱਤ ਹਨ ਜੋ ਮੁਸਲਿਮ ਵਿਰੋਧੀ ਹਨ। ਧਾਰਾ 370 ਉਨੀ ਹੀ ਪੁਰਾਣੀ ਹੈ ਜਿੰਨਾ ਸਾਡਾ ਸੰਵਿਧਾਨ, ਭਾਵ 65 ਸਾਲ ਪੁਰਾਣੀ। ਜੰਮੂ-ਕਸ਼ਮੀਰ ਮੁਸਲਿਮ ਬਹੁ-ਗਿਣਤੀ ਵਾਲਾ ਰਾਜ ਹੈ, ਇਸ ਲਈ ਉਨ੍ਹਾਂ ਨੂੰ ਮੋਦੀ ਦੇ ਸ਼ਾਸਨ ਵਿਚ ਸੂਬੇ ਦੇ ਵਿਸ਼ੇਸ਼ ਦਰਜੇ ਨੂੰ ਚੁਣੌਤੀ ਦੇਣ ਲਈ ਢੁਕਵਾਂ ਮਾਹੌਲ ਮਿਲ ਗਿਆ ਹੈ। ਉਨ੍ਹਾਂ ਨੂੰ ਇਤਿਹਾਸ ਦੀ ਜਾਣਕਾਰੀ ਨਹੀਂ ਹੈ ਅਤੇ ਉਹ ਤੱਥਾਂ ਨੂੰ ਜਾਣਨ ਵਿਚ ਦਿਲਚਸਪੀ ਨਹੀਂ ਰੱਖਦੇ। ਜਦੋਂ 1947 ਵਿਚ ਬਰਤਾਨਵੀ ਸ਼ਾਸਨ ਖ਼ਤਮ ਹੋ ਗਿਆ ਤਾਂ ਤਕਰੀਬਨ 560 ਰਜਵਾੜੇ ਇਸ ਗੱਲ ਲਈ ਆਜ਼ਾਦ ਸਨ ਕਿ ਉਹ ਆਪਣੀ ਵਧੇਰੇ ਗਿਣਤੀ ਵਾਲੀ ਪਰਜਾ ਦੇ ਆਧਾਰ 'ਤੇ ਭਾਰਤ ਜਾਂ ਪਾਕਿਸਤਾਨ ਨਾਲ ਰਲੇਵੇਂ ਦਾ ਫ਼ੈਸਲਾ ਕਰਨ। ਜੇ ਉਹ ਚਾਹੁੰਦੇ ਤਾਂ ਉਹ ਸੁਤੰਤਰ ਵੀ ਰਹਿ ਸਕਦੇ ਸਨ। ਜੰਮੂ ਅਤੇ ਕਸ਼ਮੀਰ ਦੇ ਰਾਜਾ ਹਰੀ ਸਿੰਘ ਆਪਣੇ ਰਾਜ ਦੀ ਬਹੁ-ਗਿਣਤੀ ਆਬਾਦੀ ਮੁਸਲਿਮ ਹੋਣ ਦੇ ਬਾਵਜੂਦ ਅਖੀਰ ਵਿਚ ਭਾਰਤੀ ਸੰਘ ਵਿਚ ਸ਼ਾਮਿਲ ਹੋ ਗਏ।***

ਬਿਹਤਰੀਨ ਮੌਕਾ ਸੀ ਕਿ ਅਸੁਰੱਖਿਅਤ ਮਹਿਸੂਸ ਕਰ ਰਹੇ ਮੁਸਲਮਾਨਾਂ ਨੂੰ ਇਹ ਭਰੋਸਾ ਦਿਵਾਉਂਦੇ ਕਿ ਸਰਕਾਰ ਯਕੀਨੀ ਬਣਾਏਗੀ ਕਿ ਦੋਸ਼ੀਆਂ ਨੂੰ ਤੁਰੰਤ ਸਜ਼ਾਵਾਂ ਮਿਲਣ। ਉਨ੍ਹਾਂ ਨੂੰ ਖਾਸ ਤੌਰ 'ਤੇ ਬੇਨਤੀ ਵੀ ਕੀਤੀ ਗਈ ਕਿ ਉਹ ਪੀੜਤ ਪਰਿਵਾਰ ਪ੍ਰਤੀ ਹਮਦਰਦੀ ਦੇ ਦੋ ਸ਼ਬਦ ਕਹਿਣ, ਪਰ ਮੋਦੀ ਖਾਮੋਸ਼ ਰਹੇ।

ਇਸ ਰਵੱਈਏ 'ਤੇ ਹੈਰਾਨੀ ਨਹੀਂ ਹੋਣੀ ਚਾਹੀਦੀ। 2002 ਵਿਚ ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ ਨੌਕਰਸ਼ਾਹੀ ਜਿਸ ਵਿਚ ਪੁਲਿਸ ਵੀ ਸ਼ਾਮਿਲ ਸੀ, ਦੀ ਗੰਢ-ਤੁੱਪ ਨਾਲ 2000 ਮੁਸਲਮਾਨਾਂ ਦਾ ਕਤਲੇਆਮ ਹੋਇਆ ਸੀ। ਉਨ੍ਹਾਂ ਨੇ ਉਸ ਸਬੰਧੀ ਕਦੇ ਮੁਆਫ਼ੀ ਨਹੀਂ ਮੰਗੀ। ਆਲੋਚਨਾ ਦੇ ਜਵਾਬ ਵਿਚ ਮੋਦੀ ਆਪਣੇ ਸੂਬੇ ਦੇ ਮੈਜਿਸਟਰੇਟ ਤੋਂ ਮਿਲੀ ਕਲੀਨ ਚਿੱਟ ਦਿਖਾਉਂਦੇ ਰਹੇ। ਅੱਜ ਤੱਕ ਉਨ੍ਹਾਂ ਨੇ ਅਫ਼ਸੋਸ ਜ਼ਾਹਰ ਨਹੀਂ ਕੀਤਾ। ਪੁਣੇ ਵਿਚ ਹੋਏ ਕਤਲ 'ਤੇ ਅਫ਼ਸੋਸ ਪ੍ਰਗਟ ਕਰਨ ਨਾਲ ਮੁਸਲਮਾਨਾਂ ਦੀ ਪੀੜ ਘਟਾਉਣ ਵਿਚ ਵੱਡੀ ਹੱਦ ਤੱਕ ਸਹੂਲੀਅਤ ਹੁੰਦੀ ਅਤੇ ਬਹੁਲਵਾਦ 'ਤੇ ਆਧਾਰਿਤ ਭਾਰਤ ਦੀ ਕਲਪਨਾ ਨੂੰ ਹੁਲਾਰਾ ਮਿਲਦਾ।



ਸਾਡੇ ਵਰਗੇ ਲੋਕ 15-16 ਕਰੋੜ ਦੀ ਆਬਾਦੀ ਵਾਲੇ ਮੁਸਲਮਾਨਾਂ ਨੂੰ ਭਰੋਸਾ ਦੇਣਾ ਚਾਹੁੰਦੇ ਹਨ ਕਿ ਡਰਨ ਦੀ ਕੋਈ ਲੋੜ ਨਹੀਂ ਹੈ, ਕਿਉਂਕਿ ਭਾਰਤ ਸੰਵਿਧਾਨ ਦਾ ਪਾਲਣ ਕਰਦਾ ਹੈ ਜੋ ਕਾਨੂੰਨ ਦੇ ਸਾਹਮਣੇ ਸਾਰਿਆਂ ਨੂੰ ਬਰਾਬਰ ਮੰਨਦਾ ਹੈ। ਜੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਤਾਂ ਅਦਾਲਤਾਂ, ਮੀਡੀਆ ਅਤੇ ਉਦਾਰਵਾਦ ਦੇ ਹੱਕ ਵਿਚ ਬੋਲਣ ਵਾਲੇ ਲੋਕ ਮੁਸਲਮਾਨਾਂ ਦੇ ਨਾਲ ਹੋਣਗੇ। ਇਹ ਉਸ ਸਮੇਂ ਵੀ ਨਜ਼ਰ ਆਇਆ ਸੀ, ਜਦੋਂ ਬਾਬਰੀ ਮਸਜਿਦ ਡੇਗੀ ਗਈ ਸੀ, ਜਾਂ ਜਦੋਂ ਗੁਜਰਾਤ ਵਿਚ ਮੁਸਲਿਮ ਵਿਰੋਧੀ ਦੰਗੇ ਹੋਏ ਸਨ।

ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 'ਤੇ ਸਵਾਲ ਉਠਾਉਣ ਵਾਲੇ ਵੀ ਉਹੀ ਤੱਤ ਹਨ ਜੋ ਮੁਸਲਿਮ ਵਿਰੋਧੀ ਹਨ। ਧਾਰਾ 370 ਉਨੀ ਹੀ ਪੁਰਾਣੀ ਹੈ ਜਿੰਨਾ ਸਾਡਾ ਸੰਵਿਧਾਨ, ਭਾਵ 65 ਸਾਲ ਪੁਰਾਣੀ। ਜੰਮੂ-ਕਸ਼ਮੀਰ ਮੁਸਲਿਮ ਬਹੁ-ਗਿਣਤੀ ਵਾਲਾ ਰਾਜ ਹੈ, ਇਸ ਲਈ ਉਨ੍ਹਾਂ ਨੂੰ ਮੋਦੀ ਦੇ ਸ਼ਾਸਨ ਵਿਚ ਸੂਬੇ ਦੇ ਵਿਸ਼ੇਸ਼ ਦਰਜੇ ਨੂੰ ਚੁਣੌਤੀ ਦੇਣ ਲਈ ਢੁਕਵਾਂ ਮਾਹੌਲ ਮਿਲ ਗਿਆ ਹੈ। ਉਨ੍ਹਾਂ ਨੂੰ ਇਤਿਹਾਸ ਦੀ ਜਾਣਕਾਰੀ ਨਹੀਂ ਹੈ ਅਤੇ ਉਹ ਤੱਥਾਂ ਨੂੰ ਜਾਣਨ ਵਿਚ ਦਿਲਚਸਪੀ ਨਹੀਂ ਰੱਖਦੇ। ਜਦੋਂ 1947 ਵਿਚ ਬਰਤਾਨਵੀ ਸ਼ਾਸਨ ਖ਼ਤਮ ਹੋ ਗਿਆ ਤਾਂ ਤਕਰੀਬਨ 560 ਰਜਵਾੜੇ ਇਸ ਗੱਲ ਲਈ ਆਜ਼ਾਦ ਸਨ ਕਿ ਉਹ ਆਪਣੀ ਵਧੇਰੇ ਗਿਣਤੀ ਵਾਲੀ ਪਰਜਾ ਦੇ ਆਧਾਰ 'ਤੇ ਭਾਰਤ ਜਾਂ ਪਾਕਿਸਤਾਨ ਨਾਲ ਰਲੇਵੇਂ ਦਾ ਫ਼ੈਸਲਾ ਕਰਨ। ਜੇ ਉਹ ਚਾਹੁੰਦੇ ਤਾਂ ਉਹ ਸੁਤੰਤਰ ਵੀ ਰਹਿ ਸਕਦੇ ਸਨ। ਜੰਮੂ ਅਤੇ ਕਸ਼ਮੀਰ ਦੇ ਰਾਜਾ ਹਰੀ ਸਿੰਘ ਆਪਣੇ ਰਾਜ ਦੀ ਬਹੁ-ਗਿਣਤੀ ਆਬਾਦੀ ਮੁਸਲਿਮ ਹੋਣ ਦੇ ਬਾਵਜੂਦ ਅਖੀਰ ਵਿਚ ਭਾਰਤੀ ਸੰਘ ਵਿਚ ਸ਼ਾਮਿਲ ਹੋ ਗਏ। ਜੇ ਪਾਕਿਸਤਾਨ ਨੇ ਧੀਰਜ ਤੋਂ ਕੰਮ ਲਿਆ ਹੁੰਦਾ ਤਾਂ ਉਸ ਨੂੰ ਕਸ਼ਮੀਰ ਮਿਲ ਗਿਆ ਹੁੰਦਾ, ਪਰ ਉਸ ਨੇ ਕਸ਼ਮੀਰ ਨੂੰ ਆਪਣੇ ਨਾਲ ਮਿਲਾਉਣ ਲਈ ਪਹਿਲਾਂ ਕਬਾਇਲੀਆਂ ਨੂੰ, ਤੇ ਫਿਰ ਆਪਣੀ ਫ਼ੌਜ ਭੇਜ ਦਿੱਤੀ। ਰਾਜਾ ਹਰੀ ਸਿੰਘ ਨੇ ਹੱਤਿਆਵਾਂ ਰੋਕਣ ਲਈ ਫ਼ੌਜ ਹਾਸਲ ਕਰਨ ਦੇ ਇਰਾਦੇ ਨਾਲ ਭਾਰਤ ਦੇ ਹੱਕ ਵਿਚ ਰਲੇਵੇਂ ਦੀ ਸੰਧੀ 'ਤੇ ਦਸਤਖ਼ਤ ਕਰ ਦਿੱਤੇ। ਉਨ੍ਹਾਂ ਨੇ ਸਿਰਫ 3 ਵਿਸ਼ੇ- ਰੱਖਿਆ, ਵਿਦੇਸ਼ ਮਾਮਲੇ ਅਤੇ ਸੰਚਾਰ ਹੀ ਭਾਰਤ ਨੂੰ ਦਿੱਤੇ ਸਨ। ਰਾਜ ਨੇ ਬਾਕੀ ਵਿਸ਼ੇ ਆਪਣੇ ਕੋਲ ਰੱਖੇ। ਧਾਰਾ 370 ਵਿਚ ਇਸ ਸਬੰਧੀ ਬਣੀ ਆਪਸੀ ਸਮਝ ਨੂੰ ਸੂਤਰਬੱਧ ਕੀਤਾ ਗਿਆ ਹੈ। ਜੇ ਭਾਰਤੀ ਸੰਘ ਜ਼ਿਆਦਾ ਵਿਸ਼ੇ ਆਪਣੇ ਕੋਲ ਲੈਣਾ ਚਾਹੁੰਦਾ ਹੈ ਤਾਂ ਇਹ ਫ਼ੈਸਲਾ ਲੈਣ ਦਾ ਹੱਕ ਜੰਮੂ ਅਤੇ ਕਸ਼ਮੀਰ ਨੂੰ ਹੈ, ਕਿਉਂਕਿ ਇਸੇ ਸ਼ਰਤ 'ਤੇ ਉਹ ਸੰਘ ਵਿਚ ਸ਼ਾਮਿਲ ਹੋਇਆ ਹੈ। ਰਾਜ ਦੀ ਸਹਿਮਤੀ ਤੋਂ ਬਿਨਾਂ ਸੰਘ ਆਪਣੇ ਕੋਲ ਹੋਰ ਵਿਸ਼ੇ ਨਹੀਂ ਰੱਖ ਸਕਦਾ। ਇਸ ਤਰ੍ਹਾਂ ਆਰ.ਐਸ.ਐਸ. ਧਾਰਾ 370 ਨੂੰ ਰੱਦ ਕਰਨ ਦੀ ਮੰਗ ਨੂੰ ਅੱਗੇ ਵਧਾ ਕੇ ਗ਼ੈਰ-ਕਾਨੂੰਨੀ ਕੰਮ ਕਰ ਰਿਹਾ ਹੈ।

ਅਸਲ ਵਿਚ ਸਥਿਤੀ ਇਥੇ ਆ ਕੇ ਠਹਿਰ ਗਈ ਹੈ ਕਿ ਕੋਈ ਵੀ ਸਮਝੌਤਾ ਭਾਰਤ, ਪਾਕਿਸਤਾਨ ਅਤੇ ਜੰਮੂ-ਕਸ਼ਮੀਰ ਤਿੰਨਾਂ ਦੀ ਜਨਤਾ ਦੀ ਸਹਿਮਤੀ ਨਾਲ ਹੀ ਹੋ ਸਕਦਾ ਹੈ। ਜੇ ਅੱਜ ਰਾਇਸ਼ੁਮਾਰੀ ਹੋਵੇ ਤਾਂ ਕਸ਼ਮੀਰ ਸੁਤੰਤਰ ਰਾਜ ਦੇ ਹੱਕ ਵਿਚ ਵੋਟ ਦੇਵੇਗਾ। ਹਿੰਦੂ ਬਹੁਲਤਾ ਵਾਲਾ ਜੰਮੂ ਭਾਰਤ ਨਾਲ ਰਲੇਵਾਂ ਚਾਹੇਗਾ ਅਤੇ ਬੋਧੀ ਬਹੁ-ਗਿਣਤੀ ਵਾਲਾ ਲੱਦਾਖ ਸਿੱਧਾ ਨਵੀਂ ਦਿੱਲੀ ਤਹਿਤ ਕੇਂਦਰ ਸ਼ਾਸਤ ਪ੍ਰਦੇਸ਼ ਬਣਨਾ ਚਾਹੇਗਾ। ਇਨ੍ਹਾਂ ਸਾਰੀਆਂ ਗੱਲਾਂ ਨੇ ਸਮੱਸਿਆ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ।

ਉਂਝ ਵੀ ਆਰ.ਐਸ.ਐਸ. ਨੂੰ ਰਾਜਨੀਤੀ ਨਹੀਂ ਕਰਨੀ ਚਾਹੀਦੀ, ਕਿਉਂਕਿ ਇਹ ਸਭਿਆਚਾਰਕ ਸੰਗਠਨ ਹੋਣ ਦਾ ਦਾਅਵਾ ਕਰਦਾ ਹੈ। ਮੈਨੂੰ ਯਾਦ ਆਉਂਦਾ ਹੈ ਕਿ ਜਦੋਂ 30 ਜਨਵਰੀ, 1948 ਨੂੰ ਆਰ.ਐਸ.ਐਸ. ਕਾਰਕੁਨ ਨੱਥੂ ਰਾਮ ਗੋਡਸੇ ਨੇ ਮਹਾਤਮਾ ਗਾਂਧੀ ਦੀ ਹੱਤਿਆ ਕਰ ਦਿੱਤੀ ਸੀ, ਤਾਂ ਸੰਘ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਫਿਰ 1949 ਵਿਚ ਆਰ.ਐਸ.ਐਸ. ਦੀ ਬੇਨਤੀ 'ਤੇ ਇਸ ਤੋਂ ਪਾਬੰਦੀ ਹਟਾਉਣ ਲਈ ਗੱਲਬਾਤ ਚੱਲੀ ਤਾਂ ਆਰ.ਐਸ.ਐਸ. ਅਤੇ ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਵਿਚਕਾਰ ਸਮਝੌਤਾ ਹੋਇਆ। ਇਸ ਵਿਚ ਇਸ ਨੇ ਵਚਨ ਦਿੱਤਾ ਸੀ ਕਿ 'ਆਰ.ਐਸ.ਐਸ. ਸਿਆਸੀ ਸਰਗਰਮੀਆਂ ਵਿਚ ਹਿੱਸਾ ਨਹੀਂ ਲਵੇਗਾ' ਅਤੇ 'ਸਿਰਫ ਸਭਿਆਚਾਰਕ ਸਰਗਰਮੀਆਂ ਵਿਚ ਹਿੱਸਾ ਲਵੇਗਾ', ਪਰ ਉਸ ਸਮੇਂ ਪਟੇਲ, ਆਰ.ਐਸ.ਐਸ. ਦੇ ਵਚਨ ਤੋਂ ਸੰਤੁਸ਼ਟ ਨਹੀਂ ਸਨ। ਉਨ੍ਹਾਂ ਕਿਹਾ ਕਿ ਰਾਜਨੀਤੀ ਵਿਚ ਹਿੱਸਾ ਨਾ ਲੈਣ ਦੇ ਵਾਅਦੇ ਨੂੰ ਸੰਘ ਆਪਣੇ ਸੰਵਿਧਾਨ ਵਿਚ ਸ਼ਾਮਿਲ ਕਰੇ। ਇਸ ਤਰ੍ਹਾਂ ਉਨ੍ਹਾਂ ਨੇ ਆਰ.ਐਸ.ਐਸ. ਨੂੰ ਸਿਆਸੀ ਸਰਗਰਮੀਆਂ ਤੋਂ ਸਦਾ ਲਈ ਵੱਖਰਾ ਕਰ ਦਿੱਤਾ ਸੀ, ਪਰ ਇਕ ਸ਼ਰਮਨਾਕ ਵਿਸ਼ਵਾਸਘਾਤ ਵਜੋਂ ਆਰ.ਐਸ.ਐਸ. ਆਪਣੇ ਸਾਬਕਾ ਪ੍ਰਚਾਰਕ ਮੋਦੀ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਿਠਾਉਣ ਲਈ ਆਪਣੇ ਮੁਖੀ ਮੋਹਨ ਭਾਗਵਤ ਦੀ ਅਗਵਾਈ ਹੇਠ ਜੂਨ 2013 ਤੋਂ ਹਮਲਾਵਰੀ ਢੰਗ ਨਾਲ ਸਿਆਸੀ ਸਰਗਰਮੀਆਂ ਵਿਚ ਰੁੱਝ ਗਿਆ। ਨਤੀਜਾ ਤੁਹਾਡੇ ਸਾਹਮਣੇ ਹੈ।

# ਭਾਈ ਨਿਰੰਜਣ ਸਿੰਘ ਤੇ ਨਾਮਾ ਫਾਂਸੀਵਾਲਾ ਦੀਆਂ ਦੋ ਅਮਰ ਚਿੱਠੀਆਂ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੇ ਸਾਹਮਣੇ ਦੋ ਵਡਮੁੱਲੀਆਂ ਚਿੱਠੀਆਂ ਹਨ। ਗਦਰੀ ਬਾਬਿਆਂ ਦੇ ਫਾਂਸੀ ਲਗਣ ਤੋਂ ਪਹਿਲਾਂ ਦੀਆਂ ਲਿਖੀਆਂ। 1916 ਤੇ 1917 'ਚ ਕਰਤਾਰ ਸਿੰਘ ਸਰਾਭਾ ਦੇ ਫਾਂਸੀ ਲਗਣ ਤੋਂ ਇਕ ਸਾਲ ਪਿੱਛੋਂ ਦੀਆਂ। ਇਹ ਮੈਨੂੰ ਭਾਰਤ ਮਾਂ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲਿਆਂ ਦੇ ਗੰਭੀਰ ਖੋਜੀ ਮਾਲਵਿੰਦਰਜੀਤ ਸਿੰਘ ਵੜੈਚ ਤੋਂ ਮਿਲੀਆਂ ਹਨ। ਉਸ ਨੇ ਕਿਵੇਂ ਪ੍ਰਾਪਤ ਕੀਤੀਆਂ, ਲੰਮੀ ਕਹਾਣੀ ਹੈ। ਮੈਂ ਇਨ੍ਹਾਂ ਨੂੰ ਸ. ਵੜੈਚ ਦੀ ਆਗਿਆ ਨਾਲ ਜਿਉਂ ਦੀਆਂ ਤਿਉਂ ਵਰਤਣ ਦੀ ਖੁਸ਼ੀ ਲੈ ਰਿਹਾ ਹਾਂ।

ਹਰਨਾਮ ਚੰਦ ਜੋ ਆਪਣੇ ਆਪ ਨੂੰ ਨਾਮਾ ਫਾਂਸੀਵਾਲਾ ਲਿਖਦਾ ਸੀ, ਸੈਂਟਰਲ ਜੇਲ੍ਹ ਲਾਹੌਰ ਤੋਂ 8 ਜਨਵਰੀ 1917 ਨੂੰ ਆਪਣੇ ਵੱਡੇ ਭਰਾ ਨੂੰ ਲਿਖਦਾ ਹੈ, "ਪਿਆਰੇ ਭਾਈ ਸਾਹਿਬ ਦੀਵਾਨ ਚੰਦ, ਨਮਸਤੇ। ਮੁਝੇ ਇਸ ਮਹੀਨੇ ਕੀ ਪਾਂਚ ਤਾਰੀਖ ਕੋ ਫਾਂਸੀ ਕਾ ਹੁਕਮ ਹੋ ਗਯਾ ਹੈ। ਆਪ ਕਿਸੀ ਕਿਸਮ ਕਾ ਫਿਕਰ ਨਾ ਕਰੇਂ। ਔਰ ਮੇਰੀ ਘਰ ਵਾਲੀ ਰੁਕਮਣੀ ਕੋ ਆਪਣੇ ਛੋਟੇ ਭਾਈ ਵਰਿਆਮ ਕੇ ਹੱਕ ਮੇਂ ਕਰ ਦੇਂ। ਔਰ ਸਭ ਕੋ ਦਰਜਾ ਬਦਰਜਾ ਨਮਸਤੇ ਔਰ ਬਚੋਂ ਕੋ ਪਿਆਰ।"

ਦੂਜੀ ਚਿੱਠੀ ਵਿਚ ਬਰਮਾ ਦੀ ਮਾਂਡਲੇ ਜੇਲ੍ਹ ਤੋਂ ਨਿਰੰਜਣ ਸਿੰਘ ਆਪਣੇ ਸਹੁਰੇ ਭੋਲਾ ਸਿੰਘ, ਪਿੰਡ ਤੇ ਡਾਕਖਾਨਾ ਸਵੱਦੀ, ਜ਼ਿਲ੍ਹਾ ਲੁਧਿਆਣਾ ਨੂੰ ਲਿਖਦਾ ਹੈ, "ਅਰਜ਼ ਹੈ ਕਿ ਮੈਂ ਬਹੁਤ ਅਫਸੋਸ ਕੇ ਸਾਥ ਯੇਹ ਚੰਦ ਸਤਰੇਂ ਤਹਿਰੀਰ ਕਰਨੇ ਕੋ (ਲਿਖਣ ਲਈ) ਮਜਬੂਰ ਹੋ ਗਯਾ ਹੂੰ। ਔਰ ਆਪ ਸੇ ਇਨਕੇ ਵਾਸਤੇ ਮੁਆਫੀ ਕਾ ਖਵਾਸਤਗਾਰ (ਚਾਹੁਣ ਵਾਲਾ) ਹੂੰ। ਕਿ ਇਸ ਸੇ ਪਹਿਲੇ ਆਪ ਕੋ ਬਜ਼ਰੀਆ ਤਾਰ ਮਾਲੂਮ ਹੋ ਚੁੱਕਾ ਹੋਗਾ ਕਿ ਮੁਝੇ ਮਾਂਡਲੇ ਜੇਲ੍ਹ ਲਾ ਕਰ ਮੁਵਰਖਾ (ਮਿਤੀ) 16 ਨਵੰਬਰ ਦਿਨ ਵੀਰਵਾਰ ਸਵੇਰੇ ਸੱਤ ਵਜੇ ਫਾਂਸੀ ਦੀ ਖ਼ਬਰ ਦੇ ਦੀ ਗਈ ਹੈ। ਮੁਫਸਲ ਹਾਲ ਯੇਹ ਹੈ ਕਿ ਮੈਂ ਔਰ ਪਾਲ ਸਿੰਘ ਵਲਦ ਜੈਮਲ ਸਿੰਘ ਸਾਕੋਨ (ਰਹਿਣ ਵਾਲਾ) ਸ਼ੇਰਪੁਰ ਖੁਰਦ ਦੋਨੋ ਚੰਗਮਈ ਸਿਆਮ ਮੇਂ 25 ਸਤੰਬਰ 1915 ਕੋ ਗਰਿਫਤਾਰ ਕਰਕੇ ਵਾਪਸ ਮੁਲਕ ਕੋ ਭੇਜ ਦੀਏ ਗਏ ਥੇ ਲੇਕਿਨ ਬਰਮਾ ਮੇਂ ਹਮ ਦੋਨੋ ਕੋ ਕਈ ਮਹੀਨੇ ਜੇਲ੍ਹ ਮੇਂ ਰੱਖਾ ਗਿਆ ਔਰ ਆਖਰਕਾਰ ਬਮੈ (ਸਮੇਤ) ਚੰਦ ਔਰ ਆਦਮੀਓਂ ਕੇ ਏਕ ਮੁਕੱਦਮਾ ਚਲਾ ਦੀਆ ਗਿਆ। ਯੇਹ ਮੁਕੱਦਮਾ ਮਾਂਡਲੇ ਮੇਂ ਮਾਰਚ 1916 ਸੇ ਲੇਕਰ ਜੁਲਾਈ 1916 ਤੱਕ ਚਲਤਾ ਰਹਾ। ਔਰ ਹਮ ਨੇ ਏਕ ਵਕੀਲ ਕੀਆ ਥਾ। ਆਖਰਕਾਰ ਹਮੇਂ ਫਾਂਸੀ ਕਾ ਹੁਕਮ ਹੋ ਗਿਆ। ਹਮ ਨੇ ਅਵਲ ਲਾਟ ਸਾਹਬ ਕੇ ਪਾਸ ਵਾਇਸਰਾਏ ਕੀ ਖਿਦਮਤ ਮੇਂ ਦਰਖਾਸਤ ਕੀ ਮਗਰ ਵੁਹ ਨਾਮਨਜ਼ੂਰ ਹੋ ਗਈ। ਆਖਰਕਾਰ ਵਲਾਇਤ ਤੱਕ ਹਮਾਰਾ ਵਕੀਲ ਗਿਆ। ਮਗਰ ਸਭ ਬੇਫਾਇਦਾ। ਪਰਮੇਸ਼ਵਰ ਕਾ ਹੁਕਮ ਐਸਾ ਹੀ ਥਾ। ਚੂੰਕਿ ਹਮਨੇ ਆਪਨੀ ਸਮਝ ਸੇ ਕੋਈ ਬੁਰਾ ਕਾਮ ਨਹੀਂ ਕੀਆ ਔਰ ਹਮ ਦਿਲ ਸੇ ਬਿਲਕੁਲ ਸੱਚੇ ਹੈਂ। ਮਗਰ ਹਮਾਰੀ ਤਕਦੀਰ ਮੇਂ ਐਸਾ ਲਿਖਾ ਥਾ। ਇਸ ਲੀਏ ਮੈਂ ਆਪ ਕੋ ਲਿਖਤਾ ਹੂੰ ਕਿ ਆਪ ਕਿਸੀ ਕਿਸਮ ਕਾ ਫਿਕਰ ਨਾ ਕਰੇਂ ਔਰ ਮੇਰੇ ਭਾਈਓਂ ਕੋ ਹੌਸਲਾ ਦੇ ਕੇ ਸਮਝਾ ਦੇਨਾ ਕਿ ਵੁਹ ਬਿਲਕੁਲ ਫਿਕਰ ਨਾ ਕਰੇ ਕਿਉਂਕਿ ਯੇਹ ਮੌਤ ਸਿਰਫ ਮੇਰੇ ਹਿੱਸੇ ਨਹੀਂ ਆਈ, ਸਭ ਕੇ ਸਾਥ ਹੈ। ਔਰ ਜ਼ਿਆਦਾ ਕਿਆ ਲਿਖੂੰ। ਯੇਹ ਆਖਰੀ ਫਿਕਰੇ ਹੈਂ ਜਿਨ੍ਹੇ ਲਿਖਨੇ ਕੋ ਦਿਲ ਨਹੀਂ ਚਾਹਤਾ। ਜੋ ਪੈਸਾ ਹਮਾਰੇ ਪਾਸ ਥਾ ਵੁਹ ਸਭ ਮੁੱਕਦਮੇ ਪਰ ਖਰਚ ਹੋ ਗਿਆ। ਔਰ ਯੇਹ ਖਤ ਮੇਰੇ ਭਾਈਓਂ ਕੋ ਭੀ ਸੁਨਾ ਦੇਨਾ। ਔਰ ਮੇਰੇ ਸਾਰੇ ਭਾਈਓਂ ਕੋ ਦਿਲਾਸਾ ਦੇਨਾ ਕਿ ਵੁਹ ਬਿਲਕੁਲ ਫਿਕਰ ਨਾ ਕਰੇਂ। ਦੁਨੀਆਂ ਮੇਂ ਜੋ ਆਇਆ ਹੈ ਉਸ ਕੇ ਵਾਸਤੇ ਮਰਨਾ ਜ਼ਰੂਰੀ ਹੈ। ਔਰ ਉਨ੍ਹੇ ਕਹਿ ਦੇਨਾ ਕਿ ਜੋ ਕੋਈ ਗਲਤੀ ਮੇਰੇ ਸੇ ਹੂਈ ਹੈ ਮੁਆਫ ਕਰੇਂ। ਯੇਹ ਮੇਰੇ ਅਖਤਿਆਰ ਕੀ ਬਾਤ ਨਹੀਂ। ਐਸਾ ਕਿਸਮਤ ਮੇਂ ਲਿਖਾ ਥਾ। ਅਫਸੋਸ ਹੈ ਕਿ ਮੈਨੇ ਕਈ ਦਫਾ ਉਨ ਕੋ ਖਤ ਲਿਖਾ ਥਾ ਮਗਰ ਵਾਪਸ ਆਤਾ ਰਹਾ। ਵੁਹ ਮੇਰੇ ਹਾਥ ਸੇ ਕਿਸੀ ਕੋ ਨਹੀਂ ਮਿਲਨਾ ਥਾ। ਔਰ ਮੰਦਰਜਾ ਜ਼ੈਲ (ਥੱਲੇ ਵਾਲੇ) ਫਿਕਰੇ ਮੈਂ ਅਪਨੀ ਪਿਆਰੀ ਇਸਤਰੀ ਕੇ ਨਾਮ ਲਿਖੇ ਹੈਂ।

ਮੇਰੀ ਤਰਫ ਸੇ ਅਪਨੀ ਦੋਨੋਂ ਲੜਕੀਓਂ ਕੋ ਪਾਸ ਬਿਠਾ ਕਰ (ਉਹ ਇੱਕ ਹੀ ਘਰ ਵਿਆਹੀਆਂ ਹੋਈਆਂ ਸਨ) ਕਹਿਨਾ ਕਿ ਆਇੰਦਾ ਸੇ ਆਪਸ ਮੇਂ ਮਿਲ ਜੁਲ ਕੇ ਰਹੇਂ। ਮੈਂ ਉਨ ਗਲਤੀਓਂ ਕੇ ਵਾਸਤੇ ਜੋ ਕਿ ਕਭੀ ਮੇਰੇ ਸੇ ਉਨ ਕੇ ਬਾਰੇ ਮੇਂ ਹੂਈ ਹੋਂ, ਯਾਨੀ ਕਭੀ ਗਾਲੀ ਯਾ ਬੁਰਾ ਭਲਾ ਕਹਾ ਹੋ, ਹਾਥ ਜੋੜ ਕੇ ਮੁਆਫੀ ਮਾਂਗਤਾ ਹੂੰ ਕਿ ਅੱਬ ਮੈਂ ਬਹੁਤ ਪਛਤਾ ਰਹਾ ਹੂੰ। ਸਭੀ ਮਿਹਰਬਾਨੀ ਕਰਕੇ ਮੁਝੇ ਮੁਆਫ ਫਰਮਾਏਂ। ਉਮੀਦ ਹੈ ਮੇਰੀ ਇਤਨੀ ਮੁਆਫੀ ਮਾਂਗਨੇ ਸੇ ਮੇਰੇ ਸਭ ਦੁੱਖ ਦੂਰ ਹੋ ਜਾਏਂਗੇ ਔਰ ਵੁਹ ਭੀ ਮਿਲ ਜੁਲ ਕਰ ਰਹੇਂਗੀ। ਔਰ ਏਕ ਫਿਕਰਾ ਮੈਂ ਫਿਰ ਭਰੋਸੇ ਸੇ ਲਿਖਤਾ ਹੂੰ ਕਿ ਮੇਰੀ ਪਿਆਰੀ ਇਸਤਰੀ ਔਰ ਅਪਨੀ ਲੜਕੀ ਕੋ ਮੈਂ ਅਪਨੀ ਤਰਫ ਸੇ ਇਜਾਜ਼ਤ ਦੇਤਾ ਹੂੰ ਕਿ ਵੁਹ ਅਪਨੀ ਬਾਕੀ ਕੀ ਉਮਰ ਮੇਰੇ ਤੀਨੋ ਭਾਈਓਂ ਮੇ ਸੇ ਕਿਸੀ ਏਕ ਕੇ ਸਾਥ, ਜਿਸ ਕੇ ਸਾਥ ਉਸਕੀ ਮਰਜ਼ੀ ਹੋ, ਬਸਰ ਕਰੇਂ। ਇਸ ਬਾਤ ਕੀ ਕੋਈ ਸ਼ਰਮ ਨਹੀਂ ਕਿਉਂਕਿ ਮੈਂ ਆਪ ਯੇਹ ਚਿੱਠੀ ਇਸ ਲੀਏ ਲਿਖ ਰਹਾ ਹੂੰ ਕਿ ਉਸਕੋ ਇਸ ਬਾਰੇ ਮੇਂ ਕੋਈ ਹੀਲ ਹੁੱਜਤ ਨਹੀਂ ਕਰਨੀ ਚਾਹੀਏ। ਉਸਕਾ ਐਸਾ ਕਰਨਾ ਮੇਰੇ ਵਾਸਤੇ ਬਹੁਤ ਹੀ ਅੱਛਾ ਹੋਗਾ। ਔਰ ਅਗਰ ਵੁਹ ਐਸਾ ਨਹੀਂ ਕਰੇਂਗੀ ਤੋਂ ਮੈਨੇ ਵਾਪਸ ਤੋ ਨਹੀਂ ਦੇਖਨਾ ਮਗਰ ਮੇਰੀ ਰੂਹ ਕੋ ਤਕਲੀਫ ਹੋਗੀ। ਅਬ ਮੇਰੀ ਸ਼ਾਂਤੀ ਕੇ ਲੀਏ ਮੇਰੇ ਸਾਰੇ ਆਦਮੀ ਜ਼ਰੂਰ ਬਰ ਜ਼ਰੂਰ ਮੇਰਾ ਕਸੂਰ ਮੁਆਫ ਕਰਕੇ ਮੇਰੇ ਵਾਸਤੇ ਦੁਆ ਕਰੇਂ। ਮੇਰੇ ਮੁਕੱਦਮੇ ਦੌਰਾਨ ਏਕ ਚਿੱਠੀ ਜੋ ਕਿ ਕੋਰਟ ਮੇਂ ਪੇਸ਼ ਕੀ ਗਈ ਥੀ ਕਿ ਅਮਰ ਸਿੰਘ ਕੇ ਘਰ ਲੜਕਾ ਹੂਆ ਹੈ, ਮੁਝੇ ਬਹੁਤ ਖੁਸ਼ੀ ਹੂਈ। ਮੇਰੀ ਤਰਫ ਸੇ ਸਭ ਰਿਸ਼ਤੇਦਾਰੋਂ ਕੋ ਦਰਜਾ ਬਦਰਜਾ ਫਤਿਹ ਕਬੂਲ ਹੋ। ਮਵਰਖਾ (ਮਿਤੀ) 14 ਨਵੰਬਰ 1916 ਲਿਖਤੁਮ ਭਾਈ ਨਿਰੰਜਣ ਸਿੰਘ ਮਾਂਡਲੇ ਜੇਲ੍ਹ, ਬਰਮਾ।"

ਦੋਨਾਂ ਚਿੱਠੀਆਂ ਦਾ ਮੂਲ ਮੰਤਵ ਇਕ ਹੀ ਸੀ। ਪਿੱਛੇ ਰਹਿ ਗਿਆਂ ਨੂੰ ਨਿਸਚਿੰਤ ਕਰਨਾ, ਖਾਸ ਕਰਕੇ ਆਪਣੀਆਂ ਜੀਵਨ ਸਾਥਣਾਂ ਨੂੰ। ਭਾਈ ਨਿਰੰਜਣ ਸਿੰਘ ਤਾਂ ਅਮਰ ਸਿੰਘ ਦੇ ਘਰ ਪੁੱਤ ਜੰਮਣ ਦੀ ਵਧਾਈ ਦੇਣਾ ਵੀ ਨਹੀਂ ਸੀ ਭੁੱਲਿਆ। ਦੋਨਾਂ ਉਤੇ ਜੇਲ੍ਹ ਸੁਪਰਡੈਂਟ ਵਲੋਂ ਸੈਂਸਰ ਦੀ ਮੋਹਰ ਲੱਗੀ ਹੋਈ ਹੈ। ਫਾਂਸੀ ਲਗਣ ਦੀ ਕਿਸੇ ਨੂੰ ਕੋਈ ਚਿੰਤਾ ਨਹੀਂ ਸੀ। ਮੈਨੂੰ ਇਨ੍ਹਾਂ ਚਿੱਠੀਆਂ ਵਿਚੋਂ ਉਨ੍ਹਾਂ ਸ਼ਹੀਦਾਂ ਦੇ ਚਿਹਰੇ ਵਿਖਾਈ ਦਿੰਦੇ ਹਨ ਜਿਹੜੇ ਖੁਸ਼ੀ ਖੁਸ਼ੀ ਫਾਂਸੀ ਦਾ ਫੰਦਾ ਚੁੰਮਦੇ ਸਨ।

ਹਰਨਾਮ ਚੰਦ ਨੂੰ ਫਾਂਸੀ ਚਿੱਠੀ ਲਿਖਣ ਤੋਂ ਢਾਈ ਮਹੀਨੇ ਪਿੱਛੋਂ 29 ਮਾਰਚ 1917 ਨੂੰ ਲੱਗੀ ਸੀ। ਉਸ ਨੇ ਆਪਣੀ ਗੱਲ ਤਿੰਨ ਲਾਈਨਾਂ ਵਿਚ ਮੁਕਾ ਦਿੱਤੀ ਸੀ ਕਿਉਂਕਿ ਉਸ ਦੀ ਚਿੱਠੀ ਨਿਸਚੇ ਹੀ ਫਾਂਸੀ ਦੀ ਮਿਤੀ ਤੋਂ ਪਹਿਲਾਂ ਉਸ ਦੇ ਘਰਦਿਆਂ ਨੂੰ ਮਿਲ ਜਾਣੀ ਸੀ ਤੇ ਉਹ ਨਹੀਂ ਸੀ ਚਾਹੁੰਦਾ ਕਿ ਉਹ ਸੈਂਸਰ ਹੋ ਕੇ ਡਾਕ ਵਿਚ ਪੈਣੋ ਰਹਿ ਜਾਵੇ। ਭਾਈ ਨਿਰੰਜਣ ਸਿੰਘ ਸ਼ਾਇਦ ਲੰਮੀ ਚਿੱਠੀ ਹੀ ਲਿਖਦਾ ਸੀ। ਜਿਸ ਕਾਰਨ ਉਸ ਦੀਆਂ ਪਹਿਲਾਂ ਲਿਖੀਆਂ ਚਿੱਠੀਆਂ ਵਾਪਸ ਆ ਗਈਆਂ ਸਨ। ਇਹ ਵਾਲੀ ਚਿੱਠੀ ਸੈਂਸਰ ਨੇ ਏਸ ਕਰਕੇ ਪਾਸ ਕਰ ਦਿਤੀ ਜਾਪਦੀ ਹੈ ਕਿ ਇਸ ਦੇ ਪਹੁੰਚਣ ਤੱਕ ਭਾਣਾ ਵਰਤ ਚੁੱਕਣਾ ਸੀ ਤੇ ਕਿਸੇ ਪ੍ਰਕਾਰ ਦੇ ਵਾਵੇਲੇ ਦੀ ਗੁੰਜਾਇਸ਼ ਨਹੀਂ ਸੀ।

ਵੈੜਚ ਹੁਰਾਂ ਦੇ ਸ਼ਬਦਾਂ ਵਿਚ "ਜਿਹੜਾ ਸਪੈਸ਼ਲ ਟ੍ਰਿਬਿਊਨਲ ਇਨ੍ਹਾਂ ਇਨਕਲਾਬੀਆਂ ਨੂੰ 'ਸਬਕ ਸਿਖਾਉਣ' ਖਾਤਰ ਬਣਾਇਆ ਗਿਆ ਸੀ, ਉਹਦੇ ਮੂਹਰੇ 'ਨਾ ਅਪੀਲ, ਨਾ ਵਕੀਲ, ਨਾ ਦਲੀਲ' ਵਾਲੀ ਧਾਰਨਾ ਸੌ ਫੀਸਦੀ ਢੁਕਵੀਂ ਸੀ। ਅੰਤਮ ਸਸਕਾਰ ਵੀ ਚੁਪ ਚੁਪੀਤੇ ਜੇਲ੍ਹ ਦੇ ਕਿਸੇ ਕੋਨੇ ਵਿਚ ਕਰ ਦਿੱਤਾ ਜਾਂਦਾ ਸੀ। ਦੋਸ਼ੀ ਨੂੰ ਫਾਂਸੀ ਦੀ ਤਾਰੀਖ ਅਗਾਊਂ ਦੱਸਣ ਜਾਂ ਕਿਸੇ ਆਖਰੀ ਮੁਲਾਕਾਤ ਦੀ ਸੁਵਿਧਾ ਦੇਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।"

ਵੜੈਚ ਦੇ ਦੱਸਣ ਅਨੁਸਾਰ ਭਾਈ ਨਿਰੰਜਣ ਸਿੰਘ ਤੇ ਹਰਨਾਮ ਚੰਦ ਵਾਲੇ ਮੁਕਦੱਮੇ ਵਿਚ ਉਸ ਦੇ ਆਪਣੇ ਹੀ ਪਿੰਡ ਦਾ ਬਾਬੂ ਰਾਮ ਵੀ ਸੀ ਤੇ ਭਾਈ ਬਲਵੰਤ ਸਿੰਘ (ਖੁਰਦਪੁਰ, ਜਲੰਧਰ) ਡਾ. ਰੂੜ ਸਿੰਘ (ਸੰਗੋਵਾਲ, ਜਲੰਧਰ) ਤੇ ਹਾਫ਼ਜ਼ ਅਬਦੁੱਲ (ਜਗਰਾਓਂ, ਲੁਧਿਆਣਾ) ਵੀ।

ਸੈਂਸਰ ਸੁਪਰਡੈਂਟ ਦੇ ਦਸਤਖਤਾਂ ਵਾਲੀਆਂ ਇਹ ਦੋਵੇਂ ਚਿੱਠੀਆਂ ਸ਼ਾਹਮੁਖੀ ਲਿਪੀ ਵਿਚ ਹਨ। ਮੈਂ ਇਨ੍ਹਾਂ ਦਾ ਲਿਪੀਅੰਤਰ ਕਰਦੇ ਸਮੇਂ ਵੇਖਿਆ ਹੈ ਕਿ ਭਾਈ ਨਿਰੰਜਣ ਸਿੰਘ ਦੇ ਸਾਰੇ ਅੱਖਰ ਮੋਤੀਆਂ ਵਰਗੇ ਸਪਸ਼ਟ ਹਨ। ਲਿਖਤ ਸੰਘਣੀ ਹੈ। ਇੱਕ ਪੰਨੇ ਵਿਚ ਵੱਧ ਤੋਂ ਵੱਧ ਗੱਲਾਂ ਸਮੇਟਦੇ ਸਮੇਂ ਉਨ੍ਹਾਂ ਦਾ ਹੱਥ ਕਿਧਰੇ ਵੀ ਨਹੀਂ ਡੋਲਿਆ। ਕੁਰਬਾਨ ਜਾਈਏ ਉਨ੍ਹਾਂ ਸ਼ਹੀਦਾਂ ਦੇ ਜਿਨ੍ਹਾਂ ਆਪਣੇ ਦੇਸ਼ ਖਾਤਰ ਨਿੱਝਕ ਜਾਨਾਂ ਵਾਰੀਆਂ।

ਅੰਤਿਕਾ: (ਫੈਜ਼ ਅਹਿਮਦ ਫੈਜ਼)
ਨਾ ਗੁੱਲ ਖਿਲੇ ਹੈਂ ਨਾ ਉਨ ਸੇ ਮਿਲੇ ਨਾ ਮੈ ਪੀ ਹੈ
ਅਜਬ ਢੰਗ ਸੇ ਅਬ ਕੇ ਬਹਾਰ ਗੁਜ਼ਰੀ ਹੈ।
ਚਮਨ ਪੈ ਗਾਰਤ ਏ ਗੁਲਚੀਂ ਸੇ ਜਾਨੇ ਕਿਆ ਗੁਜ਼ਰੀ
ਕਫਸ ਪਰ ਸੇ ਸਬਾ ਬੇਕਰਾਰ ਗੁਜ਼ਰੀ ਹੈ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਅਮਨ ਸੈਨਿਕਾਂ ਦੀ ਤਾਇਨਾਤੀ ਬਾਰੇ ਭਾਰਤ ਨੇ ਸਵਾਲ ਉਠਾਏ

**ਸੰਯੁਕਤ ਰਾਸ਼ਟਰ:** ਭਾਰਤ ਨੇ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਦੇ ਅਮਨ ਸੈਨਿਕਾਂ ਨੂੰ ਮੁਲਕਾਂ ਦੇ ਅੰਦਰੂਨੀ ਸੰਕਟਾਂ ਨਾਲ ਨਜਿੱਠਣ ਲਈ ਵਰਤਣ ਦੀ ਪਹੁੰਚ ਨੂੰ 'ਦੂਰ ਦ੍ਰਿਸ਼ਟੀ ਤੋਂ ਸੱਖਣੀ' ਅਤੇ ਆਰਜ਼ੀ ਕਰਾਰ ਦਿੱਤਾ ਹੈ। ਭਾਰਤ ਦਾ ਕਹਿਣਾ ਹੈ ਕਿ ਅਜਿਹੀ ਪਹੁੰਚ ਨਾਲ ਵੱਡੇ ਜਾਨੀ ਨੁਕਸਾਨ ਹੋਣ ਦਾ ਖਤਰਾ ਵਧੇਗਾ।

ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਪੱਕੇ ਪ੍ਰਤੀਨਿਧ ਅਸ਼ੋਕ ਕੁਮਾਰ ਮੁਖਰਜੀ ਨੇ ਇਥੇ 'ਅਮਨ ਅਪਰੇਸ਼ਨ: ਨਵੇਂ ਰੁਝਾਨ' ਵਿਸ਼ੇ 'ਤੇ ਕਰਾਈ ਗਈ ਬਹਿਸ ਵਿਚ ਸਲਾਮਤੀ ਕੌਂਸਲ ਨੂੰ ਸੰਬੋਧਨ ਕੀਤਾ। 15 ਮੁਲਕੀ ਬਾਡੀ ਦੀ ਵਾਰੋ ਵਾਰੀ ਪ੍ਰਧਾਨਗੀ ਅਧੀਨ ਰੂਸ ਨੇ ਇਹ ਬਹਿਸ ਕਰਾਈ ਸੀ ਤੇ ਭਾਰਤ ਵੱਲੋਂ ਅਮਨ ਅਪਰੇਸ਼ਨਾਂ ਬਾਰੇ ਆਪਣੇ ਸਰੋਕਾਰ ਪ੍ਰਗਟਾਏ ਗਏ। ਭਾਰਤ ਨੇ ਇਸ ਸਮੇਂ ਕੁਝ ਵਿਸ਼ੇਸ਼ ਤਜਵੀਜ਼ਾਂ ਪੇਸ਼ ਕੀਤੀਆਂ, ਜਿਨ੍ਹਾਂ ਨੂੰ ਕੌਂਸਲ ਬਹਿਸ ਮਗਰੋਂ ਤਿਆਰ ਹੋਣ ਵਾਲੇ ਦਸਤਾਵੇਜ਼ ਵਿਚ ਸ਼ਾਮਲ ਕਰਨ ਲਈ ਵਿਚਾਰ ਕਰ ਸਕਦੀ ਹੈ।

ਸ੍ਰੀ ਮੁਖਰਜੀ ਨੇ ਕਿਹਾ ਕਿ ਮੁਲਕਾਂ ਦੇ ਅੰਦਰੂਨੀ ਕਲੇਸ਼ਾਂ ਵਿਚ ਅਮਨ ਸੈਨਿਕਾਂ ਨੂੰ ਧਿਰ ਬਣਨ ਲਈ ਕਹਿਣ ਨਾਲ, ਨਾ ਉਹ ਸਿਰਫ ਦਖ਼ਲਅੰਦਾਜ਼ੀ ਕਰਨ ਵਾਲੇ ਕਹਾਉਣਗੇ, ਬਲਕਿ ਕੌਮਾਂਤਰੀ ਕਾਨੂੰਨਾਂ ਅਧੀਨ ਉਹ 'ਦੁਸ਼ਮਣ ਲੜਾਕੂਆਂ' ਵਾਂਗ ਮੰਨੇ ਜਾ ਸਕਦੇ ਹੋਣਗੇ ਤੇ ਇਸ ਤਰ੍ਹਾਂ ਉਨ੍ਹਾਂ ਦੇ ਪੱਖਪਾਤ ਰਹਿਤ ਹੋਣ ਤੇ ਉਨ੍ਹਾਂ ਦੀ ਮੁਕੱਦਮਿਆਂ ਤੋਂ ਛੋਟ ਖ਼ਤਮ ਕਰਨ ਵਾਲੀ ਗੱਲ ਹੈ।

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਆਮ ਲੋਕਾਂ ਉਤੇ ਡਿਗਦਾ ਹੈ ਮੁਸੀਬਤਾਂ ਦਾ ਪਹਾੜ

***ਕਿਸਾਨ-ਮਜ਼ਦੂਰ ਜਥੇਬੰਦੀਆਂ ਲੱਖ ਯਤਨ ਕਰਨ ਜਾਂ ਕਰਜ਼ਾਈ ਲੋਕਾਂ ਨੂੰ ਸੰਘਰਸ਼ ਲਈ ਕਹਿਣ ਤਾਂ ਵੀ ਸਰਕਾਰਾਂ (ਰਾਜ ਪ੍ਰਬੰਧ) ਨੇ ਤਾਂ ਵਪਾਰੀਆਂ ਤੇ ਅਮੀਰਾਂ ਦੀ ਸਹਾਇਤਾ ਲਈ ਯੋਜਨਾਵਾਂ ਬਣਾਉਣੀਆਂ ਹਨ, ਕਿਉਂਕਿ ਚੋਣਾਂ ਉਤੇ ਹੋਣ ਵਾਲੇ ਨਾਜਾਇਜ਼ ਖਰਚੇ ਤੇ ਰਾਜ ਪ੍ਰਬੰਧ ਲਈ ਪੈਸਾ ਤਾਂ ਇਨ੍ਹਾਂ ਧਨਵਾਨਾਂ ਤੋਂ ਹੀ ਮਿਲਣਾ ਹੈ। ਟੈਕਸ ਚਾਹੇ ਕਿਸੇ ਕਿਸਮ ਦੇ ਹੋਣ, ਚਾਹੇ ਵਪਾਰੀਆਂ ਤੇ ਧਨਾਢਾਂ ਰਾਹੀਂ ਲੈਣੇ ਹੋਣ ਪਰ ਉਹ ਜਾਣੇ ਆਮ ਲੋਕਾਂ ਦੀ ਲਹੂ-ਪਸੀਨੇ ਦੀ ਕਮਾਈ 'ਚੋਂ ਹਨ। ਖ਼ਬਰਾਂ ਭਾਵੇਂ ਇਹ ਵੀ ਆਉਂਦੀਆਂ ਹਨ ਕਿ ਪਿੰਡ ਵਾਲਿਆਂ ਨੇ ਕਿਸੇ ਕਰਜ਼ਾਈ ਕਿਸਾਨ ਦੀ ਜ਼ਮੀਨ ਕੁਰਕ ਹੋਣੋਂ ਬਚਾਅ ਲਈ ਪਰ ਸਰਕਾਰੀ ਅਮਲੇ ਨੇ ਤਾਂ ਲੈਣਦਾਰਾਂ ਦਾ ਪੱਖ ਪੂਰਨਾ ਹੈ। ਅੱਗੇ-ਪਿੱਛੇ ਕਿਸਾਨਾਂ ਨੂੰ ਕਰਜ਼ੇ ਦੇਣੇ ਪੈਣਗੇ। ਜੇ ਆੜ੍ਹਤੀਆਂ, ਬੈਂਕਾਂ ਜਾਂ ਸੁਸਾਇਟੀਆਂ ਦੇ ਦਿੱਤੇ ਕਰਜ਼ੇ ਨਾ ਮੁੜਨ ਤਾਂ ਰਾਜ ਪ੍ਰਬੰਧ ਨਹੀਂ ਚੱਲ ਸਕਦਾ। ਚਾਹੇ ਕੇਂਦਰੀ ਤੇ ਰਾਜ ਸਰਕਾਰਾਂ ਨੂੰ ਆਪਣੇ ਕਰਮਚਾਰੀਆਂ ਦੀਆਂ ਤਨਖਾਹਾਂ, ਸੜਕਾਂ, ਨਵੀਆਂ ਕਾਲੋਨੀਆਂ ਕੁਝ ਰੱਜੇ-ਪੁੱਜੇ ਲੋਕਾਂ ਲਈ ਹੀ ਬਣਾਉਣੀਆਂ ਹੋਣ ਪਰ ਪੈਸਾ ਆਮ ਲੋਕਾਂ ਦੀ ਕਮਾਈ (ਕਿਸਾਨਾਂ-ਮਜ਼ਦੂਰਾਂ) 'ਚੋਂ ਹੀ ਜਾਣਾ ਹੈ।***

ਖ਼ੁਦਕੁਸ਼ੀਆਂ ਬਾਰੇ ਖ਼ਬਰਾਂ ਲਗਾਤਾਰ ਵਧ ਰਹੀਆਂ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕੁਝ ਕਿਸਾਨ-ਮਜ਼ਦੂਰ ਜਥੇਬੰਦੀਆਂ ਲੋਕਾਂ ਨੂੰ ਖ਼ੁਦਕੁਸ਼ੀਆਂ ਦਾ ਰੁਝਾਨ ਛੱਡ ਕੇ ਸੰਘਰਸ਼ ਕਰਨ ਲਈ ਉਤਸ਼ਾਹਿਤ ਕਰ ਰਹੀਆਂ ਹਨ ਪਰ ਉਹ ਸਫ਼ਲ ਨਹੀਂ ਹੋ ਰਹੀਆਂ। ਸੋਚਣ ਵਾਲੀ ਗੱਲ ਇਹੋ ਹੈ ਕਿ ਗ਼ਰੀਬ ਕਿਸਾਨ ਤੇ ਮਜ਼ਦੂਰਾਂ ਦੇ ਇਸ ਰੁਝਾਨ ਦੇ ਮੁੱਖ ਕਾਰਨ ਕੀ ਹਨ ਜਿਨ੍ਹਾਂ ਨੂੰ ਰੋਕੇ ਬਿਨਾਂ ਇਸ ਸਮੱਸਿਆ ਦਾ ਕੋਈ ਇਲਾਜ ਨਹੀਂ।

ਪਹਿਲਾ ਕਾਰਨ, ਵਿਸ਼ੇਸ਼ ਕਰ ਕੇ ਕਿਸਾਨ-ਮਜ਼ਦੂਰਾਂ ਦੇ ਸਿਰ ਚੜ੍ਹੇ, ਨਾ ਲਾਹੇ ਜਾ ਸਕਣ ਵਾਲੇ ਕਰਜ਼ੇ ਹਨ। ਪੀੜ੍ਹੀ-ਦਰ-ਪੀੜ੍ਹੀ ਘਟ ਰਹੀ ਜ਼ਮੀਨ ਹੈ। ਜ਼ਮੀਨ ਘਟਦੀ ਹੈ ਤਾਂ ਉਪਜ ਵੀ ਘਟਦੀ ਹੈ। ਇਹ ਭੇਤ ਬਹੁਤ ਘੱਟ ਕਿਸਾਨਾਂ ਨੂੰ ਪਤਾ ਹੈ ਕਿ ਕੀੜੇਮਾਰ ਜ਼ਹਿਰਾਂ ਤੇ ਮਸਨੂਈ (ਬਨਾਉਟੀ)

**ਗੁਰਦਿਆਲ ਸਿੰਘ**

ਖਾਦਾਂ ਦੀਆਂ ਕੀਮਤਾਂ ਹਰ ਰੋਜ਼ ਵਧ ਰਹੀਆਂ ਹਨ। ਵੱਧ ਉਪਜ ਲਈ ਖਾਦਾਂ ਤੇ ਕੀੜੇਮਾਰ ਜ਼ਹਿਰਾਂ ਛੱਡ ਦੇਣ ਤਾਂ ਫਸਲਾਂ ਦੀ ਉਪਜ ਏਨੀ ਘਟ ਜਾਏਗੀ ਕਿ ਕਿਸੇ ਵੀ ਸਾਧਾਰਨ ਕਿਸਾਨ ਦੀਆਂ ਜ਼ਰੂਰੀ ਲੋੜਾਂ ਵੀ ਪੂਰੀਆਂ ਨਹੀਂ ਹੋ ਸਕਣੀਆਂ। ਦੂਜੇ ਪਾਸੇ ਕੀੜੇਮਾਰ ਦਵਾਈਆਂ ਤੇ ਮਸਨੂਈ ਖਾਦਾਂ ਦੀਆਂ ਕੀਮਤਾਂ ਇਸ ਕਾਰਨ ਵਧ ਰਹੀਆਂ ਹਨ ਕਿ ਉਨ੍ਹਾਂ ਨੂੰ ਬਣਾਉਣ ਵਾਲੇ ਕਾਰਖ਼ਾਨੇਦਾਰ ਵਧੇਰੇ ਮੁਨਾਫ਼ਾ ਕਮਾਉਣਾ ਚਾਹੁੰਦੇ ਹਨ। ਸਾਡੇ ਬਹੁਤ ਸਾਰੇ ਅਰਥ-ਸ਼ਾਸਤਰੀ ਇਹ ਪ੍ਰਚਾਰ ਕਰਦੇ ਹਨ ਕਿ ਕਾਰਖ਼ਾਨੇਦਾਰਾਂ ਦਾ ਤਾਂ ਇਕ-ਦੂਜੇ ਤੋਂ ਵਧੇਰੇ ਮਾਲ ਵੇਚ ਕੇ ਵਧੇਰੇ ਮੁਨਾਫ਼ਾ ਕਮਾਉਣ ਦੀ ਲਾਲਸਾ ਵਧਣ ਕਾਰਨ ਮੁਕਾਬਲਾ ਵਧ ਰਿਹਾ ਹੈ ਤੇ ਹਰ ਕਾਰਖ਼ਾਨੇਦਾਰ ਮਾਲ ਦੀਆਂ ਕੀਮਤਾਂ ਘਟਾ ਰਿਹਾ ਹੈ। ਜੇ ਅਜਿਹਾ ਹੈ ਤਾਂ ਉਹ ਇਹ ਕਿਉਂ ਨਹੀਂ ਦੱਸਦੇ ਕਿ ਫਿਰ ਇਨ੍ਹਾਂ ਵਸਤਾਂ ਦੀਆਂ ਕੀਮਤਾਂ ਘਟਣ ਦੀ ਥਾਂ ਵਧ ਕਿਉਂ ਰਹੀਆਂ ਹਨ?

ਬਾਜ਼ਾਰ ਵਿਚ ਵਿਕਣ ਵਾਲੀ ਹਰ ਚੀਜ਼ ਦੀ ਕੀਮਤ, ਉਸ ਉਤੇ ਹੋਣ ਵਾਲੀ ਲਾਗਤ ਕਾਰਨ ਵਧਦੀ, ਘਟਦੀ ਹੈ। ਲਾਗਤ ਦਾ ਸਿੱਧਾ ਮਤਲਬ ਉਸ ਉਤੇ ਹੋਣ ਵਾਲੇ ਖਰਚੇ ਹਨ। ਖਰਚੇ ਦੋ ਤਰ੍ਹਾਂ ਦੇ ਹੁੰਦੇ ਹਨ। ਪਹਿਲਾ ਕੱਚੇ ਮਾਲ ਦੀਆਂ ਕੀਮਤਾਂ ਦਾ ਤੇ ਦੂਜਾ ਉਸ ਮਾਲ ਨੂੰ ਬਣਾਉਣ ਲਈ ਮਜ਼ਦੂਰੀ ਦਾ। ਮਜ਼ਦੂਰੀ ਦਾ ਸਬੰਧ ਵੀ ਮਜ਼ਦੂਰ ਦੀ ਸਰੀਰਕ ਤੇ ਦਿਮਾਗੀ ਸ਼ਕਤੀ ਨਾਲ ਹੈ। ਇਹ ਸ਼ਕਤੀ ਮਜ਼ਦੂਰੀ ਲਈ ਖਾਧੀ ਜਾਣ ਵਾਲੀ ਖ਼ੁਰਾਕ ਨਾਲ ਹੈ। ਜੇ ਉਹਨੂੰ ਖ਼ੁਰਾਕ ਮਹਿੰਗੀ ਮਿਲੇਗੀ ਤਾਂ ਮਜ਼ਦੂਰੀ ਵੀ ਵੱਧ ਦੇਣੀ ਪਏਗੀ ਜਿਸ ਦਾ ਖਰਚਾ ਬਣੇ ਹੋਏ ਮਾਲ ਦੀ ਕੀਮਤ 'ਤੇ ਪਏਗਾ। ਇਸ ਲਈ ਇਸ ਉਲਝੀ ਤਾਣੀ ਨੂੰ ਸਮਝਣ ਲਈ ਇਹ ਜਾਣਕਾਰੀ ਜ਼ਰੂਰੀ ਹੈ। ਆਧੁਨਿਕ (ਵਰਤਮਾਨ) ਖੇਤੀ ਲਈ ਵਰਤਣ ਦੀ ਹਰ ਚੀਜ਼ (ਬੀਜ ਤੋਂ ਟਰੈਕਟਰ ਦੇ ਤੇਲ ਤੱਕ) ਰੋਜ਼ ਮਹਿੰਗੀ ਹੋ ਰਹੀ ਹੈ ਪਰ ਕਿਸਾਨ ਦੀ ਉਪਜ ਦੀ ਕੀਮਤ ਇਨ੍ਹਾਂ ਵਸਤਾਂ ਦੇ ਮੁਕਾਬਲੇ ਬਹੁਤ ਘੱਟ ਮਿਲਦੀ ਹੈ। ਉਪਜ ਉੱਤੇ ਹੋਣ ਵਾਲੇ ਖਰਚੇ ਵਧੇਰੇ ਹੋ ਰਹੇ ਹਨ।

ਕਣਕ ਤੇ ਝੋਨਾ (ਜੋ ਪੂਰੇ ਦੇਸ਼ ਦੀ ਮੁੱਖ ਖ਼ੁਰਾਕ ਹੈ) ਹਰ ਪੱਕੀ ਫਸਲ ਸਮੇਂ, ਮੰਡੀਆਂ ਵਿਚ ਕੂੜੇ ਵਾਂਗ ਰੁਲਦੇ ਹਨ। ਅਨਾਜ ਖਰੀਦਣ ਵਾਲੇ ਮਹਿਕਮੇ ਤੇ ਅਨਾਜ ਦੇ ਵਪਾਰੀ, ਪਹਿਲਾਂ ਤਾਂ ਖਰੀਦਣ ਵੇਲੇ ਕਿਸਾਨ ਨੂੰ ਖੱਜਲ ਕਰਦੇ ਹਨ (ਅਕਸਰ, ਖਰੀਦਣ ਲਈ ਰਿਸ਼ਵਤ ਵੀ ਲੈਂਦੇ ਹਨ)। ਫਿਰ ਅਨਾਜ ਲਈ ਬਾਰਦਾਨੇ (ਬੋਰੀਆਂ) ਦੀ ਸਮੱਸਿਆ ਆਉਂਦੀ ਹੈ। ਉਸ ਪਿੱਛੋਂ ਅਨਾਜ ਬਾਹਰ ਲਿਜਾਣ ਲਈ ਚੁਕਾਈ ਦੀ ਮੁਸ਼ਕਿਲ ਕਦੇ ਹੱਲ ਨਹੀਂ ਹੋ ਸਕੀ। ਉਸ ਤੋਂ ਵੀ ਵੱਡੀ ਸਮੱਸਿਆ ਅਨਾਜ ਨੂੰ ਗੋਦਾਮਾਂ ਵਿਚ ਸਾਂਭਣ ਦੀ ਹੈ। ਜੇ ਪੱਕੇ ਗੋਦਾਮ ਉਤੇ ਇਕ ਸੌ ਰੁਪਿਆ ਖਰਚ ਹੋਵੇ ਤਾਂ ਸਵਾ-ਡੇਢ ਸੌ ਦਾ ਅਨਾਜ ਖਰਾਬ ਹੋਣੋਂ ਬਚ ਸਕਦਾ ਹੈ ਪਰ ਇਸ ਪਾਸੇ ਕਿਸੇ ਸਰਕਾਰ ਦਾ ਧਿਆਨ ਨਹੀਂ। ਘੱਟੋ-ਘੱਟ ਚੌਥਾ ਹਿੱਸਾ ਅਨਾਜ ਪੱਕੇ ਗੁਦਾਮਾਂ ਬਿਨਾਂ ਗਲ-ਸੜ ਜਾਂਦਾ ਹੈ। ਅਨਾਜ ਦੀਆਂ ਕੀਮਤਾਂ ਵਧ ਜਾਂਦੀਆਂ ਹਨ ਜਿਸ ਦਾ ਲਾਭ ਵਪਾਰੀਆਂ ਜਾਂ ਸਰਕਾਰੀ ਮਹਿਕਮਿਆਂ ਨੂੰ ਹੁੰਦਾ ਹੈ ।ਕਿਸਾਨ ਨੂੰ ਅਨਾਜ ਦੀ ਕੀਮਤ ਘੱਟ ਮਿਲਣ ਕਾਰਨ ਨੁਕਸਾਨ ਹੁੰਦਾ ਹੈ।

ਸਵਾਲ ਕਿਸਾਨਾਂ-ਮਜ਼ਦੂਰਾਂ ਦੀਆਂ ਵਧਦੀਆਂ ਖ਼ੁਦਕੁਸ਼ੀਆਂ ਤੋਂ ਸ਼ੁਰੂ ਕੀਤਾ ਸੀ। ਵਧਦੀ ਆਬਾਦੀ ਤੇ ਘਟਦੀ ਜ਼ਮੀਨ (ਤੇ ਖਰਚੇ ਦੇ ਮੁਕਾਬਲੇ ਅਨਾਜ ਦੀ ਘਟਦੀ ਕੀਮਤ) ਕਾਰਨ ਕਿਸਾਨ ਨੂੰ ਲੋੜ ਸਮੇਂ ਕਰਜ਼ਾ ਲੈਣਾ ਪੈਂਦਾ ਹੈ। ਕਰਜ਼ਾ ਕੋਆਪਰੇਟਿਵ ਬੈਂਕਾਂ, ਸਰਕਾਰੀ ਬੈਂਕਾਂ ਜਾਂ ਆੜ੍ਹਤੀਆਂ ਤੋਂ ਮਿਲਦਾ ਹੈ ਜੋ ਆਪਣੇ ਮੁਨਾਫ਼ੇ ਲਈ ਵਿਆਜ ਵਧਾਈ ਜਾਂਦੇ ਹਨ। ਕਿਸਾਨ ਮਜ਼ਦੂਰ (ਜਿਨ੍ਹਾਂ ਨੂੰ ਮਸ਼ੀਨੀ ਖੇਤੀ ਕਾਰਨ ਕੰਮ ਨਹੀਂ ਮਿਲਦਾ, ਜਾਂ ਘੱਟ ਮਿਲਦਾ ਹੈ) ਵਧਦੇ ਵਿਆਜ ਕਾਰਨ ਸਮੇਂ ਸਿਰ ਕਰਜ਼ਾ ਨਹੀਂ ਮੋੜ ਸਕਦੇ। ਕੋਈ ਵੀ ਯਤਨ ਕਰਨ, ਕਿਸਾਨ ਜ਼ਮੀਨ ਗਹਿਣੇ ਧਰਨ ਜਾਂ ਵੇਚਣ ਪਰ ਕਰਜ਼ਾ ਸ਼ੈਤਾਨ ਦੀ ਆਂਤ ਵਾਂਗ ਵਧੀ ਜਾਂਦਾ ਹੈ। ਕਰਜ਼ਾਈ ਕਿਸਾਨ ਚਿੰਤਾ ਵਿਚ ਸੜਦਾ ਰਹਿੰਦਾ ਹੈ (ਕਿਉਂਕਿ ਚਿੰਤਾ ਨੂੰ ਚਿਖਾ ਬਰਾਬਰ ਮੰਨਿਆ ਜਾਂਦਾ ਹੈ, ਤੇ ਹੈ ਵੀ) ਅਖੀਰ ਜਦੋਂ ਨਿਰਾਸ਼ਾ ਦੀ ਜਿੱਲ੍ਹਣ ਵਿਚੋਂ ਨਹੀਂ ਨਿਕਲ ਸਕਦਾ ਤਾਂ ਟੱਬਰ ਨੂੰ ਬੇਸਹਾਰਾ ਛੱਡ ਕੇ ਖ਼ੁਦਕੁਸ਼ੀ ਕਰ ਲੈਂਦਾ ਹੈ।

ਕਿਸਾਨ-ਮਜ਼ਦੂਰ ਜਥੇਬੰਦੀਆਂ ਲੱਖ ਯਤਨ ਕਰਨ ਜਾਂ ਕਰਜ਼ਾਈ ਲੋਕਾਂ ਨੂੰ ਸੰਘਰਸ਼ ਲਈ ਕਹਿਣ ਤਾਂ ਵੀ ਸਰਕਾਰਾਂ (ਰਾਜ ਪ੍ਰਬੰਧ) ਨੇ ਤਾਂ ਵਪਾਰੀਆਂ ਤੇ ਅਮੀਰਾਂ ਦੀ ਸਹਾਇਤਾ ਲਈ ਯੋਜਨਾਵਾਂ ਬਣਾਉਣੀਆਂ ਹਨ, ਕਿਉਂਕਿ ਚੋਣਾਂ ਉਤੇ ਹੋਣ ਵਾਲੇ ਨਾਜਾਇਜ਼ ਖਰਚੇ ਤੇ ਰਾਜ ਪ੍ਰਬੰਧ ਲਈ ਪੈਸਾ ਤਾਂ ਇਨ੍ਹਾਂ ਧਨਵਾਨਾਂ ਤੋਂ ਹੀ ਮਿਲਣਾ ਹੈ। ਟੈਕਸ ਚਾਹੇ ਕਿਸੇ ਕਿਸਮ ਦੇ ਹੋਣ, ਚਾਹੇ ਵਪਾਰੀਆਂ ਤੇ ਧਨਾਢਾਂ ਰਾਹੀਂ ਲੈਣੇ ਹੋਣ ਪਰ ਉਹ ਜਾਣੇ ਆਮ ਲੋਕਾਂ ਦੀ ਲਹੂ-ਪਸੀਨੇ ਦੀ ਕਮਾਈ 'ਚੋਂ ਹਨ। ਖ਼ਬਰਾਂ ਭਾਵੇਂ ਇਹ ਵੀ ਆਉਂਦੀਆਂ ਹਨ ਕਿ ਪਿੰਡ ਵਾਲਿਆਂ ਨੇ ਕਿਸੇ ਕਰਜ਼ਾਈ ਕਿਸਾਨ ਦੀ ਜ਼ਮੀਨ ਕੁਰਕ ਹੋਣੋਂ ਬਚਾਅ ਲਈ। ਪਰ ਸਰਕਾਰੀ ਅਮਲੇ ਨੇ ਤਾਂ ਲੈਣਦਾਰਾਂ ਦਾ ਪੱਖ ਪੂਰਨਾ ਹੈ। ਅੱਗੇ-ਪਿੱਛੇ ਕਿਸਾਨਾਂ ਨੂੰ ਕਰਜ਼ੇ ਦੇਣੇ ਪੈਣਗੇ। ਜੇ ਆੜ੍ਹਤੀਆਂ, ਬੈਂਕਾਂ ਜਾਂ ਸੁਸਾਇਟੀਆਂ ਦੇ ਦਿੱਤੇ ਕਰਜ਼ੇ ਨਾ ਮੁੜਨ ਤਾਂ ਰਾਜ ਪ੍ਰਬੰਧ ਨਹੀਂ ਚੱਲ ਸਕਦਾ। ਚਾਹੇ ਕੇਂਦਰੀ ਤੇ ਰਾਜ ਸਰਕਾਰਾਂ ਨੂੰ ਆਪਣੇ ਕਰਮਚਾਰੀਆਂ ਦੀਆਂ ਤਨਖਾਹਾਂ, ਸੜਕਾਂ, ਨਵੀਆਂ ਕਾਲੋਨੀਆਂ ਕੁਝ ਰੱਜੇ-ਪੁੱਜੇ ਲੋਕਾਂ ਲਈ ਹੀ ਬਣਾਉਣੀਆਂ ਹੋਣ ਪਰ ਪੈਸਾ ਆਮ ਲੋਕਾਂ ਦੀ ਕਮਾਈ (ਕਿਸਾਨਾਂ-ਮਜ਼ਦੂਰਾਂ) 'ਚੋਂ ਹੀ ਜਾਣਾ ਹੈ।

ਜੋ ਵੀ ਰਾਜ ਪ੍ਰਬੰਧ ਪਿਛਲੇ 67 ਸਾਲ ਤੋਂ ਵਿਕਸਿਤ ਕੀਤਾ ਗਿਆ ਹੈ, ਉਹ ਕਾਇਮ ਹੀ ਤਦੇ ਰਹਿ ਸਕਦਾ ਹੈ ਜੇ ਕਰਜ਼ਾ ਦੇਣ ਵਾਲੇ 'ਦਲਾਲਾਂ' (ਵਪਾਰੀਆਂ, ਅਮੀਰਾਂ) ਦੀ ਸਹਾਇਤਾ ਨਾਲ, ਕਿਸਾਨਾਂ-ਮਜ਼ਦੂਰਾਂ ਦੀ ਕਮਾਈ ਦੀ ਲੁੱਟ ਕਾਇਮ ਰਹੇ। ਇਹ ਸਰਕਾਰਾਂ ਕਿਸੇ ਵੀ ਪਾਰਟੀਆਂ ਦੀਆਂ ਹੋਣ, ਉਹ ਕਾਇਮ ਹੀ ਤਾਂ ਰਹਿ ਸਕਦੀਆਂ ਹਨ, ਜੇ 'ਦਲਾਲ' ਜਿਉਂਦੇ ਰਹਿਣ।

ਆਖਰੀ ਗੱਲ ਸੰਘਰਸ਼ ਦੀ ਹੈ। ਸੰਘਰਸ਼ ਦੀ ਦੌੜ ਤਾਂ ਮਸੀਤਾਂ ਤਾਈਂ ਹੀ ਰਹਿ ਗਈ ਹੈ। ਕੁਝ ਜਥੇਬੰਦੀਆਂ, ਹੜਤਾਲਾਂ ਕਰਦੀਆਂ ਤੇ ਸੜਕਾਂ 'ਤੇ ਧਰਨੇ ਮਾਰ ਕੇ ਕੁਝ ਸਮੇਂ ਲਈ ਰਸਤੇ ਰੋਕ ਦਿੰਦੀਆਂ ਹਨ। ਕੁਝ ਕਰਮਚਾਰੀ ਜਾਂ ਨੌਕਰੀਆਂ ਲੈਣ ਲਈ ਪੜ੍ਹੇ-ਲਿਖੇ ਨੌਜਵਾਨ, ਮਿੱਟੀ ਦਾ ਤੇਲ ਜਾਂ ਪੈਟਰੋਲ ਦੀਆਂ ਬੋਤਲਾਂ ਲੈ ਕੇ ਪਾਣੀ ਵਾਲੀਆਂ ਟੈਂਕੀਆਂ 'ਤੇ ਚੜ੍ਹ ਜਾਂਦੇ ਹਨ। ਸਰਕਾਰ ਦੇ ਪੁਤਲੇ ਸਾੜਦੇ ਹਨ। ਧਰਨੇ ਮਾਰਦੇ ਹਨ। ਸਰਕਾਰ ਨੇ ਅਜਿਹੇ ਸੰਘਰਸ਼ਾਂ ਨੂੰ ਕਾਬੂ ਕਰਨ ਲਈ ਪੁਲਿਸ ਤੇ ਨੀਮ-ਫ਼ੌਜੀ ਦਲਾਂ ਦੇ ਮੁੰਡੇ-ਕੁੜੀਆਂ ਭਰਤੀ ਕੀਤੇ ਹੋਏ ਹਨ। ਜਿਵੇਂ ਅਜਿਹੇ ਸੰਘਰਸ਼ ਵਧਦੇ ਹਨ, ਉਸੇ ਹਿਸਾਬ ਨਾਲ, ਇਹ 'ਲਾਅ ਐਂਡ ਆਰਡਰ' ਕਾਇਮ ਰੱਖਣ ਲਈ ਵਧੇਰੇ ਜਵਾਨ ਭਰਤੀ ਕਰ ਲਏ ਜਾਂਦੇ ਹਨ। ਉਨ੍ਹਾਂ ਦੇ ਵਧੇ ਖਰਚਿਆਂ ਲਈ ਦਲਾਲਾਂ ਦੀ ਵਧੇਰੇ ਲੋੜ ਪੈਂਦੀ ਹੈ। ਉਹ ਅਗਾਂਹ ਕਰਜ਼ੇ ਵਾਪਸ ਲੈਣ ਲਈ ਕਿਸਾਨਾਂ-ਮਜ਼ਦੂਰਾਂ 'ਤੇ ਦਬਾਅ ਪਾਉਂਦੇ ਹਨ। ਇਹ 'ਲੁਕਣਮੀਚੀ' ਦੀ ਖੇਡ ਵਾਂਗ, ਸੰਘਰਸ਼ ਕਰਨ ਵਾਲੀਆਂ ਜਥੇਬੰਦੀਆਂ ਤੇ ਰਾਜ ਪ੍ਰਬੰਧ ਦੀ ਖੇਡ ਹੀ ਬਣੀ ਰਹਿੰਦੀ ਹੈ। ਕਰਜ਼ੇ ਉਪਜ ਤੇ ਖਰਚ ਦੇ ਫ਼ਰਕ ਨਾਲ ਹੋਰ ਵਧੀ ਜਾਂਦੇ ਹਨ। ਕਿਸਾਨ-ਮਜ਼ਦੂਰ ਜਥੇਬੰਦੀਆਂ ਕਰਜ਼ੇ ਤਾਂ ਮੋੜ ਨਹੀਂ ਸਕਦੀਆਂ, ਅਖੀਰ ਇਹ ਉਲਝਣਾਂ 'ਖ਼ੁਦਕੁਸ਼ੀਆਂ ਦਾ ਜੰਜਾਲ' ਹੀ ਬਣ ਕੇ ਰਹਿ ਜਾਂਦੀਆਂ ਹਨ।

ਇਸ ਉਲਝਣ ਦਾ ਮੁੱਖ ਕਾਰਨ ਤਾਂ ਉਪਜਾਂ ਤੇ 'ਆਧੁਨਿਕ' ਖੇਤੀ ਦੇ ਵਧ ਰਹੇ ਪਾੜੇ ਹਨ, ਜਿਨ੍ਹਾਂ ਵੱਲ ਕਿਸੇ ਦਾ ਧਿਆਨ ਨਹੀਂ। ਖੇਤੀ ਦੀ ਵੱਧ ਤੋਂ ਵੱਧ ਉਪਜ ਲਈ ਖੇਤੀ ਦੇ ਖਰਚਿਆਂ ਤੇ ਉਪਜ ਦੀ ਕੀਮਤ ਦੇ ਵਧਦੇ ਫ਼ਰਕ ਨੂੰ ਮਿਟਾਉਣਾ ਜ਼ਰੂਰੀ ਹੈ ਪਰ ਕੋਈ ਸਰਕਾਰ ਆਵੇ, ਕੋਈ ਜਾਵੇ, ਇਹ ਪਾੜੇ ਨਹੀਂ ਪੂਰ ਸਕਦੀ। ਪੈਸੇ ਤੇ ਦਲਾਲਾਂ ਦੀ ਲੋੜ, (ਆਬਾਦੀ ਦੇ ਵਾਧੇ ਕਾਰਨ) ਤੋਂ ਕਿਸਾਨਾਂ-ਮਜ਼ਦੂਰਾਂ ਦੀ ਮੁਕਤੀ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ। ਜੇ ਵਰਤਮਾਨ ਰਾਜ ਪ੍ਰਬੰਧ ਇਸ ਸਮੱਸਿਆ ਬਾਰੇ ਸੋਚਦਾ ਜਾਂ ਕਾਰਆਮਦ ਢੰਗ ਨਹੀਂ ਵਰਤਦਾ ਤਾਂ ਨਾ ਖ਼ੁਦਕੁਸ਼ੀਆਂ ਰੁਕ ਸਕਦੀਆਂ ਹਨ ਤੇ ਨਾ ਆਮ (ਆਮ ਪਾਰਟੀ ਵਾਲਾ ਆਮ ਨਹੀਂ) ਲੋਕਾਂ ਨੂੰ ਮੁਸੀਬਤਾਂ ਤੋਂ ਛੁਟਕਾਰਾ ਮਿਲ ਸਕਦਾ ਹੈ। ਇਹ ਮੁਸ਼ਕਿਲਾਂ ਵਧਣਗੀਆਂ, ਘਟਦੀਆਂ ਨਹੀਂ। ਸਰਕਾਰਾਂ ਕਿਸੇ ਪਾਰਟੀ ਦੀਆਂ ਬਣਦੀਆਂ ਰਹਿਣ, ਇਹ ਮੁਸੀਬਤਾਂ ਵਧਣਗੀਆਂ, ਘਟਣਗੀਆਂ ਨਹੀਂ।

ਹੁਣ ਨਵੀਂ ਸਰਕਾਰ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੋ ਮਰਜ਼ੀ ਦਾਅਵੇ ਕਰੇ, ਜੇ ਅਮੀਰੀ (ਦਲਾਲ) ਤੇ ਗ਼ਰੀਬੀ ਦੇ ਪਾੜੇ ਪੂਰੀ ਤਰ੍ਹਾਂ ਮਿਟਾਏ ਨਹੀਂ ਜਾਂਦੇ ਤਾਂ ਹਾਲਾਤ ਪਹਿਲਾਂ ਨਾਲੋਂ ਵੀ ਵਿਗੜਨਗੇ, ਸੁਧਰਨਗੇ ਨਹੀਂ।

# ਹਿੰਦ-ਪਾਕਿ ਦੂਰੀਆਂ ਮੇਟਣ ਦਾ ਵੇਲਾ

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਹਿੰਦ ਫੇਰੀ ਨੇ ਮੁੜ ਇਸ ਗੱਲ ਦਾ ਅਹਿਸਾਸ ਕਰਵਾਇਆ ਹੈ ਕਿ ਦੋਵੇਂ ਦੇਸ਼ ਆਪਸੀ ਈਰਖਾ, ਨਫ਼ਰਤ ਤੇ ਸਾੜੇ ਦੀ ਰਾਜਨੀਤੀ ਛੱਡ ਕੇ ਨਵੇਂ ਸਿਰਿਓਂ ਆਪਸੀ ਮਿਲਵਰਤਨ ਸਦਭਾਵਨਾ ਤੇ ਮਿੱਤਰਤਾ ਦੀਆਂ ਤੰਦਾਂ ਜੋੜਨ ਨੂੰ ਤਿਆਰ ਹਨ। ਇਹ ਤੰਦਾਂ ਤਾਂ ਹੀ ਜੁੜ ਸਕਦੀਆਂ ਹਨ ਜੇ ਹਿੰਦ ਤੇ ਪਾਕਿ ਦੇ ਹਾਕਮ ਆਪਣੀ-ਆਪਣੀ ਸੌੜੀ ਰਾਜਨੀਤੀ ਨੂੰ ਛੱਡ ਕੇ ਵਿਸ਼ਵ-ਵਿਆਪੀ ਭਾਈਚਾਰੇ

**ਕਮਲੇਸ਼ ਸਿੰਘ ਦੁੱਗਲ**

ਦੇ ਹਿੱਤਾਂ ਨੂੰ ਸਾਹਮਣੇ ਰੱਖ ਕੇ ਸਕਾਰਾਤਮਕ ਸੋਚ ਅਪਣਾ ਕੇ ਇਸ ਦਿਸ਼ਾ ਵੱਲ ਕੋਈ ਸਾਰਥਿਕ ਕਦਮ ਚੁੱਕਣ।

ਭਾਰਤ ਦੀ ਨਵੀਂ ਸਰਕਾਰ ਵੱਲੋਂ ਸਹੁੰ ਚੁੱਕ ਸਮਾਗਮ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਭੇਜੇ ਸੱਦਾ ਪੱਤਰ ਨੂੰ ਵਿਸ਼ਵ ਭਾਈਚਾਰੇ ਵੱਲੋਂ ਸ਼ੁਭ ਸੰਕੇਤ ਵਜੋਂ ਵੇਖਿਆ ਗਿਆ ਹੈ। ਇੱਥੋਂ ਤਕ ਕਿ ਚੀਨ ਅਤੇ ਅਮਰੀਕਾ ਨੇ ਵੀ ਦੋਵਾਂ ਦੇਸ਼ਾਂ ਦੇ ਵਜ਼ੀਰੇ-ਆਜ਼ਮ ਦੀ ਦੁਪਾਸੀ ਗੱਲਬਾਤ ਦਾ ਸੁਆਗਤ ਕੀਤਾ ਹੈ। ਇਨ੍ਹਾਂ ਦੇਸ਼ਾਂ ਦਾ ਵਿਚਾਰ ਹੈ ਕਿ ਹਿੰਦ-ਪਾਕਿ ਆਪਣੀਆਂ ਦੂਰੀਆਂ ਮਿਟਾ ਕੇ ਪੂਰੇ ਖਿੱਤੇ ਵਿਚ ਅਮਨ ਤੇ ਸ਼ਾਂਤੀ ਦਾ ਪਸਾਰਾ ਕਰ ਸਕਦੇ ਹਨ।

ਇਹ ਸਿਹਰਾ ਵੀ ਕੇਂਦਰ ਵਿਚ ਬਣੀ ਮੋਦੀ ਸਰਕਾਰ ਦੇ ਸਿਰ ਹੀ ਬੱਝਦਾ ਹੈ ਜਿਸ ਨੇ ਸਾਰਕ ਦੇਸ਼ਾਂ ਦੇ ਪ੍ਰਤੀਨਿਧਾਂ ਨੂੰ ਕੈਬਨਿਟ ਦੀ ਸਹੁੰ ਚੁੱਕ ਸਮਾਗਮ ਵਿਚ ਬੁਲਾ ਕੇ ਇੱਕ ਤੀਰ ਨਾਲ ਕਈ ਨਿਸ਼ਾਨੇ ਫੁੰਡੇ ਹਨ। ਇੱਕ ਤਾਂ ਕੌਮਾਂਤਰੀ ਪੱਧਰ 'ਤੇ ਇਹ ਸੰਦੇਸ਼ ਗਿਆ ਹੈ ਕਿ ਭਾਰਤ ਸਮੁੱਚੇ ਸੰਸਾਰ ਨਾਲ ਆਪਣੇ ਵਧੀਆ ਸਬੰਧ ਚਾਹੁੰਦਾ ਹੈ, ਦੂਜਾ ਇਹ ਹਰ ਅਹਿਮ ਮੁੱਦੇ ਨੂੰ ਕਾਰਗਰ ਢੰਗ ਨਾਲ ਹੱਲ ਕਰਨਾ ਚਾਹੁੰਦਾ ਹੈ। ਨਵਾਜ਼ ਸ਼ਰੀਫ਼ ਦਾ ਭਾਰਤ ਪਹੁੰਚਣਾ ਵੀ ਇਹੀ ਦਰਸਾਉਂਦਾ ਹੈ ਕਿ ਉਹ ਪਾਕਿਸਤਾਨ ਤੇ ਭਾਰਤ ਦਰਮਿਆਨ ਆਈ ਖੜੋਤ ਨੂੰ ਤੋੜ ਕੇ ਨਵੇਂ ਸਿਰਿਓਂ ਗੱਲਬਾਤ ਦਾ ਸਿਲਸਿਲਾ ਸ਼ੁਰੂ ਕਰਨ ਦੇ ਹੱਕ ਵਿਚ ਹੈ। ਭਾਰਤ ਅਤੇ ਪਾਕਿਸਤਾਨ ਵਿਚ ਇਹ ਖੜੋਤ ਦਾ ਸਮਾਂ ਉਦੋਂ ਸ਼ੁਰੂ ਹੋਇਆ ਜਦੋਂ ਕਾਰਗਿਲ ਯੁੱਧ ਕਾਰਨ ਸੰਨ 1999 ਵਿਚ ਸ਼ੁਰੂ ਹੋਈ ਮਿੱਤਰਤਾ ਵਾਲੀ ਬੱਸ ਲੀਹਾਂ ਤੋਂ ਲਾਂਭੇ ਹੋ ਗਈ ਸੀ। ਇੱਕ ਵਾਰ ਤਾਂ ਇਹ ਮਹਿਸੂਸ ਹੋਇਆ ਸੀ ਕਿ ਵਾਜਪਾਈ ਅਤੇ ਸ਼ਰੀਫ਼ ਦੀ ਮਿੱਤਰਤਾ ਵਾਲੀ ਬੱਸ ਬਹੁਤ ਅੱਗੇ ਲੰਘ ਜਾਵੇਗੀ, ਤੇ ਦੋਵਾਂ ਦੇਸ਼ਾਂ ਦੀ ਨਫ਼ਰਤ ਬੀਤੇ ਦੀ ਗੱਲ ਹੋ ਕੇ ਰਹਿ ਜਾਵੇਗੀ ਪਰ ਅਜਿਹਾ ਨਾ ਹੋ ਸਕਿਆ।

ਅਸਲ ਵਿਚ ਪਾਕਿਸਤਾਨ ਦੀਆਂ ਕੱਟੜਪੰਥੀ ਸ਼ਕਤੀਆਂ ਨੂੰ ਇਹ ਕਦਾਚਿਤ ਮਨਜ਼ੂਰ ਨਹੀਂ ਸੀ ਕਿ ਦੋਵਾਂ ਦੇਸ਼ਾਂ ਦਰਮਿਆਨ ਮਿਲਵਰਤਨ ਸਦਭਾਵਨਾ ਤੇ ਦੋਸਤੀ ਵਧੇ-ਫੁੱਲੇ। ਸਿੱਟੇ ਵਜੋਂ ਧੱਕੇ ਨਾਲ ਕਾਰਗਿਲ ਯੁੱਧ ਸਾਡੇ ਪੱਲੇ ਪਾ ਦਿੱਤਾ ਗਿਆ। ਪੂਰਾ ਡੇਢ ਦਹਾਕਾ ਆਪਸੀ ਈਰਖਾ, ਨਫ਼ਰਤ ਤੇ ਇਲਜ਼ਾਮਤਰਾਸ਼ੀ ਵਿਚ ਹੀ ਗੁਜ਼ਰ ਗਿਆ। ਪਰਵੇਜ਼ ਮੁਸ਼ੱਰਫ਼ ਵਾਲਾ ਸ਼ਾਸਕੀ ਸਮਾਂ ਵੀ ਹੈਂਕੜਬਾਜ਼ੀ ਦੀ ਭੇਟ ਚੜ੍ਹ ਗਿਆ ਅਤੇ ਤਾਨਾਸ਼ਾਹੀ ਸ਼ਾਸਕ ਪੂਰੇ ਤਣਾਅ ਦਾ ਸਬੱਬ ਬਣਿਆ ਰਿਹਾ। ਪਾਕਿਸਤਾਨ ਪੀਪਲਜ਼ ਪਾਰਟੀ ਦੇ ਸ਼ਾਸਨ ਵੇਲੇ ਰਾਸ਼ਟਰਪਤੀ ਜ਼ਰਦਾਰੀ ਦੇ ਇਹ ਸ਼ਬਦਾਂ ਨੇ ਹਿੰਦ ਵਾਸੀਆਂ ਨੂੰ ਥੋੜ੍ਹਾ ਜਿਹਾ ਧਰਵਾਸ ਦਿੱਤਾ ਸੀ ਜਦੋਂ ਉਨ੍ਹਾਂ ਇੱਕ ਵੀਡੀਓ ਕਾਨਫਰੰਸ ਵਿਚ ਕਿਹਾ ਸੀ ਕਿ ਉਨ੍ਹਾਂ ਨੂੰ ਹਰ ਹਿੰਦ ਵਾਸੀ ਵਿਚੋਂ ਪਾਕਿਸਤਾਨੀ ਚਿਹਰਾ ਨਜ਼ਰ ਆਉਂਦਾ ਹੈ, ਤੇ ਹਰ ਪਾਕਿਸਤਾਨੀ ਹਿੰਦ ਵਾਸੀ ਦੀ ਝਲਕ ਪੇਸ਼ ਕਰਦਾ ਹੈ।

ਸਾਲ 2008 ਵਿਚ ਵਾਪਰੇ ਮੁੰਬਈ ਕਾਂਡ ਨੇ ਇੱਕ ਦਫਾ ਫਿਰ ਦੋਵਾਂ ਦੇਸ਼ਾਂ ਦਰਮਿਆਨ ਨਫ਼ਰਤ ਦੀ ਦੀਵਾਰ ਹੋਰ ਪੱਕੀ ਕਰ ਦਿੱਤੀ ਸੀ। ਮੁਹੰਮਦ ਕਸਾਬ ਮੌਕੇ ਵਾਰਦਾਤ ਤੋਂ ਫੜਿਆ ਇੱਕੋ-ਇੱਕ ਜਿਉਂਦਾ ਅਤਿਵਾਦੀ ਪਾਕਿਸਤਾਨ ਦਾ ਨਾਗਰਿਕ ਨਿਕਲਿਆ। ਪਹਿਲਾਂ ਤਾਂ ਪਾਕਿਸਤਾਨ ਦੀ ਹਕੂਮਤ ਕਸਾਬ ਨੂੰ ਪਾਕਿਸਤਾਨੀ ਨਾਗਰਿਕ ਮੰਨਣ ਤੋਂ ਇਨਕਾਰ ਕਰਦੀ ਰਹੀ ਪਰ ਜਦੋਂ ਪਾਕਿਸਤਾਨ ਦੇ ਮੀਡੀਏ ਦੇ ਇੱਕ ਹਿੱਸੇ ਵੱਲੋਂ ਸਬੂਤਾਂ ਸਮੇਤ ਦਰਸਾ ਦਿੱਤਾ ਗਿਆ ਤਾਂ ਹਕੂਮਤ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਇੱਥੇ ਹੀ ਬਸ ਨਹੀਂ, ਹਿੰਦ ਵੱਲੋਂ ਪੂਰੇ ਸਬੂਤ ਮੁਹੱਈਆ ਕੀਤੇ ਜਾਣ ਦੇ ਬਾਵਜੂਦ ਹੁਣ ਤਕ ਇਹ ਕੇਸ ਕੀੜੀ ਦੀ ਚਾਲ ਤੁਰਦਾ ਆ ਰਿਹਾ ਹੈ ਜਿਸ ਨੇ ਹਿੰਦ ਵਾਸੀਆਂ ਦੀ ਪਾਕਿਸਤਾਨ ਪ੍ਰਤੀ ਈਰਖਾ ਵਿਚ ਵਾਧਾ ਕੀਤਾ ਹੈ। ਉਨ੍ਹਾਂ ਨੂੰ ਲੱਗਿਆ ਹੈ ਕਿ ਪਾਕਿਸਤਾਨ ਜਾਣ ਬੁੱਝ ਕੇ ਕਸਾਬ ਵਾਲੇ ਕੇਸ ਨੂੰ ਕਮਜ਼ੋਰ ਤੇ ਲਮਕਾ ਰਿਹਾ ਹੈ। ਇਹੀ ਲਮਕਾਉਣ ਵਾਲੀ ਨੀਤੀ ਨੇ ਦੋਵਾਂ ਦੇਸ਼ਾਂ ਦਰਮਿਆਨ ਦੂਰੀਆਂ ਪੈਦਾ ਕੀਤੀਆਂ ਹੋਈਆਂ ਹਨ।

ਇਨ੍ਹਾਂ ਦੂਰੀਆਂ ਦਾ ਇੱਕ ਕਾਰਨ ਇਹ ਵੀ ਸੀ ਕਿ ਹਿੰਦ ਕਈ ਦਫ਼ਾ ਇਨ੍ਹਾਂ ਗੱਲਾਂ ਦਾ ਇੰਕਸ਼ਾਫ਼ ਕਈ ਕੌਮੀ ਤੇ ਕੌਮਾਂਤਰੀ ਮੰਚਾਂ 'ਤੇ ਵੀ ਕਰ ਚੁੱਕਾ ਹੈ ਕਿ ਪਾਕਿਸਤਾਨ ਦੀ ਸਰਜ਼ਮੀਨ ਤੋਂ ਅਤਿਵਾਦੀ ਸਿਖਲਾਈ ਲੈ ਕੇ ਹਿੰਦ ਵਿਚ ਅਫਰਾ-ਤਫਰੀ ਦਾ ਮਾਹੌਲ ਸਿਰਜ ਰਹੇ ਹਨ। ਹਿੰਦ ਵੱਲੋਂ ਬਾਕਾਇਦਾ ਇਨ੍ਹਾਂ ਸਿਖਲਾਈ ਕੈਂਪਾਂ ਦੇ ਸਬੂਤ ਮੁਹੱਈਆ ਕਰਨ ਦੇ ਬਾਵਜੂਦ ਪਾਕਿਸਤਾਨ ਹਾਕਮਾਂ ਨੇ ਕਦੇ ਵੀ ਇਸ ਮੁੱਦੇ ਨੂੰ ਗੰਭੀਰਤਾ ਨਾਲ ਨਹੀਂ ਲਿਆ, ਤੇ ਨਾ ਹੀ ਕਦੇ ਇੰਝ ਲੱਗਿਆ ਕਿ ਪਾਕਿਸਤਾਨ ਅਤਿਵਾਦ ਦੇ ਮੁੱਦੇ 'ਤੇ ਕੋਈ ਠੋਸ ਰਣਨੀਤੀ ਅਪਣਾ ਰਿਹਾ ਹੈ। ਇੱਥੇ ਹੀ ਬਸ ਨਹੀਂ ਪਾਕਿਸਤਾਨੀ ਸੈਨਾ 'ਤੇ ਵੀ ਅਨੇਕਾਂ ਦਫ਼ਾ ਅਜਿਹੇ ਸੰਗੀਨ ਦੋਸ਼ ਲੱਗੇ ਹਨ ਕਿ ਉਹ ਜਾਣ ਬੁੱਝ ਕੇ ਹਿੰਦ ਨੂੰ ਅਸਥਿਰ ਬਣਾਉਣ ਦੀ ਤਾਕ ਵਿਚ ਰਹਿੰਦੀ ਹੈ। ਇੱਥੋਂ ਤਕ ਕਿ ਨਵਾਜ਼ ਸ਼ਰੀਫ਼ ਦੀ ਹਿੰਦ ਫੇਰੀ ਵਿਚ ਵੀ ਰੋੜਾ ਬਣਨ ਦੀ ਕੋਸ਼ਿਸ਼ ਕੀਤੀ ਗਈ। ਬਿਲਕੁਲ ਅਜਿਹਾ ਹੀ ਹਾਲ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਦਾ ਹੈ ਜਿਸ ਨੇ ਹਮੇਸ਼ਾਂ ਦੋਵਾਂ ਦੇਸ਼ਾਂ ਦਰਮਿਆਨ ਪਈ ਖਾਈ ਨੂੰ ਹੋਰ ਵਧਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਰਤੀ ਸੈਨਿਕ ਹੇਮਰਾਜ ਦਾ ਕੇਸ ਸਾਡੇ ਸਾਹਮਣੇ ਹੈ ਜਿਸ ਨੇ ਭਾਰਤ ਨੂੰ ਪਾਕਿਸਤਾਨ ਤੋਂ ਹੋਰ ਦੂਰ ਕੀਤਾ ਸੀ ਪਰ ਹੁਣ ਜਦੋਂ ਭਾਰਤ ਦੀ ਨਵੀਂ ਸਰਕਾਰ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਲਾਹੌਰ ਵਿਚ ਪਾਕਿਸਤਾਨ ਦੇ ਵਜ਼ੀਰੇ-ਆਜ਼ਮ ਨੇ ਕਿਹਾ ਕਿ ਉਹ ਹਿੰਦ ਅਮਨ ਦਾ ਸੁਨੇਹਾ ਲੈ ਕੇ ਚੱਲੇ ਹਨ ਤਾਂ ਥੋੜ੍ਹਾ ਜਿਹਾ ਧਰਵਾਸ ਹੋਇਆ ਕਿ ਦੋਵੇਂ ਮੁਲਕ ਗੱਲਬਾਤ ਦੀ ਮੇਜ਼ 'ਤੇ ਬੈਠ ਕੇ ਤਾਰਪੀਡੋ ਹੋਈ ਦੋਸਤੀ ਦੀਆਂ ਗੰਢਾਂ ਨੂੰ ਖੋਲ੍ਹਣ ਲਈ ਜ਼ਮੀਨ ਤਿਆਰ ਕਰ ਰਹੇ ਹਨ। ਇਹ ਜ਼ਮੀਨ ਤਾਂ ਹੀ ਤਿਆਰ ਹੋ ਸਕਦੀ ਹੈ ਜੇ ਪਾਕਿਸਤਾਨ ਦੀ ਹਕੂਮਤ ਸੱਚੇ ਦਿਲੋਂ ਇਹ ਤਹੱਈਆ ਕਰੇ ਕਿ ਪਾਕਿਸਤਾਨ ਦੀ ਧਰਤੀ ਤੋਂ ਹਰ ਹੀਲੇ ਅਤਿਵਾਦੀ ਸਿਖਲਾਈ ਕੈਂਪਾਂ ਨੂੰ ਬੰਦ ਕਰ ਕੇ ਉਨ੍ਹਾਂ ਨੂੰ ਖਦੇੜਿਆ ਜਾਵੇਗਾ ਪਰ ਹੁਣ ਉਸ ਦੇ ਰਵੱਈਏ ਤੋਂ ਅਜਿਹੇ ਸੰਕੇਤ ਨਹੀਂ ਮਿਲ ਰਹੇ। ਹਾਲ ਹੀ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਪਾਕਿਸਤਾਨੀ ਹਮਰੁਤਬਾ ਮੀਆਂ ਨਵਾਜ਼ ਸ਼ਰੀਫ਼ ਨੂੰ ਚਿੱਠੀ ਭੇਜ ਕੇ ਸ਼ਾਂਤੀ ਤੇ ਟਕਰਾਅ ਮੁਕਤ ਦੁਵੱਲੇ ਰਿਸ਼ਤਿਆਂ ਦਾ ਨਵਾਂ ਅਧਿਆਇ ਲਿਖਣ ਦਾ ਸੱਦਾ ਦਿੱਤਾ ਹੈ ਪਰ ਪਾਕਿਸਤਾਨ ਨੇ ਨਾਲ ਹੀ ਜੰਮੂ-ਕਸ਼ਮੀਰ ਦੇ ਪੁਣਛ ਸੈਕਟਰ 'ਚ ਭਾਰਤੀ ਚੌਕੀਆਂ 'ਤੇ ਗੋਲੀਆਂ ਚਲਾ ਕੇ ਆਪਣੇ ਨਾਪਾਕ ਇਰਾਦੇ ਜੱਗ ਜ਼ਾਹਰ ਕਰ ਦਿੱਤੇ ਹਨ। ਅਜਿਹੀ ਸਥਿਤੀ ਵਿਚ ਦੋਵਾਂ ਮੁਲਕਾਂ ਵਿਚ ਖਟਾਸ ਪੈਦਾ ਹੋਣੀ ਸੁਭਾਵਿਕ ਹੈ।

ਪਾਕਿਸਤਾਨੀ ਹਾਕਮਾਂ ਨੂੰ ਆਪਣੀ ਕਹਿਣੀ ਤੇ ਕਰਨੀ 'ਤੇ ਪੂਰਾ ਉੱਤਰਨਾ ਪਵੇਗਾ। ਸ਼ਿਮਲਾ ਸਮਝੌਤਾ ਤੇ ਲਾਹੌਰ ਐਲਾਨਨਾਮੇ ਨੂੰ ਧਿਆਨ 'ਚ ਰੱਖ ਕੇ ਹੀ ਅਗਲੇ ਕਦਮ ਚੁੱਕੇ ਜਾਣ। ਪਾਕਿਸਤਾਨ ਨੂੰ ਕਸ਼ਮੀਰ ਮੁੱਦੇ 'ਤੇ ਰਾਜਸੀ ਰੋਟੀਆਂ ਸੇਕਣੀਆਂ ਬੰਦ ਕਰਨੀਆਂ ਹੋਣਗੀਆਂ। ਇਸ ਦੇ ਨਾਲ ਹੀ ਸ਼ਰੀਫ਼ ਸਰਕਾਰ ਨੂੰ ਪਾਕਿਸਤਾਨ ਦੀਆਂ ਘੱਟ ਗਿਣਤੀਆਂ ਖ਼ਾਸ ਕਰ ਕੇ ਹਿੰਦੂ-ਸਿੱਖ ਫ਼ਿਰਕਿਆਂ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਤੇ ਅਦਾਰਿਆਂ ਦੀ ਰਾਖੀ ਯਕੀਨੀ ਬਣਾਉਣੀ ਹੋਵੇਗੀ। ਇਨ੍ਹਾਂ ਕੌਮਾਂ ਨਾਲ ਬਰਾਬਰੀ ਦਾ ਸਲੂਕ ਵੀ ਹਿੰਦ ਨੂੰ ਪਾਕਿਸਤਾਨ ਨੇੜੇ ਲਿਆ ਸਕਦਾ ਹੈ।

ਜੇ ਪਾਕਿਸਤਾਨ ਦੀ ਹਕੂਮਤ ਅਜਿਹੇ ਕੁਝ ਕਦਮ ਚੁੱਕਦੀ ਹੈ ਤਾਂ ਲੱਗੇਗਾ ਕਿ ਪਾਕਿਸਤਾਨ ਹਿੰਦ ਨਾਲ ਦੂਰੀਆਂ ਮੇਟਣ ਲਈ ਗੰਭੀਰ ਹੈ। ਨਵਾਜ਼ ਸ਼ਰੀਫ਼ ਦੀ ਹਿੰਦ ਫੇਰੀ ਵੀ ਤਾਂ ਹੀ ਰੰਗ ਲਿਆ ਸਕਦੀ ਹੈ ਜੇ ਕੱਟੜਵਾਦੀ ਤਾਕਤਾਂ ਨਾਲ ਲੋਹਾ ਲਿਆ ਜਾਵੇ ਅਤੇ ਇਤਿਹਾਸ ਤੋਂ ਸਬਕ ਸਿੱਖ ਕੇ ਜੰਗਬੰਦੀ ਦੀਆਂ ਵਾਰ-ਵਾਰ ਹੁੰਦੀਆਂ ਉਲੰਘਣਾਵਾਂ ਨੂੰ ਸਖ਼ਤੀ ਨਾਲ ਰੋਕਿਆ ਜਾਵੇ। ਇਸ ਤਰ੍ਹਾਂ ਕਰਨ ਦੋਵਾਂ ਮੁਲਕਾਂ ਵਿਚਲੀਆਂ ਇਹ ਦੂਰੀਆਂ ਕਾਫ਼ੀ ਹੱਦ ਤਕ ਖ਼ਤਮ ਹੋ ਸਕਦੀਆਂ ਹਨ। ਅਜਿਹਾ ਕਰਨ ਨਾਲ ਹੀ ਹਿੰਦ ਵਾਸੀਆਂ ਦਾ ਪਾਕਿਸਤਾਨ ਪ੍ਰਤੀ ਵਿਸ਼ਵਾਸ ਵਧੇਗਾ ਤੇ ਭਵਿੱਖ 'ਚ ਦੋਵੇਂ ਮੁਲਕ ਵਿਕਾਸ ਦੀਆਂ ਨਵੀਆਂ ਮੰਜ਼ਿਲਾਂ ਛੂਹ ਸਕਣਗੇ।

# ਜਲੰਧਰ ਦੂਰਦਰਸ਼ਨ ਦੀਆਂ ਸਾਂਝਾਂ

## ਪੰਜਾਬੀ ਗਾਇਕੀ ਦੇ ਅੰਦਰ ਬਾਹਰ



ਐਸ. ਅਸ਼ੋਕ ਭੌਰਾ

ਜੇ ਕਿਸੇ ਨੂੰ ਗਾਉਣ ਦੇ ਨਾਲ-ਨਾਲ ਨੱਚਣਾ ਵੀ ਆਉਂਦਾ ਹੋਵੇ ਤਾਂ ਹਾਲਾਤ ਇਹ ਬਣਦੇ ਹਨ ਜਿਵੇਂ ਦੁੱਧ ਚਿੱਟੇ ਕੱਪੜਿਆਂ ਵਿਚ ਹੀਰਿਆਂ 'ਚ ਜੜੇ ਗਹਿਣੇ ਪਹਿਨ ਧਮਾਲ ਪਾਉਣ ਲਈ ਪਰੀਆਂ ਅਰਸ਼ੋਂ ਉਤਰ ਆਈਆਂ ਹੋਣ। ਮੈਨੂੰ ਗਾਉਣਾ ਤੇ ਨੱਚਣਾ, ਦੋਵੇਂ ਕੰਮ ਨਹੀਂ ਆਉਂਦੇ। ਹਾਂ, ਇਹ ਮਾਣ ਨਾਲ ਕਹਾਂਗਾ ਕਿ ਮੈਨੂੰ ਲਿਖਣਾ ਵੀ ਆਉਂਦਾ ਹੈ, ਤੇ ਬੋਲਣਾ ਵੀ; ਜਿਵੇਂ ਕਈ ਵਾਰ ਬੋਤਲ ਵੀ ਕਮਾਲ ਦੀ ਹੁੰਦੀ ਹੈ ਤੇ ਵਿਚ ਦਾਰੂ ਵੀ। ਲਿਖਣ ਮੈਂ ਅੱਠਵੀਂ 'ਚ ਪੜ੍ਹਦਾ 1977 ਵਿਚ ਲੱਗ ਪਿਆ, ਤੇ ਬੋਲਣ ਲਈ ਮੰਚ 1982 ਵਿਚ ਮਿਲਿਆ। ਉਦੋਂ ਇਤਫਾਕ ਇਹ ਹੋਇਆ ਕਿ ਕਿਸੇ ਵੇਲੇ ਮੇਰੇ ਪਿੰਡ ਭੌਰੇ ਵਿਚ ਕਬੱਡੀ ਤੇ ਫੁੱਟਬਾਲ ਦਾ ਟੂਰਨਾਮੈਂਟ ਬੜਾ ਕਮਾਲ ਦਾ ਹੁੰਦਾ ਸੀ ਤੇ ਮੇਰੇ ਤੋਂ ਕਾਫ਼ੀ ਵੱਡਾ ਮੇਰਾ ਪੇਂਡੂ ਨਰਿੰਦਰ ਸਿੰਘ ਅਟਵਾਲ ਇਸ ਖੇਡ ਮੇਲੇ ਦੇ ਇਨਾਮ ਵੰਡ ਸਮਾਗਮ ਦੀ ਸਟੇਜ ਬੜੀ ਆਲ੍ਹਾ ਚਲਾਉਂਦਾ ਸੀ। ਉਹਦੇ ਬੋਲਣ ਦੇ ਅੰਦਾਜ਼ ਤੋਂ ਹਰ ਕੋਈ ਪ੍ਰਭਾਵਿਤ ਸੀ ਤੇ ਦਿਲਬਾਗ ਸਿੰਘ ਨਵਾਂ ਸ਼ਹਿਰ ਵੀ ਉਹਦੀ ਬੜੀ ਸਿਫ਼ਤ ਕਰਿਆ ਕਰਦੇ ਸਨ, ਪਰ ਸਮੱਸਿਆ ਇਹ ਸੀ ਕਿ ਉਹ ਬੋਲ ਅਧੀਆ ਪੀ ਕੇ ਹੀ ਸਕਦਾ ਸੀ। ਉਹ ਬਿਮਾਰ ਹੋ ਗਿਆ, ਤਾਂ ਉਹੀ ਸਟੇਜ ਮੈਨੂੰ ਮਿਲ ਗਈ...ਫਿਰ ਚੱਲ ਸੋ ਚੱਲ। ਮੈਂ ਸਿਰਫ਼ ਬੋਲਣ ਤੇ ਲਿਖਣ ਦੇ ਸਹਾਰੇ ਦੁਨੀਆਂ ਦਾ ਬੜਾ ਕੀਮਤੀ ਹਿੱਸਾ ਦੇਖ ਲਿਆ ਹੈ। ਲੰਡਨ ਸਮੇਤ ਬੜੇ ਰੇਡੀਓ ਸਟੇਸ਼ਨਾਂ 'ਤੇ ਕੰਮ ਕਰ ਲਿਆ ਹੈ। ਬੀ.ਬੀ.ਸੀ. ਤੋਂ ਬੋਲ ਲਿਆ ਹੈ ਤੇ ਇਹ ਸਤਰਾਂ ਲਿਖਣ ਵੇਲੇ ਤੱਕ ਵੀ ਮੈਂ ਕੈਲੀਫੋਰਨੀਆ ਦੇ 'ਚੜ੍ਹਦੀ ਕਲਾ' ਰੇਡੀਓ ਦਾ ਕਾਰਜ ਭਾਗ ਦੇਖ ਰਿਹਾ ਹਾਂ। ਉਂਜ, ਬੋਲਣ ਦਾ ਜੋ ਪ੍ਰਮਾਣਿਤ ਰੁਤਬਾ ਮੇਰੇ ਨਸੀਬੀਂ ਹੋਇਆ ਹੈ, ਤਾਂ ਕੁਲ ਆਲ ਇੰਡੀਆ ਰੇਡੀਓ ਕਰ ਕੇ, ਤੇ ਬਹੁਤਾ ਜਲੰਧਰ ਦੂਰਦਰਸ਼ਨ ਕਰ ਕੇ ਹੈ। ਜ਼ਿੰਦਗੀ ਜਿਉਣ ਲਈ ਜੋ ਕੁੱਝ ਮੈਨੂੰ ਸਕੂਲ ਤੇ ਇੰਜੀਨੀਅਰਿੰਗ ਕਾਲਜ ਨੇ ਵਿਦਿਆ ਦੇ ਰੂਪ ਵਿਚ ਦਿੱਤਾ ਹੈ, ਉਸ ਤੋਂ ਕਈ ਗੁਣਾ ਵੱਡਾ ਯੋਗਦਾਨ ਦੂਰਦਰਸ਼ਨ ਦਾ ਹੈ। ਇਸੇ ਲਈ 'ਰੂਪ ਬਸੰਤ' ਦੇ ਕਿੱਸੇ ਵਾਂਗ ਇਸ ਕੇਂਦਰ ਦੀ ਲੰਬੀ ਬਾਤ ਪਾਉਣ ਲੱਗਾ ਹਾਂ, ਪਰ ਮੈਂ ਉਨ੍ਹਾਂ ਪਾਠਕਾਂ ਤੋਂ ਖਿਮਾ ਚਾਹਾਂਗਾ ਜੋ ਇਸ ਨੂੰ ਸ਼ਾਇਦ ਨਿੱਜ ਦੀ ਗੱਲ ਸਮਝਣ। ਉਂਜ ਉਹ ਚੇਤੰਨ ਲੋਕ ਸਮਝ ਜਾਣਗੇ ਕਿ ਜੇ ਚਿੱਤਰਕਾਰ ਸੋਭਾ ਸਿੰਘ ਤੇ ਪਾਬਲੋ ਪਿਕਾਸੋ ਵਾਂਗ ਵਾਹਿਗੁਰੂ ਦੀ ਦਿੱਤੀ ਕਲਾ ਅੰਗੂਰਾਂ ਦੀ ਵੇਲ ਵਾਂਗ ਅੰਦਰੋਂ ਫੁੱਟ ਪਵੇ ਤਾਂ ਕਿਸ ਨੂੰ ਸੁਆਲ ਕਰਨ ਦਾ ਮੌਕਾ ਹੀ ਨਹੀਂ ਮਿਲਦਾ ਕਿ ਤੁਹਾਡੀ ਵਿਦਿਅਕ ਜਾਂ ਦਸਤਕਾਰੀ ਦੀ ਯੋਗਤਾ ਕੀ ਹੈ; ਕਿਉਂਕਿ ਦੁਨੀਆਂ ਦੇ ਬਹੁਤੇ ਸਾਰੇ ਮਹਾਨ ਲੋਕਾਂ ਨੇ ਰੋਟੀ ਹੀ ਕਲਾ ਸਿਰੋਂ ਨਹੀਂ ਖਾਧੀ, ਬਲਕਿ ਸਤਿਕਾਰ ਨਾਲ ਵੀ ਬੁੱਕ ਭਰੇ ਹਨ।

ਮੇਰੀ ਲੇਖਣੀ 'ਤੇ ਗਿਆਨੀ ਸੋਹਣ ਸਿੰਘ ਸੀਤਲ ਦਾ ਵੀ ਅਸਰ ਹੈ, ਬੇਕਨ ਦਾ ਵੀ ਤੇ ਕਿਤੇ-ਕਿਤੇ ਬੂਟਾ ਸਿੰਘ ਸ਼ਾਦ ਤੇ ਸੰਤ ਸਿੰਘ ਸੇਖੋਂ ਦਾ ਵੀ। ਵਰਤਮਾਨ ਸਮੇਂ ਦੇ ਫਿਲਾਸਫ਼ਰ ਨਰਿੰਦਰ ਸਿੰਘ ਕਪੂਰ ਦੇ ਪ੍ਰਭਾਵ ਤੋਂ ਵੀ ਨਹੀਂ ਬਚਿਆ ਹੋਇਆ। ਦਸਵੀਂ ਜਮਾਤ ਵਿਚ ਮੈਂ ਸਲੇਬਸ 'ਚ ਸੋਹਣ ਸਿੰਘ ਸੀਤਲ ਦਾ ਨਾਵਲ ਪੜ੍ਹਿਆ ਸੀ। ਉਦੋਂ ਮੈਨੂੰ ਹਰਗਿਜ ਨਹੀਂ ਸੀ ਪਤਾ ਕਿ ਉਹ ਢਾਡੀ ਵੀ ਹੈ, ਤੇ ਉਂਜ ਵੀ ਇਹ ਧਾਰਨਾ ਹੁਣ ਤੱਕ ਬਣੀ ਰਹੀ ਹੈ ਕਿ ਜਿਹੜੇ ਸੀਤਲ ਸਾਹਿਬ ਨੂੰ ਨਾਵਲਕਾਰ ਵੱਲੋਂ ਜਾਣਦੇ ਹਨ, ਉਹ ਮੰਨਦੇ ਹੀ ਨਹੀਂ ਕਿ ਉਹ ਢਾਡੀ ਵੀ ਹੋ ਸਕਦਾ ਹੈ; ਤੇ ਜਿਨ੍ਹਾਂ ਨੇ ਉਹਦੇ ਢਾਡੀ ਜੱਥੇ ਨੂੰ ਸੁਣਿਆ ਹੈ, ਉਹ ਮੁਨਕਰ ਹੁੰਦੇ ਰਹੇ ਹਨ ਕਿ ਕੋਈ ਢਾਡੀ ਇਨਾ ਵਧੀਆ ਨਾਵਲਕਾਰ ਨਹੀਂ ਹੋ ਸਕਦਾ। ਲੈਕਚਰ ਕਰਨ ਵਿਚ ਗਿਆਨੀ ਸੋਹਣ ਸਿੰਘ ਸੀਤਲ ਅਤੇ ਦਇਆ ਸਿੰਘ ਦਿਲਬਰ ਦਾ ਮੇਰੇ 'ਤੇ ਸਿੱਧਾ ਅਸਰ ਸੀ। ਇਸੇ ਲਈ ਮੈਂ ਢਾਡੀ ਕਲਾ ਤੇ ਢਾਡੀਆਂ ਬਾਰੇ ਲਿਖਣ ਵੱਲ ਖਿੱਚਿਆ ਗਿਆ। ਉਮਰ ਦੇ ਵਕਫ਼ੇ ਕਰ ਕੇ ਮੈਂ ਕਰਨੈਲ ਸਿੰਘ ਪਾਰਸ ਨੂੰ ਬਹੁਤਾ ਸੁਣ ਨਹੀਂ ਸਕਿਆ, ਪਰ ਇਹ ਜ਼ਰੂਰ ਜਾਣਦਾ ਹਾਂ ਕਿ ਬੋਲਣ ਦੀ ਕਲਾ ਕਰ ਕੇ ਬਲਵੰਤ ਸਿੰਘ ਰਾਮੂਵਾਲੀਏ ਵਾਂਗ ਚੋਪੜੀਆਂ ਵੀ ਖਾਧੀਆਂ ਜਾ ਸਕਦੀਆਂ ਹਨ, ਤੇ ਰਾਜਨੀਤੀ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਤੋਂ ਲੈ ਕੇ ਪ੍ਰਕਾਸ਼ ਸਿੰਘ ਬਾਦਲ ਤੱਕ ਸਫਲਤਾ ਨਾਲ ਕੀਤੀ ਜਾ ਸਕਦੀ ਹੈ। ਲਿਖਣ ਵਿਚ ਤੇ ਅਖ਼ਬਾਰੀ ਦੁਨੀਆਂ ਵਿਚ ਪੈਰ ਟਿਕਾਉਣ ਲਈ ਮੈਨੂੰ ਬਰਜਿੰਦਰ ਸਿੰਘ ਹਮਦਰਦ ਨੇ ਪਿਉ ਵਰਗਾ ਪਿਆਰ ਤੇ ਬੁੱਕਲ ਦਾ ਮੋਹ ਦਿੱਤਾ ਹੈ, ਤੇ ਦੂਰਦਰਸ਼ਨ ਦਾ ਬੂਹਾ ਮੇਰੇ ਲਈ ਸ਼ਾਇਰ ਡਾ. ਲਖਵਿੰਦਰ ਜੌਹਲ ਨੇ ਸਭ ਤੋਂ ਪਹਿਲਾਂ ਖੋਲ੍ਹਿਆ ਸੀ। ਬਾਅਦ ਵਿਚ ਗਲਵਕੜੀਆਂ ਹੋਰ ਵੀ ਨਿਰਮਾਤਾਵਾਂ ਨੇ ਘੁੱਟ ਕੇ ਪਾਈਆਂ। ਸੱਚ ਇਹ ਵੀ ਹੈ ਕਿ ਦੂਰਦਰਸ਼ਨ ਦੀ ਸਤਿਕਾਰਯੋਗ ਸ਼ਖ਼ਸੀਅਤ ਹਰਜੀਤ ਸਿੰਘ ਵੀ ਮੈਥੋਂ ਨਿਆਣੀ ਉਮਰੇ ਨਵੇਂ ਸਾਲ ਦੇ ਕਈ ਪ੍ਰੋਗਰਾਮਾਂ ਵਿਚ ਸਲਾਹ ਲੈ ਲੈਂਦਾ ਸੀ। ਤੁਹਾਨੂੰ ਲਗਦਾ ਨਹੀਂ, ਕਈ ਵਾਰ ਬੰਦੇ ਨੂੰ ਪੈਂਟ ਹੀ ਕੀਮਤੀ ਨਹੀਂ ਪਾਈ ਹੁੰਦੀ, ਹੇਠਾਂ ਨਿੱਕਰ ਵੀ ਧਿਆਨ ਖਿੱਚ ਲੈਂਦੀ ਹੈ। ਤੇ ਜਦੋਂ ਚਰਖੇ ਦੀ ਹੱਥੀ ਚੂੜੇਵਾਲੀ ਬਾਂਹ ਨਾਲ ਫਿਰੇ, ਤਾਂ ਤੰਦ ਸੂਤ ਦਾ ਵੀ ਰੇਸ਼ਮੀ ਲੱਗਣ ਲੱਗ ਪੈਂਦਾ ਹੈ।



ਡਾ. ਲਖਵਿੰਦਰ ਜੌਹਲ

ਭਾਵੇਂ ਅੱਜ ਦੇ ਚੈਨਲਾਂ ਵਾਲੇ ਘੜਮੱਸ ਦੌਰ ਵਿਚ ਨਵੀਂ ਪੀੜ੍ਹੀ ਇਸ ਗੱਲ ਨੂੰ ਕੋਈ ਖਾਸ ਮਹੱਤਵ ਨਾ ਵੀ ਦੇਵੇ, ਪਰ ਇਹ ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਸਿਰਫ਼ ਦੂਰਦਰਸ਼ਨ ਦੀ ਸਰਦਾਰੀ ਸੀ, ਤੇ ਜਿਹੜਾ ਰਾਤ ਨੂੰ ਟੀ.ਵੀ. 'ਤੇ ਪੇਸ਼ ਹੋ ਕੇ ਗਿਆ ਹੋਵੇ, ਉਹਨੂੰ ਲੋਕ ਸਵੇਰੇ ਸੜਕਾਂ, ਗਲੀਆਂ ਤੇ ਬਾਜ਼ਾਰਾਂ ਵਿਚ ਰੋਕ ਕੇ ਪੁੱਛਦੇ ਸਨ-ਤੁਸੀਂ ਰਾਤੀਂ ਟੈਲੀਵਿਜ਼ਨ 'ਤੇ ਨ੍ਹੀਂ ਆਏ ਸੀ? ਉਦੋਂ ਲਾਹੌਰ ਜੇ ਕਦੇ ਫਿੱਕਾ-ਫਿੱਕਾ ਵੀ ਚੱਲ ਪੈਂਦਾ ਤਾਂ ਲੋਕ ਰੋਟੀ ਖਾਂਦੇ-ਖਾਂਦੇ ਮੰਜੇ ਤੋਂ ਛਾਲ ਮਾਰ ਕੇ ਰੌਲੀ ਪਾਉਣ ਲਗਦੇ ਸਨ-'ਭੱਜ ਕੇ, ਭੱਜ ਕੇ ਚੱਲ ਪਿਆ ਲਾਹੌਰ'। ਤੇ ਹੁਣ ਤੱਕ ਜੇ ਸਟਾਰਡਮ ਦੀ ਸਭ ਤੋਂ ਵੱਡੀ ਖਿਚ ਬਣੀ ਹੋਈ ਹੈ ਗੁਰਦਾਸ ਮਾਨ ਦੀ, ਤਾਂ ਮੰਨਣਾ ਪਵੇਗਾ ਕਿ ਇਹ ਸਾਰੇ ਦਾ ਸਾਰਾ ਸੂਤ ਜਲੰਧਰ ਦੂਰਦਰਸ਼ਨ ਨੇ ਕੱਤਿਆ ਹੈ, ਤੇ ਮੈਂ ਇਨ੍ਹਾਂ ਦਿਨਾਂ ਵਿਚ ਸੈਂਕੜੇ ਪ੍ਰੋਗਰਾਮ ਪੇਸ਼ ਕਰਨ ਵਿਚ ਸਫਲ ਹੀ ਨਹੀਂ ਹੋ ਸਕਿਆ ਸਾਂ ਬਲਕਿ ਹੋਰ ਅਨੇਕਾਂ ਲੋਕਾਂ ਨੂੰ ਬਾਂਹ ਫੜ ਕੇ ਅੰਦਰ ਵੀ ਲੰਘਾਇਆ। ਅੰਕੜੇ ਵਰਗੀ ਇਕ ਹੋਰ ਗੱਲ ਵੀ ਇਥੇ ਸਾਂਝੀ ਕਰ ਦਿਆਂ ਕਿ ਬਹੁਤੇ ਲੋਕ ਉਦੋਂ ਮਾਣ ਵਿਚ ਗੇਟ ਪਾਸ ਵੀ ਸੰਭਾਲ ਕੇ ਰੱਖਦੇ ਸਨ ਤੇ ਰਿਕਾਰਡਿੰਗ ਵਾਲੇ ਪੀਲੇ ਕਾਰਡ ਤੇ ਪੇਮੈਂਟ ਵਾਲੇ ਕੰਟਰੈਕਟ ਫਾਰਮਾਂ ਨਾਲ ਕਈਆਂ ਨੇ ਅੰਬੈਸੀਆਂ ਬੁੱਧੂ ਬਣਾ ਕੇ ਆਪ ਵੀਜ਼ੇ ਹੀ ਨਹੀਂ ਲਗਵਾਏ, ਸਗੋਂ ਨਾਲ ਕਬੂਤਰ ਵੀ ਬਹੁਤ ਉਡਾਏ। ਪਹਿਲੀ ਵਾਰ ਜਦੋਂ ਮੈਂ ਪ੍ਰੋਗਰਾਮ ਪੇਸ਼ ਕੀਤਾ ਤਾਂ ਮੇਕਅਪ ਵਾਲਾ ਮੂੰਹ ਘਰ ਆ ਕੇ ਤਾਂ ਧੋਤਾ ਸੀ ਤਾਕਿ ਦੱਸ ਸਕਾਂ ਜੰਗ ਜਿੱਤ ਕੇ ਆਇਆ ਹਾਂ, ਹਾਲਾਂਕਿ ਬੁੱਲ੍ਹਾਂ 'ਤੇ ਲੱਗੀ ਗੁਲਾਲੀ ਵੇਖ ਕੇ ਬੱਸ 'ਚ ਬੈਠੀਆਂ ਔਰਤਾਂ ਸਵਾਰੀਆਂ ਵੀ ਮੇਰੇ ਵੱਲ ਦੇਖ ਕੇ ਬੁੱਲ੍ਹਾਂ ਵਿਚ ਹੱਸਦੀਆਂ ਰਹੀਆਂ।



'ਸੰਦਲੀ ਦਰਵਾਜ਼ਾ' ਪ੍ਰੋਗਰਾਮ ਦੀ ਪੇਸ਼ਕਾਰੀ ਵੇਲੇ ਮੇਰਾ ਨਾਲ ਪ੍ਰੀਤੀ ਵਰਮਾ

ਭਾਜੀ ਬਰਜਿੰਦਰ ਸਿੰਘ ਜਦੋਂ ਸਾਧੂ ਸਿੰਘ ਹਮਦਰਦ ਦੀ ਮੌਤ ਤੋਂ ਬਾਅਦ 'ਅਜੀਤ' ਆ ਗਏ ਤਾਂ ਇਸ ਵੇਲੇ ਦੇ ਮੈਗਜ਼ੀਨ ਐਡੀਟਰ ਤੋਂ ਪਹਿਲਾਂ ਡਾ. ਲਖਵਿੰਦਰ ਜੌਹਲ ਸਨ। ਗਾਇਕਾਂ ਢਾਡੀਆਂ ਬਾਰੇ ਮੇਰਾ ਮੈਟਰ ਉਸ ਦੇ ਹੱਥਾਂ ਵਿਚੋਂ ਨਿਕਲਦਾ ਸੀ। ਬੱਸ, ਨੇੜਤਾ ਹੁੰਦੀ ਗਈ। ਦੋ ਕੁ ਸਾਲ ਬਾਅਦ ਉਸ ਨੂੰ ਸਹਾਇਕ ਨਿਰਮਾਤਾ ਦੀ ਨੌਕਰੀ ਜਲੰਧਰ ਦੂਰਦਰਸ਼ਨ 'ਤੇ ਮਿਲ ਗਈ। ਮੈਨੂੰ ਚਾਅ ਚੜ੍ਹ ਗਿਆ ਕਿ ਹੁਣ ਆਊ ਵਿਆਹ-ਮੁਕਲਾਵਾ 'ਕੱਠਾ। ਮੈਂ ਖੁੱਲ੍ਹ ਕੇ ਤਾਂ ਕਦੇ ਨਹੀਂ ਦੱਸਿਆ ਸੀ ਪਰ ਅੰਦਰਲੇ ਕਲਾਕਾਰ ਦੇ ਹੁੱਝਾਂ ਮਾਰਨ ਕਰ ਕੇ ਜੌਹਲ ਨੂੰ ਉਪਰੋਥਲੀ ਮਿਲਣ ਜਾਂਦਾ ਰਿਹਾ। ਸੱਚ ਇਹ ਵੀ ਹੈ ਕਿ ਸੰਨ ਸੰਤਾਲੀ ਤੱਕ ਬਹੁਤੇ ਗਾਇਕਾਂ ਦੀ ਦੂਰਦਰਸ਼ਨ ਤੱਕ ਪਹੁੰਚ ਨਹੀਂ ਸੀ ਜਿਨ੍ਹਾਂ ਵਿਚ ਉਸ ਵੇਲੇ ਐਨ ਸ਼ਿਖ਼ਰ 'ਤੇ ਬੈਠਾ ਕੁਲਦੀਪ ਮਾਣਕ ਵੀ ਸ਼ਾਮਲ ਸੀ। ਆਪਣੀ ਮਾਣਕ ਨਾਲ ਸਾਂਝ ਤੇ ਯਾਰੀ ਦੀ ਗੱਲ ਜਦੋਂ ਮੈਂ ਜੌਹਲ ਨਾਲ ਕੀਤੀ, ਤਾਂ ਉਹਦਾ ਸੁਆਲ ਸੀ, 'ਮਾਣਕ ਰੇਡੀਓ ਤੋਂ ਅਪਰੂਵ ਹੈ, ਜੇ ਹੈ ਤਾਂ ਕਿਹੜੇ ਗ੍ਰੇਡ ਵਿਚ।' ਉਦੋਂ ਅੱਜ ਵਾਂਗ ਇਹ ਨਹੀਂ ਸੀ ਕਿ ਜਿਹੜਾ ਉਠਿਆ, ਆ ਕੇ ਗਾਉਣ ਲੱਗ ਪਵੇ। ਆਲ ਇੰਡੀਆ ਰੇਡੀਓ ਤੋਂ ਬਲਵੀਰ ਸਿੰਘ ਕਲਸੀ ਵਰਗੇ ਸੰਗੀਤਕਾਰ ਕੋਲ ਇਮਤਿਹਾਨ ਦੇਣਾ ਪੈਂਦਾ ਸੀ ਤੇ ਕਈ ਗਵੱਈਏ ਸਟੇਜਾਂ 'ਤੇ ਕਿਹਾ ਕਰਦੇ ਸਨ, 'ਮੈਨੂੰ ਕਲਸੀ ਸਾਹਿਬ ਨੇ ਪਾਸ ਕੀਤਾ ਹੈ।'

ਖੈਰ! ਜੌਹਲ ਨੂੰ ਮੈਂ ਕਿਹਾ, 'ਮਾਣਕ ਘੌਲੀ ਬੰਦੈ, ਉਹਨੇ ਇਹ ਕੰਮ ਕਿਥੇ ਕੀਤਾ ਹੋਣਾ।' ਕਮਾਲ ਦੇਖੋ ਕਿ ਮਾਣਕ ਨੂੰ ਸਵੀਕਾਰ ਤਾਂ ਕਰ ਲਿਆ, ਪਰ ਦੂਰਦਰਸ਼ਨ ਦੇ ਸੰਗੀਤ ਵਾਲੇ 'ਏ' ਸ਼੍ਰੇਣੀ ਦੇ ਪ੍ਰੋਗਰਾਮ ਵਿਚ ਨਹੀਂ, ਉਨ੍ਹਾਂ ਦਿਨਾਂ ਵਿਚ ਚੱਲਦੇ 'ਮਹਿਕ ਵਤਨ ਦੀ' ਪ੍ਰੋਗਰਾਮ ਲਈ ਸੱਦਾ ਮਿਲ ਗਿਆ। ਯਕੀਨ ਕਰਿਓ, ਮਾਣਕ ਇਹ ਗੱਲ ਮੰਨਣ ਲਈ ਤਿਆਰ ਹੀ ਨਹੀਂ ਸੀ ਕਿ ਅਸ਼ੋਕ ਇਹ ਕੰਮ ਵੀ ਕਰ ਸਕਦਾ! ਤੇ ਅੰਤ ਜਦੋਂ 'ਪੰਜ ਵਜੇ ਬੰਦ ਹੋ ਗਈਆਂ ਕਚਿਹਰੀਆਂ', 'ਜਵਾਨੀ ਜੜ੍ਹਾਂ ਪੁੱਟਣ ਨੂੰ ਕਾਹਲੀ ਜ਼ਾਲਮ ਸਰਕਾਰ ਦੀਆਂ', 'ਇਨਕਲਾਬ ਜ਼ਿੰਦਾਬਾਦ' ਵਾਲੇ ਗੀਤ ਗਾਏ ਤਾਂ ਇਸ ਫਿੱਕੇ ਪ੍ਰੋਗਰਾਮ ਨੂੰ ਨਵਾਂ ਰੰਗ ਚੜ੍ਹ ਗਿਆ। ਜਦੋਂ ਸਟੂਡੀਓ ਵਿਚ ਕੈਮਰੇ ਚੱਲੇ ਤਾਂ ਮੇਰੇ ਹੌਲ ਪਵੇ ਕਿ ਮੇਰੀ ਫੋਟੋ ਤਾਂ ਰਹਿ ਗਈ ਪਰ ਜੌਹਲ ਕਹਿਣ ਲੱਗਾ, 'ਤੂੰ ਵੀ ਨਾਲ ਹੀ ਬਹਿ ਜਾ ਖੰਜਰੀ ਫੜ ਕੇ।' ਲੁਕੋ ਨਹੀਂ ਰੱਖਾਂਗਾ, ਜਦੋਂ ਪ੍ਰੋਗਰਾਮ ਚੱਲਿਆ ਤਾਂ ਆਂਢ-ਗੁਆਂਢ ਤੇ ਸਾਰਾ ਟੱਬਰ ਟੀ.ਵੀ. ਅੱਗੇ ਬੈਠਾ ਰਿਹਾ। ਮਾਂ ਤਾਂ ਖੁਸ਼ ਹੋ ਗਈ, ਪਰ ਵੱਡਾ ਭਰਾ ਕਹਿਣ ਲੱਗਾ, 'ਮੈਂ ਤਾਂ ਕਿਹਾ ਪ੍ਰੋਗਰਾਮ ਪੇਸ਼ ਕਰੇਂਗਾ। ਹਾਅ ਖੁਸਰਿਆਂ ਵਾਂਗ ਖੰਜਰੀ ਖੜਕਾਉਣ ਗਿਆ ਸੀ?' ਸਵੇਰ ਨੂੰ ਸਕੂਲ ਵਿਚ ਨਿਆਣੇ ਕਹਿਣਗੇ, ਮਾਸਟਰ ਸਾਡਾ ਆਹ ਕੀ ਕਰਦੈ?' ਚਾਅ ਤਾਂ ਚੱਲੋ ਮੇਰਾ 'ਮੱਠਾ ਹੋ ਹੀ ਗਿਆ ਪਰ ਦੁਰਦਸ਼ਾ ਮੇਰੀ ਇਹ ਸੀ ਜਿਵੇਂ ਵਿਆਹ ਵਾਲੇ ਦਿਨ ਕਿਸੇ ਦਾ ਵਿਚੋਲਾ ਰੁੱਸ ਗਿਆ ਹੋਵੇ। ਸੱਚੀਂ ਮੈਂ ਅਗਲੇ ਦਿਨ ਸ਼ਰਮਿੰਦਾ ਹੋ ਗਿਆ ਸਾਂ।

ਫਿਰ ਮੈਂ ਤਿੰਨ ਮਹੀਨੇ ਚੁੱਪ ਰਿਹਾ। ਉਨ੍ਹੀਂ ਦਿਨੀਂ ਜਲੰਧਰ ਦੂਰਦਰਸ਼ਨ ਦਾ ਸਭ ਤੋਂ ਵੱਧ ਹਿੱਟ ਪ੍ਰੋਗਰਾਮ ਸੀ 'ਕੱਚ ਦੀਆਂ ਮੁੰਦਰਾਂ'। ਲੋਕ ਇਸ ਪ੍ਰੋਗਰਾਮ ਨੂੰ ਬੇਸਬਰੀ ਨਾਲ ਉਡੀਕਦੇ ਸਨ ਤੇ ਇਸ ਨੂੰ ਪੇਸ਼ ਕਰਨ ਵਾਲੇ ਸੀ ਮਰਹੂਮ ਅਮਿਤੋਜ...ਤੇ ਉਹਦੇ ਵਰਗਾ ਟੀ.ਵੀ. ਹੋਸਟ ਸ਼ਾਇਦ ਹੀ ਕੋਈ ਬਣ ਸਕੇ। ਇਕ ਰਾਤ ਜਦੋਂ ਉਹਨੇ ਕਮਲਜੀਤ ਨੀਲੋਂ ਨੂੰ 'ਸੌਂ ਜਾ ਬੱਬੂਆ ਮਾਣੋ ਬਿੱਲੀ ਆਈ ਆ' ਨਾਲ ਪੇਸ਼ ਕੀਤਾ ਤਾਂ ਵੇਖ ਕੇ ਮੈਨੂੰ ਸਾਰੀ ਰਾਤ ਨੀਂਦ ਇਸ ਕਰ ਕੇ ਨਹੀਂ ਸੀ ਆਈ ਕਿ ਮੇਰਾ ਆਦਰਸ਼ ਅਮਿਤੋਜ ਬਣ ਗਿਆ ਸੀ। ਉਹਦੀ ਖਾਸੀਅਤ ਇਹ ਵੀ ਸੀ ਕਿ ਉਹਨੇ ਕਦੇ ਵੀ ਸਕਰਿਪਟ ਨਹੀਂ ਸੀ ਲਿਖੀ, ਬਹੁਤੀ ਵਾਰ ਉਹ ਪ੍ਰੋਗਰਾਮ ਵੀ ਦੋ-ਤਿੰਨ ਪੈੱਗ ਲਾ ਕੇ ਕਰਦਾ ਸੀ।

ਇਕ ਪ੍ਰੋਗਰਾਮ ਦਾ ਨਿਰਮਾਣ ਹਰਜੀਤ ਸਿੰਘ ਕੋਲ ਸੀ। ਮੈਨੂੰ ਇਉਂ ਲੱਗ ਰਿਹਾ ਸੀ ਕਿ ਜੌਹਲ ਤੋਂ ਤਾਂ ਖੈਰ ਨਹੀਂ ਪੈਣੀ, ਹਰਜੀਤ ਕੋਲ ਚੱਲਦੇ ਹਾਂ। ਅਗਲੇ ਦਿਨ ਸਕੂਲੋਂ ਛੁੱਟੀ ਕਰ ਕੇ ਸਿੱਧਾ ਜਲੰਧਰ। ਅੰਦਰ ਵੜਦਿਆਂ ਪਹਿਲਾਂ ਹੀ ਪੌੜੀਆਂ 'ਚ ਜੌਹਲ ਮਿਲ ਗਿਆ। ਆਖਣ ਲੱਗਾ, 'ਯਾਰ ਕਈ ਦਿਨਾਂ ਦਾ ਤੈਨੂੰ ਲੱਭਦਾ ਸੀ, ਚੰਗਾ ਹੋ ਗਿਆ ਮਿਲ ਗਿਆ ਤੂੰ।' ਮੇਰੇ ਮੂੰਹ ਵਿਚ ਜਿਵੇਂ ਸਾਬਤਾ ਲੱਡੂ ਫੁੱਟ ਗਿਆ ਹੋਵੇ। ਝੱਟ ਦੇਣੀ ਪੁੱਛਿਆ, 'ਹੁਕਮ ਸਰ।' ਕੰਨੀ ਦਾ ਕਿਆਰਾ ਫਿਰ ਸੁੱਕਾ ਰਹਿ ਗਿਆ...ਕਹਿਣ ਲੱਗਾ, ਢਾਡੀ ਦੀਦਾਰ ਸਿੰਘ ਰਟੈਂਡੇ 'ਤੇ ਡਾਕੂਮੈਂਟਰੀ ਬਣਾਉਣੀ ਆਂ। ਇਕ ਤਾਂ ਉਹਦੇ ਪੱਥਰ ਵਾਲੇ ਤਵੇ ਲਿਆ ਤੇ ਇਕ ਲਿਖ ਸਕਰਿਪਟ। ਪੇਸ਼ ਕਰ ਰਿਹੈ ਪ੍ਰੋ. ਅਤੈ ਸਿੰਘ। ਸੋਚਿਆ ਚਲੋ ਸਕਰੀਨ 'ਤੇ ਨਾਂ ਤਾਂ ਆਵੇਗਾ! ਗੜ੍ਹਸ਼ੰਕਰ ਦੁਆਬੇ ਮਿਊਜ਼ਿਕ ਵਾਲੇ ਰਾਜ ਹੋਰਾਂ ਤੋਂ ਜਿਹੜੇ ਮੈਂ ਪੱਥਰ ਦੇ ਚੌਦਾਂ ਤਵੇ ਲਿਜਾ ਕੇ ਦਿੱਤੇ ਸੀ, ਉਹ ਮੁੜ ਕੇ ਮੈਨੂੰ ਮਿਲੇ ਹੀ ਨਹੀਂ, ਤੇ ਦੂਰਦਰਸ਼ਨ ਦੀ ਪ੍ਰਾਪਰਟੀ ਬਣ ਗਏ। ਪ੍ਰੋਗਰਾਮ ਚੱਲਿਆ ਤਾਂ ਜਦੋਂ ਘਰ ਦੇ ਬਲੈਕ ਐਂਡ ਵਾਈਟ ਟੀ.ਵੀ. ਦੀ ਸਕਰੀਨ 'ਤੇ ਲਿਖਿਆ ਆਇਆ 'ਆਲੇਖ ਐਸ. ਅਸ਼ੋਕ ਭੌਰਾ' ਤਾਂ ਰੱਬ ਦੀ ਸੁਹੰ! ਜੌਹਲ ਨੇ ਸਾਰੇ ਉਲਾਂਭੇ ਲਾਹ ਦਿੱਤੇ ਸਨ। ਇਸ ਕਰ ਕੇ ਵੀ ਕਿ ਮੈਂ ਖੰਜਰੀ ਵਜਾਉਣ ਤੋਂ ਬਾਅਦ ਬੁੱਧੀਜੀਵੀ ਲੇਖਕ ਬਣ ਗਿਆ ਸਾਂ। ਦੂਜੀ ਵੱਡੀ ਗੱਲ ਇਹ ਕਿ ਜਦੋਂ ਕੁੱਝ ਦਿਨਾਂ ਬਾਅਦ ਦੋ ਚੈਕ ਉਪਰੋਥਲੀ 2500 ਤੇ 2200 ਦੇ ਆਏ ਤਾਂ ਲੱਗਾ ਕਿ ਕੰਮ ਬਾਹਲਾ ਸੂਤ ਹੈ, ਕਿਉਂਕਿ ਮੇਰੀ ਸਰਕਾਰੀ ਅਧਿਆਪਕ ਵਾਲੀ ਤਨਖਾਹ ਉਨ੍ਹਾਂ ਸਮਿਆਂ 'ਚ 1860 ਰੁਪਏ ਸੀ। ਅਸਲ ਵਿਚ ਮਾਣਕ ਦੇ ਪ੍ਰੋਗਰਾਮ ਵਾਲਾ ਚੈੱਕ ਮੇਰੇ ਖਾਤੇ ਵਿਚ ਹੀ ਪਾ ਦਿੱਤਾ ਗਿਆ ਸੀ।



ਜਲੰਧਰ ਦੂਰਦਰਸ਼ਨ ਦੀ ਇਮਾਰਤ

ਫ਼ਿਲਮਾਂ ਵਿਚ ਤਾਂ ਦੋ ਘੋੜਿਆਂ ਵਾਲੇ ਰੱਥ ਦੌੜਦੇ ਦੇਖੇ ਸਨ, ਪਰ ਮੈਂ ਬਿਨਾਂ ਘੋੜਿਆਂ ਤੋਂ ਰੱਥ ਭਜਾਇਆ ਸੀ। ਅਖ਼ਬਾਰਾਂ ਵਿਚ ਵੀ ਤੇ ਟੈਲੀਵਿਜ਼ਨ 'ਤੇ ਵੀ। ਫਿਰ ਸਾਲ ਭਰ ਜਿਵੇਂ ਚੁੱਪ ਹੀ ਹੋ ਗਿਆ ਹੋਵੇ ਦੂਰਦਰਸ਼ਨ।

ਸਕੂਲ ਦੂਰ ਹੋਣ ਕਰ ਕੇ ਮੈਂ ਚਾਰ-ਪੰਜ ਦਿਨ ਬਾਅਦ ਘਰ ਆਉਂਦਾ ਸਾਂ। ਬੱਬਾ ਡਾਕ ਵਿਚੋਂ ਫਿਰ ਜੌਹਲ ਦੀ ਚਿੱਠੀ ਨਿਕਲ ਆਈ। ਲਿਖਿਆ ਸੀ, 'ਤੂੰ ਢਾਡੀ ਅਮਰ ਸਿੰਘ ਬਾਰੇ ਲਿਖਿਆ ਵੀ ਬਹੁਤ ਹੈ ਤੇ ਜਾਣਦਾ ਵੀ ਆਂ ਤੇ ਤੂੰ ਉਹਦਾ ਗੁਆਂਢੀ ਵੀ ਏਂ। ਅਸੀਂ ਸ਼ੂਟਿੰਗ ਕਾਫ਼ੀ ਕਰ ਲਈ ਹੈ, ਫਲਾਣੇ ਦਿਨ ਸਕਰਿਪਟ ਲਿਖ ਕੇ ਦੂਰਦਰਸ਼ਨ ਦੇ ਗੇਟ 'ਤੇ ਸੱਤ ਵਜੇ ਪਹੁੰਚ ਜਾਵੀਂ, ਕਿਤੇ ਬਾਹਰ ਜਾਣਾ ਹੈ। ਜਲੰਧਰੋਂ ਸਰਕਾਰੀ ਗੱਡੀ ਵਿਚ ਚੱਲ ਪਵਾਂਗੇ। ਇਸ ਵਾਰ ਸ਼ੌਕੀ ਵਾਲੀ ਡਾਕੂਮੈਂਟਰੀ ਵੀ ਤੂੰ ਹੀ ਪੇਸ਼ ਕਰੇਂਗਾ।' ਖ਼ੁਸ਼ੀ ਮੇਰੇ ਗਿੱਡਿਆਂ 'ਚ

(ਬਾਕੀ ਸਫਾ 27 'ਤੇ)

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਦਰਖ਼ਤਾਂ ਨਾਲ ਲਾਸ਼ਾਂ

ਬੀਜ ਲਈਆਂ ਜਦ ਕਿੱਕਰਾਂ ਵੱਢ ਕੇ ਬਾਗ ਨੇ ਅੰਬਾਂ ਦੇ,
ਡਾਰਾਂ ਬੰਨ੍ਹ ਕੇ ਦੱਸੋ ਫਿਰ ਕਿੰਝ ਕੂੰਜਾਂ ਆਉਣਗੀਆਂ।
ਭੰਨ'ਤੇ ਚਰਖੇ ਜਿੱਦਾਂ ਉਜੜੇ ਪਏ ਤ੍ਰਿੰਝਣ ਨੇ,
ਦੱਸੋ ਕਿੱਦਾਂ ਫਿਰ ਗੁਜਾਂ ਦੀਆਂ ਗੂੰਜਾਂ ਆਉਣਗੀਆਂ।
ਅੱਕਿਆ ਪਿਆ ਏ ਡਾਢਾ ਬੰਦੇ ਦੀਆਂ ਕਰਤੂਤਾਂ ਤੋਂ,
ਤਪਦੀ ਧਰਤੀ ਦੇਵੇ ਫਿਰ ਕਿੰਝ 'ਵਾ ਦੇ ਬੁੱਲੇ ਜੀ।
ਮਾਂ ਵੀ ਰੋਵੇ ਧੀ ਵੀ ਰੋਵੇ ਹਾਉਕੇ ਬੀਵੀ ਭਰੇ ਜਦੋਂ,
ਬਲਦੇ ਕਿੱਦਾਂ ਰਹਿ ਸਕਦੇ ਨੇ ਚਾਅ ਦੇ ਚੁੱਲ੍ਹੇ ਜੀ।
ਬੜੀ ਦੇਰ ਤੋਂ ਕੰਜਕਾਂ ਕਹਿ ਕੇ ਲੋਕੀ ਪੂਜਦੇ ਰਹੇ,
ਅੱਜ ਕੱਲ੍ਹ ਲਾਸ਼ਾਂ ਬਣ ਕੇ ਨਾਲ ਦਰਖ਼ਤਾਂ ਲਟਕਦੀਆਂ।
ਰਿਹਾ ਨਹੀਂ ਰਣਜੀਤ ਤੇ ਨਾ ਨਗਾਰਾ ਉਹ ਵੱਜਣਾ,
ਕਿੱਦਾਂ ਸਾਂਭ ਲਵਾਂਗੇ ਚੜ੍ਹੀਆਂ ਲਹਿਰਾਂ ਕਟਕ ਦੀਆਂ।
ਜਿਸਮ ਦੀ ਮੰਡੀ ਬਣ ਚੱਲਿਆ ਮੁਲਕ ਮੇਰਾ ਲੋਕੋ,
ਸ਼ਰਮ ਦੀ ਲੋਈ ਲਾਹ ਕੇ ਹੁਣ ਤਾਂ ਕਿੱਲੀ ਟੰਗੀ ਏ।
ਹਾਕਮ ਬੋਲੇ ਹੋਏ ਸੁਣਦਾ ਚੀਕ-ਚਿਹਾੜਾ ਨਹੀਂ,
ਕੀ ਵਾਹੁਗੀ 'ਭੌਰੇ' ਹੁਣ ਗੰਜੀ ਹੱਥ ਕੰਘੀ ਏ।

ਗੁਰਮਤਿ ਵਿਚਾਰ

# ਨਾਨਕੁ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ



ਡਾ. ਗੁਰਨਾਮ ਕੌਰ, ਕੈਨੇਡਾ

ਇਸ ਸਲੋਕ ਵਿਚ ਗੁਰੂ ਨਾਨਕ ਸਾਹਿਬ ਨੇ ਦੱਸਿਆ ਹੈ ਕਿ ਦੁੱਖ ਅਤੇ ਸੁੱਖ ਦੋਵੇਂ ਹੀ ਮਾਨਵ ਜੀਵਨ ਦਾ ਹਿੱਸਾ ਹਨ ਅਤੇ ਮਨੁੱਖ ਦੀ ਜ਼ਿੰਦਗੀ ਵਿਚ ਇਹ ਨਾਲ ਨਾਲ ਚੱਲਦੇ ਹਨ। ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਵੀ ਕਿਹਾ ਹੈ,

ਕੇਤਿਆ ਦੁਖ ਭੁਖ ਸਦ ਮਾਰ॥
ਏਹਿ ਭਿ ਦਾਤਿ ਤੇਰੀ ਦਾਤਾਰ॥

ਦੁਖ ਅਤੇ ਸੁਖ ਦੋਵੇਂ ਰੱਬ ਦੀ ਦੇਣ ਹਨ, ਇਸ ਲਈ ਦੋਹਾਂ ਵਿਚ ਹੀ ਮਨੁੱਖ ਨੂੰ ਸੰਤੁਲਨ ਕਾਇਮ ਰੱਖਣਾ ਚਾਹੀਦਾ ਹੈ ਅਤੇ ਉਸ ਦੀ ਦਾਤ ਸਮਝ ਕੇ ਸਵੀਕਾਰ ਕਰ ਲੈਣਾ ਚਾਹੀਦਾ ਹੈ। ਇਸੇ ਤਰ੍ਹਾਂ ਇਸ ਸਲੋਕ ਵਿਚ ਇਹ ਵੀ ਦੱਸਿਆ ਹੈ ਕਿ ਜਿਹੜੇ ਲੋਕ ਦੁੱਖ ਨੂੰ ਛੱਡ ਕੇ ਸੁੱਖ ਮੰਗਦੇ ਹਨ, ਅਜਿਹਾ ਬੋਲਣਾ ਅਰਥਾਤ ਆਪਣੀ ਜ਼ੁਬਾਨ ਤੋਂ ਅਜਿਹਾ ਮੰਗਣਾ ਖਾਹ-ਮਖਾਹ ਦਾ ਬੋਲਣਾ ਹੈ। ਸੁੱਖ ਅਤੇ ਦੁੱਖ-ਦੋਵੇਂ ਹੀ ਰੱਬ ਦੀ ਦੇਣ ਹਨ, ਰੱਬ ਦੇ ਦਰਵਾਜ਼ੇ ਤੋਂ ਮਿਲੇ ਹੋਏ ਕਪੜੇ ਹਨ ਜਿਨ੍ਹਾਂ ਨੂੰ ਮਨੁੱਖ ਇਸ ਜੀਵਨ ਵਿਚ ਪਹਿਨਦਾ ਹੈ, ਇਸ ਜਨਮ ਵਿਚ ਹੰਢਾਉਂਦਾ ਹੈ। ਭਾਵ ਦੁੱਖ ਅਤੇ ਸੁੱਖ ਹਰ ਮਨੁੱਖ ਦੀ ਜ਼ਿੰਦਗੀ ਵਿਚ ਆਉਂਦੇ ਹਨ। ਇਸ ਲਈ ਇਨ੍ਹਾਂ ਨੂੰ ਰੱਬ ਦਾ ਭਾਣਾ ਮੰਨ ਕੇ ਸਵੀਕਾਰ ਕਰਨਾ ਚਾਹੀਦਾ ਹੈ। ਇਤਰਾਜ਼ ਕਰਨ ਜਾਂ ਗਿਲਾ ਸ਼ਿਕਵਾ ਕਰਨ ਦਾ ਕੋਈ ਲਾਭ ਨਹੀਂ ਹੈ। ਜਿੱਥੇ ਬੋਲਣ ਨਾਲ ਵੀ ਹਾਰ ਦਾ ਹੀ ਸਾਹਮਣਾ ਕਰਨਾ ਪੈਣਾ ਹੈ, ਉਥੇ ਚੁੱਪ ਰਹਿਣਾ ਹੀ ਚੰਗਾ ਹੈ,

ਨਾਨਕ ਬੋਲਣੁ ਝਖਣਾ
ਦੁਖ ਛਡਿ ਮੰਗੀਅਹਿ ਸੁਖ॥
ਸੁਖੁ ਦੁਖੁ ਦੁਇ ਦਰਿ ਕਪੜੇ
ਪਹਿਰਹਿ ਜਾਇ ਮਨੁੱਖ॥
ਜਿਥੈ ਬੋਲਣਿ ਹਾਰੀਐ
ਤਿਥੈ ਚੰਗੀ ਚੁਪ॥੨॥ (ਪੰਨਾ ੧੪੯)

ਅੱਗੇ ਪਉੜੀ ਵਿਚ ਗੁਰੂ ਨਾਨਕ ਸਾਹਿਬ ਮਨੁੱਖ ਨੂੰ ਬਾਹਰ ਦੀ ਭਟਕਣ ਛੱਡ ਕੇ ਆਪਣੇ ਹਿਰਦੇ ਅੰਦਰ ਨਿਵਾਸ ਕਰ ਰਹੇ ਉਸ ਰੱਬ ਨੂੰ ਲੱਭਣ ਦੀ ਹਦਾਇਤ ਕਰਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਹੜਾ ਮਨੁੱਖ ਚਾਰੇ ਕੁੰਡਾਂ ਦੇਖਣ ਅਰਥਾਤ ਬਾਹਰ ਢੂੰਢਦਾ (ਜਿਵੇਂ ਜੰਗਲ ਵਿਚ ਇਕਾਂਤ-ਵਾਸ ਜਾਂ ਤੀਰਥ-ਇਸ਼ਨਾਨ ਆਦਿ) ਝੱਖ ਮਾਰਨ ਦੀ ਥਾਂ ਆਪਣੇ ਅੰਦਰ ਰੱਬ ਦੀ ਖੋਜ ਕਰਦਾ ਹੈ, ਉਹ ਉਸ ਨੂੰ ਪਾ ਲੈਂਦਾ ਹੈ। ਉਸ ਸਿਰਜਣਹਾਰ ਵਾਹਿਗੁਰੂ ਨੇ, ਜੋ ਆਪ ਅਦ੍ਰਿਸ਼ਟ ਹੈ, ਇਸ ਸੰਸਾਰ ਦੀ ਰਚਨਾ ਕੀਤੀ ਹੈ ਅਤੇ ਉਹ ਆਪ ਹੀ ਇਸ ਦੀ ਸੰਭਾਲ ਕਰ ਰਿਹਾ ਹੈ।

ਆਪਣੇ ਅਸਲੀ ਸੱਚੇ ਰਸਤੇ ਤੋਂ ਭੁੱਲੇ ਹੋਏ ਮਨੁੱਖ ਨੂੰ ਗੁਰੂ ਨੇ ਰਸਤਾ ਦਿਖਾਇਆ ਹੈ ਜਿਸ ਦੀ ਬਰਕਤ ਨਾਲ ਮਨੁੱਖ ਉਸ ਅਕਾਲ ਪੁਰਖ ਦਾ ਸਿਮਰਨ ਕਰਦਾ ਹੈ। ਉਸ ਸੱਚੇ ਸਤਿਗੁਰੂ ਦੀ ਵਾਹ ਵਾਹ ਹੈ ਜਿਸ ਦੀ ਕਿਰਪਾ ਨਾਲ ਉਸ ਅਕਾਲ ਪੁਰਖ ਦਾ ਨਾਮ ਸਿਮਰਿਆ ਹੈ। ਸਤਿਗੁਰੂ ਦੇ ਦਿੱਤੇ ਹੋਏ ਗਿਆਨ ਦਾ ਸਦਕਾ ਅੰਦਰ ਗਿਆਨ ਦਾ ਦੀਵਾ ਜਗ ਪਿਆ ਹੈ ਜਿਸ ਕਾਰਨ ਅਕਾਲ ਪੁਰਖ ਰੂਪੀ ਰਤਨ-ਪਦਾਰਥ ਆਪਣੇ ਅੰਦਰ ਹਿਰਦੇ ਵਿਚੋਂ ਹੀ ਲੱਭ ਪਿਆ ਹੈ। ਭਾਵ ਗੁਰੂ ਦੇ ਦਿੱਤੇ ਗਿਆਨ ਸਦਕਾ ਮਨੁੱਖ ਨੂੰ ਇਹ ਸੋਝੀ ਮਿਲਦੀ ਹੈ ਕਿ ਉਹ ਅਕਾਲ ਪੁਰਖ ਆਪਣੇ ਅੰਦਰ ਹੀ ਹੈ ਅਤੇ ਗੁਰੂ ਦੇ ਦੱਸੇ ਮਾਰਗ 'ਤੇ ਚੱਲ ਕੇ ਉਸ ਨਾਲ ਆਪਣੇ ਅੰਦਰ ਹੀ ਮਿਲਾਪ ਹੋ ਜਾਂਦਾ ਹੈ।

ਗੁਰੂ ਦੇ ਸੱਚੇ ਸ਼ਬਦ ਰਾਹੀਂ ਗਿਆਨ ਪ੍ਰਾਪਤ ਕਰ ਕੇ ਮਨੁੱਖ ਅਕਾਲ ਪੁਰਖ ਦੀ ਸਿਫਤ-ਸਾਲਾਹ ਕਰਦੇ ਹਨ ਜਿਸ ਨਾਲ ਸੁਖ ਪ੍ਰਾਪਤ ਹੁੰਦਾ ਹੈ, ਉਹ ਸੁਖੀ ਹੋ ਕੇ ਮਾਲਕ ਵਾਲੇ ਬਣ ਜਾਂਦੇ ਹਨ। ਜਿਨ੍ਹਾਂ ਮਨੁੱਖਾਂ ਨੇ ਆਪਣੇ ਅੰਦਰ ਅਕਾਲ ਪੁਰਖ ਦਾ ਡਰ ਨਹੀਂ ਰੱਖਿਆ ਉਹ ਹੋਰ ਦੁਨਿਆਵੀ ਡਰਾਂ ਤੋਂ ਭੈਭੀਤ ਹੋ ਜਾਂਦੇ ਹਨ ਤੇ ਹਉਮੈ ਵਿਚ ਸੜਦੇ ਰਹਿੰਦੇ ਹਨ। ਅਕਾਲ ਪੁਰਖ ਦੇ ਨਾਮ ਤੋਂ ਭੁੱਲਿਆ ਸੰਸਾਰ ਏਧਰ-ਉਧਰ ਭਟਕਦਾ ਫਿਰਦਾ ਹੈ,

ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ॥
ਸਚੈ ਪੁਰਖਿ ਅਲਖਿ
ਸਿਰਜਿ ਨਿਹਾਲਿਆ॥...
ਨਿਡਰਿਆ ਡਰੁ ਲਗਿ
ਗਰਬਿ ਸਿ ਗਾਲਿਆ॥
ਨਾਵਹੁ ਭੁਲਾ ਜਗੁ
ਫਿਰੈ ਬੇਤਾਲਿਆ॥੨੪॥ (ਪੰਨਾ ੧੪੯)

ਅਗਲਾ ਸਲੋਕ ਤੀਸਰੀ ਨਾਨਕ ਜੋਤਿ ਗੁਰੂ ਅਮਰਦਾਸ ਜੀ ਦਾ ਹੈ ਜਿਸ ਵਿਚ ਉਹ ਮਨੁੱਖ ਦੇ ਸੰਸਾਰਕ ਭੈ ਦੀ ਗੱਲ ਕਰਦੇ ਹਨ। ਗੁਰਮਤਿ ਸਿਧਾਂਤ ਅਨੁਸਾਰ ਜੋ ਮਨੁੱਖ ਅਕਾਲ ਪੁਰਖ ਦੇ ਭੈ ਵਿਚ ਜੀਵਨ ਬਸਰ ਕਰਦਾ ਹੈ, ਉਸ ਦੇ ਮਨ ਵਿਚੋਂ ਹੋਰ ਸਾਰੇ ਸੰਸਾਰਕ ਭੈ ਮੁੱਕ ਜਾਂਦੇ ਹਨ। ਇਥੇ ਵੀ ਗੁਰੂ ਅਮਰਦਾਸ ਇਹੀ ਬਿਆਨ ਕਰ ਰਹੇ ਹਨ ਕਿ ਆਮ ਤੌਰ 'ਤੇ ਮਨੁੱਖ ਸੰਸਾਰਕ ਡਰ ਵਿਚ ਹੀ ਪੈਦਾ ਹੁੰਦਾ ਹੈ ਅਤੇ ਭੈ ਵਿਚ ਹੀ ਇਸ ਸੰਸਾਰ ਤੋਂ ਤੁਰ ਜਾਂਦਾ ਹੈ। ਇਹ ਭੈ ਸਦੀਵ ਹੀ ਉਸ ਦੇ ਮਨ ਵਿਚ ਟਿਕਿਆ ਰਹਿੰਦਾ ਹੈ।

ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਜਿਹੜਾ ਮਨੁੱਖ ਅਕਾਲ ਪੁਰਖ ਦੇ ਭੈ ਵਿਚ ਵਿਚਰਦਾ ਅਤੇ ਉਸ ਦੇ ਭੈ ਵਿਚ ਆਪਾ-ਭਾਵ ਨੂੰ ਮਾਰ ਲੈਂਦਾ ਹੈ, ਉਸ ਦਾ ਇਸ ਸੰਸਾਰ 'ਤੇ ਜਨਮ ਲੈਣਾ ਮੁਬਾਰਕ ਹੈ ਕਿਉਂਕਿ ਅਕਾਲ ਪੁਰਖ ਦੇ ਭੈ ਵਿਚ ਆਪਾ-ਭਾਵ ਦੂਰ ਕਰਨ ਨਾਲ ਹੋਰ ਸਾਰੇ ਭੈ ਖਤਮ ਹੋ ਜਾਂਦੇ ਹਨ,

ਭੈ ਵਿਚਿ ਜੰਮੈ ਭੈ ਮਰੈ ਭੀ
ਭਉ ਮਨ ਮਹਿ ਹੋਇ॥
ਨਾਨਕ ਭੈ ਵਿਚਿ ਜੇ ਮਰੈ
ਸਹਿਲਾ ਆਇਆ ਸੋਇ॥੧॥
(ਪੰਨਾ ੧੪੯)

ਅਗਲਾ ਸਲੋਕ ਵੀ ਗੁਰੂ ਅਮਰਦਾਸ ਜੀ ਦਾ ਹੀ ਹੈ ਜਿਸ ਵਿਚ ਉਨ੍ਹਾਂ ਨੇ ਪਰਮਾਤਮਾ ਦੇ ਭੈ ਤੋਂ ਵਗੈਰ ਜਿਉਣ ਵਾਲੇ ਮਨੁੱਖ ਲਈ ਕਿਹਾ ਹੈ ਕਿ ਜੇ ਕੋਈ ਮਨੁੱਖ ਰੱਬ ਦੇ ਡਰ ਤੋਂ ਬਿਨਾ ਜੀਵਨ ਜਿਉਂਦਾ ਹੈ, ਉਹ ਭਾਵੇਂ ਜੀਵਨ ਵਿਚ ਬੇਹੱਦ ਖੁਸ਼ੀਆਂ ਹੰਢਾ ਕੇ ਅਤੇ ਲੰਬੀ ਉਮਰ ਗੁਜ਼ਾਰ ਕੇ ਜਾਂਦਾ ਹੈ। ਫਿਰ ਵੀ ਜਦੋਂ ਉਹ ਰੱਬ ਦੇ ਡਰ ਤੋਂ ਬਿਨਾ ਇਸ ਸੰਸਾਰ ਤੋਂ ਜਾਂਦਾ ਹੈ ਤਾਂ ਇਥੋਂ ਮੁੱਖ 'ਤੇ ਕਾਲਖ ਮਲ ਕੇ ਹੀ ਜਾਂਦਾ ਹੈ,

ਭੈ ਵਿਣੁ ਜੀਵੈ ਬਹੁਤੁ ਬਹੁਤੁ
ਖੁਸੀਆ ਖੁਸੀ ਕਮਾਇ॥
ਨਾਨਕ ਭੈ ਵਿਣੁ ਜੇ ਮਰੈ
ਮੁਹਿ ਕਾਲੈ ਉਠਿ ਜਾਇ॥੨॥ (ਪੰਨਾ ੧੪੯)

ਇਸ ਤੋਂ ਅੱਗੇ ਪਉੜੀ ਵਿਚ ਗੁਰੂ ਨਾਨਕ ਸਾਹਿਬ ਸਤਿਗੁਰੂ ਦੀ ਮਹਿਮਾ ਦੱਸਦੇ ਹਨ ਕਿ ਜਿਸ ਉਤੇ ਸਤਿਗੁਰੂ ਦੀ ਕਿਰਪਾ ਹੋ ਜਾਵੇ, ਉਸ ਨੂੰ ਅਕਾਲ ਪੁਰਖ ਦਾ ਦਰ ਪ੍ਰਾਪਤ ਹੋ ਜਾਂਦਾ ਹੈ ਅਤੇ ਅਕਾਲ ਪੁਰਖ ਵਿਚ ਪੂਰਨ ਭਰੋਸਾ ਕਾਇਮ ਹੋ ਜਾਂਦਾ ਹੈ। ਆਪਣੀ ਪੂਰਨ ਸ਼ਰਧਾ ਦੇ ਕਾਰਨ ਉਹ ਕਦੇ ਵੀ ਕਿਸੇ ਥੁੜ ਜਾਂ ਮੁਸੀਬਤ ਵਿਚ ਝੁਰਦਾ ਨਹੀਂ ਅਤੇ ਨਾ ਹੀ ਕੋਈ ਸ਼ਿਕਵਾ ਕਰਦਾ ਹੈ। ਸਤਿਗੁਰੂ ਦੀ ਕਿਰਪਾ ਨੂੰ ਪ੍ਰਾਪਤ ਮਨੁੱਖ ਦੁੱਖ ਨੂੰ ਦੁੱਖ ਕਰਕੇ ਨਹੀਂ ਜਾਣਦਾ (ਉਸ ਨੂੰ ਅਕਾਲ ਪੁਰਖ ਦੇ ਭਾਣੇ ਵਿਚ ਚੱਲਣ ਦੀ ਜਾਚ ਆ ਜਾਂਦੀ ਹੈ) ਅਤੇ ਉਹ ਅਕਾਲ ਪੁਰਖ ਨਾਲ ਮਿਲਾਪ ਦਾ ਅਨੰਦ ਮਾਣਦਾ ਹੈ। ਜਿਸ ਮਨੁੱਖ ਉਤੇ ਸਤਿਗੁਰੂ ਦੀ ਕਿਰਪਾ ਹੁੰਦੀ ਹੈ, ਉਸ ਦੇ ਮਨ ਵਿਚੋਂ ਮੌਤ ਜਾਂ ਜਮ ਦਾ ਭੈ ਸਦਾ ਸਦਾ ਲਈ ਖ਼ਤਮ ਹੋ ਜਾਂਦਾ ਹੈ, ਇਸ ਲਈ ਉਸ ਦੇ ਸਰੀਰ ਨੂੰ ਸਦਾ ਸੁਖ ਰਹਿੰਦਾ ਹੈ। ਜਿਸ ਮਨੁੱਖ ਉਤੇ ਗੁਰੂ ਦਇਆਲ ਹੋ ਜਾਵੇ, ਉਸ ਨੂੰ ਨੌਂ ਨਿਧੀਆਂ ਪ੍ਰਾਪਤ ਹੋ ਗਈਆਂ ਅਰਥਾਤ ਉਸ ਨੂੰ ਸਮਝੋ ਨੌਂ ਖਜ਼ਾਨੇ ਪ੍ਰਾਪਤ ਹੋ ਗਏ ਕਿਉਂਕਿ ਉਸ ਦਾ ਮਨ ਸੱਚੇ ਕਰਤਾ ਪੁਰਖ 'ਚ ਜੁੜਿਆ ਰਹਿੰਦਾ ਹੈ ਜੋ ਸਭ ਕੁਝ ਦਾ ਮਾਲਕ ਹੈ,

ਸਤਿਗੁਰੁ ਹੋਇ ਦਇਆਲੁ
ਤ ਸਰਧਾ ਪੂਰੀਐ॥
ਸਤਿਗੁਰੁ ਹੋਇ ਦਇਆਲੁ
ਨ ਕਬਹੂੰ ਝੂਰੀਐ॥...
ਸਤਿਗੁਰੁ ਹੋਇ ਦਇਆਲੁ
ਤਾ ਨਵ ਨਿਧਿ ਪਾਈਐ॥
ਸਤਿਗੁਰੁ ਹੋਇ ਦਇਆਲੁ
ਤ ਸਚਿ ਸਮਾਈਐ॥੨੫॥ (ਪੰਨਾ ੧੪੯)

ਇਸ ਪਉੜੀ ਤੋਂ ਅੱਗੇ ਗੁਰੂ ਨਾਨਕ ਸਾਹਿਬ ਦਾ ਜੈਨੀ ਸਾਧੂਆਂ ਦੇ ਸਬੰਧ ਵਿਚ ਸਲੋਕ ਹੈ ਜਿਸ ਵਿਚ ਉਨ੍ਹਾਂ ਦੀ ਰਹਿਣੀ ਦੇ ਸਬੰਧ ਵਿਚ ਦੱਸਿਆ ਹੈ ਕਿ ਇਸ ਤਰ੍ਹਾਂ ਦੀ ਰਹਿਣੀ ਮੁਕਤੀ ਪ੍ਰਾਪਤੀ ਦਾ ਰਸਤਾ ਕਦਾਚਿਤ ਨਹੀਂ ਹੈ। ਦਰਅਸਲ ਜੈਨੀਆਂ ਦੇ ਪਰਮੁੱਖ 'ਸਰੇਵੜੇ' ਅਹਿੰਸਾਵਾਦੀ ਹਨ ਜਿਸ ਕਰਕੇ ਉਹ ਤਾਜ਼ਾ ਪਾਣੀ ਤੱਕ ਨਹੀਂ ਪੀਂਦੇ ਕਿ ਜੀਵ ਹੱਤਿਆ ਹੋ ਜਾਵੇਗੀ। ਜੀਵ-ਹੱਤਿਆ ਦੇ ਡਰੋਂ ਮੂੰਹ 'ਤੇ ਕੱਪੜਾ ਬੰਨ੍ਹ ਕੇ ਰੱਖਦੇ ਹਨ ਅਤੇ ਜ਼ਮੀਨ 'ਤੇ ਨੰਗੇ ਪੈਰ ਚੱਲਦੇ ਹਨ। ਹਰ ਕੋਈ ਆਪਣੇ ਹੱਥ ਵਿਚ ਚਉਰੀ ਰੱਖਦਾ ਹੈ ਤਾਂ ਕਿ ਰਸਤੇ ਵਿਚ ਆਏ ਕੀੜੇ ਨੂੰ ਪਰੇ ਹਟਾ ਦੇਵੇ। ਅਹਿੰਸਾ ਉਨ੍ਹਾਂ ਲਈ ਇੱਕ ਤਰ੍ਹਾਂ ਦਾ ਵਹਿਮ ਬਣ ਗਈ ਹੈ, ਜਿਸ ਕਰਕੇ ਉਹ ਜੀਵ-ਹੱਤਿਆ ਦੇ ਡਰੋਂ ਨਹਾਉਂਦੇ ਤੱਕ ਨਹੀਂ ਅਤੇ ਬੇਹੱਦ ਗੰਦੇ ਰਹਿੰਦੇ ਹਨ।

ਸਲੋਕ ਵਿਚ ਦੱਸਿਆ ਹੈ ਕਿ ਇਹ ਸਰੇਵੜੇ ਸਿਰ 'ਤੇ ਵਾਲ ਤੱਕ ਨਹੀਂ ਰੱਖਦੇ ਅਤੇ ਪੁੱਟ ਪੁੱਟ ਕੇ ਸਿਰ ਗੰਜਾ ਕਰ ਲੈਂਦੇ ਹਨ, ਮੈਲਾ ਪਾਣੀ ਪੀਂਦੇ ਹਨ ਅਤੇ ਜੂਠੀ ਰੋਟੀ ਮੰਗ ਮੰਗ ਕੇ ਖਾਂਦੇ ਹਨ। ਪਾਣੀ ਤੋਂ ਇਸ ਤਰ੍ਹਾਂ ਦੂਰ ਭੱਜਦੇ ਹਨ ਜਿਵੇਂ ਉਨ੍ਹਾਂ ਨੂੰ ਸੰਗ ਲੱਗਦੀ ਹੋਵੇ। ਉਹ ਭੇਡਾਂ ਦੀ ਤਰ੍ਹਾਂ ਸਿਰ ਦੇ ਵਾਲ ਪੁਟਾਉਂਦੇ ਹਨ ਅਤੇ ਵਾਲ ਪੁੱਟਣ ਵਾਲਿਆਂ ਦੇ ਹੱਥ ਸੁਆਹ ਨਾਲ ਭਰੇ ਜਾਂਦੇ ਹਨ। ਉਹ ਮਾਂ-ਬਾਪ ਵਾਲਾ ਫਰਜ਼ ਛੱਡ ਬੈਠਦੇ ਹਨ ਅਤੇ ਉਨ੍ਹਾਂ ਦੇ ਪਰਿਵਾਰ ਪਿੱਛੋਂ ਰੋਂਦੇ ਰਹਿੰਦੇ ਹਨ। ਇਹ ਨਾ ਸਿਰਫ ਇਸ ਲੋਕ ਨੂੰ ਹੀ ਗਵਾ ਬੈਠਦੇ ਹਨ ਬਲਕਿ ਇਨ੍ਹਾਂ ਦਾ ਅਗਲਾ ਲੋਕ ਵੀ ਖਰਾਬ ਹੋ ਜਾਂਦਾ ਹੈ ਕਿਉਂਕਿ ਇਹ ਹਿੰਦੂ ਮੱਤ ਅਨੁਸਾਰ ਮਰਨ ਪਿੱਛੋਂ ਪਿੰਡ ਪੱਤਲ ਆਦਿ ਭਰਾਉਣ ਦਾ ਕੰਮ ਜਾਂ ਕਿਰਿਆ ਦੀਵਾ ਆਦਿ ਦੀ ਰਸਮ ਨਹੀਂ ਕਰਦੇ, ਮਰ ਕੇ ਪਤਾ ਨਹੀਂ ਕਿੱਥੇ ਜਾਂਦੇ ਹਨ। ਭਾਵ ਪਰਲੋਕ ਸਵਾਰਨ ਦਾ ਵੀ ਕੋਈ ਕਰਮ ਨਹੀਂ ਕਰਦੇ।

ਇਨ੍ਹਾਂ ਨੂੰ ਅਠਾਹਠ ਤੀਰਥਾਂ 'ਤੇ ਵੀ ਕੋਈ ਢੋਈ ਨਹੀਂ ਮਿਲਦੀ ਭਾਵ ਇਹ ਹਿੰਦੂਆਂ ਦੀ ਤਰ੍ਹਾਂ ਤੀਰਥ ਇਸ਼ਨਾਨ ਕਰਨ ਵੀ ਨਹੀਂ ਜਾਂਦੇ ਅਤੇ ਬ੍ਰਾਹਮਣ ਵੀ ਇਨ੍ਹਾਂ ਦੇ ਘਰ ਦਾ ਅੰਨ ਨਹੀਂ ਖਾਂਦੇ। ਇਸ਼ਨਾਨ ਕਰਕੇ ਮੱਥੇ 'ਤੇ ਕੋਈ ਤਿਲਕ ਵੀ ਨਹੀਂ ਲਾਉਂਦੇ। ਅਰਥਾਤ ਸਾਫ-ਸੁਥਰੇ ਨਹੀਂ ਰਹਿੰਦੇ। ਸਦਾ ਹੀ ਇਸ ਤਰ੍ਹਾਂ ਧੌਣ ਸੁੱਟ ਕੇ ਬੈਠਦੇ ਹਨ ਜਿਵੇਂ ਸੋਗ ਮਨਾ ਰਹੇ ਹੋਣ। ਕਦੇ ਕਿਸੇ ਸਤਿਸੰਗਤਿ ਵਿਚ ਵੀ ਚੱਲ ਕੇ ਨਹੀਂ ਜਾਂਦੇ। ਭਾਵ ਉਨ੍ਹਾਂ ਵਿਚ ਕਿਸੇ ਕਿਸਮ ਦਾ ਕੋਈ ਆਤਮਕ ਉਤਸ਼ਾਹ ਨਹੀਂ ਹੈ। ਉਨ੍ਹਾਂ ਦੇ ਲੱਕ ਨਾਲ ਪਿਆਲੇ ਬੰਨ੍ਹੇ ਹੋਏ ਹਨ ਅਤੇ ਹੱਥਾਂ ਵਿਚ ਚਉਰੀਆਂ ਫੜੀਆਂ ਹੋਈਆਂ ਹਨ ਅਤੇ ਇੱਕ ਕਤਾਰ ਵਿਚ ਤੁਰਦੇ ਹਨ ਤਾਂ ਕਿ ਉਨ੍ਹਾਂ ਕੋਲੋਂ ਕੋਈ ਜੀਵ ਹੱਤਿਆ ਨਾ ਹੋ ਜਾਵੇ। ਇਨ੍ਹਾਂ ਕੋਲ ਨਾ ਹੀ ਕੋਈ ਜੋਗੀਆਂ ਵਾਲੀ ਰਹਿਣੀ ਦੀ ਜੁਗਤਿ ਹੈ ਅਤੇ ਨਾ ਹੀ ਜੰਗਮਾਂ ਵਾਲੀ, ਨਾ ਹੀ ਕਾਜ਼ੀ ਮੌਲਵੀਆਂ ਵਾਲੀ। ਇਹ ਰੱਬ ਵਾਲੇ ਪਾਸੇ ਤੋਂ ਵੀ ਖੁੰਝੇ ਹੋਏ ਭਟਕ ਰਹੇ ਹਨ ਕਿਉਂਕਿ ਇਹ ਕੋਈ ਬੰਦਗੀ ਨਹੀਂ ਕਰਦੇ। ਇਨ੍ਹਾਂ ਸਾਰਿਆਂ ਦਾ ਆਵਾ ਹੀ ਊਤਿਆ ਹੋਇਆ ਹੈ।

ਇਹ ਲੋਕ ਅਹਿੰਸਾ ਵਿਚ ਵਿਸ਼ਵਾਸ਼ ਕਰਦੇ ਹਨ, ਪਾਣੀ ਹਵਾ ਸਭ ਕੁਝ ਤੋਂ ਪਰਹੇਜ਼ ਕਰਦੇ ਹਨ ਤਾਂ ਕਿ ਇਨ੍ਹਾਂ ਕੋਲੋਂ ਕੋਈ ਜੀਵ-ਹੱਤਿਆ ਨਾ ਹੋ ਜਾਵੇ। ਇਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਲਗਦੀ ਕਿ ਜੀਵਾਂ ਨੂੰ ਪੈਦਾ ਕਰਨ ਵਾਲਾ, ਰੱਖਣ ਵਾਲਾ ਅਤੇ ਮਾਰਨ ਵਾਲਾ ਉਹ ਇੱਕ ਅਕਾਲ ਪੁਰਖ ਹੈ। ਜੀਵਾਂ ਦਾ ਜੀਵਨ-ਮੌਤ ਸਭ ਕੁਝ ਉਸ ਅਕਾਲ ਪੁਰਖ ਦੇ ਹੱਥ ਵਿਚ ਹੈ, ਉਸ ਤੋਂ ਬਿਨਾ ਕੋਈ ਹੋਰ ਜੀਵਾਂ ਨੂੰ ਜਿੰਦਾ ਨਹੀਂ ਰੱਖ ਸਕਦਾ। ਅਜਿਹੇ ਅਹਿੰਸਾ ਦੇ ਚੱਕਰ ਵਿਚ ਪੈ ਕੇ ਇਹ ਇੱਕ ਪਾਸੇ ਕਿਰਤ-ਕਮਾਈ ਛੱਡ ਬੈਠਦੇ ਹਨ ਅਤੇ ਦੂਸਰੇ ਪਾਸੇ ਨਾਮ, ਦਾਨ ਅਤੇ ਇਸ਼ਨਾਨ ਤੋਂ ਖੁੰਝੇ ਹੋਏ ਹਨ, ਅਜਿਹੇ ਸਿਰ-ਖੁਥਿਆਂ ਦੇ ਸਿਰ ਵਿਚ ਸੁਆਹ ਪਈ। ਇਨ੍ਹਾਂ ਨੂੰ ਪਾਣੀ ਦੇ ਮਹੱਤਵ ਦਾ ਪਤਾ ਨਹੀਂ ਹੈ ਕਿ ਪਾਣੀ ਵਿਚੋਂ ਹੀ ਦੇਵਤਿਆਂ ਨੇ ਸੁਮੇਰ ਪਰਬਤ ਨੂੰ ਮਧਾਣੀ ਬਣਾ ਕੇ ਸਾਗਰ ਰਿੜਕ ਕੇ ਰਤਨ ਕੱਢੇ ਸਨ। ਭਾਵ ਪਾਣੀ ਵਿਚੋਂ ਬਹੁਤ ਕੀਮਤੀ ਪਦਾਰਥ ਨਿਕਲਦੇ ਹਨ ਜੋ ਮਨੁੱਖ ਦੇ ਕੰਮ ਆਉਂਦੇ ਹਨ। ਪਾਣੀ ਦੀ ਹੀ ਬਰਕਤ ਹੈ ਕਿ ਦੇਵਤਿਆਂ ਲਈ ਅਠਾਹਠ ਤੀਰਥ ਬਣਾਏ ਗਏ ਹਨ ਜਿਥੇ ਪੁਰਬ ਲੱਗਦੇ ਹਨ, ਕਥਾ-ਵਾਰਤਾ ਹੁੰਦੀ ਹੈ। ਨਹਾ ਕੇ ਹੀ ਨਮਾਜ਼ ਪੜੀ ਜਾਂਦੀ ਹੈ ਅਤੇ ਨਹਾ ਕੇ ਹੀ ਪੂਜਾ ਕੀਤੀ ਜਾਂਦੀ ਹੈ। ਸਿਆਣੇ ਬੰਦੇ ਹਰ ਰੋਜ਼ ਇਸ਼ਨਾਨ ਕਰਦੇ ਹਨ ਜਿਸ ਨਾਲ ਸਾਰੀ ਉਮਰ ਮਨੁੱਖ ਸਾਫ ਹਾਲਤ ਵਿਚ ਵਿਚਰਦਾ ਹੈ ਜੇ ਉਹ ਇਸ਼ਨਾਨ ਕਰਦਾ ਹੈ ਤਾਂ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਹ ਸਿਰ-ਖੁੱਥੇ ਉਲਟ ਦਿਸ਼ਾ ਵੱਲ ਜਾ ਰਹੇ ਹਨ ਕਿ ਇਨ੍ਹਾਂ ਨੂੰ ਇਸ਼ਨਾਨ ਕਰਨਾ ਚੰਗਾ ਨਹੀਂ ਲੱਗਦਾ। ਪਾਣੀ ਦਾ ਬਹੁਤ ਮਹੱਤਵ ਹੈ। ਜਦੋਂ ਮੀਂਹ ਪੈਂਦਾ ਹੈ ਤਾਂ ਜੀਵ ਖੁਸ਼ ਹੁੰਦੇ ਹਨ। ਜੀਵਾਂ ਦਾ ਜੀਵਨ ਪਾਣੀ ਸਦਕਾ ਹੀ ਟਿਕਿਆ ਹੋਇਆ ਹੈ। ਮੀਂਹ ਪੈਣ ਨਾਲ ਜੀਵਾਂ ਦੇ ਖਾਣ ਲਈ ਅੰਨ ਪੈਦਾ ਹੁੰਦਾ ਹੈ, ਹੋਰ ਫਸਲਾਂ ਜਿਵੇਂ ਕਮਾਦ ਪੈਦਾ ਹੁੰਦਾ ਹੈ, ਕਪਾਹ ਪੈਦਾ ਹੁੰਦੀ ਹੈ ਜੋ ਸਭ ਦੇ ਤਨ ਢਕਣ ਦੇ ਕੰਮ ਆਉਂਦੀ ਹੈ। ਘਾਹ ਉਗਦਾ ਹੈ ਜਿਸ ਨੂੰ ਗਊਆਂ ਚੁਗਦੀਆਂ ਹਨ ਜਿਨ੍ਹਾਂ ਤੋਂ ਦੁੱਧ ਮਿਲਦਾ ਹੈ, ਦਹੀਂ ਬਣਦਾ ਹੈ ਜਿਸ ਨੂੰ ਰਿੜਕ ਕੇ ਜ਼ਨਾਨੀਆਂ ਮੱਖਣ ਬਣਾ ਕੇ ਘਿਉ ਬਣਾਉਂਦੀਆਂ ਹਨ ਜੋ ਹੋਮ-ਜੱਗ ਅਤੇ ਪੂਜਾ ਦੇ ਕੰਮਾਂ ਵਿਚ ਵਰਤਿਆ ਜਾਂਦਾ ਹੈ।। ਇੱਕ ਹੋਰ ਇਸ਼ਨਾਨ ਆਤਮਕ ਇਸ਼ਨਾਨ ਵੀ ਹੈ। ਉਹ ਇਹ ਹੈ ਕਿ ਸਤਿਗੁਰੂ ਸਮੁੰਦਰ ਹੈ ਅਤੇ ਉਸ ਦੀ ਸਿੱਖਿਆ ਨਦੀਆਂ ਹਨ, ਸਤਿਗੁਰੂ ਦੀ ਇਸ ਸਿੱਖਿਆ ਦੀਆਂ ਨਦੀਆਂ ਵਿਚ ਇਸ਼ਨਾਨ ਕਰਨ ਨਾਲ ਵਡਿਆਈ ਮਿਲਦੀ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜੇ ਇਹ ਸਿਰ-ਖੁੱਥੇ ਅਕਾਲ ਪੁਰਖ ਦੇ ਨਾਮ ਰੂਪੀ ਜਲ ਵਿਚ ਇਸ਼ਨਾਨ ਨਹੀਂ ਕਰਦੇ ਤਾਂ ਇਹ ਕਾਲਖ ਖੱਟ ਕੇ ਇਸ ਸੰਸਾਰ ਤੋਂ ਜਾਂਦੇ ਹਨ,

ਸਿਰੁ ਖੋਹਾਇ ਪੀਅਹਿ ਮਲਵਾਣੀ
ਜੂਠਾ ਮੰਗਿ ਮੰਗਿ ਖਾਹੀ॥
ਫੋਲਿ ਫਦੀਹਤਿ ਮੁਹਿ ਲੈਨਿ
ਭੜਾਸਾ ਪਾਣੀ ਦੇਖਿ ਸਗਾਹੀ॥
ਗੁਰੁ ਸਮੁੰਦੁ ਨਦੀ ਸਭਿ ਸਿਖੀ
ਨਾਤੈ ਜਿਤੁ ਵਡਿਆਈ॥
ਨਾਨਕ ਜੇ ਸਿਰਖੁਥੇ ਨਾਵਨਿ ਨਾਹੀ
ਤਾ ਸਤ ਚਟੇ ਸਿਰਿ ਛਾਈ॥
(ਪੰਨਾ ੧੪੯-੧੫੦)

## ਗੁਰੂ ਗ੍ਰੰਥ ਸਾਹਿਬ 'ਚ ਮੰਗਲਾ ਚਰਨ ਦੇ ਰੂਪ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥

ੴ ਸਤਿਨਾਮੁ ਗੁਰ ਪ੍ਰਸਾਦਿ॥

ੴ ਸਤਿਗੁਰ ਪ੍ਰਸਾਦਿ॥

ਉਪਰੋਕਤ ਵੇਰਵਾ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਅਗਸਤ 1979 ਦੇ ਮਾਸਕ ਪੱਤਰ ਵਿਚ ਮਿਲਦਾ ਹੈ। ਇਹੀ ਵੇਰਵਾ ਤੇ ਪੈਟਰਨ ਪ੍ਰਿੰਸੀਪਲ ਹਰਿਭਜਨ ਦੀ ਲਿਖੀ ਪੁਸਤਕ 'ਸਾਚੀ ਪ੍ਰੀਤ' ਵਿਚ ਵੀ ਮਿਲਦਾ ਹੈ।

ਸਿੱਖ ਮਿਸ਼ਨਰੀ ਕਾਲਜ-ਲੁਧਿਆਣਾ ਦੀ ਪੁਸਤਕ 'ਸਿੱਖ ਧਰਮ ਸਬੰਧੀ ਸਵਾਲ-ਜਵਾਬ' ਦੇ 59ਵੇਂ ਸਵਾਲ ਦੇ ਜਵਾਬ ਵਿਚ ਉਪਰੋਕਤ ਵੇਰਵਾ ਤੇ ਪੈਟਰਨ ਹੀ ਹੈ। ਜਵਾਬ ਵਿਚ ੴ ਮੰਗਲ ਦਾ ਵੀ ਉਲੇਖ ਹੈ ਜੋ ਪੁਰਾਤਨ ਹੱਥ ਲਿਖਤ ਬੀੜਾਂ ਵਿਚ ਮਿਲਦਾ ਹੈ।

ਛਾਪੇ ਦੀਆਂ ਬੀੜਾਂ ਵਿਚ ਚੌਥੀ ਕਿਸਮ ਦਾ ਮੰਗਲ 'ੴ ਸਤਿਗੁਰ ਪ੍ਰਸਾਦਿ॥' ਰੂਪ ਵਿਚ ਲਿਖਿਆ ਮਿਲਦਾ ਹੈ ਜੋ ਗਲਤ ਪਦ-ਛੇਦ ਕਰਕੇ ਲਿਖਿਆ ਗਿਆ ਹੈ। ਬਾਕੀ ਤਿੰਨ ਮੰਗਲ ਕਿਉਂਕਿ 'ਗੁਰ ਪ੍ਰਸਾਦਿ' ਨਾਲ ਸੰਪੂਰਨ ਹੁੰਦੇ ਹਨ, ਇਸ ਲਈ ਚੌਥਾ ਮੰਗਲ ਵੀ 'ਗੁਰ ਪ੍ਰਸਾਦਿ' ਨਾਲ ਹੀ ਸੰਪੂਰਨ ਹੋਣਾ ਬਣਦਾ ਹੈ। 'ੴ ਸਤਿਗੁਰ ਪ੍ਰਸਾਦਿ॥' ਦੇ ਅਰਥ ਹਨ-ਪ੍ਰਭੂ ਇੱਕ ਹੈ, ਲਗਾਤਾਰ ਹਾਜ਼ਰ ਹੈ ਅਤੇ ਹੋਂਦ ਰੱਖਦਾ ਹੈ। ਐਸਾ ਪ੍ਰਭੂ ਗੁਰੂ ਦੀ ਕਿਰਪਾ ਨਾਲ ਅਨੁਭਵ ਕੀਤਾ ਜਾ ਸਕਦਾ ਹੈ। ਮੰਗਲ ਵਿਚ 'ਸਤਿ' ਸ਼ਬਦ ਪ੍ਰਭੂ ਦੀ ਹੋਂਦ ਵਾਸਤੇ ਹੈ ਜੋ 'ਗੁਰ' ਸ਼ਬਦ ਨਾਲ ਸਬੰਧਤ ਨਹੀਂ।

-ਪ੍ਰੋ. ਕਸ਼ਮੀਰਾ ਸਿੰਘ
ਫੋਨ: 801-414-0171

## ਜਿਸ ਸਿਮਰਤ ਦੁਖੁ ਜਾਇ ਸਹਜ ਸੁਖੁ ਪਾਈਐ

ਗੁਰਬਾਣੀ ਗਿਆਨ

ਆਸਾ ਮਹਲਾ ੫
ਜਿਸ ਸਿਮਰਤ ਦੁਖੁ ਜਾਇ
ਸਹਜ ਸੁਖੁ ਪਾਈਐ॥
ਰੈਣਿ ਦਿਨਸੁ ਕਰ ਜੋੜਿ
ਹਰਿ ਹਰਿ ਧਿਆਈਐ॥੧॥
ਨਾਨਕ ਕਾ ਪ੍ਰਭੁ ਸੋਇ
ਜਿਸ ਕਾ ਸਭੁ ਕੋਇ॥
ਸਰਬ ਰਹਿਆ ਭਰਪੂਰਿ
ਸਚਾ ਸਚੁ ਸੋਇ॥੧॥ ਰਹਾਉ॥
ਅੰਤਰਿ ਬਾਹਰਿ ਸੰਗਿ
ਸਹਾਈ ਗਿਆਨ ਜੋਗੁ॥
ਤਿਸਹਿ ਅਰਾਧਿ ਮਨਾ
ਬਿਨਾਸੈ ਸਗਲ ਰੋਗੁ॥੨॥
ਰਾਖਨਹਾਰੁ ਅਪਾਰੁ
ਰਾਖੈ ਅਗਨਿ ਮਾਹਿ॥
ਸੀਤਲੁ ਹਰਿ ਹਰਿ ਨਾਮੁ
ਸਿਮਰਤ ਤਪਤਿ ਜਾਇ॥੩॥
ਸੂਖ ਸਹਜ ਆਨੰਦ ਘਣਾ
ਨਾਨਕ ਜਨ ਧੂਰਾ॥
ਕਾਰਜ ਸਗਲੇ ਸਿਧਿ ਭਏ
ਭੇਟਿਆ ਗੁਰੁ ਪੂਰਾ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਆਖਦੇ ਹਨ, ਹੇ ਭਾਈ! ਨਾਨਕ ਦਾ ਮਾਲਕ ਤਾਂ ਉਹ ਪ੍ਰਭੂ ਹੈ ਜਿਸ ਦਾ ਪੈਦਾ ਕੀਤਾ ਹੋਇਆ ਹਰ ਜੀਵ ਹੈ ਅਤੇ ਉਹ ਮੇਰਾ ਮਾਲਕ ਸਭ ਜੀਵ ਜੰਤੂਆਂ ਵਿਚ ਇਕ ਸਮਾਨ ਵਸ ਰਿਹਾ ਹੈ। ਬਸ ਇਕ ਪ੍ਰਭੂ ਹੀ ਹੈ ਜੋ ਸਦਾ ਕਾਇਮ ਰਹਿੰਦਾ ਹੈ। ਹੇ ਭਾਈ! ਜਿਸ ਪ੍ਰਭੂ ਦਾ ਨਾਮ ਸਿਮਰਨ ਕਰ ਕੇ ਦੁੱਖ ਦੂਰ ਹੋ ਜਾਂਦੇ ਹਨ ਅਤੇ ਸਹਜ ਸੁੱਖ, ਭਾਵ ਆਤਮਿਕ ਸੁੱਖ ਅਤੇ ਅਨੰਦ ਪ੍ਰਾਪਤ ਹੁੰਦਾ ਹੈ, ਐਸੇ ਮਿਹਰਬਾਨ ਪ੍ਰਭੂ ਅੱਗੇ ਦੋਵੇਂ ਹੱਥ ਜੋੜ ਕੇ ਹਰ ਸਮੇਂ ਉਸ ਦਾ ਸਿਮਰਨ ਕਰਨਾ ਚਾਹੀਏ।

ਅੰਤਰਿ ਬਾਹਰਿ ਸੰਗਿ
ਸਹਾਈ ਗਿਆਨ ਜੋਗੁ॥
ਤਿਸਹਿ ਅਰਾਧਿ ਮਨਾ
ਬਿਨਾਸੈ ਸਗਲ ਰੋਗੁ॥੨॥

ਹੁਣ ਗੁਰਦੇਵ ਪਿਤਾ ਜੀ ਮਨ ਨੂੰ ਪੁਕਾਰਦੇ ਹਨ ਕਿ ਹੇ ਮੇਰੇ ਮਨ! ਉਸ ਅਕਾਲ ਪੁਰਖ ਪ੍ਰਭੂ ਨੂੰ ਅਰਾਧ, ਭਾਵ ਤੂੰ ਉਸ ਦਾ ਸਿਮਰਨ ਹਰ ਵੇਲੇ ਕਰਿਆ ਕਰ ਜੋ ਸਭਨਾਂ ਜੀਵਾਂ ਦੇ ਅੰਦਰ ਵਸ ਰਿਹਾ ਹੈ ਅਤੇ ਜੋ ਦਿਖਾਈ ਦੇ ਰਹੇ ਇਸ ਸਾਰੇ ਸੰਸਾਰ ਵਿਚ ਭੀ ਵਸ ਰਿਹਾ ਹੈ, ਜੋ ਮਾਲਕ ਪ੍ਰਭੂ ਸਭ ਜੀਵਾਂ ਦੇ ਨਾਲ ਭੀ ਰਹਿੰਦਾ ਹੈ ਅਤੇ ਸਭਨਾਂ ਦੀ ਰੱਖਿਆ ਭੀ ਸਦਾ ਆਪ ਹੀ ਕਰਦਾ ਹੈ। ਹੇ ਮੇਰੇ ਮਨ! ਉਸ ਮਿਹਰਬਾਨ ਪ੍ਰਭੂ ਨਾਲ ਧੁਰ ਅੰਦਰੋਂ ਪ੍ਰੀਤ ਕਰ ਜਿਸ ਦਾ ਸਿਮਰਨ ਕਰ ਕੇ ਸਾਰੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ।

ਰਾਖਨਹਾਰੁ ਅਪਾਰੁ ਰਾਖੈ ਅਗਨਿ ਮਾਹਿ॥
ਸੀਤਲੁ ਹਰਿ ਹਰਿ ਨਾਮੁ
ਸਿਮਰਤ ਤਪਤਿ ਜਾਇ॥੩॥

ਗੁਰਦੇਵ ਜੀ ਪ੍ਰਭੂ ਦੀ ਵਡਿਆਈ ਕਰਦੇ ਹਨ ਕਿ ਹੇ ਮੇਰੇ ਮਨ! ਸਭ ਜੀਵਾਂ ਦੀ ਰੱਖਿਆ ਕਰਨ ਲਈ ਜੋ ਸਮਰਥ ਹੈ, ਉਹ ਬੇਅੰਤ ਤਾਕਤਾਂ ਦਾ ਮਾਲਕ ਮਿਹਰਬਾਨ ਪ੍ਰਭੂ ਤਾਂ ਮਾਂ ਦੇ ਗਰਭ ਦੀ ਅੱਗ ਵਿਚ ਵੀ ਸਾਰੇ ਜੀਵਾਂ ਨੂੰ ਆਪ ਬਚਾਉਂਦਾ ਹੈ, ਰੱਖਿਆ ਕਰਦਾ ਹੈ। ਉਸ ਮਿਹਰਾਂ ਦੇ ਮਾਲਕ ਪ੍ਰਭੂ ਜੀ ਦਾ ਜੋ ਸੁਹਣਾ ਨਾਮ ਹੈ, ਉਹ ਤਾਂ ਅਤਿ ਸੀਤਲ ਹੈ, ਤਪ ਰਹੇ ਤੇ ਸੜ ਰਹੇ ਹਿਰਦਿਆਂ ਵਿਚ ਠੰਢ ਪਾਉਣ ਵਾਲਾ ਹੈ। ਹੇ ਮਨ, ਉਸ ਪ੍ਰਭੂ ਦਾ ਨਾਮ ਸਿਮਰਨ ਕੀਤਿਆਂ ਜੀਵ ਦੇ ਅੰਦਰੋਂ ਵਿਕਾਰਾਂ ਦੀ ਤਪਸ਼ ਭੀ ਮੁੱਕ ਜਾਂਦੀ ਹੈ।

ਸੂਖ ਸਹਜ ਆਨੰਦ ਘਣਾ
ਨਾਨਕ ਜਨ ਧੂਰਾ॥
ਕਾਰਜ ਸਗਲੇ ਸਿਧਿ ਭਏ
ਭੇਟਿਆ ਗੁਰੁ ਪੂਰਾ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਮੇਰੇ ਪ੍ਰਭੂ ਜੀ ਨੂੰ ਆਪ ਦਾ ਇਹ ਨਾਨਕ ਆਖਦਾ ਹੈ ਕਿ ਤੇਰੀ ਮਿਹਰ ਸਦਕਾ ਜਿਸ ਜੀਵ ਨੂੰ ਪੂਰਾ ਗੁਰੂ ਮਿਲ ਪੈਂਦਾ ਹੈ ਅਤੇ ਜੀਵ ਸੰਤ ਜਨਾਂ ਦੀ ਚਰਨ ਧੂੜ ਵਿਚ ਆਪਣੇ ਆਪ ਨੂੰ ਟਿਕਾਈ ਰੱਖਦਾ ਹੈ, ਉਸ ਲਈ ਸੁਖ ਸਹਜ ਅਨੰਦ ਘਣਾ, ਭਾਵ ਬਹੁਤ ਸਾਰੇ ਆਤਮਿਕ ਸੁੱਖ ਅਤੇ ਅਨੰਦਮਈ ਅਵਸਥਾ ਹਰ ਵੇਲੇ ਬਣੇ ਰਹਿੰਦੇ ਹਨ। ਕਾਰਜ ਸਗਲੇ ਸਿਧਿ ਭਏ, ਭਾਵ ਨਾਮ ਸਿਮਰਨ ਕਰਨ ਵਾਲੇ ਜੀਵਾਂ ਦੇ ਸਾਰੇ ਕਾਰਜ ਭੀ ਪ੍ਰਭੂ ਮਿਹਰ ਸਦਕਾ ਪੂਰੇ ਹੁੰਦੇ ਹਨ ਤੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ-916-687-3536

# ਗੁਰ ਪ੍ਰਸਾਦਿ

***ਪ੍ਰੋ. ਹਰਪਾਲ ਸਿੰਘ ਦੇ ਲੇਖ 'ਗੁਰ ਪ੍ਰਸਾਦਿ' ਵਿਚ ਮਨੁੱਖ ਦੇ ਮੂਲ ਬਾਰੇ ਗੱਲ ਕੀਤੀ ਗਈ ਹੈ। ਇਸ ਲੇਖ ਵਿਚ ਪ੍ਰਵਚਨ ਵਰਗੀ ਲੈਅ ਹੈ। ਪਤਾਸਿਆਂ ਵਰਗੇ ਨਿੱਕੇ-ਨਿੱਕੇ ਵਾਕਾਂ ਵਿਚ ਜ਼ਿੰਦਗੀ ਦਾ ਨਿਰਵੈਰ ਤੇ ਨਿਰਭੈ ਸੁਨੇਹਾ ਤੇ ਸੱਚ ਗੁੰਦਿਆ ਹੋਇਆ ਹੈ। ਇਸ ਸੁਨੇਹੇ ਵਿਚ ਕੋਈ ਜ਼ੋਰ-ਜ਼ਬਰਦਸਤੀ ਨਹੀਂ, ਨਿਰਾ ਸਹਿਜ ਹੈ। ਸਹਿਜ ਹੋਇਆ ਬੰਦਾ ਅੰਬਰਾਂ ਵਿਚ ਕਿਤੇ ਉਚੀ ਉਡਾਰੀ ਭਰ ਸਕਦਾ ਹੈ। -ਸੰਪਾਦਕ***

**ਪ੍ਰੋ. ਹਰਪਾਲ ਸਿੰਘ**
ਫੋਨ: 916-236-8830

ਕਿਉਂ ਚਾਹੀਦੀ ਹੈ ਗੁਰੂ ਦੀ ਕ੍ਰਿਪਾ? ਕੀ ਮਨੁੱਖ ਦੀ ਆਪਣੀ ਮਿਹਨਤ ਹੀ ਕਾਫੀ ਨਹੀਂ? ਜੇ ਪਰਮਾਤਮਾ ਦਾ ਵਰਤਾਰਾ ਹਰ ਪਾਸੇ ਹੈ, ਤਾਂ ਮੈਂ ਸਿੱਧਾ ਉਸ ਨੂੰ ਕਿਉਂ ਨਹੀਂ ਪਾ ਸਕਦਾ? ਗੁਰੂ ਨੂੰ ਵਿਚਕਾਰ ਲਿਆਉਣ ਦੀ ਕੀ ਲੋੜ ਹੈ? ਕ੍ਰਿਸ਼ਨਾਮੂਰਤੀ ਦਾ ਵਿਚਾਰ ਹੈ ਕਿ ਗੁਰੂ ਦੀ ਕੋਈ ਲੋੜ ਨਹੀਂ; ਮੈਂ ਵੀ ਉਸ ਦੀ ਕ੍ਰਿਤ ਹਾਂ, ਗੁਰੂ ਵੀ ਉਸ ਤੋਂ ਪੈਦਾ ਹੋਇਆ ਹੈ; ਫਿਰ ਗੁਰੂ ਨੂੰ ਵਿਚਕਾਰ ਕਿਉਂ ਖੜ੍ਹਾ ਕੀਤਾ ਜਾਵੇ? ਤੁਹਾਡੀ ਬੁੱਧੀ ਨੂੰ ਇਹ ਗੱਲ ਠੀਕ ਲਗਦੀ ਹੈ। ਤੁਹਾਡਾ ਤਰਕ, ਤੁਹਾਡੀ ਦਲੀਲ ਤੇ ਨੁਕਤਾ-ਨਿਗ੍ਹਾ ਸਭ ਤੋਂ ਵੱਡੀ ਉਲਝਣ ਹੈ। ਤੁਹਾਡਾ ਤਰਕ ਤੁਹਾਡੇ ਹੰਕਾਰ ਦਾ ਅਰੰਭ ਹੈ। ਹਾਂ, ਗੁਰੂ ਦੀ ਕੋਈ ਲੋੜ ਨਹੀਂ ਜੇ ਤੁਸੀਂ ਆਪਣਾ ਹੰਕਾਰ ਮਿਟਾਉਣ ਵਿਚ ਆਪ ਹੀ ਸਮਰੱਥ ਹੋ ਜਾਓ; ਪਰ ਹੋਵੋਗੇ ਕਿਵੇਂ? ਆਪਣਾ ਹੰਕਾਰ ਮਿਟਾਉਣਾ ਉਨਾ ਹੀ ਔਖਾ ਹੈ ਜਿੰਨਾ ਪਾਣੀ ਵਿਚੋਂ ਮੱਖਣ ਦੀ ਆਸ ਕਰਨੀ। ਜਿਵੇਂ ਕੁੱਤਾ ਆਪਣੀ ਪੂਛ ਆਪ ਫੜਨ ਦਾ ਯਤਨ ਕਰੇ। ਆਪਣਾ ਹੰਕਾਰ ਮਿਟਾਉਣ ਲਈ ਗੁਰੂ ਕੋਲ ਤਾਂ ਜਾਣਾ ਹੀ ਪਵੇਗਾ।

ਇਕ ਹੋਰ ਉਲਝਣ ਵੀ ਹੈ। ਜੇ ਤੁਸੀਂ ਆਪਣਾ ਹੰਕਾਰ ਮਿਟਾਉਣ ਵਿਚ ਸਫਲ ਵੀ ਹੋ ਜਾਓ ਤਾਂ ਇਕ ਹੋਰ ਨਵਾਂ ਹੰਕਾਰ ਪੈਦਾ ਹੋ ਜਾਵੇਗਾ...ਮੈਂ ਹੰਕਾਰ ਨੂੰ ਮਾਰ ਦਿੱਤਾ। ਸੋ, ਹੰਕਾਰ ਅਜੇ ਵੀ ਹੈ ਕਿ 'ਮੈਂ' ਹੰਕਾਰ ਨੂੰ ਮਾਰ ਦਿੱਤਾ ਹੈ। ਇਹ 'ਮੈਂ' ਹੀ ਆਦਿ ਹੈ, ਪਰ ਇਸ ਦਾ ਅੰਤ ਕਿਧਰੇ ਵੀ ਨਹੀਂ। ਕੱਲ੍ਹ ਤੁਸੀਂ ਕਹਿ ਰਹੇ ਸੀ, ਮੇਰੇ ਵਰਗਾ ਬਲਵਾਨ ਕੋਈ ਨਹੀਂ; ਅੱਜ ਤੁਸੀਂ ਕਹਿ ਰਹੇ ਹੋ, ਮੇਰੇ ਵਰਗਾ ਨਿਰਬਲ ਕੋਈ ਨਹੀਂ। ਇਸ ਲਈ ਹੰਕਾਰ ਤਾਂ ਦੋਹਾਂ ਗੱਲਾਂ ਵਿਚ ਹੈ। ਰੱਸੀ ਸੜ ਗਈ, ਪਰ ਵੱਟ ਨਾ ਗਿਆ। ਤੁਹਾਡੀ ਆਕੜ ਹੀ ਤੁਹਾਡਾ ਵਿਘਨ ਹੈ। ਤੁਹਾਡੀਆਂ ਅੱਖਾਂ ਵਿਚ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਕੰਕਰ ਪਏ ਹੋਏ ਹਨ। ਮਾਇਆ ਦਾ ਜਾਲ ਹੈ। ਤੁਸੀਂ ਮੱਕੜੀ ਵਾਂਗ ਉਸ ਵਿਚ ਫਸੇ ਹੋਏ ਹੋ।

ਕਰਮੁ ਨਾ ਜਾਣਾ ਧਰਮੁ ਨ ਜਾਣਾ
ਲੋਭੀ ਮਾਇਆਧਾਰੀ॥

ਤੁਸੀਂ ਕੁਝ ਵੀ ਕਰੋ, ਅੰਦਰ ਹੰਕਾਰ ਦੀ ਸੂਈ ਚਲਦੀ ਰਹਿੰਦੀ ਹੈ-ਮੈਂ ਗਿਆਨੀ ਹਾਂ, ਮੈਂ ਸੰਤ ਹਾਂ, ਦਾਤਾ ਹਾਂ। ਮੈਂ ਧਿਆਨ ਕੀਤਾ, ਪੂਜਾ ਕੀਤੀ, ਮਾਲਾ ਫੇਰੀ। ਮੈਂ ਤੀਰਥਾਂ ਦਾ ਰਟਨ ਕੀਤਾ। ਇਉਂ ਤੁਹਾਡੀ 'ਮੈਂ' ਤੁਹਾਨੂੰ ਹਰ ਪਾਸਿਉਂ ਘੇਰੀ ਰੱਖਦੀ ਹੈ। ਛੁਟਕਾਰਾ ਕਿਵੇਂ ਪਾਉਗੇ ਆਪਣੀ 'ਮੈਂ' ਤੋਂ? ਜਾਤੀ ਹੰਕਾਰ, ਕਰਮ ਕਾਂਡਾਂ ਦੀ ਵਿਸ਼ੈਲੀ ਜਕੜ ਤੋਂ ਤੁਸੀਂ ਛੁਟਕਾਰਾ ਨਹੀਂ ਪਾ ਸਕਦੇ। ਈਰਖਾ, ਦੁਸ਼ਮਣੀ ਦੀ ਮਲੀਨ ਭਾਵਨਾ ਤੁਹਾਡੇ ਅੰਦਰ ਘਰ ਕਰ ਗਈ ਹੈ। 'ਮੇਰਾ' ਪਰਮਾਤਮਾ ਸ੍ਰੇਸ਼ਟ ਹੈ, ਦੂਜੇ ਦਾ ਹੀਣਾ। ਨਾਨਕ ਬਾਣੀ ਤੋਂ ਮੂੰਹ ਮੋੜੀ ਬੈਠੇ ਹੋ।

ਏਕ ਦਰਿਸਟਿ ਕਰਿ ਸਮਸਰਿ ਜਾਣੈ
ਜੋਗੀ ਕਹੀਐ ਸੋਈ॥

ਨਫਰਤ ਧਾਰਮਿਕ ਹੋਵੇ ਜਾਂ ਸਮਾਜੀ, ਸ਼ਹਿਨਸ਼ੀਲਤਾ ਦੀ ਦੁਸ਼ਮਣ ਹੈ। ਸਦਾਚਾਰੀ ਮਨੁੱਖ ਉਹ ਨਹੀਂ ਜਿਸ ਨੂੰ ਸਦਾਚਾਰ ਦੀ ਜਾਣਕਾਰੀ ਹੈ; ਸਦਾਚਾਰੀ ਉਹ ਹੁੰਦਾ ਹੈ ਜੋ ਨਿਰਵੈਰ ਹੈ, ਨਿਰਭੈਅ ਹੈ, ਅਕਾਲ ਮੂਰਿਤ ਹੈ।

ਤੁਹਾਨੂੰ ਜੋ ਕੁਝ ਮਿਲ ਰਿਹਾ ਹੈ, ਮੁਫਤ ਮਿਲ ਰਿਹਾ ਹੈ। ਹਵਾ, ਪਾਣੀ, ਧਰਤ ਤੇ ਆਕਾਸ਼। ਤੁਹਾਨੂੰ ਪਰਮਾਤਮਾ ਵੀ ਮੁਫਤ ਮਿਲ ਰਿਹਾ ਹੈ। ਤੁਹਾਡੀ ਕੋਈ ਆਪਣੀ ਕੋਸ਼ਿਸ਼ ਨਹੀਂ, ਤੁਹਾਡਾ ਆਪਣਾ ਕੋਈ ਤਰੱਦਦ ਨਹੀਂ; ਇਸ ਲਈ ਤੁਹਾਨੂੰ ਉਸ ਦੀ ਕੋਈ ਚਿੰਤਾ ਵੀ ਨਹੀਂ। ਤੁਹਾਡਾ ਪਰਮਾਤਮਾ ਮਹਾਨ ਹੈ। ਉਸ ਨੂੰ ਪਾਉਣਾ ਹੈ ਤਾਂ ਫੁੱਲ ਚੜ੍ਹਾ ਦਿਓ, ਦੀਵੇ ਜਗਾ ਦਿਓ, ਜੋਤਾਂ ਜਗਾ ਦਿਓ, ਮੱਥੇ ਟੇਕ ਲਵੋ; ਪਰ ਤੁਸੀਂ ਤਾਂ ਜਿਹੋ ਜਿਹੇ ਸੀ, ਉਹੋ ਜਿਹੇ ਹੀ ਹੋ। ਕੀ ਫਰਕ ਪਿਆ? ਤੁਸੀਂ ਹਨੇਰੇ ਦੀ ਓਟ ਲਈ ਬੈਠੇ ਹੋ। ਚਾਨਣ ਤੁਹਾਥੋਂ ਕੋਹਾਂ ਦੂਰ ਹੈ। ਤੁਹਾਡੀ ਪੂਜਾ ਵੀ ਝੂਠੀ, ਅਰਚਨਾ ਵੀ ਝੂਠੀ।

ਅਸੀਂ ਭਗਤ ਹਾਂ ਤੁਹਾਡੇ। ਤੁਹਾਡੀ ਪੂਜਾ ਕਰਾਂਗੇ। ਤੁਹਾਨੂੰ ਭਗਵਾਨ ਕਹਾਂਗੇ, ਸੰਤ ਕਹਾਂਗੇ, ਸਿੱਧ ਪੁਰਖ ਕਹਾਂਗੇ, ਪਰ ਤੁਸੀਂ ਸਾਨੂੰ 'ਅਸੀ' ਰਹਿਣ ਦਿਓ। ਤੁਹਾਡਾ ਵਾਸਾ ਮੰਦਰ ਵਿਚ ਹੈ, ਚਰਚ ਵਿਚ ਹੈ, ਗੁਰਦੁਆਰੇ ਜਾਂ ਮਸਜਿਦ ਵਿਚ ਹੈ, ਬੱਸ ਇਥੇ ਹੀ ਰਹੋ। ਜਦ ਕਦੀ ਲੋੜ ਪਈ, ਤੁਹਾਡੇ ਦਰ 'ਤੇ ਮੰਗਤੇ ਬਣ ਕੇ ਆ ਜਾਵਾਂਗੇ, ਪਰ ਅਸੀਂ ਤੁਹਾਡੇ ਕਾਰਨ ਬਦਲਾਂਗੇ ਨਹੀਂ। ਨਾਨਕ, ਈਸਾ, ਬੁੱਧ ਉਸ ਜਗਤ ਦੀ ਖਬਰ ਲਿਆਏ ਪਰ ਅਸੀਂ ਉਨ੍ਹਾਂ ਨੂੰ ਪੂਜਨੀਕ ਬਣਾ ਲਿਆ। ਉਨ੍ਹਾਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਵਿਚਾਰਾਂ ਨੂੰ ਭੁੱਲ-ਭੁਲਾ ਬੈਠੇ। ਅਸੀਂ ਭਗਤ ਹਾਂ, ਤੁਸੀਂ ਭਗਵਾਨ ਹੋ, ਬੱਸ ਹੋ ਗਿਆ ਨਿਬੇੜਾ। ਗੁਰੂ ਦੀ ਵਿਚਾਰਧਾਰਾ ਨੂੰ ਖਤਮ ਕਰਨਾ ਹੈ, ਤਾਂ ਉਸ ਦੀ ਪੂਜਾ ਕਰਨੀ ਸ਼ੁਰੂ ਕਰ ਦੇਵੋ। ਕੁਝ ਚਿਰ ਬਾਅਦ ਅਸੀਂ ਆਪੇ ਹੀ ਭੁੱਲ-ਭੁਲਾ ਜਾਵਾਂਗੇ ਕਿ ਗੁਰੂ ਨੇ ਕੀ ਕਿਹਾ ਸੀ! ਜਦ ਤੁਸੀਂ ਕਿਸੇ ਧਾਰਮਿਕ ਸਥਾਨ ਉਤੇ ਜਾਂਦੇ ਹੋ, ਤਦ ਤੁਸੀਂ ਹੋਰ ਤਰ੍ਹਾਂ ਦੇ ਆਦਮੀ ਹੁੰਦੇ ਹੋ। ਅੱਖਾਂ ਵਿਚ ਅੱਥਰੂ ਹਨ, ਨਿਮਰਤਾ ਸੇਵਾ ਡੁੱਲ੍ਹ-ਡੁੱਲ੍ਹ ਪੈਂਦੀ ਹੈ, ਰੱਬ ਦੇ ਆਦਮੀ ਲਗਦੇ ਹੋ। ਬਾਹਰ ਆਏ ਤਾਂ ਰੂਪ ਹੀ ਬਦਲ ਗਿਆ, ਭਾਵ ਹੀ ਬਦਲ ਗਿਆ।

ਨਾ ਬੋਲਣ ਵਿਚ ਸ਼ਕਤੀ ਹੈ, ਨਾ ਮੌਨ ਵਿਚ ਸ਼ਕਤੀ ਹੈ। ਚੁੱਪ ਹੋ ਗਏ, ਬਾਬਾ ਚੁੱਪ ਦਾਸ ਬਣ ਗਏ। ਸਭ ਠੀਕ ਹੋ ਗਿਆ। ਚੁੱਪ ਵਿਚ ਵੀ ਤੁਸੀਂ ਤਾਂ ਰਹੋਗੇ, ਮੈਂ ਚੁੱਪ ਹੋ ਗਿਆ। ਇਕ ਆਕੜ ਬੋਲਣ ਵਿਚ ਸੀ, ਇਕ ਆਕੜ ਚੁੱਪ ਰਹਿਣ ਵਿਚ ਹੈ। ਨਾ ਜੀਵਨ ਵਿਚ ਸ਼ਕਤੀ ਹੈ, ਨਾ ਮਰਨ ਵਿਚ ਸ਼ਕਤੀ ਹੈ। ਸੰਸਾਰ ਵਿਚ ਸੰਸਾਰ ਤੋਂ ਛੁਟਕਾਰਾ ਪਾਉਣ ਦੀ ਜੁਗਤ ਹੀ ਸ਼ਕਤੀ ਹੈ।

ਨਾਨਕ ਜੀਵਤਿਆ ਮਰਿ ਰਹੀਐ
ਐਸਾ ਜੋਗ ਕਮਾਈਐ॥

ਨਾ ਮੰਗਣ ਵਿਚ ਸ਼ਕਤੀ ਹੈ, ਨਾ ਦਾਨ ਵਿਚ ਸ਼ਕਤੀ ਹੈ। ਇਕ ਮੰਗ ਰਿਹਾ ਹੈ, ਦੂਜਾ ਦੇ ਰਿਹਾ ਹੈ। ਤੁਹਾਡੇ ਕੋਲ ਹੈ ਕੀ? ਕੰਕਰ, ਪੱਥਰ, ਚਾਂਦੀ ਸੋਨਾ, ਸਿੱਕੇ, ਕਾਗਜ਼ ਦੇ ਨੋਟ? ਸੱਖਣੇ ਹੋ ਗੁਰੂ ਦੀ ਮਿਹਰ ਤੋਂ...ਸੱਚ ਦੇ ਵਿਪਰੀਤ ਖੜ੍ਹੇ ਹੋ। ਤੁਸੀਂ ਝੂਠ ਦੀ ਬੁਨਿਆਦ ਹੋ। ਤੁਹਾਡੀ ਮੰਦੀ ਸੋਚ ਝੂਠ ਨਾਲ ਪਰਛਾਵੇਂ ਵਾਂਗ ਚਲਦੀ ਹੈ। ਤੁਹਾਡੀ ਆਕੜ, ਤੁਹਾਡੀ ਹਉਮੈ, ਝੂਠ ਦੀਆਂ ਉਹ ਕੰਧਾਂ ਹਨ ਜਿਨ੍ਹਾਂ ਉਪਰ ਸਮੇਂ ਨੇ ਕਾਲਖ ਮਲ ਦਿੱਤੀ ਹੈ। ਝੂਠ ਦੀਆਂ ਕਾਲੀਆਂ ਕੰਧਾਂ ਦੇ ਪਰਛਾਵੇਂ ਹੇਠ ਬੈਠੇ ਹੋ ਤੁਸੀਂ। ਤੁਹਾਡੇ ਨਾਲ ਗੱਲ ਕਰਨੀ ਕੰਧ ਨਾਲ ਗੱਲ ਕਰਨੀ ਹੈ। ਜਿਵੇਂ-ਜਿਵੇਂ ਝੂਠ ਬੋਲਣ ਦੀ ਆਦਤ ਵਧਦੀ ਹੈ, ਤਿਵੇਂ-ਤਿਵੇਂ ਝੂਠ ਸੁਣਨ ਦੀ ਇੱਛਾ ਵੀ ਵਧ ਜਾਂਦੀ ਹੈ। ਜਿੰਨਾ ਕੋਈ ਧਾਰਮਿਕ ਹੁੰਦਾ ਹੈ, ਉਨਾ ਹੀ ਉਹ ਪਖੰਡੀ ਹੋ ਜਾਂਦਾ ਹੈ। ਤੁਹਾਨੂੰ ਨਾਸਤਿਕ ਬਣਾਉਣ ਵਿਚ ਜਿੰਨਾ ਤੁਹਾਡਾ ਅਸਤਿਗੁਰੂ ਸਹਿਯੋਗੀ ਹੈ, ਉਨਾ ਕੋਈ ਹੋਰ ਨਹੀਂ। ਤੁਸੀਂ ਧੋਖੇ ਵਿਚ ਪੈਣ ਲਈ ਤਿਆਰ ਹੋ। ਧੋਖਾ ਤੁਹਾਡੀਆਂ ਵਾਸਨਾਵਾਂ ਨੂੰ ਰਿਝਾਉਂਦਾ ਹੈ। ਉਹ ਤੁਹਾਨੂੰ ਉਕਸਾਉਂਦਾ ਹੈ ਕਿ ਤੁਸੀਂ ਧੋਖੇ ਵਿਚ ਰਹੋ।

ਘਰ-ਬਾਰ ਛੱਡ ਕੇ ਤਿਆਗੀ ਹੋ ਜਾਓ, ਸੰਨਿਆਸੀ ਹੋ ਜਾਓ। ਪਹਾੜਾਂ ਵਿਚ ਕਿਧਰੇ ਗੁੰਮ ਹੋ ਜਾਓ, ਤੀਰਥੀਂ ਚਲੇ ਜਾਓ। ਕੁਝ ਫਰਕ ਨਹੀਂ ਪੈਂਦਾ। ਕਰਤਾ ਤਾਂ ਤੁਸੀਂ ਹੋ। ਜਿਥੇ ਤੁਸੀਂ ਹੋ, ਉਥੇ ਹੰਕਾਰ ਹੈ। ਜਿਥੇ ਹੰਕਾਰ ਹੈ, ਉਥੇ ਪਰਮਾਤਮਾ ਨਹੀਂ। ਪਰਮਾਤਮਾ ਕੋਈ ਮਨੁੱਖ ਨਹੀਂ। ਕਿਧਰੇ ਅੰਬਰੀਂ ਬੈਠਾ ਹੋਇਆ ਨਹੀਂ। ਤੁਹਾਡਾ ਹੋਣਾ ਹੀ ਉਸ ਦੀ ਖਬਰ ਹੈ। ਤੁਸੀਂ ਮਿਟ ਗਏ, ਉਹ ਪ੍ਰਗਟ ਹੋ ਗਿਆ। ਜਦ ਤੱਕ ਤੁਸੀਂ ਮਰ ਨਹੀਂ ਜਾਂਦੇ, ਡੁੱਬ ਨਹੀਂ ਜਾਂਦੇ; ਉਸ ਨਾਲ ਮੇਲ ਅਜਾਈਂ ਹੈ। ਇਸ ਸਭ ਕਿਵੇਂ ਹੋਵੇਗਾ? ਬੱਸ, ਗੁਰੂ ਦੀ ਕ੍ਰਿਪਾ ਨਾਲ, ਗੁਰੂ ਦੀ ਮਿਹਰ ਨਾਲ, ਗੁਰ ਪ੍ਰਸਾਦਿ ਨਾਲ।

ਅੰਨੀ ਸ਼ਰਧਾ ਉਸ ਡੂੰਘੀ ਖਾਈ ਵਾਂਗ ਹੁੰਦੀ ਹੈ ਜਿਸ ਵਿਚ ਸੁੱਟੀ ਇੱਟ ਕਦੀ ਸੁੱਕੀ ਨਹੀਂ ਨਿਕਲਦੀ। ਹਨੇਰੇ ਵਿਚ ਹੱਥ ਮਾਰਿਆਂ ਚਾਨਣ ਨਹੀਂ ਹੋ ਜਾਂਦਾ, ਸਗੋਂ ਹਨੇਰਾ ਹੋਰ ਸੰਘਣਾ ਹੋ ਜਾਂਦਾ ਹੈ। ਪਖੰਡੀ ਦੁਨਿਆਵੀ ਗੁਰੂ ਕੋਲ ਤੁਹਾਨੂੰ ਦੇਣ ਲਈ ਕੁਝ ਨਹੀਂ। ਜੋ ਆਪ ਭਟਕ ਰਿਹਾ ਹੈ, ਉਹ ਤੁਹਾਨੂੰ ਕੀ ਰਾਹ ਦਿਖਾਏਗਾ? ਤੁਸੀਂ ਚਿੱਟੇ ਚੋਲਿਆਂ ਦੀਆਂ ਕੰਨੀਆਂ ਫੜ ਕੇ ਭਵ-ਸਾਗਰ ਪਾਰ ਕਰਨਾ ਚਾਹੁੰਦੇ ਹੋ, ਭਵ-ਸਾਗਰ ਪਾਰ ਕਰਨ ਦੀ ਤਮੰਨਾ ਰੱਖਣ ਵਾਲਿਓ ਤੁਹਾਨੂੰ ਚਿੱਟੇ ਚੋਲਿਆਂ ਵਿਚ ਲੱਗੀਆਂ ਹਉਮੈ ਤੇ ਲਾਲਚ ਦੀਆਂ ਟਾਕੀਆਂ ਨਜ਼ਰ ਕਿਉਂ ਨਹੀਂ ਆਉਂਦੀਆਂ?

ਕਰਮੁ ਨ ਜਾਣਾ ਧਰਮੁ ਨ ਜਾਣਾ
ਲੋਭੀ ਮਾਇਆਧਾਰੀ॥
ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ
ਹਿਰਦਾ ਸੁਧੁ ਨ ਹੋਈ॥

ਹਿੰਦੂ ਮਤ ਨੇ ਯੁੱਗ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ। ਸਤਯੁੱਗ, ਸੁਚੇਤ ਯੁੱਗ। ਜਦੋਂ ਸਤਯੁੱਗ ਸੀ, ਉਦੋਂ ਗੁਰੂ ਦੀ ਇੰਨੀ ਲੋੜ ਨਹੀਂ ਸੀ। ਲੋਕ ਸੁਚੇਤ ਸਨ, ਮਨ ਸੁਚੇਤ ਸੀ। ਬੱਚਾ ਸਤਯੁੱਗੀ ਹੈ। ਉਸ ਦਾ ਮਨ ਸੁਚੇਤ ਹੈ, ਮਨ ਦੀ ਸਲੇਟ 'ਤੇ ਕੂੜ ਦੇ ਅੱਖਰ ਨਹੀਂ ਲਿਖੇ ਹੋਏ। ਬੁੱਧ, ਨਾਨਕ, ਈਸਾ ਸਭ ਸੁਚੇਤ ਸਨ। ਸੂਰਜ ਅਤੇ ਰੋਸ਼ਨੀ ਦੇ ਸੰਗਮ।

ਕਲਯੁੱਗ, ਕਲੇਸ਼ ਦਾ ਯੁੱਗ। ਮੈਂ ਦਾ ਯੁੱਗ। ਬੇਹੋਸ਼ੀ ਦਾ ਯੁੱਗ। ਅਚੇਤਨ ਮਨ ਦਾ ਯੁੱਗ। ਸੁੱਤੇ ਲੋਕਾਂ ਦਾ ਯੁੱਗ। ਬੁੱਢਾ ਕਲਯੁੱਗੀ ਹੈ, ਬੇਚੈਨੀ ਵਿਚ ਜਿਉਂਦਾ ਰਿਹਾ ਹੈ। ਬੁੱਢੇ ਆਦਮੀ ਤੋਂ ਛੁਟਕਾਰਾ ਪਾਉਣਾ ਤਾਂ ਬਹੁਤ ਕਠਿਨ ਹੈ। ਸ਼ਕਤੀ ਮੁੱਕ ਰਹੀ ਹੈ ਪਰ ਹੰਕਾਰ ਨਹੀਂ ਮੁੱਕਿਆ...ਮੈਨੂੰ ਸਭ ਪਤਾ ਹੈ, ਅਨੁਭਵ ਹੈ। ਜ਼ਿੰਦਗੀ ਭਰ ਸੰਘਰਸ਼ ਕੀਤਾ ਹੈ, ਠੋਕਰਾਂ ਖਾਧੀਆਂ ਹਨ। ਜ਼ਿੰਦਗੀ ਬੁੱਢੀ ਹੋ ਗਈ, ਪਰ ਹੰਕਾਰ ਨਹੀਂ ਗਿਆ। ਤੁਸੀਂ ਤਾਂ ਜਵਾਨੀ ਵਿਚ ਹੀ ਬੁੱਢੇ ਹੋ ਗਏ ਹੋ। ਤੁਹਾਡੀ ਨੀਂਦ ਗੂੜ੍ਹੀ ਹੈ। ਜੇ ਸੁੱਤੇ ਹੋ ਤਾਂ ਤੁਸੀਂ ਆਪਣੇ-ਆਪ ਕਿਸ ਤਰ੍ਹਾਂ ਜਾਗੋਗੇ? ਕੋਈ ਤੁਹਾਨੂੰ ਹਿਲਾਏਗਾ, ਤਾਂ ਹੀ ਤੁਸੀਂ ਜਾਗ ਪਾਉਗੇ।

ਸਮਾਂ ਮਨੁੱਖ ਦੀ ਸਮਝ ਦੀ ਉਪਜ ਹੈ। ਮਨੁੱਖ ਨੇ ਸਮੇਂ ਨੂੰ ਆਦਿ ਅੰਤ ਦੇ ਚੱਕਰਵਿਊ ਵਿਚ ਬੰਨ੍ਹ ਲਿਆ ਹੈ। ਸਤਯੁੱਗ, ਦੁਆਪਰ, ਤ੍ਰੇਤਾ ਤੇ ਕਲਯੁੱਗ ਸਭ ਦਾ ਆਪਣਾ ਅੰਤ ਹੈ। ਜੇ ਕੋਈ ਚੀਜ਼ ਸਮੇਂ ਤੋਂ ਬਾਹਰ ਹੈ, ਉਹ ਪ੍ਰਭੂ ਹੈ, ਉਹ ਗੁਰੂ ਹੈ। ਜਿਸ ਦਾ ਨਾ ਆਦਿ ਹੈ, ਨਾ ਅੰਤ ਹੈ। ਜੋ ਯੁੱਗਾਂ ਦੇ ਬੰਨ੍ਹਾਂ ਵਿਚ ਬੰਨ੍ਹਿਆ ਹੋਇਆ ਨਹੀਂ।

ਏਹੁ ਅੰਤੁ ਨ ਜਾਣੈ ਕੋਇ॥
ਬਹੁਤਾ ਕਹੀਐ ਬਹੁਤਾ ਹੋਇ॥

ਮਨੁੱਖ ਨੇ ਕੂੜ ਨੂੰ ਛੱਡਣਾ ਹੈ, ਗੁਰੂ ਦੇ ਲੜ ਲੱਗਣਾ ਹੈ। ਜੋ ਗੁਰੂ ਹੈ, ਉਹ ਕਵੀ ਹੈ, ਉਹ ਸ਼ਾਇਰ ਹੈ, ਉਹ ਸੰਗੀਤਕਾਰ ਹੈ, ਉਹ ਦਾਰਸ਼ਨਿਕ ਹੈ, ਉਹ ਵਿਗਿਆਨੀ ਹੈ, ਉਹ ਸਿਰਜਣਹਾਰ ਹੈ। ਉਹ ਭੂਤਕਾਲ ਵਿਚ ਵਿਚਰਦਾ, ਵਰਤਮਾਨ ਦਾ ਪੱਲਾ ਫੜਾਉਣ ਵਾਲੇ ਸੱਚ ਦੀ ਸਿਰਜਣਾ ਕਰਦਾ ਹੈ। ਉਹ ਸੱਚ ਦੀ ਖੋਜ ਕਰਦਾ ਹੈ। ਉਹ ਨਿੱਜਵਾਦੀ ਨਹੀਂ, ਸੁਹਜਵਾਦੀ ਹੈ। ਉਹ ਸਮੁੱਚੇ ਬ੍ਰਹਿਮੰਡ ਨੂੰ ਆਪਣੀ ਸਿਰਜਣਾ ਵਿਚ ਸਿਰਜਦਾ ਹੈ। ਉਸ ਦੇ ਬੋਲ ਹਵਾ ਵਿਚ ਬਿਖਰੇ ਹੋਏ ਨਹੀਂ, ਨਾ ਹੀ ਕੰਧਾਂ 'ਤੇ ਮਾਰੀਆਂ ਹੋਈਆਂ ਲੀਕਾਂ ਨੇ। ਉਸ ਦੇ ਬੋਲ ਸੱਚ ਨੇ। ਸੱਚ ਨਾ ਕਦੇ ਬੁੱਢਾ ਹੁੰਦਾ ਹੈ, ਤੇ ਨਾ ਹੀ ਕਦੀ ਮਰਦਾ ਹੈ। ਸੱਚ ਤਾਂ ਬੱਸ ਸੱਚ ਹੈ-ਰਿਸ਼ੀਆਂ ਵਰਗਾ, ਸੰਤਾਂ ਵਰਗਾ, ਨਾਨਕ ਵਰਗਾ, ਬੁੱਧ ਤੇ ਈਸਾ ਵਰਗਾ। ਤੁਹਾਡੇ ਤੇ ਮੇਰੇ ਵਰਗਾ। ਅਸੀਂ ਸੱਚ ਤੋਂ ਹੀ ਜਨਮੇ ਹਾਂ। ਸਾਡੀ ਹੋਂਦ ਉਸ ਸੱਚ ਦੀ ਖਬਰ ਦਿੰਦੀ ਹੈ ਜੋ ਆਦਿ, ਅਨੀਲ, ਅਨਾਹਤ ਹੈ। ਜੋ ਅੱਜ ਵੀ ਹੈ, ਜੋ ਕੱਲ੍ਹ ਵੀ ਰਹੇਗਾ।

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਸੱਚ ਨੂੰ ਸੁਣਨਾ, ਸੱਚ ਨੂੰ ਜਾਣਨਾ ਤੇ ਸੱਚ ਉਤੇ ਚੱਲਣਾ ਉਨਾ ਹੀ ਕਠਿਨ ਹੈ, ਜਿੰਨੀ ਗੁਰ-ਦੀਖਸ਼ਾ। ਜੀਵਨ ਦੀ ਵਿਧੀ ਨੂੰ ਬਦਲਣ ਦਾ ਨਾਂ ਹੀ ੴ ਹੈ। ੴ ਤੋਂ ਦੂਰ ਹੋ ਜਾਣਾ, ਸੱਚ ਤੋਂ ਦੂਰ ਹੋ ਜਾਣਾ ਹੈ, ਗੁਰੂ ਤੋਂ ਦੂਰ ਹੋ ਜਾਣਾ ਹੈ। ਗੁਰੂ ਨੂੰ ਪਾ ਲੈਣਾ ਮੋਕਸ਼ ਹੈ, ਮੁਕਤੀ ਹੈ, ਸੱਚਖੰਡ ਹੈ। ਸੱਚਖੰਡ ਦੀ ਪ੍ਰਾਪਤੀ ਦਾ ਰਾਹ ਗੁਰੂ ਰਾਹੀਂ ਹੀ ਜਾਂਦਾ ਹੈ। ਜੋ ਸਦੀਵੀ ਹੈ, ਜੋ ਅਨੰਤ ਹੈ, ਜੋ ਆਦਿ-ਅੰਤ ਅੰਤ ਹੈ। ਜੋ ਰਾਖਨਹਾਰ ਹੈ, ਉਸ ਗੁਰੂ ਨੂੰ ਨਿਮਨ ਕਰੋ।

ਕਬੀਰ ਸੰਗਤਿ ਕਰੀਐ ਸਾਧ ਕੀ
ਅੰਤਿ ਕਰੈ ਨਿਰਬਾਹੁ॥
ਸਾਕਤ ਸੰਗੁ ਨ ਕੀਜੀਐ
ਜਾ ਤੇ ਹੋਇ ਬਿਨਾਹੁ॥

ਬੁੱਧ ਗੁਰੂ ਦੇ ਅੰਤਿਮ ਸਮੇਂ ਅਨੰਦ ਬਹੁਤ ਸਾਰੇ ਅਨੁਯਾਈਆਂ ਨਾਲ ਗੁਰੂ ਦੇ ਦਰਸ਼ਨਾਂ ਨੂੰ ਆਇਆ। ਬੇਨਤੀ ਕੀਤੀ, "ਗੁਰੂ ਜੀ, ਦੁੱਖ ਹੀ ਦੁੱਖ ਹਨ, ਛੁਟਕਾਰਾ ਕਿਵੇਂ ਮਿਲੇਗਾ?" ਮਹਾਤਮਾ ਨੇ ਕਿਹਾ, "ਅਨੰਦ, ਆਪਣੇ ਹੱਥ ਨੂੰ ਮੁੱਠੀ ਬਣਾ ਕੇ ਘੁੱਟ ਲੈ।" ਇੰਜ ਹੀ ਕੀਤਾ ਅਨੰਦ ਨੇ। "ਇਸ ਨੂੰ ਖੁੱਲ੍ਹਾ ਛੱਡ ਦੇ।" ਪ੍ਰਵਚਨ ਹੋਇਆ। ਇੰਜ ਹੀ ਕੀਤਾ ਅਨੰਦ ਨੇ।...ਤੇ ਅਨੰਦ ਚਰਨੀਂ ਢਹਿ ਪਿਆ, "ਮਹਾਤਮਾ! ਸਮਝ ਆ ਗਈ।" ਇਕੱਠਾ ਕਰਨਾ ਦੁੱਖ ਹੀ ਦੁੱਖ ਹੈ। ਛੱਡ ਦੇਣਾ ਸੁੱਖ ਹੀ ਸੁੱਖ ਹੈ। ਸਾਡੇ ਦੁੱਖ ਸਾਡੀਆਂ ਵਾਸਨਾਵਾਂ ਹਨ। ਗੁਰ ਕ੍ਰਿਪਾ ਨਾਲ ਹੀ ਇਨ੍ਹਾਂ ਤੋਂ ਮੁਕਤੀ ਮਿਲੇਗੀ।

ਕਿਰਪਾ ਕਰੇ ਜੇ ਆਪਣੀ
ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ
ਇਤੁ ਸੰਜਮਿ ਦੁਖ ਜਾਹਿ॥

---

ਗੁਰ ਮੂਰਤਿ ਗੁਰ ਸਬਦ ਹੈ
ਸਾਧ ਸੰਗਤਿ ਵਿਚ ਪਰਗਟੀ ਆਇਆ॥
ਪੈਰੀ ਪਾਇ ਸਭ ਜਗਤੁ ਤਰਾਇਆ॥

---

ਜਿਉ ਮੰਦਰ ਕਉ ਥਾਮੈ ਥੰਮਨੁ॥
ਤਿਉ ਗੁਰ ਕਾ ਸਬਦੁ ਮਨਿਹ ਅਸਥੰਮਨੁ॥

# ਜਲੰਧਰ ਦੂਰਦਰਸ਼ਨ ਦੀਆਂ ਸਾਂਝਾਂ

*(ਸਫਾ 25 ਦੀ ਬਾਕੀ)*

ਵੱਜਣ ਲੱਗ ਪਈ ਸੀ। ਉਦੋਂ ਅਹਿਸਾਸ ਹੋਇਆ ਸੀ, ਮੁਮਤਾਜ ਵਾਂਗ ਸੁਪਨਿਆਂ ਦੀ ਦੁਨੀਆਂ ਤਾਜ ਮਹੱਲ ਵਰਗੀ ਹੀ ਹੋਣੀ ਚਾਹੀਦੀ ਹੈ।...ਤੇ ਦੂਰਦਰਸ਼ਨ ਦਾ ਮੇਰਾ ਇਹ ਪਹਿਲਾ ਪ੍ਰੋਗਰਾਮ ਕਹਾਣੀਕਾਰ ਕਰਨੈਲ ਸਿੰਘ ਨਿੱਝਰ ਦੇ ਪਿੰਡ ਕਾਲਾ ਸੰਘਿਆ ਲਾਗੇ ਨਿੱਝਰਾਂ 'ਚ ਉਹਦੇ ਖੇਤਾਂ ਵਿਚ ਫਿਲਮਾਇਆ ਗਿਆ ਸੀ।

ਕਹਿੰਦੇ ਨੇ ਜੇ ਪੌੜੀਆਂ ਨਾ ਹੁੰਦੀਆਂ ਤਾਂ ਚੁਬਾਰੇ ਬਣਾਉਣ ਦਾ ਰਿਵਾਜ ਨਹੀਂ ਚੱਲਣਾ ਸੀ। ਕਈਆਂ ਕੋਲ ਖੰਭ ਤਾਂ ਹੁੰਦੇ ਹਨ ਪਰ ਉਡਾਣ ਇਸ ਕਰ ਕੇ ਨਹੀਂ ਭਰ ਹੁੰਦੀ, ਕਿਉਕਿ ਹਿੰਮਤ ਹਨੇਰਿਆਂ ਦੇ ਵੱਸ ਪੈ ਗਈ ਹੁੰਦੀ ਹੈ। ਵੇਖਿਆ ਜਾਵੇ ਤਾਂ ਇਹ ਰਾਮ ਕਹਾਣੀਆਂ ਤਾਂ ਚਲਦੀਆਂ ਹਨ ਜਦੋਂ ਕਮਾ ਕੇ ਖਾਣ ਤੋਂ ਸਿਵਾ ਬੰਦੇ ਦੇ ਰੁਝੇਵੇਂ ਸੁਆਦਲੇ ਹੋ ਗਏ।

ਹਾਲਤ ਮੇਰੀ ਹੀ ਨਹੀਂ, ਦੂਰਦਰਸ਼ਨ ਨਾਲ ਜੁੜੇ ਹੋਰ ਮੇਰੇ ਵਰਗਿਆਂ ਦੀ ਇਹ ਹੋ ਗਈ ਜਿਵੇਂ ਹੜ੍ਹਾਂ ਤੋਂ ਪਿੱਛੋਂ ਮਾੜੀ ਜ਼ਮੀਨ ਸਮੇਂ ਦੀ ਲਪੇਟ ਵਿਚ ਆ ਜਾਂਦੀ ਹੈ। ਕਈ ਸਾਲ ਗੇੜੇ ਮਾਰਨ 'ਤੇ ਵੀ ਅੱਗੇ ਪ੍ਰੋਗਰਾਮ ਕੋਈ ਨਾ ਮਿਲਿਆ। ਵਿਚਲੀ ਸਮੱਸਿਆ ਇਹ ਸੀ ਕਿ ਸਰਕਾਰੀ ਫੈਸਲਾ ਇਹ ਹੋ ਚੁੱਕਾ ਸੀ ਕਿ ਜਾਂ ਤਾਂ ਉਨ੍ਹਾਂ ਨੂੰ ਪ੍ਰੋਗਰਾਮ ਪੇਸ਼ ਕਰਨ ਲਈ ਬੁਲਾਇਆ ਜਾਵੇ ਜਿਹੜੇ ਅਪਰੂਵਡ ਹਨ, ਜਾਂ ਰੌਣਕੀ ਰਾਮ ਵਾਂਗ ਰੇਡੀਓ ਜਾਂ ਦੂਰਦਰਸ਼ਨ ਦੇ ਮੁਲਾਜ਼ਮਾਂ ਨਾਲ ਸਾਰਿਆ ਜਾਵੇ। ਫਿਰ 1993 ਵਿਚ ਨਵੇਂ ਹੋਸਟ ਰੱਖਣ ਲਈ ਅਰਜ਼ੀਆਂ ਮੰਗੀਆਂ ਗਈਆਂ। ਹਾਲਾਂਕਿ ਸਭ ਕੁੱਝ ਆਰਜ਼ੀ ਸੀ, ਫਿਰ ਵੀ ਜਿਸ ਦਿਨ ਆਡੀਸ਼ਨ ਹੋਇਆ, ਉਦਣ ਪਤਾ ਲੱਗਾ ਕਿ ਇਸ ਸਿਹਤਮੰਦ ਮੁਕਾਬਲੇ ਵਿਚ ਪੰਜ ਸੌ ਤੋਂ ਵੱਧ ਲੋਕ ਕਤਾਰ ਵਿਚ ਲੱਗੇ ਹੋਏ ਹਨ...ਰੱਖਣਾ ਛੇ ਜਣਿਆਂ ਨੂੰ ਸੀ। ਉਦੋਂ ਕਈਆਂ ਨੇ ਮਨਿੰਦਰਜੀਤ ਸਿੰਘ ਬਿੱਟੇ ਰਾਹੀਂ ਪ੍ਰਧਾਨ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਦੀ ਸਿਫ਼ਾਰਸ਼ ਵੀ ਪੁਆ ਲਈ ਸੀ। ਖੈਰ! ਆਡੀਸ਼ਨ ਦੋ ਦਿਨ ਚਲਦਾ ਰਿਹਾ, ਪਰ ਨੌਕਰੀ ਲੈਣ ਤੋਂ ਵੀ ਤਕੜੇ ਇਸ ਮੁਕਾਬਲੇ ਵਿਚੋਂ ਮੇਰਾ ਨਾਂ ਉਨ੍ਹਾਂ ਛੇਆਂ ਵਿਚ ਆ ਗਿਆ। ਮੈਂ ਅਤੇ ਸ਼ਮਸ਼ੇਰ ਸੰਧੂ ਇਕੋ ਵੇਲੇ ਅਪਰੂਵਡ ਹੋਏ ਸਾਂ।

ਅਗਾਂਹ ਤਾਂ ਫਿਰ ਇੱਦਾਂ ਦੀ ਸਥਿਤੀ ਬਣ ਗਈ ਜਿਵੇਂ ਬੂਰ ਘੱਟ ਪਿਆ ਹੋਵੇ, ਫਲ ਵਧੇਰੇ ਲੱਗਣ ਲੱਗ ਪਏ ਹੋਣ। ਮਰਹੂਮ ਦੁਰਗਾ ਦੱਤ ਸਵਿਤੋਜ ਨਾਲ 'ਕਾਵਿ-ਸ਼ਾਰ' ਵਿਚ ਬੜੇ ਪ੍ਰੋਗਰਾਮ ਕੀਤੇ। ਇਹਦੇ 'ਚ ਹੀ ਮੈਂ ਬਲਕਾਰ ਸਿੱਧੂ ਤੇ ਧਰਮਪ੍ਰੀਤ ਨੂੰ ਗਾਉਣ ਦਾ ਮੌਕਾ ਦਿੱਤਾ। ਮਦਨ ਪ੍ਰਾਸ਼ਰ ਤੇ ਬਲਕਾਰ ਸਿੱਧੂ ਨਾਲ ਅਖਾੜਾ ਪ੍ਰੋਗਰਾਮ ਪੇਸ਼ ਕੀਤਾ ਜਿਸ ਵਿਚ ਕੰਵਲਜੀਤ ਮਾਨਾਂਵਾਲਾ ਚਮਕਿਆ ਸੀ। ਸੁਦੇਸ਼ ਕਲਿਆਣ ਤੇ ਲਖਵਿੰਦਰ ਜੌਹਲ ਨਾਲ 'ਵਿਰਾਸਤ' ਅਮਰਜੀਤ ਕੁਕੂ, ਪਰਮਜੀਤ ਕੁਮਾਰ, ਏ. ਗੁਰਦੀਸ਼ ਸਿੰਘ ਤੇ ਹੋਰ ਅਨੇਕਾਂ ਪ੍ਰੋਡਿਊਸਰਾਂ ਨਾਲ ਵੱਖ-ਵੱਖ ਪ੍ਰੋਗਰਾਮਾਂ ਵਿਚ ਹਿੱਸਾ ਲਿਆ ਤੇ ਪੇਸ਼ਕਾਰੀ ਵੀ ਕੀਤੀ।

ਜਲੰਧਰ ਦੂਰਦਰਸ਼ਨ ਦਾ 'ਲਿਸ਼ਕਾਰਾ' ਪ੍ਰੋਗਰਾਮ ਅਜੇ ਤੱਕ ਵੀ ਹਿੱਟ ਹੈ। ਉਦੋਂ ਇਸ ਦੀ ਸ਼ੂਟਿੰਗ ਵੇਖਣ ਲਈ ਜਦੋਂ ਲੋਕ ਆਉਂਦੇ ਸਨ, ਪਿੰਡਾਂ ਸ਼ਹਿਰਾਂ ਤੋਂ ਬੜੇ ਔਖੇ ਸਿਫ਼ਾਰਸ਼ੀ ਪਾਸ ਮਿਲਦੇ ਸਨ। ਇਸ ਪ੍ਰੋਗਰਾਮ ਦੀ ਆਮ ਲੋਕਾਂ ਵਿਚ ਇਨੀ ਪਕੜ ਸੀ ਕਿ ਇਸ ਪ੍ਰੋਗਰਾਮ ਨੇ ਗਾਇਕ ਬੜੇ ਹਿੱਟ ਕੀਤੇ ਤੇ ਸੰਚਾਲਕ ਵੀ। ਮਨੋਹਰ ਭਾਰਜ ਕੋਲ ਜਦੋਂ ਇਹ ਪ੍ਰੋਗਰਾਮ ਆਇਆ, ਤਾਂ ਆਪਣੇ ਮਨ ਦੀ ਉਬਾਲੇ ਖਾਂਦੀ ਰੀਝ ਪੂਰੀ ਕਰਨ ਲਈ ਪਹੁੰਚ ਤਾਂ ਮੈਂ ਵੀ ਕੀਤੀ ਪਰ ਗੱਲ ਬਣ ਨਹੀਂ ਸਕੀ। ਭਾਰਜ ਨੇ ਆਪਣੇ ਸ਼ੁਗਲੀ ਅਤੇ ਦੋ-ਟੁੱਕ ਜੁਆਬ ਵਿਚ ਕਹਿ ਦਿੱਤਾ, "ਯਾਰ ਭੌਰੇ! ਤੂੰ ਲਿਖਦੈਂ, ਲਿਖਿਆ ਕਰ। ਛੱਡ ਪਰ੍ਹੇ ਲਿਸ਼ਕਾਰਿਆਂ-ਲੁਸ਼ਕੂਰਿਆਂ ਨੂੰ।" ਫਿਰ ਉਹਨੇ ਗੁਰਦੇਵ ਢਿੱਲੋਂ ਤੇ ਹਰਵਿੰਦਰ ਰਿਆੜ ਨੂੰ ਰੱਖ ਲਿਆ। ਢਿੱਲੋਂ ਭਜਨੇ ਅਮਲੀ ਦੇ ਰੂਪ ਵਿਚ ਉਦੋਂ ਹੀ ਪ੍ਰਵਾਨ ਚੜ੍ਹਿਆ ਅਤੇ ਰਿਆੜ ਵੀ ਹੁਣ ਵਾਲਾ ਰਿਆੜ ਬਣਾ ਕੇ ਉਸੇ ਪ੍ਰੋਗਰਾਮ ਨੇ ਅੱਗੇ ਤੋਰਿਆ।

ਫਿਰ ਗੱਲ ਪਤਾ ਨਹੀਂ ਕੀ ਹੋਈ ਕਿ ਭਾਰਜ ਨੇ ਮੈਨੂੰ ਕਿਹਾ, "ਤੂੰ 'ਲਿਸ਼ਕਾਰੇ' ਵਿਚ ਕਿਸੇ ਨਾਲ ਮੁਲਾਕਾਤ ਕਰਿਆ ਕਰ।" ਮੈਂ ਸ਼ਮਸ਼ੇਰ ਸੰਧੂ ਨੂੰ ਲੈ ਗਿਆ। ਸ਼ੂਟਿੰਗ ਤਾਂ ਹੋ ਗਈ, ਪਰ ਚੱਲੀ ਨਹੀਂ। ਤੇ ਜਿਸ ਦਿਨ ਚੱਲੀ ਤਾਂ ਅਗਲੇ ਦਿਨ ਭਾਰਜ ਦਾ ਫੋਨ ਖੜਕ ਪਿਆ, "ਯਾਰ ਭੌਰੇ! ਤੂੰ ਪ੍ਰੋਗਰਾਮ ਪੇਸ਼ ਕਰ ਵੀ ਲਵੇਂਗਾ?" ਮੈਂ 'ਹਾਂ' ਕਹੀ ਤਾਂ ਕਹਿਣ ਲੱਗਾ, "ਚੱਲ ਅਗਲੇ ਹਫ਼ਤੇ ਆ ਜਾਵੀਂ।" ਇਸ ਪ੍ਰੋਗਰਾਮ ਦੀ ਰਿਕਾਡਿੰਗ ਹੁਣ ਤੱਕ ਵੀ ਸ਼ਨਿਚਰਵਾਰ ਨੂੰ ਹੁੰਦੀ ਹੈ। ਬੁੱਲ੍ਹੇ ਸ਼ਾਹ, ਮਰਹੂਮ ਹਰਭਜਨ ਜੱਬਲ, ਗੁਰਪ੍ਰੀਤ ਘੁੱਗੀ ਇਸੇ ਪ੍ਰੋਗਰਾਮ ਦੀ ਦੇਣ ਹਨ।


ਰਿਆੜ ਤੇ ਭਜਨਾ ਅਮਲੀ ਹਟਾ ਦਿਤੇ ਗਏ, ਜਾਂ ਹਟ ਗਏ, ਇਸ ਗੱਲ ਦਾ ਤਾਂ ਮੈਨੂੰ ਬਹੁਤਾ ਗਿਆਨ ਨਹੀਂ ਪਰ ਜਿਸ ਦਿਨ ਮੈਂ ਬੁਲਾਵੇ 'ਤੇ ਗਿਆ ਤਾਂ ਭਾਰਜ ਬੋਲਿਆ, "ਯਾਰ ਭੌਰੇ! ਕਰਾ ਮੇਕਅਪ। ਸੁਣ ਲੈ ਗਾਇਕਾਂ ਤੋਂ ਗਾਣਿਆਂ ਦੇ ਬੋਲ, ਤੇ ਚੜ੍ਹ ਜਾ ਸੈਟ 'ਤੇ।" ਤੇ ਫਿਰ ਕਰੀਬ ਨੌਂ ਮਹੀਨੇ ਇਕ ਹਫ਼ਤੇ ਮੈਂ ਅਤੇ ਇਕ ਹਫ਼ਤੇ ਨਿਰਮਲ ਜੌੜਾ ਇਸ ਪ੍ਰੋਗਰਾਮ ਨੂੰ ਪੇਸ਼ ਕਰਦੇ ਰਹੇ।

ਹੁਣ ਭਾਵੇਂ ਪ੍ਰਸਾਰ ਭਾਰਤੀ ਨੇ ਇਸ ਨੂੰ ਕਮਾਊ ਪ੍ਰੋਗਰਾਮ ਬਣਾ ਲਿਆ ਹੈ ਕਿ ਪੈਸੇ ਦਿਉ ਤੇ ਗਾਉ, ਕਿਉਂਕਿ ਜਾਣਨ ਵਾਲੇ ਜਾਣਦੇ ਹਨ ਕਿ ਬਹੁਤ ਕੁੱਝ ਪੈਸੇ ਦੇ ਉਪਰ-ਥੱਲੇ ਕਰ ਕੇ ਦਿੱਲੀ ਵੀ ਜਾਣ ਗਈ ਸੀ ਕਿ ਪੈਸਾ ਲੀਗਲ ਲੈ ਕੇ ਰੈਵਨਿਊ 'ਕੱਠਾ ਕਰੋ। ਇਸੇ ਕਰ ਕੇ ਪ੍ਰੋਡਿਊਸਰਾਂ ਦੀ ਅਦਲਾ-ਬਦਲੀ ਹੁੰਦੀ ਰਹਿੰਦੀ ਸੀ। ਮਨੋਹਰ ਭਾਰਜ ਤੋਂ ਇਹ ਪ੍ਰੋਗਰਾਮ ਫਿਰ ਡਾ. ਲਖਵਿੰਦਰ ਜੌਹਲ ਕੋਲ ਜਾਣ ਨਾਲ ਮੇਰੀ ਆਸ ਤਾਂ ਪੱਕੀ ਸੀ ਕਿ ਪੁਰਾਣਾ ਆੜੀ ਮੈਨੂੰ ਤਾਂ ਹਟਾਏਗਾ ਨਹੀਂ, ਜੌੜੇ ਬਾਰੇ ਪਤਾ ਨਹੀਂ ਪਰ ਪੰਜੇਬਾਂ ਦੋਹਾਂ ਦੀਆਂ ਲਹਿ ਗਈਆਂ।

ਦਫਤਰ ਗਿਆ ਤਾਂ ਜੌਹਲ ਨੇ ਦੱਸਿਆ ਕਿ ਬਟਾਲੇ ਇਕ ਕਾਲਜ 'ਚ ਕੁੜੀ ਨੂੰ ਯੂਥ ਫੈਸਟੀਵਲ ਦੀ ਸਟੇਜ ਚਲਾਉਂਦਿਆਂ ਵੇਖਿਆ, ਕਿਆ ਬਾਤ ਹੈ ਕੁੜੀ 'ਚ। ਮੈਨੂੰ ਕਹਿਣ ਲੱਗਾ, "ਛੱਡ ਤੂੰ ਹੁਣ ਵਰਾਇਟੀ ਪ੍ਰੋਗਰਾਮ ਨੂੰ, ਦਾੜ੍ਹੀ 'ਚ ਚਿੱਟੇ ਬਹੁਤੇ ਆ ਗਏ ਨੇ। ਅਗਲੇ ਹਫ਼ਤੇ ਆ ਜੀਂ ਦੇਖ ਲਾਂ'ਗੇ।" ਪਹਿਲੀ ਮੁਲਾਕਾਤ ਲਈ ਮੈਂ ਗੀਤਕਾਰ ਚਰਨ ਸਿੰਘ ਸਫ਼ਰੀ ਨੂੰ ਲੈ ਗਿਆ। ਮੇਕਅਪ 'ਚ ਗਏ ਤਾਂ ਖੂਬਸੂਰਤ ਕੁੜੀ ਇਧਰ-ਉਧਰ ਤੁਰਦੀ ਬੋਲਣ ਦਾ ਅਭਿਆਸ ਕਰੇ। ਸੋਚਿਆ, ਇਹੋ ਹੋਵੇਗੀ ਜੌਹਲ ਦੀ ਖੋਜ। ਫਿਰ ਚਰਨ ਸਿੰਘ ਸਫ਼ਰੀ, ਚੰਨ ਗੁਰਾਇਆ ਵਾਲਾ, ਦੇਵ ਥਰੀਕੇ ਵਾਲਾ, ਪ੍ਰੀਤ ਮਹਿੰਦਰ ਤਿਵਾੜੀ ਤੇ ਬਾਬੂ ਸਿੰਘ ਮਾਨ-ਅਨੇਕਾਂ ਨਾਲ ਮੈਂ ਫਿਰ ਲਿਸ਼ਕਾਰੇ 'ਚ ਮੁਲਾਕਾਤਾਂ ਕਰਦਾ ਰਿਹਾ ਤੇ ਜਿਹੜੀ ਕੁੜੀ ਸਾਥੋਂ ਪਿੱਛੋਂ ਇਸ ਹਰਮਨ ਪਿਆਰੇ ਪ੍ਰੋਗਰਾਮ ਦੀ ਸੰਚਾਲਕਾ ਬਣੀ, ਉਹ ਸੀ ਜੋ ਬਾਦਲਾਂ 'ਤੇ ਕਬੱਡੀ ਦੇ ਸੋਹਲੇ ਗਾ ਰਹੀ ਸੀ-ਸਤਿੰਦਰ ਸੱਤੀ।

## ਕਾਰਲ ਮਾਰਕਸ ਦੀ ਜੀਵਨ ਕਹਾਣੀ-5

# ਕਾਰਲ ਤੋਂ ਬਾਅਦ


*ਇਤਿਹਾਸ ਪੁਰਸ਼ ਕਾਰਲ ਮਾਰਕਸ*

***ਜਰਮਨੀ ਵਿਚ ਜਨਮੇ ਕਾਰਲ ਮਾਰਕਸ (5 ਮਈ 1818-14 ਮਰਚ 1883) ਨੇ ਸੰਸਾਰ ਨੂੰ 'ਦਿ ਕਮਿਊਨਿਸਟ ਮੈਨੀਫੈਸਟੋ' ਅਤੇ 'ਦਾਸ ਕੈਪੀਟਲ' ਜਿਹੀਆਂ ਲਾਸਾਨੀ ਰਚਨਾਵਾਂ ਦਿੱਤੀਆਂ ਜਿਨ੍ਹਾਂ ਨੇ ਸੰਸਾਰ ਭਰ ਵਿਚ ਤਰਥਲੀ ਮਚਾ ਦਿੱਤੀ। ਇਨ੍ਹਾਂ ਰਚਨਾਵਾਂ ਦਾ ਨਿਚੋੜ ਸਰਬੱਤ ਦਾ ਭਲਾ ਹੈ। ਇਨ੍ਹਾਂ ਨੂੰ ਪੜ੍ਹ-ਗੁੜ ਕੇ ਰੂਸੀ ਲੀਡਰ ਲੈਨਿਨ ਨੇ ਸੰਸਾਰ ਦਾ ਪਹਿਲਾ ਇਨਕਲਾਬ ਲਿਆਂਦਾ ਜਿਸ ਨੇ ਸੰਸਾਰ ਭਰ ਦੇ ਨਿਤਾਣਿਆਂ ਅਤੇ ਨਿਮਾਣਿਆਂ ਲਈ ਆਸ ਦੀ ਕਿਰਨ ਜਗਾਈ। ਨਾਸਤਿਕ ਹੋਣ ਕਰ ਕੇ ਮਾਰਕਸ ਨੂੰ ਉਮਰ ਭਰ ਔਕੜਾਂ ਝਾਗਣੀਆਂ ਪਈਆਂ ਪਰ ਜਿਸ ਤਰ੍ਹਾਂ ਦਾ ਸਿਧਾਂਤ ਉਹ ਮਨੁੱਖ ਜਾਤੀ ਲਈ ਦੇ ਗਿਆ, ਉਹ ਲਾ-ਜਵਾਬ ਹੈ। ਹੁਣ ਤੱਕ ਹਜ਼ਾਰਾਂ ਗ੍ਰੰਥ ਮਾਰਕਸ ਅਤੇ ਉਸ ਦੇ ਸਿਧਾਂਤ ਬਾਰੇ ਛਪ ਚੁੱਕੇ ਹਨ। 2011 ਵਿਚ ਅਮਰੀਕੀ ਲੇਖਕਾ ਮੇਰੀ ਜਬਰੀਲ ਨੇ ਮਾਰਕਸ ਤੇ ਉਹਦੇ ਜੀਵਨ ਬਾਰੇ ਕਿਤਾਬ ਲਿਖੀ, 'ਲਵ ਐਂਡ ਕੈਪੀਟਲ।' ਇਸ ਕਿਤਾਬ ਦੇ ਆਧਾਰ 'ਤੇ ਪ੍ਰੋ. ਹਰਪਾਲ ਸਿੰਘ ਪੰਨੂ ਨੇ ਲੰਮਾ ਲੇਖ ਲਿਖਿਆ ਹੈ। ਇਹ ਇਸ ਲੇਖ ਦੀ ਆਖਰੀ ਅਤੇ 5ਵੀਂ ਲੜੀ ਹੈ। ਇਸ ਵਿਚ ਕਾਰਲ ਮਾਰਕਸ ਦੀ ਮੌਤ ਤੋਂ ਬਾਅਦ ਦਾ ਬਿਰਤਾਂਤ ਹੈ। -ਸੰਪਾਦਕ***

ਕਾਰਲ ਮਾਰਕਸ ਦੀ ਨੌਕਰਾਣੀ ਲਿੰਚਨ ਨੇ ਉਸ ਦੀ ਧੀ ਲਾਰਾ ਨੂੰ ਦੱਸਿਆ, ਕਾਰਲ ਦੇ 500 ਪੰਨੇ ਹੱਥ ਲਿਖਤ ਲੱਭੇ ਹਨ। ਦੇਖੇ, ਪੂੰਜੀ ਦੀ ਦੂਜੀ ਸੋਧੀ ਜਿਲਦ ਸਨ। ਦੋ ਹਫਤਿਆਂ ਬਾਅਦ ਤੀਜੀ ਜਿਲਦ ਲੱਭ ਗਈ। ਏਂਗਲਜ਼ ਨੇ ਇਹ ਲਿਖਤਾਂ ਪੜਤਾਲ ਕੇ ਕਿਹਾ, ਸਮੱਗਰੀ ਮੁੱਲਵਾਨ ਹੈ ਪਰ ਸ਼ੈਲੀ ਤੇ ਬੋਲੀ ਸੰਵਾਰਨੀ ਪਏਗੀ। ਕਈ-ਕਈ ਜ਼ੁਬਾਨਾਂ ਦੇ ਵਾਕ ਹਨ। ਏਂਗਲਜ਼ ਹੌਸਲੇ ਵਿਚ ਹੋ ਗਿਆ। ਠੀਕ ਕਰ ਕੇ ਇਹਨੂੰ ਛਾਪਾਂਗਾ, ਹੁਣ ਆਪਣੀਆਂ ਲਿਖਤਾਂ ਵੱਲ ਵੀ ਧਿਆਨ ਦਿਆਂਗਾ। ਸੋਸ਼ਲਿਸਟ ਪਾਰਟੀਆਂ ਵਾਸਤੇ ਇਹ ਕਿਤਾਬਾਂ ਨਕਸ਼ੇ ਅਤੇ ਕੰਪਾਸ ਦਾ ਕੰਮ ਕਰਨਗੀਆਂ।



ਇਕ ਦਿਨ ਸਾਦੇ ਕੱਪੜਿਆਂ ਵਿਚ ਘੁੰਮਦੇ ਸਿਪਾਹੀ ਨੂੰ ਦੇਖ ਕੇ ਲਾਰਾ ਨੂੰ ਕਿਹਾ, ਪਹਿਲਾਂ ਇਹ ਕਾਰਲ ਦੁਆਲੇ ਗੇੜੇ ਕੱਢਦਾ ਸੀ, ਹੁਣ ਮੇਰੇ 'ਤੇ ਨਿਗ੍ਹਾ ਰੱਖਦਾ ਹੈ ਕਿ ਸ਼ਾਮੀ ਕੌਣ-ਕੌਣ ਮਿਲਣ ਆਉਂਦੈ। ਇਹ ਖੋਤਾ ਸਮਝਦੈ ਕਿ ਵਿਸਫੋਟਕ ਸਮੱਗਰੀ ਤਿਆਰ ਕਰਦੇ ਹੋਵਾਂਗੇ...।

**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਮੌਤ ਵੇਲੇ ਕਾਰਲ ਕੋਲੋਂ ਢਾਈ ਸੌ ਪੌਂਡ ਮਿਲੇ ਪਰ ਹੱਥ ਲਿਖਤ ਸਮੱਗਰੀ ਬੜੀ ਸੀ। ਫੈਸਲਾ ਹੋਇਆ ਕਿ ਕਾਰਲ ਦੀ ਧੀ ਤੂਸੀ ਅਤੇ ਏਂਗਲਜ਼ ਇਸ ਸਾਹਿਤ ਦੇ ਵਾਰਿਸ ਹੋਣਗੇ। ਤੂਸੀ ਨੇ ਲਾਰਾ ਨੂੰ ਲਿਖਿਆ, ਅਣਗਿਣਤ ਪ੍ਰਾਈਵੇਟ ਚਿੱਠੀਆਂ ਮੈਂ ਇਕ ਪਾਸੇ ਕੱਢ ਲਈਆਂ ਹਨ। ਇਹ ਏਂਗਲਜ਼ ਨੂੰ ਨਹੀਂ ਦੇਣੀਆਂ। ਸਾਡੀਆਂ ਨਿੱਜੀ ਚੀਜ਼ਾਂ ਨਾਲ ਲੋਕ ਕਿਉਂ ਖੇਡਣ?

ਤੂਸੀ ਦੇ ਸੰਪਰਕ ਵਿਚ ਤੇਤੀ ਸਾਲ ਦਾ ਐਡਵਰਡ ਏਵਲਿਨ ਆਇਆ, ਖੁਦ ਨੂੰ ਜ਼ੁਆਲੋਜੀ ਦਾ ਡਾਕਟਰ ਦੱਸਦਾ ਸੀ। ਬਰਨਾਰਡ ਸ਼ਾਅ ਨੇ ਲਿਖਿਆ, ਉਸ ਤੋਂ ਵੱਡਾ ਗਪੌੜੀ ਹੋਰ ਕੋਈ ਨਹੀਂ। ਕਿਰਲੇ ਵਰਗਾ ਮੂੰਹ ਹੈ, ਸੋਹਣਾ ਤਾਂ ਕੀ ਹੋਣੈ, ਉਹਨੂੰ ਦੇਖ ਕੇ ਦਿਲ ਖਿਝਦੈ। ਜ਼ਨਾਨੀਬਾਜ਼। ਇਕ ਵਾਰ ਗੱਲ ਛੇੜ ਲਏ, ਬਸ ਫਿਰ ਔਰਤ ਉਸ ਦੇ ਜਾਲ ਵਿਚੋਂ ਨਹੀਂ ਨਿਕਲਦੀ। ਤੂਸੀ ਉਸ ਦੀ ਪਕੜ ਵਿਚ ਆ ਗਈ। ਤੂਸੀ ਨੇ ਇਸ ਗੱਲ ਦੀ ਵੀ ਪਰਵਾਹ ਨਹੀਂ ਕੀਤੀ ਕਿ ਉਹ ਵਿਆਹਿਆ ਹੋਇਆ ਹੈ। ਏਂਗਲਜ਼ ਸਾਹਮਣੇ ਬਹੁਤ ਵੱਡਾ ਪ੍ਰਾਜੈਕਟ ਸੀ। ਪਹਿਲਾਂ ਸਾਰਾ ਦਿਨ ਤੂਸੀ ਸਹਾਇਤਾ ਕਰਦੀ, ਹੁਣ ਏਵਲਿਨ ਵਿਚਕਾਰ ਆ ਗਿਆ।

ਲਾਰਾ ਦਾ ਪਤੀ ਗ੍ਰਿਫਤਾਰ ਹੋ ਗਿਆ। ਏਂਗਲਜ਼ ਨੇ ਲਾਰਾ ਨੂੰ ਕਿਹਾ, ਆ, ਤੇ ਮੇਰੀ ਮਦਦ ਕਰ; ਵੈਸੇ ਵੀ ਇਕੱਲੀ ਤਾਂ ਹੈਂ ਹੀ, ਲੰਡਨ ਆ ਜਾ। ਲਫਾਰਗ ਨੂੰ ਜੇਲ੍ਹ ਦੇ ਸਿਆਸੀ ਵਿੰਗ ਵਿਚ ਰੱਖਿਆ ਗਿਆ। ਲਾਰਾ ਨੇ ਏਂਗਲਜ਼ ਨੂੰ ਜਵਾਬ ਲਿਖਿਆ, ਜੇਲ੍ਹ ਵਿਚ ਲਫਾਰਗ ਅਤੇ ਗਿਦੇ ਦੋ ਵੱਡੇ ਬੰਦੇ ਬੰਦੀ ਹਨ। ਮੈਂ ਇਨ੍ਹਾਂ ਨੂੰ ਛੱਡ ਕੇ ਆ ਗਈ ਤਾਂ ਇਹ ਛੋਟੇ ਹੋ ਜਾਣਗੇ।

ਇਹ ਲਾਰਾ ਦਾ ਬਹਾਨਾ ਸੀ। ਉਸ ਦੀ ਤੂਸੀ ਨਾਲ ਬਣਦੀ ਨਹੀਂ ਸੀ। ਤੂਸੀ ਹੁਣ ਉਸ ਦੇ ਪਾਪਾ ਦੀ ਸਾਹਿਤਕ ਜਾਇਦਾਦ ਦੀ ਇਕੱਲੀ ਮਾਲਕ ਬਣ ਰਹੀ ਹੈ। ਇਥੇ ਮਸਲਾ ਕੇਵਲ ਪੈਸੇ ਦਾ ਨਹੀਂ, ਨਿਆਂ ਦਾ ਵੀ ਤਾਂ ਹੈ। ਤੂਸੀ 'ਕੈਪੀਟਲ' ਦਾ ਅੰਗਰੇਜ਼ੀ ਤਰਜਮਾ ਕਰਵਾਉਣ ਵਾਲੀ ਕੌਣ ਹੁੰਦੀ ਹੈ? ਏਂਗਲਜ਼ ਨੂੰ ਗੁਸੈਲਾ ਖਤ ਲਿਖਿਆ, ਪਾਪਾ ਦੀ ਸਹਾਇਤਾ ਕਰਦਿਆਂ ਮੇਰਾ ਘਰ ਉਜੜ ਗਿਆ, ਹੁਣ ਮੇਰਾ ਨਾਮ ਕੱਟ ਦਿਤੈ। ਸਵਿਟਜ਼ਰਲੈਂਡ ਵਿਚ ਪਾਪਾ ਨੇ ਮੈਨੂੰ ਕਿਹਾ ਸੀ ਕਿ ਮੈਂ ਇੰਟਰਨੈਸ਼ਨਲ ਦਾ ਇਤਿਹਾਸ ਲਿਖਾਂ, ਤੇ 'ਕੈਪੀਟਲ' ਦਾ ਅੰਗਰੇਜ਼ੀ ਐਡੀਸ਼ਨ ਛਪਵਾਵਾਂ। ਮੰਮੀ ਦੀ ਮੌਤ ਬਾਅਦ ਤੂਸੀ ਨੇ ਮੈਨੂੰ ਕਿਹਾ, ਮੈਂ ਨਾ ਆਇਆ ਕਰਾਂ, ਪਾਪਾ ਦੁਖੀ ਹੁੰਦੇ ਨੇ। ਤੂਸੀ ਤਾਂ ਮੰਮੀ ਦੇ ਲਿਖੇ ਖਤ ਵੀ ਨਾ ਪਹੁੰਚਣ ਦਿੰਦੀ, ਡਾਕ ਵਿਚ ਪਾਉਣ ਦੀ ਥਾਂ ਪਾੜ ਦਿੰਦੀ। ਜੇ ਵੱਡੀ ਭੈਣ ਚਿਨ ਜਿਉਂਦੀ ਰਹਿੰਦੀ, ਵੱਡੀ ਹੋਣ ਦਾ ਲਾਭ ਦੇ ਕੇ ਪਾਪਾ ਉਹਨੂੰ ਵਾਰਸ ਨਾ ਮਿਥਦੇ। ਉਹ ਗੱਲ ਗੱਲ 'ਤੇ ਇਨਸਾਫ ਕਰਿਆ ਕਰਦੇ... ਤੇ ਹੁਣ ਨਿੱਕੀ ਸਭ ਕਾਸੇ ਦੀ ਵਾਰਸ ਹੋ ਗਈ।

ਏਂਗਲਜ਼ ਨੇ ਜਵਾਬ ਦਿੱਤਾ, ਮੈਨੂੰ ਤਾਂ ਤੂਸੀ ਨੇ ਦੱਸਿਐ ਕਿ ਕਾਰਲ ਨੇ ਉਸ ਨੂੰ ਆਪਣੀ ਵਾਰਸ ਥਾਪਿਐ, ਲਫਾਰਗ (ਲਾਰਾ ਦਾ ਪਤੀ) ਦੀ ਹਾਜ਼ਰੀ ਵਿਚ। ਨਾਲੇ ਇੰਗਲਿਸ਼ ਕਾਨੂੰਨ ਅਨੁਸਾਰ ਵੀ ਸਭ ਤੋਂ ਛੋਟੇ ਦਾ ਸਭ ਤੋਂ ਵਧੀਕ ਹੱਕ ਹੁੰਦੈ, ਪਰ ਇਨ੍ਹਾਂ ਗੱਲਾਂ ਤੋਂ ਮੈਂ ਕੀ ਲੈਣਾ-ਦੇਣਾ? ਇਹ ਸਾਰਾ ਕੁਝ ਮੈਨੂੰ ਦੱਸਣ ਦੀ ਥਾਂ ਤੁਸੀਂ ਪਰਿਵਾਰ ਦੇ ਜੀਅ ਆਪਸ ਵਿਚ ਬੈਠ ਕੇ ਗੱਲ ਕਰੋ।

ਤੂਸੀ ਜਾਂ ਉਸ ਦੇ ਹਮ-ਉਮਰਾਂ ਨੂੰ ਤਾਂ ਕੀ ਸਮਝ ਆਉਣੀ ਸੀ, ਪੰਜਾਹ ਸਾਲ ਦੇ ਆਰਟਿਸਟ, ਕਵੀ, ਨਾਵਲਕਾਰ ਅਤੇ ਸਮਾਜ-ਸੇਵੀ ਵਿਲੀਅਮ ਮੋਰਿਸ ਨੇ 'ਕੈਪੀਟਲ' ਨੂੰ ਫਰੈਂਚ ਵਿਚ ਕਰਨਾ ਚਾਹਿਆ ਤਾਂ ਬੁਖਲਾ ਗਿਆ। ਲਿਖਦਾ ਹੈ, ਮੈਂ ਇਕਨਾਮਿਕਸ ਵਿਚ ਡੁੱਬ ਗਿਆ। ਮੈਨੂੰ ਪਤਾ ਨਾ ਲੱਗੇ ਕਿ ਸਰਪਲੱਸ ਕੀਮਤ ਕੀ ਹੁੰਦੀ ਐ, ਵਿਗੜੇ ਸਿਸਟਮ ਵਿਚ ਇਹ ਕੋਈ ਡਾਕੇ ਵਰਗੀ ਚੀਜ਼ ਹੈ। ਪੂੰਜੀਪਤੀ ਸ਼ੈਤਾਨ ਹੈ, ਵਿਹਲੜ ਪੈਸੇ ਕਮਾ ਰਹੇ ਹਨ, ਕਾਮੇ ਗਰੀਬ ਹਨ। ਅਮੀਰ ਇਸ ਕਰ ਕੇ ਅਮੀਰ ਹਨ, ਕਿਉਂਕਿ ਗਰੀਬਾਂ ਨੂੰ ਲੁੱਟਦੇ ਹਨ।

ਤੂਸੀ ਨੇ ਮਿਊਜ਼ੀਅਮ ਨੇੜੇ ਫਲੈਟ ਲੈ ਲਿਆ। ਲਿੰਚਨ, ਏਂਗਲਜ਼ ਦੇ ਘਰ ਆ ਕੇ ਕੰਮ ਕਰਨ ਲੱਗੀ। ਛਪਣ ਤੋਂ ਸੋਲਾਂ ਸਾਲ ਬਾਅਦ 'ਕੈਪੀਟਲ' ਦੀ ਰਾਇਲਟੀ ਮਿਲੀ। ਏਂਗਲਜ਼ ਨੇ ਲਾਰਾ, ਤੂਸੀ ਤੇ ਚਿਨ ਦੇ ਬੱਚਿਆਂ ਨੂੰ ਵੰਡ ਦਿੱਤੀ।

ਮਾਰਚ 1883... ਯੂਰਪ ਭਾਰੀ ਮੰਦੇ ਦਾ ਸ਼ਿਕਾਰ ਹੋਇਆ। ਦਿਹਾੜੀ ਘੱਟ, ਕੰਮ ਵੱਧ। ਮਹਿੰਗਾਈ ਜ਼ਿਆਦਾ। ਝੌਂਪੜੀਆਂ ਵਿਚ ਵਾਸਾ ਜਿਥੇ ਨਾ ਪਾਣੀ, ਨਾ ਨਿੱਘ, ਨਾ ਸੈਨੀਟੇਸ਼ਨ। ਪਰਿਵਾਰ ਜਿਵੇਂ ਭੇਡਾਂ ਦੇ ਖੁੱਡੇ ਵਿਚ ਰਹਿੰਦੇ ਹੋਣ। ਮਿੱਲ ਮਾਲਕ ਯੂਨੀਅਨਾਂ ਤੋਂ ਤ੍ਰਹਿੰਦੇ।

ਏਂਗਲਜ਼ ਨੇ ਕਾਰਲ ਦੀ ਪਹਿਲੀ ਬਰਸੀ ਉਤੇ ਇਕੱਠੇ ਹੋਣ ਦਾ ਸੱਦਾ ਦਿੱਤਾ। ਛੇ ਹਜ਼ਾਰ ਯੂਰਪੀ ਇਕੱਠੇ ਹੋ ਕੇ, ਮੀਲਾਂ ਦੂਰ ਕਬਰਸਤਾਨ ਪੈਦਲ ਪੁੱਜੇ। ਸਭ ਨੇ ਮੱਥਿਆਂ 'ਤੇ ਲਾਲ ਰਿਬਨ ਬੰਨ੍ਹੇ। ਜਦੋਂ ਕਾਰਵਾਂ ਕਬਰਸਤਾਨ ਪੁੱਜਾ, ਹੈਰਾਨ ਰਹਿ ਗਏ ਕਿ ਵੱਡੇ ਗੇਟ ਬੰਦ ਹਨ ਤੇ ਪੰਜ ਸੌ ਘੋੜ-ਸਵਾਰ ਪਹਿਰੇ 'ਤੇ ਹਨ। ਕਿਸੇ ਨੂੰ ਅੰਦਰ ਨਹੀਂ ਜਾਣ ਦਿੱਤਾ। ਧੀਆਂ ਨੇ ਪੁਲਿਸ ਅੱਗੇ ਅਰਜ਼ ਕੀਤੀ, ਸਾਨੂੰ ਦੋਵਾਂ ਨੂੰ ਤਾਂ ਫੁੱਲ ਲੈ ਕੇ ਜਾਣ ਦਿਓ, ਪਰ ਨਹੀਂ... ਨੇੜੇ ਪਾਰਕ ਵਿਚ ਇਕੱਠੇ ਹੋ ਗਏ, ਸ਼ਰਧਾਂਜਲੀਆਂ ਦਿੰਦੇ ਰਹੇ। ਅੰਗਰੇਜ਼ਾਂ ਦੀ ਗਿਣਤੀ ਸਭ ਤੋਂ ਵੱਧ ਸੀ। ਕੀ ਕਰਦੇ ਹਨ, ਕੀ ਬੋਲਦੇ ਹਨ, ਸੂਹੀਏ ਨੋਟ ਕਰਦੇ ਰਹੇ ਪਰ ਵਿਘਨ ਨਹੀਂ ਪਇਆ। ਏਵਲਿਨ ਨੇ ਇਉਂ ਭਾਸ਼ਣ ਦਿੱਤਾ ਜਿਵੇਂ ਕਾਰਲ ਦਾ ਵਾਰਸ ਉਹੀ ਹੈ ਇਕੱਲਾ। ਕਾਰਲ ਦੇ ਘਰ ਵਿਚਲੀਆਂ ਵਸਤੂਆਂ ਨਿਸ਼ਾਨੀਆਂ ਵਜੋਂ ਏਂਗਲਜ਼ ਨੇ ਉਸ ਦੇ ਦੋਸਤਾਂ ਨੂੰ ਦੇ ਦਿੱਤੀਆਂ। ਆਪ ਖਰੜੇ ਤੇ ਉਹ ਕੁਰਸੀ ਰੱਖ ਲਈ ਜਿਸ 'ਤੇ ਬੈਠ ਕੇ ਲਿਖਦਾ ਹੁੰਦਾ ਸੀ। ਏਂਗਲਜ਼ ਦਾ ਘਰ ਮਾਰਕਸ ਦਾ ਕੇਂਦਰੀ ਦਫਤਰ ਬਣਿਆ।

ਤੂਸੀ ਏਂਗਲਜ਼ ਤੋਂ ਵਿਆਹ ਦੀ ਅਸੀਸ ਲੈਣ ਗਈ। ਕਾਨੂੰਨਨ ਵਿਆਹ ਨਹੀਂ ਹੋ ਸਕਦਾ ਸੀ, ਕਿਉਂਕਿ ਏਵਲਿਨ ਨੇ ਪਹਿਲੀ ਪਤਨੀ ਨੂੰ ਤਲਾਕ ਨਹੀਂ ਦਿੱਤਾ ਸੀ। ਤਲਾਕ ਨਾ ਦੇਣ ਦਾ ਕਾਰਨ ਪਤਨੀ ਦੀ ਵੱਡੀ ਜਾਇਦਾਦ ਉਪਰ ਵਾਰਸ ਵਜੋਂ ਕਬਜ਼ਾ ਕਰਨ ਦਾ ਸੀ। ਪੱਚੀ ਹਜ਼ਾਰ ਪੌਂਡ ਦੀ ਜਾਇਦਾਦ ਸੀ। ਉਹ ਤੇ ਏਵਲਿਨ ਬਸ ਚੁੱਪ-ਚਾਪ ਇਕੱਠੇ ਰਹਿਣ ਲੱਗ ਜਾਣਗੇ। ਕਾਰਲ ਜਿਉਂਦਾ ਹੁੰਦਾ ਤਾਂ ਉਸ ਨੇ ਹਰਗਿਜ਼ ਅਜਿਹਾ ਨਹੀਂ ਹੋਣ ਦੇਣਾ ਸੀ, ਪਰ ਏਂਗਲਜ਼ ਨੇ ਖੁਦ ਇਹੋ ਜੀਵਨ ਢੰਗ ਅਪਨਾਇਆ, ਸੋ ਠੀਕ ਹੈ। ਜਿਸ ਸਕੂਲ ਵਿਚ ਪੜ੍ਹਾਉਂਦੀ ਸੀ, ਜਵਾਬ ਮਿਲ ਗਿਆ ਕਿਉਂਕਿ ਅਣਵਿਆਹੀ ਕੁੜੀ, ਮਰਦ ਨਾਲ ਨਹੀਂ ਰਹਿ ਸਕਦੀ। ਉਦੋਂ ਕਿਸੇ ਦੇ ਘਰ ਸੱਦੇ 'ਤੇ ਜਾਣ ਤੋਂ ਪਹਿਲਾਂ ਮੇਜ਼ਬਾਨਾਂ ਨੂੰ ਦੱਸਣਾ ਜ਼ਰੂਰੀ ਹੁੰਦਾ ਸੀ ਕਿ ਨਾਲ ਆਉਣ ਵਾਲਾ ਕੀ ਲਗਦਾ ਹੈ।

ਏਂਗਲਜ਼ ਬਦਨਾਮੀ ਤੋਂ ਜ਼ਰੂਰ ਡਰਦਾ ਸੀ, ਕੋਈ ਦੁਸ਼ਮਣ ਅਖਬਾਰਾਂ ਵਿਚ ਕਹਾਣੀਆਂ ਨਾ ਛਪਵਾਉਣ ਲੱਗ ਜਾਏ। ਏਵਲਿਨ ਬਾਰ ਵਿਚ ਸ਼ਰਾਬ ਨਾਲ ਰੱਜ ਕੇ ਬਿਨਾਂ ਪੈਸੇ ਦਿਤਿਆਂ ਭੱਜ ਜਾਂਦਾ; ਖਾਣਾ ਖਾਂਦਾ, ਬਗੈਰ ਪੇਮੈਂਟ ਚਲਾ ਜਾਂਦਾ; ਹਰ ਇਕ ਅੱਗੇ ਉਧਾਰ ਵਾਸਤੇ ਹੱਥ ਫੈਲਾ ਦਿੰਦਾ, ਵਾਪਸ ਨਾ ਕਰਦਾ। ਸੋਸ਼ਲਿਸਟ ਗੁਰਪ ਨੇ ਮੈਂਬਰਸ਼ਿਪ ਖਾਰਜ ਕਰਨੀ ਚਾਹੀ ਪਰ ਇਹ ਸੋਚ ਕੇ ਚੁਪ ਕਰ ਗਏ, ਕਾਰਲ ਦਾ ਜਵਾਈ ਹੈ।

'ਕੈਪੀਟਲ' ਦੀ ਚੌਥੀ ਜਿਲਦ ਵੀ ਮਿਲ ਗਈ ਪਰ ਇਸ ਨੂੰ ਸੰਵਾਰਨਾ ਬਹੁਤ ਔਖਾ ਕੰਮ ਸੀ। ਇਹ ਔਖਾ ਕੰਮ ਏਂਗਲਜ਼ ਨੂੰ ਕਰਨਾ ਪਵੇਗਾ। ਲਿਖਦਾ ਹੈ, ਜਦੋਂ ਮੈਂ ਕਾਰਲ ਦੇ ਕੰਮ ਦੀ ਸੁਧਾਈ ਕਰਦਾ ਹਾਂ, ਉਹ ਮੇਰੇ ਨਾਲ ਗੱਲਾਂ ਕਰਦਾ ਰਹਿੰਦੈ।

ਕਾਮਰੇਡ, ਏਵਲਿਨ ਤੋਂ ਇਕੱਠੇ ਕੀਤੇ ਫੰਡ ਦਾ ਹਿਸਾਬ ਮੰਗਣ ਲੱਗੇ ਪਰ ਉਹ ਖਾ-ਪੀ ਚੁੱਕਾ ਸੀ ਸਭ। ਤੂਸੀ ਨੂੰ ਉਸ ਦੇ ਸੁਭਾਅ ਅਤੇ ਆਦਤਾਂ ਦਾ ਜਿਉਂ-ਜਿਉਂ ਪਤਾ ਲਗਦਾ ਗਿਆ, ਉਦਾਸੀ ਵਿਚ ਘਿਰਦੀ ਗਈ। ਕਈ-ਕਈ ਰਾਤਾਂ ਗਾਇਬ ਰਹਿੰਦਾ। ਗ੍ਰਹਿਸਥ ਦੀ ਉਕਾ ਪ੍ਰਵਾਹ ਨਹੀਂ। ਤੂਸੀ ਆਪਣੀਆਂ ਸਹੇਲੀਆਂ ਨੂੰ ਕਿਹਾ ਕਰਦੀ, ਹਰ ਤਰ੍ਹਾਂ ਦੇ ਗੁਲਾਮ ਆਜ਼ਾਦ ਹੋ ਜਾਣਗੇ, ਔਰਤਾਂ ਦੀ ਵਾਰੀ ਸਭ ਤੋਂ ਅਖੀਰ ਵਿਚ ਆਏਗੀ। ਇਬਸਨ ਦਾ 'ਡੌਲਜ਼ ਹਾਊਸ' ਪੜ੍ਹ ਕੇ ਉਸ ਨੂੰ ਇਸ ਦੇ ਪਾਤਰ ਹੈਲਮਰ ਵਿਚੋਂ ਬੇਵਫਾ ਏਵਲਿਨ ਦਿਸਿਆ। ਫਲਾਬੇਅਰ ਦੇ 'ਮਾਦਾਮ ਬਾਵੇਰੀ' ਵਿਚਲੀ ਲਾਚਾਰ ਔਰਤ ਵਿਚੋਂ ਉਸ ਨੂੰ ਖੁਦ ਦਾ ਅਕਸ ਦਿਸਿਆ। ਘੰਟਿਆਂ ਬੱਧੀ ਬਰਨਾਰਡ ਸ਼ਾਅ ਨਾਲ ਐਬਸਰਡ ਥਿਏਟਰ ਦੀਆਂ ਗੱਲਾਂ ਕਰਦੀ। 1885 ਵਿਚ ਏਮਿਲੀ ਜ਼ੋਲਾ ਦਾ ਨਾਵਲ 'ਜਰਮੀਨਲ' ਦੇਖਿਆ। ਇਹ ਮਿੱਲ ਮਜ਼ਦੂਰਾਂ ਅਤੇ ਖਾਣ ਵਰਕਰਾਂ ਦੀ ਦੁਰਦਸ਼ਾ ਦਾ ਦੁਖਦਾਈ ਬਿਰਤਾਂਤ ਸੀ। ਇਕ ਥਾਂ ਤੰਗ ਆ ਕੇ ਮਜ਼ਦੂਰ ਆਪਣੇ ਮਿੱਲ ਮੈਨੇਜਰ ਨੂੰ ਕਤਲ ਕਰ ਦਿੰਦੇ ਹਨ। ਫਰਾਂਸ ਦੇ ਮਜ਼ਦੂਰਾਂ ਨੇ ਇਥੋਂ ਨਕਲ ਕਰ ਕੇ ਹੂ-ਬ-ਹੂ ਆਪਣੇ ਮੈਨੇਜਰ ਨੂੰ ਚੁੱਕਿਆ, ਹੇਠਾਂ ਗਰਾਊਂਡ ਉਪਰ ਖਲੋਤੇ ਮਜ਼ਦੂਰਾਂ ਉਤੇ ਸੁੱਟ ਦਿੱਤਾ। ਹੱਥਾਂ ਵਿਚ ਗੈਂਤੀਆਂ ਫੜੀ ਖੜ੍ਹੇ ਕੋਲਾ ਮਜ਼ਦੂਰਾਂ ਨੇ ਪਲ ਵਿਚ ਟੁਕੜੇ-ਟੁਕੜੇ ਕਰ ਦਿੱਤਾ। 1886 ਦੀ ਇਸ ਘਟਨਾ ਨੇ ਯੂਰਪ ਦੀਆਂ ਸਰਕਾਰਾਂ ਹਿਲਾ ਦਿੱਤੀਆਂ।

ਏਵਲਿਨ ਤੇ ਤੂਸੀ ਅਮਰੀਕਾ ਵਿਚ ਸੋਸ਼ਲਿਜ਼ਮ ਦਾ ਪ੍ਰਚਾਰ ਕਰਨ ਗਏ। ਹਜ਼ਾਰਾਂ ਸਰੋਤੇ ਉਨ੍ਹਾਂ ਨੂੰ ਸੁਣਦੇ, ਆਦਰ ਕਰਦੇ। ਜਦੋਂ ਲੰਡਨ ਪਰਤੇ ਤਾਂ ਅਮਰੀਕਨ ਅਖਬਾਰ ਵਿਚ ਛਪੀਆਂ ਖਬਰਾਂ ਨੂੰ ਲੰਡਨ ਦੀਆਂ ਖਬਰਾਂ ਵਿਚ ਦੁਹਰਾਇਆ ਗਿਆ। ਅਮਰੀਕਨ ਕਾਮਿਆਂ ਨੇ ਦੋਸ਼ ਲਾਇਆ, ਫਰਜ਼ੀ ਬਿਲ ਦਿਖਾ ਕੇ ਏਵਲਿਨ 1600 ਡਾਲਰਾਂ ਦਾ ਫਰਾਡ ਕਰ ਗਿਆ। ਦੋ-ਦੋ ਡਾਲਰ ਦੀ ਦਿਹਾੜੀ ਕਰਨ ਵਾਲੇ ਮਜ਼ਦੂਰਾਂ ਨੇ ਕਿਹਾ, ਸੋਸ਼ਲਿਜ਼ਮ ਨਹੀਂ, ਏਵਲਿਨ ਫਰਾਡ ਕਰਨਾ ਸਿਖਾ ਗਿਐ। ਬਰਨਾਰਡ ਸ਼ਾਅ ਦੇ ਡਰਾਮੇ 'ਦਿ ਡਾਕਟਰਜ਼ ਡਾਇਲਮਾ' ਵਿਚਲਾ ਹੀਰੋ ਏਵਲਿਨ ਹੈ ਤੇ ਨਾਇਕਾ ਤੂਸੀ। ਹੀਰੋ ਸ਼ਰਾਬੀ ਹੈ, ਫਰਾਡ ਕਰਦਾ ਹੈ, ਜ਼ਨਾਨੀਬਾਜ਼ ਹੈ; ਤੇ ਨਾਇਕਾ ਉਸ ਨੂੰ ਸਾਰੀ ਉਮਰ ਸਮਝਣ ਤੋਂ ਅਸਮਰਥ ਹੈ।

ਤੂਸੀ ਨੇ ਖਤ ਲਿਖਿਆ, ਮੈਂ ਕੰਮ ਕਰਨ ਦੇ ਸਮਰੱਥ ਹਾਂ, ਕੰਮ ਕਰਨ ਨੂੰ ਦਿਲ ਕਰਦਾ ਹੈ, ਮੈਨੂੰ ਕੰਮ ਦੀ ਜ਼ਰੂਰਤ ਹੈ ਪਰ ਇੱਜ਼ਤਦਾਰ ਧਨੀ ਲੋਕ ਮੈਨੂੰ ਕੰਮ 'ਤੇ ਨਹੀਂ ਲਾਉਂਦੇ।

ਜਦੋਂ ਤੋਂ ਉਸ ਦੀ ਮਾਂ ਏਂਗਲਜ਼ ਦੇ ਘਰ ਰਹਿਣ ਲੱਗੀ, ਫਰੈਡੀ ਇਸ ਘਰੇ ਆਉਣ-ਜਾਣ ਲੱਗ ਪਿਆ ਸੀ। ਉਸ ਨੇ ਇਕ ਦਿਨ ਏਂਗਲਜ਼ ਨੂੰ ਦੱਸਿਆ, ਮੈਂ ਤੁਹਾਡੀ ਅਤੇ ਕਾਰਲ ਦੀ ਤਸਵੀਰ ਕਮਰੇ ਵਿਚ ਟੰਗੀ ਹੋਈ ਐ। ਤੁਸੀਂ, ਸਾਡੇ ਗਰੀਬਾਂ ਕਾਮਿਆਂ ਦੇ ਹਮਦਰਦ ਹੋ ਨਾ? ਇਸ ਵਾਕ ਵਿਚ ਵਿਅੰਗ ਹੈ ਕਿ ਸੱਚ, ਪਤਾ ਨਹੀਂ। ਫਰੈਡੀ ਦੀ ਸ਼ਕਲ ਵਿਚੋਂ ਜੁਆਨ ਕਾਰਲ ਸਾਫ ਦਿਸਦਾ।

ਏਵਲਿਨ ਅੰਦਰਲਾ ਸ਼ੈਤਾਨ ਬਾਹਰ ਨਿਕਲ ਆਇਆ, ਉਸ ਨੇ ਤੂਸੀ ਨੂੰ ਸਾਫ ਕਹਿ ਦਿੱਤਾ, ਮੈਂ ਤੈਥੋਂ ਅਤੇ ਸੋਸ਼ਲਿਜ਼ਮ, ਦੋਵਾਂ ਤੋਂ ਅੱਕ ਗਿਆਂ। ਤੂਸੀ ਨੇ ਵਧੀਕ ਅਫੀਮ ਖਾ ਕੇ ਖੁਦਕੁਸ਼ੀ ਕਰਨ ਦਾ ਯਤਨ ਕੀਤਾ, ਪਰ ਬਚ ਗਈ। ਸਾਰੇ ਜਾਣੂ ਦੁਖੀ ਹੋਏ। ਲਾਰਾ ਨੂੰ ਖਤ ਲਿਖਦੀ ਰਹਿੰਦੀ, ਖਤਾਂ ਵਿਚ ਅਪਣੱਤ ਦਿਖਾਈ ਦਿੰਦੀ ਹੈ ਪਰ ਖੁਦ ਦਾ ਦੁਖ ਅਤੇ ਇਕੱਲਤਾ ਵੱਧ ਹੈ। ਲਾਰਾ ਨੇ ਕਿਸੇ ਖਤ ਦਾ ਜਵਾਬ ਨਹੀਂ ਦਿੱਤਾ, ਉਹ ਤੂਸੀ ਨੂੰ ਪਸੰਦ ਹੀ ਨਹੀਂ ਸੀ ਕਰਦੀ।

ਮਜ਼ਦੂਰ ਜਥੇਬੰਦੀਆਂ ਨੇ 13 ਨਵੰਬਰ 1887 ਨੂੰ ਟ੍ਰਾਫਲਗਰ ਸਕੁਏਅਰ ਇਕੱਠੇ ਹੋਣ ਦੀ ਕਾਲ ਦਿੱਤੀ। ਇਕ ਲੱਖ ਲੋਕ ਵੱਖ-ਵੱਖ ਦਿਸ਼ਾਵਾਂ ਵਲੋਂ ਤੁਰ ਪਏ। ਸਰਕਾਰ ਨੇ 2500 ਪੁਲਸੀਏ ਸਕੁਏਅਰ ਕੇਂਦਰ ਤਾਇਨਾਤ ਕਰ ਦਿੱਤੇ, 1500 ਬਾਹਰਲੀ ਫਿਰਨੀ ਉਤੇ, 500 ਫੌਜੀ ਵੀ। ਵਿਉਂਤ ਇਹ ਕਿ ਕੇਂਦਰ ਅਤੇ ਫਿਰਨੀ ਦੀਆਂ ਦੋਹਾਂ ਦਿਸ਼ਾਵਾਂ ਕਾਮਿਆਂ ਨੂੰ ਕੁਚਲਣਗੀਆਂ। ਏਵਲਿਨ ਅਤੇ ਤੂਸੀ ਵੱਖ-ਵੱਖ ਗਰੁਪਾਂ ਨਾਲ ਵੱਖ-ਵੱਖ ਪਾਸਿਆਂ ਤੋਂ ਆ ਰਹੇ ਸਨ। ਏਵਲਿਨ ਖਤਰਾ ਭਾਂਪਦਿਆਂ ਹੀ ਨੱਠ ਗਿਆ। ਤੂਸੀ ਪੁੱਜ ਗਈ। ਪੁਲਿਸ ਨੇ ਜ਼ਬਰਦਸਤ ਲਾਠੀਚਾਰਜ ਕੀਤਾ। ਇਕ ਸੋਟੀ ਬਾਂਹ 'ਤੇ ਵੱਜੀ ਦੂਜੀ ਸਿਰ ਉਤੇ। ਕੋਟ ਅਤੇ ਹੈਟ ਫਟ ਗਏ, ਡਿੱਗ ਪਈ। ਇਕ ਹੋਰ ਜ਼ਖਮੀ ਬੰਦੇ ਨੇ ਆਪਣੇ ਉਪਰ ਸੱਟਾਂ ਝੱਲ ਕੇ ਬਚਾਈ। ਤੂਸੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਰਿਹਾ ਹੋ ਕੇ ਜਦੋਂ ਏਗਲਜ਼ ਕੋਲ ਪੁੱਜੀ, ਲੀਰਾਂ ਵਿਚ ਲਿਪਟੀ ਹੋਈ। ਇਸ ਦਿਨ ਜ਼ਖਮੀ ਤਾਂ ਸੈਂਕੜੇ ਹੋਏ, ਮੌਤ ਕੋਈ ਨਹੀਂ। ਗੋਲੀ ਨਹੀਂ ਚੱਲੀ।

ਅਗਲੇ ਹਫਤੇ ਐਤਵਾਰ ਫਿਰ ਕਾਲ ਦਿੱਤੀ ਗਈ। ਐਤਕੀਂ ਇਕ ਕਲਰਕ ਦੀ ਮੌਤ ਹੋਈ ਜਿਸ ਦਾ ਐਜੀਟੇਸ਼ਨ ਨਾਲ ਕੋਈ ਲੈਣਾ-ਦੇਣਾ ਨਹੀਂ ਸੀ ਪਰ ਜਨਾਜ਼ੇ ਵਿਚ ਸਵਾ ਲੱਖ ਬੰਦੇ ਸ਼ਾਮਲ ਹੋਏ। ਤੂਸੀ ਖਿਲਾਫ ਬਲੈਂਕ ਵਾਰੰਟ ਜਾਰੀ ਹੋਇਆ ਜਿਸ ਦਾ ਅਰਥ ਸੀ, ਬਿਨਾਂ ਕਾਰਨ ਦੱਸੇ ਜਦੋਂ ਮਰਜ਼ੀ ਜਿਥੇ ਮਰਜ਼ੀ ਪੁਲਿਸ ਗ੍ਰਿਫਤਾਰ ਕਰ ਲਏ। ਤੂਸੀ ਨੂੰ ਮਾਣ ਪ੍ਰਤੀਤ ਹੋਇਆ। ਉਧਰ ਇਕ ਸੋਸ਼ਲਿਸਟ ਨੇ ਲਿਖਿਆ, ਅਸੀਂ ਜਦੋਂ ਮਾਰਕਸਵਾਦ ਵਿਰੁਧ ਬੋਲਦੇ ਹਾਂ, ਉਦੋਂ ਕਾਰਲ ਨਹੀਂ; ਉਸ ਦਾ

***(ਬਾਕੀ ਅਗਲੇ ਸਫੇ 'ਤੇ)***

***ਇੰਗਲੈਂਡ ਵਿਚ ਪਹਿਲੀ ਮਜ਼ਬੂਤ ਮਜ਼ਦੂਰ ਯੂਨੀਅਨ ਗੈਸ ਸਟੇਸ਼ਨ ਕਾਮਿਆਂ ਦੀ ਬਣੀ। ਤੂਸੀ ਨੇ ਇਸ ਦਾ ਵਿਧਾਨ ਲਿਖਿਆ। 60 ਹਜ਼ਾਰ ਸਮੁੰਦਰੀ ਕਾਮਿਆਂ ਨੇ ਹੜਤਾਲ ਕੀਤੀ। ਦੋ ਹਫਤਿਆਂ ਦੀ ਹੜਤਾਲ ਤੋਂ ਬਾਅਦ ਭੁੱਖੇ ਕਾਮੇ ਟੁੱਟਣ ਲੱਗੇ। ਤੂਸੀ ਨੇ ਕਿਹਾ- ਲੰਡਨ ਦੇ ਵਿਚਕਾਰ ਜਲੂਸ ਕੱਢੋ। ਸ਼ਾਂਤਮਈ ਜਲੂਸ ਨਿਕਲਿਆ। ਦਾਨੀਆਂ ਦੀ ਰਕਮ ਮੁੱਕ ਗਈ, ਕਾਮੇ ਭੁੱਖੇ ਮਰਨ ਲੱਗੇ, ਹੜਤਾਲ ਫੇਲ੍ਹ ਹੋਣ ਲੱਗੀ ਹੀ ਸੀ ਕਿ ਆਸਟ੍ਰੇਲੀਆ ਦੇ ਦਾਨੀਆਂ ਨੇ 30 ਹਜ਼ਾਰ ਪੌਂਡ ਭੇਜ ਦਿੱਤੇ। ਇਕ ਮਹੀਨੇ ਦੀ ਹੜਤਾਲ ਨੇ ਜਹਾਜ਼ ਮਾਲਕ ਹਿਲਾ ਦਿੱਤੇ। ਹੜਤਾਲ ਕਾਮਯਾਬ ਹੋਈ, ਮੰਗਾਂ ਮੰਨੀਆਂ ਗਈਆਂ। ਸਾਰੀ ਦੁਨੀਆਂ ਵਿਚ ਕਾਮਿਆਂ ਨੇ ਜਸ਼ਨ ਮਨਾਏ। ਏਂਗਲਜ਼ ਨੇ ਕਿਹਾ- ਕਾਰਲ ਆਪਣੀ ਥਿਊਰੀ ਨੂੰ ਅਮਲ ਵਿਚ ਆਉਂਦੇ ਅੱਖੀਂ ਨਾ ਦੇਖ ਸਕਿਆ... ਮੈਂ ਖੁਸ਼ਕਿਸਮਤ ਹਾਂ।***



# ਭਗਵਤੀ ਚਰਨ ਵੋਹਰਾ ਦੀ ਸ਼ਹਾਦਤ

*ਭਾਰਤ ਦੀ ਆਜ਼ਾਦੀ ਵਿਚ ਹਿੱਸਾ ਪਾਉਣ ਵਾਲੇ ਇਨਕਲਾਬੀਆਂ ਵਿਚੋਂ ਭਗਵਤੀ ਚਰਨ ਵੋਹਰਾ ਦਾ ਨਾਂ ਪਹਿਲੀ ਕਤਾਰ ਵਿਚ ਆਉਂਦਾ ਹੈ। ਉਸ ਦੀ ਪਤਨੀ ਦੁਰਗਾ ਜੋ ਦੁਰਗਾ ਭਾਬੀ ਵਜੋਂ ਵੱਧ ਜਾਣੀ ਜਾਂਦੀ ਹੈ, ਵੀ ਉਹਦੇ ਮੋਢੇ ਨਾਲ ਮੋਢੇ ਡਾਹ ਕੇ ਤੁਰੀ। ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਲਈ ਭਗਵਤੀ ਨੇ ਜੀਅ-ਜਾਨ ਨਾਲ ਕੰਮ ਕੀਤਾ ਅਤੇ ਜਾਨ ਕੁਰਬਾਨ ਕਰ ਦਿੱਤੀ। ਐਸੋਸੀਏਸ਼ਨ ਦਾ ਸੰਵਿਧਾਨ ਅਤੇ ਬੰਬ ਦਾ ਫਲਸਫਾ ਵਰਗੇ ਅਹਿਮ ਦਸਤਾਵੇਜ਼ ਲਿਖਣ ਵਾਲਾ ਹੋਰ ਕੋਈ ਨਹੀਂ, ਭਗਵਤੀ ਚਰਨ ਵੋਹਰਾ ਹੀ ਸੀ। ਉਨ੍ਹਾਂ ਦੀ ਸ਼ਹਾਦਤ ਮੌਕੇ ਅਸੀਂ ਉਨ੍ਹਾਂ ਦੇ ਸਾਥੀ ਵਿਸ਼ਵਨਾਥ ਵੈਸ਼ੰਪਾਇਨ ਦਾ ਲਿਖਿਆ ਲੇਖ ਛਾਪ ਰਹੇ ਹਾਂ। ਇਸ ਲੇਖ ਦੀ ਪੇਸ਼ਕਸ਼ ਸਾਡੇ ਸੰਜੀਦਾ ਪਾਠਕ ਕੁਲਦੀਪ ਸਿੰਘ ਦੀ ਹੈ। -ਸੰਪਾਦਕ*

27 ਮਈ 1930 ਨੂੰ ਭਾਈ ਭਗਵਤੀ ਚਰਨ, ਸੁਖਦੇਵ ਰਾਜ (ਸ਼ਹੀਦ ਸੁਖਦੇਵ ਨਹੀਂ) ਤੇ ਮੈਂ ਲਗਭਗ 10-11 ਵਜੇ ਖਾਣਾ ਖਾ ਕੇ ਰਾਵੀ ਦੇ ਕੰਢੇ ਸੰਘਣੇ ਜੰਗਲ ਵਿਚ ਬੰਬ ਤਜਰਬੇ ਲਈ ਚੱਲ ਪਏ। ਜਦ ਰਾਵੀ ਦੇ ਕਿਨਾਰੇ 'ਤੇ ਪਹੁੰਚੇ ਤਾਂ ਸਾਈਕਲ ਘਾਟ 'ਤੇ ਹੀ ਛੱਡ ਦਿੱਤੇ। ਯੂਨੀਵਰਸਿਟੀ ਕਲੱਬ ਦੀਆਂ ਕਿਸ਼ਤੀਆਂ ਜਿਸ ਆਦਮੀ ਦੀ ਸਪੁਰਦਾਰੀ ਵਿਚ ਸਨ, ਉਹ ਸੁਖਦੇਵ ਰਾਜ ਦਾ ਚੰਗੀ ਤਰ੍ਹਾਂ ਜਾਣੂ ਸੀ, ਤੇ ਨਾਲੇ ਸੁਖਦੇਵ ਰਾਜ ਕਿਸ਼ਤੀ ਕਲੱਬ ਦਾ ਸੈਕਟਰੀ ਵੀ ਸੀ। ਸੋ, ਕਿਸ਼ਤੀ ਲੈਣ ਵਿਚ ਕੋਈ ਮੁਸ਼ਕਿਲ ਪੇਸ਼ ਨਾ ਆਈ। ਸੁਖਦੇਵ ਰਾਜ ਤੇ ਭਗਵਤੀ ਭਾਈ ਕਿਸ਼ਤੀ ਚਲਾਉਣਾ ਜਾਣਦੇ ਸਨ, ਇਸ ਲਈ ਮਲਾਹ ਨਾਲ

**ਵਿਸ਼ਵਨਾਥ ਵੈਸ਼ੰਪਾਇਨ**


ਲੈ ਜਾਣ ਦੀ ਲੋੜ ਨਹੀਂ ਸੀ। ਅਸੀਂ ਆਪਣੇ ਨਾਲ ਕੁਝ ਸੰਤਰੇ ਤੇ ਇਕ ਹਦਵਾਣਾ ਲੈਂਦੇ ਗਏ ਸਾਂ।

ਗਰਮੀ ਕਾਫੀ ਸੀ ਤੇ ਲੂ ਚੱਲ ਰਹੀ ਸੀ। ਕਿਸ਼ਤੀ ਜਦ ਜੰਗਲ ਦੇ ਨੇੜੇ ਪਹੁੰਚੀ ਤਾਂ ਉਹਨੂੰ ਕੰਢੇ ਲਾ ਕੇ ਕਿੱਲੇ ਨਾਲ ਬੰਨ੍ਹ ਦਿੱਤਾ। ਹਦਵਾਣਾ ਕਿਸ਼ਤੀ ਵਿਚ ਹੀ ਛੱਡ ਦਿੱਤਾ, ਕਿ ਆ ਕੇ ਖਾਵਾਂਗੇ। ਸੰਤਰੇ ਨਾਲ ਲੈਂਦੇ ਗਏ ਕਿ ਪਿਆਸ ਲੱਗਣ 'ਤੇ ਖਾ ਲਵਾਂਗੇ।

ਇਨ੍ਹੀਂ ਦਿਨੀਂ ਭਗਵਤੀ ਭਾਈ ਬਹੁਤ ਚੜ੍ਹਦੀਆਂ ਕਲਾਂ ਵਿਚ ਸਨ। ਚੰਦਰ ਸ਼ੇਖਰ ਆਜ਼ਾਦ ਨੂੰ ਮਿਲ ਕੇ ਉਹ ਬਹੁਤ ਖੁਸ਼ ਹੋਏ ਸਨ। ਉਹ ਕਿਹਾ ਕਰਦੇ ਸਨ ਕਿ ਭਰਾ (ਆਜ਼ਾਦ) ਨਾਲ ਮਿਲ ਕੇ ਅੰਗਰੇਜ਼ ਹਕੂਮਤ ਨਾਲ ਟੱਕਰ ਲੈਣ ਵਿਚ ਹੁਣ ਮਜ਼ਾ ਆਵੇਗਾ। ਉਹ ਇੰਜ ਮਹਿਸੂਸ ਕਰਦੇ ਸਨ ਕਿ ਜਿਵੇਂ ਉਨ੍ਹਾਂ ਦੀ ਸਾਰੀ ਜ਼ਿੰਮੇਵਾਰੀ ਆਜ਼ਾਦ ਨੇ ਸਹੇੜ ਲਈ ਹੋਵੇ ਤੇ ਉਹ ਭਾਰ ਤੋਂ ਮੁਕਤ ਹੋ ਗਏ ਹੋਣ। ਉਨ੍ਹਾਂ ਨੂੰ ਹੁਣ ਅਜਿਹਾ ਬੰਦਾ ਮਿਲ ਗਿਆ ਪ੍ਰਤੀਤ ਹੁੰਦਾ ਸੀ ਜਿਸ ਨਾਲ ਗੱਲਬਾਤ ਕਰ ਕੇ ਠੀਕ ਸੇਧ ਹਾਸਲ ਕੀਤੀ ਜਾ ਸਕਦੀ ਹੋਵੇ। ਉਨ੍ਹਾਂ ਨੂੰ ਪੱਕਾ ਵਿਸ਼ਵਾਸ ਸੀ ਕਿ ਉਹ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੂੰ ਜੇਲ੍ਹ ਵਿਚੋਂ ਛੁਡਾਉਣ ਵਿਚ ਸਫਲ ਹੋ ਜਾਣਗੇ।

ਜੰਗਲ ਵਿਚ ਨਿਵੇਕਲੀ ਜਿਹੀ ਥਾਂ ਤਾੜ ਕੇ ਅਸੀਂ ਰੁਕ ਗਏ। ਸਾਹਮਣੇ ਵੱਡਾ ਸਾਰਾ ਟੋਆ ਸੀ, ਉਸੇ ਵਿਚ ਬੰਬ ਸੁੱਟ ਕੇ ਟੈਸਟ ਕਰਨਾ ਸੀ। ਪਹਿਲਾਂ ਸੁਖਦੇਵ ਰਾਜ ਨੇ ਬੰਬ ਸੁੱਟਣ ਲਈ ਫੜਿਆ, ਪਰ ਉਹਨੇ ਦੇਖਦੇ ਸਾਰ ਹੀ ਕਿਹਾ ਕਿ ਬੰਬ ਦੀ ਪਿੰਨ ਢਿੱਲੀ ਹੈ। ਮੈਂ ਕਿਹਾ, ਮੈਨੂੰ ਦਿਉ... ਮੈਂ ਚਲਾਉਂਦਾ ਹਾਂ, ਪਰ ਭਗਵਤੀ ਭਾਈ ਨੇ ਬੰਬ ਹੱਥ ਵਿਚ ਫੜਦਿਆਂ ਕਿਹਾ ਕਿ ਤੁਸੀਂ ਪਿੱਛੇ ਹਟੋ, ਮੈਂ ਦੇਖਦਾ ਹਾਂ। ਅਸੀਂ ਦੋਹਾਂ ਨੇ ਬਹੁਤ ਮਨ੍ਹਾਂ ਕੀਤਾ, ਪਰ ਉਹ ਮੰਨੇ ਨਹੀਂ ਤੇ ਆਪਣੀ ਜ਼ਿੱਦ 'ਤੇ ਅੜੇ ਰਹੇ। ਪਿੰਨ ਕੱਢੀ ਤੇ ਬੰਬ ਸੁੱਟਣ ਲਈ ਅਜੇ ਬਾਂਹ ਚੁੱਕੀ ਵੀ ਨਹੀਂ ਸੀ ਕਿ ਬੰਬ ਉਨ੍ਹਾਂ ਦੇ ਹੱਥ ਵਿਚ ਹੀ ਚੱਲ ਗਿਆ। ਧੂੰਆਂ ਹੀ ਧੂੰਆਂ ਹੋ ਗਿਆ। ਧੂੰਆਂ ਘਟਿਆ ਤਾਂ ਦੇਖਿਆ ਕਿ ਭਗਵਤੀ ਭਾਈ ਜ਼ਮੀਨ 'ਤੇ ਫੱਟੜ ਹੋਏ ਪਏ ਹਨ। ਇਧਰ ਸੁਖਦੇਵ ਰਾਜ ਦੇ ਖੱਬੇ ਪੈਰ 'ਤੇ ਬੰਬ ਦਾ ਟੁਕੜਾ ਵੱਜਾ ਹੋਇਆ ਸੀ। ਅਸਾਂ ਦੋਹਾਂ ਨੇ ਸਲਾਹ ਕੀਤੀ ਕਿ ਮੈਂ ਭਾਈ ਪਾਸ ਰਹਾਂ ਤੇ ਸੁਖਦੇਵ ਰਾਜ ਠਿਕਾਣੇ 'ਤੇ ਜਾ ਕੇ ਸਾਥੀਆਂ ਨੂੰ ਖ਼ਬਰ ਪੁਚਾ ਦੇਵੇ। ਇਹ ਸਭ ਕੁਝ ਅੱਖ ਝਪਕਦੇ ਹੀ ਹੋ ਗਿਆ। ਸੁਖਦੇਵ ਰਾਜ ਦੇ ਚਲੇ ਜਾਣ 'ਤੇ ਮੈਂ ਭਾਈ ਨੂੰ ਸਹਾਰਾ ਦੇ ਕੇ ਜੰਗਲ ਦੇ ਸੰਘਣੇ ਪਾਸੇ ਵੱਲ ਲੈ ਗਿਆ, ਤਾਂ ਕਿ ਧਮਾਕੇ ਦੀ ਆਵਾਜ਼ ਸੁਣ ਕੇ ਜੇ ਕੋਈ ਉਧਰ ਆ ਵੀ ਜਾਵੇ ਤਾਂ ਉਸ ਨੂੰ ਪਤਾ ਨਾ ਲੱਗ ਸਕੇ।

ਭਾਈ ਨੂੰ ਜ਼ਮੀਨ 'ਤੇ ਲਿਟਾ ਕੇ ਮੈਂ ਉਨ੍ਹਾਂ ਦੇ ਜ਼ਖ਼ਮਾਂ ਉਤੇ ਪੱਟੀ ਕਰਨ ਲੱਗਾ। ਉਨ੍ਹਾਂ ਦਾ ਇਕ ਹੱਥ ਕੂਹਣੀ ਤੀਕ ਉਡ ਗਿਆ ਸੀ, ਤੇ ਦੂਜੇ ਹੱਥ ਦੀਆਂ ਉਂਗਲਾਂ ਕੱਟੀਆਂ ਗਈਆਂ ਸਨ। ਸਭ ਤੋਂ ਵੱਡਾ ਜ਼ਖ਼ਮ ਪੇਟ ਵਿਚ ਸੀ ਜਿਥੋਂ ਉਨ੍ਹਾਂ ਦੀਆਂ ਅੰਤੜੀਆਂ ਬਾਹਰ ਨਿਕਲ ਆਈਆਂ ਸਨ। ਮੈਂ ਨਿੱਕਰ ਤੇ ਕੋਟ ਛੱਡ ਕੇ ਬਾਕੀ ਸਾਰੇ ਕੱਪੜਿਆਂ ਦੀਆਂ ਪੱਟੀਆਂ ਬਣਾ-ਬਣਾ ਕੇ ਜ਼ਖ਼ਮਾਂ 'ਤੇ ਬੰਨ੍ਹ ਚੁੱਕਿਆ ਸਾਂ, ਪਰ ਖੂਨ ਦੀਆਂ ਧਾਰਾਂ ਬੰਦ ਨਹੀਂ ਸਨ ਹੋ ਰਹੀਆਂ। ਇਸ ਦੇ ਬਾਵਜੂਦ ਉਨ੍ਹਾਂ ਦੇ ਚਿਹਰੇ 'ਤੇ ਮੁਸਕਰਾਹਟ ਦੀ ਝਲਕ ਹੀ ਰਹੀ, ਜਿਵੇਂ ਦੁੱਖ ਤਕਲੀਫ ਤੋਂ ਨਿਰਲੇਪ ਹੋਣ। ਮੌਤ ਦੇ ਸਾਹਵੇਂ ਖਲੋ ਕੇ ਜਿਉਣ ਦਾ ਇਹ ਬਹਾਦਰਾਨਾ ਕਿਰਦਾਰ ਸੀ। ਮੇਰੀ ਹਾਲਤ ਅਜਿਹੀ ਸੀ, ਜਿਵੇਂ ਮੈਂ ਆਪਣੀ ਮੌਤ ਦਾ ਹੀ ਨਕਸ਼ਾ ਆਪਣੇ ਸਾਹਮਣੇ ਦੇਖ ਰਿਹਾ ਹੋਵਾਂ। ਉਨ੍ਹਾਂ ਦੇ ਸਰੀਰ ਦੇ ਜ਼ਖ਼ਮ ਮੇਰੀ ਆਤਮਾ 'ਤੇ ਛਾਏ ਹੋਏ ਸਨ। ਮੈਂ ਭਰੀ ਹੋਈ ਆਵਾਜ਼ ਵਿਚ ਸਿਰਫ ਇੰਨਾ ਹੀ ਕਹਿ ਸਕਿਆ, "ਭਈਆ, ਆਪ ਨੇ ਯਿਹ ਕਿਆ ਕੀਆ?" ਜਵਾਬ ਵਿਚ ਉਹੀ ਹਠੀਲੀ ਮੁਸਕਰਾਹਟ! ਉਹੀ ਸ਼ਾਂਤ ਮਧੁਰ ਬੋਲ, "ਯਿਹ ਅੱਛਾ ਹੀ ਹੂਆ। ਅਗਰ ਆਪ ਲੋਗੋਂ ਮੇਂ ਸੇ ਕੋਈ ਘਾਇਲ ਹੋ ਜਾਤਾ, ਤੋ ਮੈਂ ਭਈਆ (ਆਜ਼ਾਦ) ਕੋ ਮੂੰਹ ਦਿਖਾਨੇ ਕੇ ਕਾਬਿਲ ਨਾ ਰਹਿਤਾ।" ਕੁਰਬਾਨੀ ਦਾ ਕਿਤਨਾ ਮਹਾਨ ਆਦਰਸ਼। ਮੌਤ ਨਾਲ ਸੰਘਰਸ਼ ਚੱਲ ਰਿਹਾ ਸੀ, ਪਰ ਅੰਤ ਵਿਚ ਮੌਤ ਭਾਰੂ ਹੋਈ। ਉਨ੍ਹਾਂ ਨੇ ਹੱਸਦਿਆਂ-ਹੱਸਦਿਆਂ ਦੇਸ਼ ਦੀ ਆਜ਼ਾਦੀ ਲਈ ਆਪਣੇ-ਆਪ ਨੂੰ ਕੁਰਬਾਨ ਕਰ ਦਿੱਤਾ। ਕੁਰਬਾਨੀ ਪਰਵਾਨ ਚੜ੍ਹੀ। ਸਰੀਰ ਤਿਆਗਣ ਤੋਂ ਪਹਿਲਾਂ ਉਨ੍ਹਾਂ ਦਾ ਸੁਨੇਹਾ ਬੱਸ ਇਹੋ ਹੀ ਸੀ ਕਿ ਮੇਰੀ ਮੌਤ ਭਗਤ ਅਤੇ ਦੱਤ ਨੂੰ ਛੁਡਾਉਣ ਦੇ ਰਾਹ ਵਿਚ ਰੋੜਾ ਨਾ ਬਣੇ। ਇਸੇ ਕਾਰਜ ਦੀ ਪੂਰਤੀ ਮੇਰੀ ਆਤਮਾ ਨੂੰ ਸ਼ਾਂਤੀ ਦੇਵੇਗੀ। ਬਾਕੀ ਜੋ ਕੁਝ ਕਿਹਾ, ਸਮਝੋ ਜਿਵੇਂ ਕੋਈ ਆਪਣੇ ਛੋਟੇ ਵੀਰ ਨੂੰ ਕਹਿ ਰਿਹਾ ਹੋਵੇ, "ਆਪਣੀ ਭਾਬੀ (ਸ੍ਰੀਮਤੀ ਦੁਰਗਾ ਵੋਹਰਾ) ਦਾ ਸਾਥ ਨਹੀਂ ਛੱਡਣਾ।" ਤੇ ਇੰਜ ਕਹਿੰਦੇ ਹੋਏ ਉਨ੍ਹਾਂ ਦਾ ਹੱਥ ਮੇਰੇ ਮੂੰਹ ਵੱਲ ਵਧਿਆ ਜਿਵੇਂ ਮੇਰੇ ਅੱਥਰੂ ਪੂੰਝਣਾ ਚਾਹੁੰਦੇ ਹੋਣ; ਪਰ ਇਹ ਅਦੁੱਤੀ ਛੋਹ ਪ੍ਰਦਾਨ ਕਰਨ ਵਾਲੀਆਂ ਉਂਗਲਾਂ ਅਤੇ ਹੱਥ ਤਾਂ ਕੁਰਬਾਨ ਹੋ ਚੁੱਕੇ ਸਨ। ਉਹ ਪਿਆਰ ਭਰੀਆਂ ਅੱਖਾਂ ਨਾਲ ਮੇਰੇ ਵੱਲ ਵੇਖ ਰਹੇ ਸਨ। ਫਿਰ ਪਿਆਸ ਤੇ ਪਾਣੀ ਦੀ ਮੰਗ। ਆਪਣੇ ਨਾਲ ਸੰਤਰੇ ਸਨ, ਉਹ ਛਿਲ-ਛਿਲ ਕੇ ਖੁਆਂਦਾ ਰਿਹਾ। ਉਸ ਤੋਂ ਪਿੱਛੋਂ ਨਾਲ ਵਾਲੇ ਟੋਏ ਵਿਚੋਂ ਹੈਟ ਵਿਚ ਪਾਣੀ ਭਰ ਕੇ ਲਿਆਂਦਾ ਤੇ ਬੂੰਦ-ਬੂੰਦ ਕਰ ਕੇ ਮੂੰਹ ਵਿਚ ਪਾਉਂਦਾ ਰਿਹਾ। ਵਿਚ-ਵਿਚ ਗਿੱਲੇ ਕੱਪੜੇ ਨਾਲ ਉਨ੍ਹਾਂ ਦਾ ਮੂੰਹ ਵੀ ਸਾਫ਼ ਕਰਦਾ ਰਿਹਾ, ਪਰ ਅਸਲ ਵਿਚ ਇਹ ਸਭ ਕੁਝ ਆਪਣੇ ਮਨ ਨੂੰ ਸਮਝਾਉਣ ਵਾਲੀ ਗੱਲ ਸੀ। ਮੈਂ ਘੜੀ-ਮੁੜੀ ਝਿਜਕ ਲੈਂਦਾ ਕਿ ਸ਼ਾਇਦ ਕਿਤੇ ਸਾਥੀ ਡਾਕਟਰੀ ਸਹਾਇਤਾ ਲੈ ਕੇ ਆ ਗਏ ਹੋਣ, ਪਰ ਕਿੰਨੇ ਘੰਟੇ ਲੰਘਣ 'ਤੇ ਵੀ ਕੋਈ ਨਾ ਬਹੁੜਿਆ। ਇੰਨੇ ਨੂੰ ਯਸ਼ਪਾਲ (ਪ੍ਰਸਿੱਧ ਕ੍ਰਾਂਤੀਕਾਰੀ ਤੇ ਹਿੰਦੀ ਲੇਖਕ) ਦੀ ਆਵਾਜ਼ ਸੁਣਾਈ ਦਿੱਤੀ। ਛੇਤੀ ਹੀ ਉਹ ਛੈਲ ਬਿਹਾਰੀ ਨਾਲ ਉਥੇ ਪਹੁੰਚ ਗਿਆ। ਮੈਂ ਪੁੱਛਿਆ, ਡਾਕਟਰੀ ਪ੍ਰਬੰਧ ਨਹੀਂ ਕੀਤਾ? ਉਨ੍ਹਾਂ ਦੱਸਿਆ ਕਿ ਭਗਵਤੀ ਭਾਈ ਨੂੰ ਲਿਜਾਣ ਲਈ ਟੈਕਸੀ (ਕਾਰ) ਲਿਆਇਆ ਹਾਂ।... ਪਰ ਟੈਕਸੀ ਵਿਚ ਉਨ੍ਹਾਂ ਨੂੰ ਲਿਜਾਣਾ ਅਸੰਭਵ ਸੀ।



*ਭਗਵਤੀ ਚਰਨ ਵੋਹਰਾ ਆਪਣੀ ਪਤਨੀ ਦੁਰਗਾ ਅਤੇ ਪੁੱਤਰ ਸਚਿਨ ਨਾਲ। ਦੁਰਗਾ ਅਤੇ ਸਚਿਨ ਨਾਲ ਹੀ ਭਗਤ ਸਿੰਘ ਲਾਹੌਰ ਤੋਂ ਅੰਗਰੇਜ਼ਾਂ ਦੇ ਅੱਖੀਂ ਘੱਟਾ ਪਾ ਕੇ ਘੇਰੇ ਵਿਚੋਂ ਬਚ ਨਿਕਲਿਆ ਸੀ।*

ਹੁਣ ਅਸੀਂ ਛੈਲ ਬਿਹਾਰੀ ਨੂੰ ਉਥੇ ਛੱਡ ਕੇ ਡਾਕਟਰੀ ਸਹਾਇਤਾ ਲਈ ਚੱਲ ਪਏ। ਪਹਿਲਾਂ ਇੰਦਰਪਾਲ ਦੇ ਘਰ ਜਾ ਕੇ ਉਨ੍ਹਾਂ ਚਾਰਪਾਈ ਤੇ ਕੁਝ ਬੰਦੇ ਨਾਲ ਲੈ ਕੇ ਉਥੇ ਪਹੁੰਚਣ ਲਈ ਕਿਹਾ, ਤੇ ਫਿਰ ਮੈਡੀਕਲ ਕਾਲਜ ਗਏ। ਉਥੇ ਸਚਿੰਦਾਨੰਦ ਵਾਤਸਾਇਨ ਦੇ ਭਾਈ ਬ੍ਰਮਾਨੰਦ ਪੜ੍ਹਦੇ ਸਨ। ਉਨ੍ਹਾਂ ਰਾਹੀਂ ਕੁਝ ਹੋਰ ਸਾਥੀ ਤੇ ਦਵਾਈਆਂ ਲੈ ਕੇ ਫਿਰ ਘਟਨਾ ਵਾਲੀ ਥਾਂ ਪਰਤ ਆਏ।

ਇਸ ਵੇਲੇ ਤੀਕ ਹਨੇਰਾ ਹੋ ਚੁੱਕਾ ਸੀ। ਟਾਰਚ ਦੀ ਸਹਾਇਤਾ ਨਾਲ ਅਸੀਂ ਜੰਗਲ ਵਿਚ ਗਏ। ਮਾਸਟਰ ਛੈਲ ਬਿਹਾਰੀ ਨੂੰ ਆਵਾਜ਼ਾਂ ਮਾਰੀਆਂ, ਪਰ ਕੋਈ ਜਵਾਬ ਨਹੀਂ ਆਇਆ। ਇੰਨੇ ਨੂੰ ਟਾਰਚ ਦੀ ਰੋਸ਼ਨੀ ਵਿਚ ਸਫੈਦ ਕੱਪੜੇ ਵਰਗਾ ਕੁਝ ਬੱਧਾ ਹੋਇਆ ਨਜ਼ਰ ਆਇਆ। ਅੱਗੇ ਵਧ ਕੇ ਦੇਖਿਆ ਭਗਵਤੀ ਭਾਈ ਦੀ ਦੇਹ ਸ਼ਾਂਤ ਹੋ ਚੁੱਕੀ ਸੀ। ਛੈਲ ਬਿਹਾਰੀ ਦਾ ਕਿਤੇ ਥਹੁ ਪਤਾ ਨਹੀਂ ਸੀ। ਸੂਰਜ ਛਿਪਦੇ ਨਾਲ ਭਗਵਤੀ ਭਾਈ ਆਪਣੀ ਮਹਾਨ ਯਾਤਰਾ ਦੇ ਕਈ ਪੜਾਅ ਪਾਰ ਕਰ ਚੁੱਕੇ ਸਨ। ਹੁਣ ਤਾਂ ਕੇਵਲ ਸਾਡੀ ਸ਼ਰਧਾਂਜਲੀ ਹੀ ਉਨ੍ਹਾਂ ਤੀਕ ਪਹੁੰਚ ਸਕਦੀ ਸੀ। ਸੋ, ਜਿਹੜੀਆਂ ਚਾਦਰਾਂ ਉਨ੍ਹਾਂ ਨੂੰ ਪਾ ਕੇ ਲਿਜਾਣ ਲਈ ਲਿਆਏ ਸੀ, ਉਸੇ ਵਿਚ ਉਨ੍ਹਾਂ ਦੀ ਦੇਹ ਲਪੇਟ ਦਿੱਤੀ। ਇਕ ਮਿੰਟ ਚੁੱਪ-ਚਾਪ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰ, ਆਪਣੇ ਦਲ ਦਾ ਮਹਾਨ ਨੇਤਾ ਗਵਾ ਕੇ ਅਸੀਂ ਟੁੱਟੇ ਦਿਲੀਂ ਆਪਣੇ ਠਿਕਾਣੇ (ਬੰਗਲੇ) ਪਰਤ ਆਏ।

ਉਥੇ ਛੈਲ ਬਿਹਾਰੀ ਰਾਹੀਂ ਸਭ ਨੂੰ ਪਤਾ ਲੱਗ ਚੁੱਕਾ ਸੀ। ਵਿਚਕਾਰਲੇ ਕਮਰੇ ਵਿਚ ਬੈਠੇ ਸਾਰੇ ਸਾਡੀ ਉਡੀਕ ਕਰ ਰਹੇ ਸਨ। ਸਾਰਿਆਂ ਦੀ ਤੱਕਣੀ ਇਕ ਸਵਾਲੀਆ ਨਿਸ਼ਾਨ ਸੀ, ਉਧਰ ਸਾਡੀਆਂ ਨੀਵੀਆਂ ਅੱਖਾਂ ਉਨ੍ਹਾਂ ਦੇ ਸਵਾਲਾਂ ਦਾ ਖਾਮੋਸ਼ ਜਵਾਬ ਸਨ। ਮੈਂ ਵੀ ਉਨ੍ਹਾਂ ਵਿਚਾਲੇ ਬੈਠ ਗਿਆ। ਫਿਰ ਅੱਥਰੂਆਂ ਵਿਚ ਅੱਥਰੂ ਵਹਿ ਤੁਰੇ। ਦੀਦੀ (ਸੁਸ਼ੀਲਾ) ਮੱਥਾ ਫੜ ਕੇ ਬੈਠ ਗਈ। ਦੁਰਗਾ ਭਾਬੀ (ਸ੍ਰੀਮਤੀ ਦੁਰਗਾ ਵੋਹਰਾ) ਅੱਖਾਂ ਬੰਦ ਕਰ ਕੇ ਇਕ ਥਾਂ ਟਿਕੀ ਬੈਠੀ ਸੀ। ਭਰਾ (ਆਜ਼ਾਦ) ਸਿਰ ਨੀਵਾਂ ਕਰ ਅੱਖਾਂ ਪੂੰਝ ਰਹੇ ਸਨ। ਧਨਵੰਤਰੀ ਵੀ ਹਾਲੋਂ-ਬੇਹਾਲ ਸੀ। ਮਦਨ ਤੇ ਛੈਲ ਬਿਹਾਰੀ ਵੀ ਉਦਾਸ ਬੈਠੇ ਸਨ। ਸੁਖਦੇਵ ਰਾਜ ਜ਼ਖ਼ਮੀ ਹੋਇਆ ਪਲੰਘ 'ਤੇ ਪਿਆ ਸੀ। ਹੁਣ ਭਾਬੀ ਉਠੀ ਕੇ ਸਾਰਿਆਂ ਨੂੰ ਧੀਰਜ ਦੇਣ ਲੱਗੀ, ਪਰ ਉਹਦਾ ਹੌਸਲਾ ਬਹੁਤੀ ਦੇਰ ਨਹੀਂ ਪੁੱਗ ਸਕਿਆ। ਮੈਂ ਤੇ ਆਜ਼ਾਦ ਨੇ ਉਨ੍ਹਾਂ ਨੂੰ ਲਿਜਾ ਕੇ ਪਲੰਘ 'ਤੇ ਲਿਟਾ ਦਿੱਤਾ। ਆਜ਼ਾਦ ਨੇ ਉਨ੍ਹਾਂ ਨੂੰ ਹੌਸਲਾ ਦਿੰਦੇ ਹੋਏ ਕਿਹਾ, "ਤੂੰ ਪਾਰਟੀ ਲਈ ਆਪਣਾ ਸਭ ਕੁਝ ਨਿਛਾਵਰ ਕਰ ਦਿੱਤਾ ਹੈ। ਤੇਰੇ ਵੱਲ ਅਸੀਂ ਆਪਣੇ ਫਰਜ਼ ਨੂੰ ਕਦੇ ਨਹੀਂ ਭੁੱਲਾਂਗੇ।" ਦੀਦੀ ਤੇ ਧਨਵੰਤਰੀ ਸਾਰੀ ਰਾਤ ਭਾਬੀ ਪਾਸ ਬੈਠੇ ਰਹੇ।

ਇਸ ਸਭ ਕਾਸੇ ਦੇ ਬਾਵਜੂਦ ਭਗਵਤੀ ਭਾਈ ਦਾ ਅੰਤਮ ਸੰਸਕਾਰ ਤਾਂ ਕਰਨਾ ਹੀ ਸੀ। ਰਾਤ ਤਾਂ ਭਾਈ ਦੀ ਯਾਦ ਵਿਚ ਬਿਤਾਈ। ਭਾਬੀ ਤੇ ਦਾਦੀ ਨੇ ਭਾਈ ਦੇ ਅੰਤਮ ਦਰਸ਼ਨਾਂ ਦੀ ਇੱਛਾ ਜ਼ਾਹਰ ਕੀਤੀ ਪਰ ਸਾਰੇ ਹਾਲਾਤ ਨੂੰ ਸਮਝਾਉਂਦਿਆਂ ਹੋਇਆਂ, ਭਾਈ ਆਜ਼ਾਦ ਨੇ ਉਨ੍ਹਾਂ ਨੂੰ ਅਜਿਹਾ ਕਰਨੋਂ ਵਰਜਿਆ। ਇਤਨੀ ਸਵੇਰੇ ਦੋ ਨਾਰੀਆਂ ਨੂੰ ਨਾਲ ਲੈ ਕੇ ਜੰਗਲ ਵਿਚ ਜਾਣਾ ਖਤਰੇ ਤੋਂ ਖਾਲੀ ਨਾ ਹੁੰਦਾ। ਧਨਵੰਤਰੀ ਨੇ ਸੈਂਚੀ ਤੇ ਬੇਲਚੇ ਦਾ ਪ੍ਰਬੰਧ ਕੀਤਾ। ਧਨਵੰਤਰੀ, ਆਜ਼ਾਦ ਤੇ ਮਦਨ ਗੋਪਾਲ ਦਿਨ ਚੜ੍ਹਨ ਤੋਂ ਪਹਿਲਾਂ ਹੀ ਚੱਲ ਪਏ। ਸੂਰਜ ਦੇ ਚੜ੍ਹਨ ਵੇਲੇ ਉਹ ਮ੍ਰਿਤਕ ਸਰੀਰ ਧਰਤੀ ਮਾਤਾ ਨੂੰ ਸੌਂਪ ਆਏ, ਕਿਉਂਕਿ ਦੇਹ ਦਾ ਸਸਕਾਰ ਕਰਨਾ ਖਤਰੇ ਤੋਂ ਖਾਲੀ ਨਹੀਂ ਸੀ, ਤੇ ਨਦੀ ਵਿਚ ਇਤਨਾ ਪਾਣੀ ਨਹੀਂ ਸੀ ਕਿ ਸਰੀਰ ਨੂੰ ਉਸ ਵਿਚ ਪਰਵਾਹ ਦਿੰਦੇ। ਭਗਵਤੀ ਭਾਈ ਕਈ ਵਾਰ ਇਹ ਉਰਦੂ ਦਾ ਸ਼ੇਅਰ ਦੁਹਰਾਇਆ ਕਰਦੇ ਸਨ,

ਦਰੇ ਤਦਬੀਰ ਪਰ ਸਰ ਫੋੜਨਾ  
ਸੇਬਾ ਰਹਾ ਅਪਨਾ,  
ਵਸੀਲੇ ਹਾਥ ਮੇਂ ਆਏ ਨਾ  
ਕਿਸਮਤ ਆਜ਼ਮਾਈ ਕੇ।

ਇਹ ਵਾਕਈ ਉਨ੍ਹਾਂ 'ਤੇ ਠੀਕ ਸਿੱਧ ਹੋਇਆ। "ਮਰ ਕਰ ਭੀ ਚੈਨ ਨਹੀਂ।"

ਉਨ੍ਹਾਂ ਨੂੰ ਦੇਸ਼ ਭੂਮੀ ਦੇ ਹਵਾਲੇ ਕਰ ਕੇ ਅਤੇ ਸਦਾ ਦੀ ਨੀਂਦ ਸੰਵਾ ਕੇ ਅਸੀਂ ਸਮਝ ਰਹੇ ਸੀ ਕਿ ਉਹ ਪੁਲਿਸ ਦੀ ਪਹੁੰਚ ਤੋਂ ਬਾਹਰ ਹੋ ਗਏ, ਪਰ ਉਨ੍ਹਾਂ ਨੂੰ ਸ਼ਹੀਦ ਹੋ ਕੇ ਵੀ ਟਿਕਣਾ ਨਾ ਮਿਲਿਆ। ਦੂਜੇ ਲਾਹੌਰ ਕੇਸ ਵਿਚ ਇਕ ਸਾਥੀ ਦੇ ਮੁਖਬਰ ਹੋ ਜਾਣ 'ਤੇ ਉਸ ਨੇ ਪੁਲਿਸ ਨੂੰ ਇਹ ਜਾਣਕਾਰੀ ਵੀ ਦੇ ਦਿੱਤੀ, ਤੇ ਪੁਲਿਸ ਨੂੰ ਉਨ੍ਹਾਂ ਦੀ ਦੇਹ ਦੀ ਨਿਸ਼ਾਨਦੇਹੀ ਕਰਨ ਵਿਚ ਮੱਦਦ ਦਿੱਤੀ। ਉਨ੍ਹਾਂ ਦੀਆਂ ਅਸਥੀਆਂ ਲਾਹੌਰ ਅਦਾਲਤ ਵਿਚ ਪੇਸ਼ ਕੀਤੀਆਂ ਗਈਆਂ।

---

*'ਪੰਜਾਬ ਟਾਈਮਜ਼' ਦੇ ਪਾਠਕ ਕਾਨਾ ਸਿੰਘ ਦੇ ਨਾਂ ਤੋਂ ਚੰਗੀ ਤਰ੍ਹਾਂ ਵਾਕਫ ਹਨ। ਪਿਛਲੇ ਸਮੇਂ ਦੌਰਾਨ ਉਨ੍ਹਾਂ ਦੀਆਂ ਲਿਖਤਾਂ ਪਰਚੇ ਵਿਚ ਛਪਦੀਆਂ ਰਹੀਆਂ ਹਨ। ਉਨ੍ਹਾਂ ਦੀਆਂ ਲਿਖਤਾਂ ਵਿਚ ਸਹਿਜ ਭਾਅ ਪਰੋਈਆਂ ਗੱਲਾਂ-ਗਲੋਕੜੀਆਂ ਮੱਲੋ-ਜ਼ੋਰੀ ਧਿਆਨ ਖਿੱਚਦੀਆਂ ਹਨ। ਇਸ ਵਾਰ ਦੇ ਲੇਖ 'ਵਾਹ ਭਾਅ ਜੀ' ਵਿਚ ਕਾਨਾ ਸਿੰਘ ਨੇ ਪੰਜਾਬੀ ਰੰਗਮੰਚ ਬਾਰੇ ਕੁਝ ਘਟਨਾਵਾਂ ਬਿਆਨ ਕੀਤੀਆਂ ਹਨ। ਇਸ ਨਿੱਕੇ ਜਿਹੀ, ਪਰ ਭਰਪੂਰ ਲਿਖਤ ਵਿਚੋਂ ਸੋਚ ਅਤੇ ਸੰਜੀਦਗੀ ਡੁੱਲ੍ਹ-ਡੁੱਲ੍ਹ ਪੈਂਦੀ ਹੈ।*

# ਵਾਹ ਭਾਅ ਜੀ



ਚਿੱਤ ਚੇਤਾ

**ਕਾਨਾ ਸਿੰਘ**

ਫੋਨ: 91-95019-44944

ਦਿੱਲੀ ਯੂਨੀਵਰਸਿਟੀ ਤੋਂ ਪੰਜਾਬੀ ਐਮ.ਏ. ਦੀ ਪੜ੍ਹਾਈ ਦੌਰਾਨ ਬੇਸ਼ੱਕ ਪੰਜਾਬੀ ਨਾਟਕ ਦੇ ਇਤਿਹਾਸ ਤੋਂ ਮੈਂ ਵਾਕਫ ਹੋ ਚੁੱਕੀ ਸਾਂ, ਪਰ ਪੰਜਾਬੀ ਤਾਂ ਕੀ, ਕਿਸੇ ਹਿੰਦੀ ਨਾਟਕ ਨੂੰ ਵੀ ਹਾਲਾਂ ਤੱਕ ਰੰਗਮੰਚ ਉਪਰ ਨਹੀਂ ਸੀ ਵੇਖਿਆ। ਮੁੰਬਈ ਵਿਚ ਸ਼ਸ਼ੀ ਕਪੂਰ ਤੇ ਜੈਨੀਫਰ ਵਲੋਂ ਪ੍ਰਿਥਵੀ ਥੀਏਟਰ ਦੀ ਮੁੜ ਸੁਰਜੀਤੀ ਦੇ ਨਾਲ ਹੀ ਮੈਂ ਨਾਟਕ ਸੰਸਾਰ ਨਾਲ ਜੁੜੀ।

ਉਨੀ ਸੌ ਅੱਸੀ ਤੋਂ ਬਾਅਦ ਪ੍ਰਿਥਵੀ ਥੀਏਟਰ ਮੇਰੇ ਲਈ ਕਾਬਾ ਹੀ ਬਣ ਗਿਆ ਸੀ।

ਨਾਟਕ ਵੇਖਣ ਦੀ ਲਾਲਸਾ ਇੰਨੀ ਵਧ ਗਈ ਕਿ ਹਰ ਬੁੱਧਵਾਰ ਅਤੇ ਐਤਵਾਰ ਦੀ ਸ਼ਾਮ ਨੂੰ ਮੈਂ ਆਪਣਾ ਬਿਊਟੀ ਪਾਰਲਰ ਬੰਦ ਰੱਖਣ ਦਾ ਐਲਾਨ ਕਰ ਦਿੱਤਾ। ਇਹ ਦੋਵੇਂ ਸ਼ਾਮਾਂ ਮੈਂ ਪ੍ਰਿਥਵੀ ਥੀਏਟਰ ਜਾ ਪੁੱਜਦੀ।

ਨਿੱਕੇ ਜਿਹੇ ਨਾਟਕ ਘਰ ਵਿਚ ਸੀਮਿਤ ਹੀ ਸੀਟਾਂ ਹੁੰਦੀਆਂ ਸਨ ਤੇ ਮੂਹਰੇ ਪਹਿਲੀ ਕਤਾਰ ਵਿਚ ਹੀ ਬਹਿਣਾ, ਮੇਰੀ ਲੋੜ। ਉਥੇ ਇਕ ਵੀ ਟਿਕਟ ਕਾਂਪਲੀਮੈਂਟਰੀ ਨਹੀਂ ਸੀ ਹੁੰਦੀ। ਅਭਿਨੇਤਾਵਾਂ ਦੇ ਸਕਿਆਂ ਨੂੰ ਵੀ ਟਿਕਟ ਖਰੀਦਣੀ ਪੈਂਦੀ। ਸ਼ਬਾਨਾ ਆਜ਼ਮੀ (ਸਫੇਦ ਕੁੰਡਲੀ), ਅਮਰੀਸ਼ ਪੁਰੀ (ਆਧੇ-ਅਧੂਰੇ) ਅਤੇ ਹੋਰ ਵੀ ਬਹੁਤੇ ਫਿਲਮ ਐਕਟਰਾਂ ਨੂੰ ਮੰਚ ਉਤੇ ਵੇਖ ਵੇਖ ਮੈਂ ਨਿਹਾਲ ਹੁੰਦੀ।

ਪਤੀ ਮੇਰੇ ਫਿਲਮ ਇੰਡਸਟਰੀ ਦੇ ਚਹੇਤੇ ਡਾਕਟਰਾਂ ਵਿਚੋਂ ਸਨ, ਤੇ ਦਿਨੇਸ਼ ਠਾਕੁਰ ਦੇ ਅੰਕ ਪ੍ਰੋਡਕਸ਼ਨਜ਼ ਦੇ ਮੈਂਬਰਾਂ ਦੇ ਖਾਸ ਮਿੱਤਰ।

ਹਿੰਦੀ ਤੇ ਮਰਾਠੀ, ਗੁਜਰਾਤੀ ਅਤੇ ਅੰਗਰੇਜ਼ੀ ਦੇ ਰੂਪਾਂਤਰਿਤ ਸ੍ਰੇਸ਼ਠ ਨਾਟਕ ਵੇਖਣ ਨੂੰ ਮਿਲਦੇ। ਨਾਲ ਹੀ ਗੁਲਜ਼ਾਰ ਵਰਗੇ ਫਿਲਮ ਡਾਇਰੈਕਟਰਾਂ ਅਤੇ ਚੋਟੀ ਦੇ ਐਕਟਰਾਂ ਨੂੰ ਵੀ ਨੇੜਿਓਂ ਤੱਕਣ/ਮਿਲਣ ਦਾ ਮੌਕਾ ਮਿਲਦਾ। ਨਵੀਂ ਪੀੜ੍ਹੀ ਦੇ ਕਲਾਕਾਰ, ਰਾਕੇਸ਼ ਬੇਦੀ, ਰਾਜੇਸ਼ ਪੁਰੀ, ਨਰੇਸ਼ ਸੂਰੀ ਅਤੇ ਲਿੱਲੀਪੁਤ ਤਾਂ ਜਿਵੇਂ ਪਰਿਵਾਰ ਦੇ ਮੈਂਬਰ ਹੀ ਹੋਣ।

ਨਾਟਕਕਾਰਾਂ ਨਾਲ ਨਾਟਕ ਦੀਆਂ ਭਿੰਨ-ਭਿੰਨ ਵਿਧੀਆਂ, ਕਲਾਵਾਂ, ਵੇਸ਼ਭੂਸ਼ਾ, ਮੇਕਅੱਪ, ਰੰਗਮੰਚ ਦੀਆਂ ਲੋੜਾਂ ਉਤੇ ਅਕਸਰ ਗੱਲਾਂ ਹੁੰਦੀਆਂ।

ਸੰਨ ਅੱਸੀ-ਪੰਜਾਸੀ ਦੇ ਸਾਰੇ ਵਕਫੇ ਦੌਰਾਨ ਮੈਨੂੰ ਪੰਜਾਬੀ ਦਾ ਇਕ, ਤੇ ਕੇਵਲ ਇਕੋ-ਇਕ ਨਾਟਕ ਹੀ ਪ੍ਰਿਥਵੀ ਥੀਏਟਰ ਦੀ ਸਟੇਜ 'ਤੇ ਵੇਖਣ ਨੂੰ ਮਿਲਿਆ। ਨਿਰਮਾਤਾ ਜਾਂ ਨਿਰਦੇਸ਼ਕ ਦਾ ਨਾਂ ਯਾਦ ਨਹੀਂ, ਪਰ ਜੇ ਮੈਂ ਭੁੱਲਦੀ ਨਹੀਂ, ਤਾਂ ਨਾਟਕ ਦਾ ਨਾਂ ਸੀ 'ਬੰਬਈ ਦੀ ਹਵਾ ਕਰ ਗਈ ਤਬਾਹ।'

ਨਾਟਕ ਵਿਚ ਕਾਫੀ ਲੱਚਰਪੁਣਾ ਸੀ, ਦੂਹਰੇ ਅਰਥਾਂ ਵਾਲੇ ਡਾਇਲਾਗ ਸਨ। ਇਹ ਨਾਟਕ ਪ੍ਰਿਥਵੀ ਥਿਏਟਰ ਦੀ ਪੱਧਰ 'ਤੋਂ ਬਹੁਤ ਨੀਵਾਂ ਸੀ।



*ਗੁਰਸ਼ਰਨ ਸਿੰਘ (ਮਰਹੂਮ) 1972 'ਚ ਅੰਮ੍ਰਿਤਸਰ ਵਿਚ ਨਾਟਕ ਪੇਸ਼ ਕਰਦੇ ਹੋਏ*

ਮੇਰੇ ਪਤੀ ਮੇਰੇ ਨਾਲ ਬੈਠੇ ਸਨ। ਉਹ ਤਾਂ ਉਂਜ ਵੀ ਪੰਜਾਬੀ ਸਾਹਿਤ ਨੂੰ ਲੱਚਰ ਸਾਹਿਤ ਅਤੇ ਪੰਜਾਬੀ ਬੋਲੀ ਨੂੰ ਗੰਵਾਰਾਂ ਦੀ ਬੋਲੀ ਆਖ-ਆਖ ਮੇਰਾ ਕਲੇਜਾ ਵਿੰਨ੍ਹਦੇ ਸਨ। ਉਨ੍ਹਾਂ ਨੂੰ ਆਪਣਾ ਪੱਖ ਪੂਰਨ ਅਤੇ ਮੈਨੂੰ ਦਬਾਉਣ ਦਾ ਇਕ ਹੋਰ ਮੌਕਾ ਮਿਲ ਗਿਆ। ਮੈਂ ਸ਼ਰਮ ਨਾਲ ਪਾਣੀ-ਪਾਣੀ ਹੋ ਰਹੀ ਸਾਂ। ਅਸੀਂ ਅੱਧ ਵਿਚਕਾਰੋਂ ਹੀ ਘਰ ਪਰਤ ਆਏ।

ਸਾਡਾ ਨਾਟਕ ਇੰਨਾ ਪਿੱਛੇ ਹੈ, ਮਨ ਨੂੰ ਧੱਕਾ ਜਿਹਾ ਲੱਗਾ। ਕੀ ਕਾਰਨ ਹੋ ਸਕਦਾ ਹੈ?

*(ਬਾਕੀ ਅਗਲੇ ਸਫੇ 'ਤੇ)*

# ਰੋਟੀ-ਸ਼ਾਸਤਰ ਤੇ ਰੋਟੀ-ਸ਼ਸਤਰ

*ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ ਪੰਜਾਬੀ ਸਾਹਿਤ ਨੂੰ ਮਿਸਾਲੀ ਕਹਾਣੀਆਂ ਦਿੱਤੀਆਂ ਹਨ। ਉਨ੍ਹਾਂ ਦੀਆਂ ਕਹਾਣੀਆਂ ਵਿਚਲੀ ਸੂਖਮਤਾ ਤੇ ਸਹਿਜਤਾ ਪਾਠਕ-ਮਨ ਦੀ ਉਤਸੁਕਤਾ ਨੂੰ ਲਗਾਤਾਰ ਜ਼ਰਬ ਦਿੰਦੀ ਹੈ ਅਤੇ ਮਨ ਦੀਆਂ ਪਰਤਾਂ ਫਰੋਲਣੀਆਂ ਸ਼ੁਰੂ ਕਰ ਦਿੰਦੀ ਹੈ। ਉਨ੍ਹਾਂ ਦੀ ਵਾਰਤਕ ਦਾ ਰੰਗ ਇਸ ਤੋਂ ਰਤਾ ਕੁ ਵੱਖਰਾ ਹੈ। ਇਸ ਵਿਚ ਤਿੱਖੇ ਵਿਅੰਗ-ਬਾਣ ਚੱਲਦੇ ਹਨ ਅਤੇ ਗੁੱਝੀਆਂ ਚੋਭਾਂ ਵੀ ਖੂਬ ਲਗਦੀਆਂ ਹਨ। ਐਤਕੀਂ 'ਰੋਟੀ-ਸ਼ਾਸਤਰ ਤੇ ਰੋਟੀ-ਸ਼ਸਤਰ' ਨਾਂ ਦੇ ਇਸ ਲੇਖ ਵਿਚ ਵਿਅੰਗ ਦਾ ਬਾਣ ਕੁਝ ਜ਼ਿਆਦਾ ਹੀ ਚੋਭ ਵਾਲਾ ਹੈ। ਇਸ ਦੇ ਨਾਲ ਹੀ ਲੇਖ ਵਿਚ ਗੱਲਾਂ ਅਗਾਂਹ ਤੋਂ ਅਗਾਂਹ ਗਲੋਟੇ ਵਾਂਗ ਉਧੜਦੀਆਂ ਚਲੀਆਂ ਜਾਂਦੀਆਂ ਹਨ। -ਸੰਪਾਦਕ*

ਰੋਟੀ ਦੀ ਲੀਲ੍ਹਾ ਨਿਆਰੀ ਰੇ ਭਈਆ! ਰੋਟੀ ਸ਼ਾਸਤਰ ਵੀ ਹੈ ਤੇ ਰੋਟੀ ਸ਼ਸਤਰ ਵੀ ਹੈ। ਇਹ ਦੇਖਣ ਵਿਚ ਛੋਟੀ ਹੈ, ਪਰ ਸ਼ਾਸਤਰ ਵਜੋਂ ਇਹਦੇ ਉਪਦੇਸ਼ ਵੀ ਵੱਡੇ ਗ੍ਰੰਥਾਂ ਵਾਲੇ ਨੇ ਤੇ ਸ਼ਸਤਰ ਵਜੋਂ ਇਹਦੀ ਮਾਰ ਵੀ ਵੱਡੇ ਸ਼ਸਤਰਾਂ ਵਾਲੀ ਹੈ। ਵੈਸੇ ਇਹਦਾ ਸ਼ਾਸਤਰ ਤੇ ਸ਼ਸਤਰ ਇਕ ਦੂਜੇ ਵਿਚ ਤਾਣੇ-ਪੇਟੇ ਵਾਂਗ ਬੁਣੇ ਹੋਏ ਹਨ।

ਉਸ ਆਦਮੀ ਦੀ ਕਲਪਨਾ ਕਰੋ ਜਿਸ ਨੇ ਪਹਿਲੀ ਵਾਰ ਪੱਥਰ ਉਤੇ ਪੱਥਰ ਨਾਲ ਦਾਣੇ ਦਰੜ ਕੇ, ਨਦੀ ਦੇ ਪਾਣੀ ਵਿਚ ਮੱਧ ਕੇ ਤੇ ਅੱਗ ਉਤੇ ਠੀਕਰਾ ਰੱਖ ਕੇ ਉਸ ਚੀਜ਼ ਨੂੰ ਪਕਾਉਣ ਦੀ ਕਲਪਨਾ ਕੀਤੀ ਹੋਵੇਗੀ ਜਿਸ ਦਾ ਨਾਂ ਵੀ ਅਜੇ ਉਹਨੇ ਆਟਾ ਨਹੀਂ ਰੱਖਿਆ ਹੋਵੇਗਾ। ਰੋਟੀ ਨਾਂ ਤਾਂ ਕਿਤੇ ਬਹੁਤ ਮਗਰੋਂ ਜਾ ਕੇ ਪਿਆ ਹੋਵੇਗਾ। ਹੋ ਸਕਦਾ ਹੈ... ਹੋ ਸਕਦਾ ਕੀ, ਹੋਇਆ ਹੀ ਇਉਂ ਹੋਵੇਗਾ ਕਿ ਉਹਨੇ ਪਹਿਲਾਂ ਟਿੱਕੀ ਜਿਹੀ ਜਾਂ ਖਿੱਦੋ ਜਿਹੀ ਬਣਾ ਕੇ ਠੀਕਰੇ ਉਤੇ ਰਾੜ੍ਹਨੀ ਚਾਹੀ ਹੋਵੇਗੀ। ਉਸ ਨੂੰ ਵਿਚੋਂ ਕੱਚੀ ਰਹਿ ਗਈ ਦੇਖ ਕੇ ਉਹਨੇ ਅਨੁਭਵ ਦੇ ਆਧਾਰ ਉਤੇ ਉਸ ਨੂੰ ਹਥੇਲੀਆਂ ਵਿਚਕਾਰ ਥੱਪਣਾ ਸੋਚਿਆ ਹੋਵੇਗਾ।



**ਗੁਰਬਚਨ ਸਿੰਘ ਭੁੱਲਰ**
ਫੋਨ: 01191-1165736868
bhullargs@gmail.com

ਮੁਕਦੀ ਗੱਲ, ਜੋ ਰੋਟੀ ਅਸੀਂ ਅੱਜ ਸਾਧਾਰਨ ਚੀਜ਼ ਸਮਝ ਕੇ ਦੋ-ਤਿੰਨ ਵੇਲੇ ਬੇਧਿਆਨੇ ਛਕ ਜਾਂਦੇ ਹਾਂ, ਉਹਦੀ ਕਾਢ ਕੱਢਣ ਵਿਚ ਕਈ ਪੀੜ੍ਹੀਆਂ ਦੇ 'ਰੋਟੀ-ਵਿਗਿਆਨੀਆਂ' ਦੀ ਸਮਝ-ਖੋਜ ਲੱਗੀ ਹੋਵੇਗੀ। ਉਹ ਯਕੀਨਨ ਸਾਡੇ ਸਮਕਾਲੀ ਉਨ੍ਹਾਂ ਵਿਗਿਆਨੀਆਂ ਤੋਂ ਘੱਟ ਨਹੀਂ ਸਨ, ਜਿਨ੍ਹਾਂ ਨੇ ਰਾਕਟ ਬਣਾਏ ਹਨ। ਇਕ ਵਾਰ ਰੋਟੀ ਬਣ ਗਈ, ਬੱਸ ਫੇਰ ਕੀ ਸੀ, ਦੁਨੀਆਂ ਦਾ ਧੁਰਾ ਬਣ ਗਈ ਅਤੇ ਰਾਜ ਕਰਨ ਲੱਗੀ। ਇਹਨੇ ਆਪਣਾ ਸ਼ਾਸਤਰ ਵੀ ਵਿਕਸਤ ਕਰ ਲਿਆ ਅਤੇ ਸ਼ਸਤਰ ਵਾਲਾ ਅਵਤਾਰ ਵੀ ਧਾਰ ਲਿਆ। ਰੋਟੀ ਦੇ ਪਹੀਏ ਉਤੇ ਸਵਾਰ ਹੋ ਕੇ ਮਨੁੱਖੀ ਸਮਾਜ ਜੰਗਲ ਤੋਂ ਸਭਿਅਤਾ ਤੱਕ ਪਹੁੰਚ ਗਿਆ। ਹਰ ਮਨੁੱਖ ਰੋਟੀ ਦੇ ਪਹੀਏ ਉਤੇ ਸਵਾਰ ਹੋ ਕੇ ਹੀ ਬਾਲਪਨ ਤੋਂ ਬਜ਼ੁਰਗੀ ਤੱਕ ਦਾ ਸਫਰ ਤੈਅ ਕਰਦਾ ਹੈ। ਜੇ ਮਨੁੱਖ ਭੁੱਖਾ ਹੋਵੇ, ਚੰਦ ਵੀ ਰੋਟੀ ਦਿਸਦਾ ਹੈ! ਇਕ ਮਨਮੌਜੀ ਗੀਤ ਦੇ ਬੋਲ ਹਨ-ਏਕ ਬਗਲ ਮੇਂ ਚਾਂਦ ਹੋਗਾ, ਏਕ ਬਗਲ ਮੇਂ ਰੋਟੀਆਂ! ਉਹ ਸੰਤੁਸ਼ਟੀ ਜ਼ਾਹਿਰ ਕਰਦਾ ਹੈ, ਜੀਵਨ ਦੇ ਸਫਰ ਸਮੇਂ ਇਕ ਹੱਥ ਵਿਚ ਚੰਦ, ਅਰਥਾਤ ਸਭੇ ਨਿਆਮਤਾਂ ਤੇ ਖੂਬਸੂਰਤੀਆਂ ਹੋਣਗੀਆਂ ਤੇ ਦੂਜੇ ਹੱਥ ਵਿਚ ਜੀਵਨਦਾਤੀਆਂ ਰੋਟੀਆਂ ਹੋਣਗੀਆਂ। ਇਉਂ ਉਹ ਪ੍ਰਾਪਤੀਆਂ ਦੇ ਪੱਲੜੇ ਵਿਚ ਰੋਟੀ ਨੂੰ ਸੰਸਾਰ ਦੀਆਂ ਸਾਰੀਆਂ ਨਿਆਮਤਾਂ ਤੇ ਖੂਬਸੂਰਤੀਆਂ ਦੇ ਬਰਾਬਰ ਰੱਖ ਦਿੰਦਾ ਹੈ।

ਇਸੇ ਕਰਕੇ ਸਭ ਲੋਕ ਰੋਟੀ ਦਾ ਹੀ ਤਾਲ ਪੂਰਦੇ ਹਨ। ਬਾਬਾ ਨਾਨਕ ਕਹਿੰਦੇ ਹਨ, ਰੋਟੀਆ ਕਾਰਣਿ ਪੂਰਹਿ ਤਾਲ! ਬਾਬਾ ਬੁੱਲ੍ਹੇ ਸ਼ਾਹ ਦੀ ਆਪਣੇ ਇਸ਼ਟ, ਆਪਣੇ ਮਹਿਬੂਬ ਨੂੰ ਕਹੀ ਗੱਲ ਵੀ ਰੋਟੀ ਉਤੇ ਹੂ-ਬ-ਹੂ ਢੁਕਦੀ ਹੈ, ਹੇ ਰੋਟੀ, ਤੇਰੇ ਇਸ਼ਕ ਨਚਾਇਆ ਕਰ ਕੇ ਥਈਆ ਥਈਆ! ਮਹਾਨ ਚਿੰਤਕ ਕਾਰਲ ਮਾਰਕਸ ਨੇ ਲੁਟਦਿਆਂ ਤੇ ਲੁੱਟੀਂਦਿਆਂ ਨੂੰ ਬੁਰਜੁਆ ਤੇ ਪ੍ਰੋਲਤਾਰੀ ਦਾ ਨਾਂ ਦੇ ਕੇ ਨਿਖੇੜਾ ਕੀਤਾ। ਸਾਡੇ ਸਮਕਾਲੀ ਵੱਡੇ ਕਵੀ ਮੋਹਨ ਸਿੰਘ ਨੇ ਸਰਲ ਸ਼ਬਦਾਂ ਵਿਚ ਇਹੋ ਗੱਲ ਇਉਂ ਕਹੀ: ਦੋ ਟੋਟਿਆਂ ਵਿਚ ਭੋਂ ਟੁੱਟੀ, ਇਕ ਮਹਿਲਾਂ ਦਾ ਇਕ ਢੋਕਾਂ ਦਾ! ਦੋ ਧੜਿਆਂ ਵਿਚ ਖ਼ਲਕਤ ਵੰਡੀ, ਇਕ ਲੋਕਾਂ ਦਾ ਇਕ ਜੋਕਾਂ ਦਾ! ਮਾਰਕਸ ਤੇ ਮੋਹਨ ਸਿੰਘ ਦੀ ਕੀਤੀ ਇਸ ਵੰਡ ਦਾ ਆਧਾਰ ਵੀ ਰੋਟੀ ਹੀ ਸੀ। ਇਨ੍ਹਾਂ ਤੋਂ ਬਹੁਤ ਪਹਿਲਾਂ ਇਸ ਵੰਡ ਦੀ ਨਾਇਨਸਾਫੀ ਦੇਖਦਿਆਂ ਮਹਾਂਕਵੀ ਭਗਤ ਕਬੀਰ ਨੇ ਇਕ ਹੱਥ ਵਿਚ ਰੋਟੀ ਦਾ ਸ਼ਾਸਤਰ ਤੇ ਦੂਜੇ ਵਿਚ ਰੋਟੀ ਦਾ ਸ਼ਸਤਰ ਚੁੱਕਿਆ ਸੀ। ਅਲਾਹਾਬਾਦ ਤੋਂ ਹਿੰਦੀ ਵਿਚ ਇਕ ਸੈਂਚੀ ਵਿਚ ਪ੍ਰਕਾਸ਼ਿਤ ਉਨ੍ਹਾਂ ਦੀ ਸਮੁੱਚੀ ਬਾਣੀ ਦਾ ਪਾਠ ਕਰਦਿਆਂ ਮੈਨੂੰ ਇਹ ਅਨਮੋਲ ਤੁਕ ਪ੍ਰਾਪਤ ਹੋਈ ਜਿਸ ਵਿਚ ਉਹ ਲਲਕਾਰਦੇ ਹਨ, ਹਮ ਕਉ ਚਾਬਨੁ ਉਨ ਕਉ ਰੋਟੀ! ਸੁਣ ਓਇ ਵੱਡਿਆ ਰੱਬਾ, ਸਾਨੂੰ ਭੁੱਜੇ ਹੋਏ ਛੋਲੇ ਤੇ ਉਨ੍ਹਾਂ ਨੂੰ ਤੋਰੀ-ਫੁਲਕਾ! ਲੋਕ-ਸਿਆਣਪ ਨੇ ਤਾਂ ਗੱਲ ਹੀ ਨਿਬੇੜ ਦਿੱਤੀ ਹੈ, ਢਿੱਡ ਨਾ ਪਈਆਂ ਰੋਟੀਆਂ, ਸਭੇ ਗੱਲਾਂ ਖੋਟੀਆਂ! ਢਿੱਡ ਵਿਚ ਰੋਟੀ ਨਾ ਪਵੇ ਤਾਂ ਭਗਤ ਆਪਣੇ ਇਸ਼ਟ ਨੂੰ ਬੇਦਾਅਵਾ ਦਿੰਦਿਆਂ ਵੀ ਝਿਜਕਦਾ ਨਹੀਂ, ਸਾਥੋਂ ਭੁੱਖਿਆਂ ਤੋਂ ਭਗਤੀ ਨਾ ਹੋਵੇ, ਅਹਿ ਲੈ ਚੱਕ ਮਾਲਾ ਆਬਦੀ!

ਲਾਜਵਾਬ ਕਵੀ ਸ਼ੈਲੇਂਦਰ ਨੇ ਰਾਜਕਪੂਰ ਤੇ ਨਰਗਿਸ ਦੀ 1949 ਦੀ ਫਿਲਮ ਬਰਸਾਤ ਵਿਚ ਸਾਡੀ ਪੀੜ੍ਹੀ ਦੀ ਜਾਨਲੇਵਾ ਨ੍ਰਿਤਕੀ ਕੁੱਕੂ ਦੇ ਨਾਚ ਵਾਸਤੇ ਗੀਤ ਲਿਖ ਕੇ ਨਾਰੀ-ਸੁੰਦਰਤਾ ਦਾ ਮਿਆਰ ਮਿਥ ਦਿੱਤਾ ਸੀ, ਪਤਲੀ ਕਮਰ ਹੈ, ਤਿਰਛੀ ਨਜ਼ਰ ਹੈ, ਕੋਈ ਬਤਾ ਦੇ ਕਹਾਂ ਕਸਰ ਹੈ! ਅੱਠ ਸਾਲ ਮਗਰੋਂ 1957 ਵਿਚ ਪ੍ਰਸਿੱਧ ਕਵੀ ਖ਼ੁਮਾਰ ਬਾਰਾਬੰਕਵੀ ਨੇ ਰੋਟੀ ਦਾ ਮਿਆਰ ਨਾਰੀ-ਸੁੰਦਰਤਾ ਦੇ ਇਸ ਮਿਆਰ ਤੋਂ ਉਚਾ ਮਿਥ ਦਿੱਤਾ। ਬਲਰਾਜ ਸਾਹਨੀ ਤੇ (ਹੁਣ ਕਿਤੇ ਪੰਚਕੂਲਾ ਰਹਿੰਦੀ) ਨਿਪੁੰਨ ਅਦਾਕਾਰਾ ਨਿਰੂਪਾ ਰਾਇ ਦੀ ਫਿਲਮ 'ਦੋ ਰੋਟੀ' ਵਾਸਤੇ ਉਹਨੇ ਇਕ ਤਰ੍ਹਾਂ ਨਾਲ ਜਵਾਬੀ ਗੀਤ ਲਿਖਿਆ, ਸੁਨ ਲੋ ਜੀ ਸੁਨ ਲੋ ਪਤੇ ਕੀ ਬਾਤ! ਰੋਟੀ ਬਿਨਾਂ ਜੀਵਨ ਹੈ ਕਾਲੀ ਰਾਤ! ਰੋਟੀ ਬਿਨ ਤਿਰਛੀ ਨਜ਼ਰ ਪਤਲੀ ਕਮਰ ਨਹੀਂ ਭਾਏ! ਰੋਟੀ ਬਿਨ ਪੀ ਕੀ ਲਗਨ ਦਿਲ ਕਾ ਮਿਲਨ ਟੂਟ ਜਾਏ! ਮਨੁੱਖੀ ਪੀੜ੍ਹੀਆਂ ਦੀ ਉਤਪਤੀ ਦਾ ਆਧਾਰ ਕਾਮ ਹੈ ਜੋ ਰੋਟੀ ਦਾ ਸਕਾ ਭਰਾ ਹੈ। ਸਾਊ-ਸਭਿਅਕ ਪੇਂਡੂ ਬੋਲੀ ਵਿਚ ਕਾਮ ਨੂੰ ਰੋਟੀ ਹੀ ਕਿਹਾ ਜਾਂਦਾ ਹੈ। ਦੋਵਾਂ ਧਿਰਾਂ ਦੀ ਜੁੜੀ ਪੰਚਾਇਤ ਵਿਚ ਕੁੜੀ ਵਾਲੇ ਆਖਦੇ ਹਨ, "ਜੇ ਤੁਹਾਡੇ ਮੁੰਡੇ ਨੇ ਸਾਡੀ ਕੁੜੀ ਨੂੰ ਰੋਟੀ ਹੀ ਨਹੀਂ ਦੇਣੀ, ਇਹਨੇ ਇਥੇ ਰਹਿ ਕੇ ਕੀ ਕਰਨਾ ਹੈ!" ਮੇਰੇ ਮਿੱਤਰ, ਸੂਖਮ ਕਹਾਣੀਕਾਰ ਗੁਰਦੇਵ ਸਿੰਘ ਰੁਪਾਣਾ ਦੀ ਕਹਾਣੀ 'ਰੋਟੀ' ਕਾਮ ਬਨਾਮ ਰੋਟੀ ਦੀ ਬੇਹੱਦ ਖੂਬਸੂਰਤ ਪੇਸ਼ਕਾਰੀ ਹੈ। ਮੇਰੀ ਕਹਾਣੀ 'ਪੁੜੀਆਂ ਤੇ ਪੋਥੀਆਂ' ਵੀ ਇਨ੍ਹਾਂ ਜੜੁੱਤ ਮਨੁੱਖੀ ਲੋੜਾਂ ਦੀ ਹੀ ਗੱਲ ਕਰਦੀ ਹੈ।

ਜੇ ਰੋਟੀ ਦਾ ਇਹ ਸ਼ਾਸਤਰ ਅਨੇਕਾਂ-ਅਨੇਕ ਗ੍ਰੰਥਾਂ ਨੂੰ ਮਾਤ ਪਾਉਂਦਾ ਹੈ ਤਾਂ ਸ਼ਸਤਰ ਵੀ ਤੀਰ-ਬਰਛੇ ਤੋਂ ਦੋ ਰੱਤੀਆਂ ਉਤੇ ਹੀ ਹੈ। ਚੋਣਾਂ ਤੋਂ ਪਹਿਲਾਂ ਫਰੀਦਕੋਟ ਦੀ ਭਰੀ ਸਭਾ ਵਿਚ ਮਚਾਕੀ ਖੁਰਦ ਦੇ ਇਕ ਬੇਨਾਂਵੇਂ ਗਰੀਬ ਕਿਸਾਨ ਨੇ ਜਦੋਂ ਉਚੇ ਨਾਂ ਵਾਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲ ਸੇਧ ਕੇ ਰੋਟੀ ਦਾ ਸ਼ਸਤਰ ਵਾਹਿਆ, ਅਨੇਕ ਘਨਘੋਰ ਸਿਆਸੀ ਜੰਗਾਂ ਦਾ ਬਜ਼ੁਰਗ ਵਿਜੈਤਾ ਚਿੱਤ ਹੋ ਗਿਆ। ਬਾਦਲ ਸਾਹਿਬ ਦੀ ਇਕ ਰੁਪਏ ਕਿਲੋ ਦਿੱਤੀ ਕਣਕ ਦੀਆਂ ਮੁਸ਼ਕ ਮਾਰਦੀਆਂ ਰੋਟੀਆਂ ਜਦੋਂ ਗਰੀਬ ਦੇ ਉਚੇ ਚੁੱਕੇ ਹੋਏ ਦੋਵਾਂ ਹੱਥਾਂ ਵਿਚ ਕ੍ਰਿਸ਼ਨ ਦੇ ਸੁਦਰਸ਼ਨ ਚੱਕਰ ਵਾਂਗ ਘੁਕੀਆਂ, ਬਾਦਲ ਸਾਹਿਬ ਦੀ ਬੇਚੈਨੀ ਸਿਰਫ ਮਹਾਂਭਾਰਤ ਵਿਚ ਤੀਰਾਂ ਦੀਆਂ ਨੋਕਾਂ ਦੇ ਬਿਸਤਰ ਉਤੇ ਪਏ ਭੀਸ਼ਮ ਪਿਤਾਮਾ ਦੀ ਬੇਚੈਨੀ ਨਾਲ ਹੀ ਮੇਲੀ ਜਾ ਸਕਦੀ ਹੈ! ਜਦੋਂ ਬਾਦਲ ਜੀ ਦੇ ਕਿਹਾ, ਅਧਿਕਾਰੀ ਸਰਕਾਰੀ ਗੋਦਾਮਾਂ ਵਿਚੋਂ ਕਣਕ ਦੇ ਨਮੂਨੇ ਲੈਣ ਗਏ, ਖੁੱਲ੍ਹੇ ਅੰਬਰ ਹੇਠ ਭਿੱਜ-ਭਿੱਜ ਸੁਕਦੀ ਰਹੀ ਕਣਕ ਨੂੰ ਉਲੀ ਲੱਗੀ ਹੋਈ ਸੀ, ਉਸ ਵਿਚੋਂ ਮੁਸ਼ਕ ਮਾਰ ਰਿਹਾ ਸੀ ਤੇ ਉਸ ਵਿਚ ਸੁੰਡੀਆਂ ਮੌਜ ਨਾਲ ਕਲੋਲਾਂ ਕਰ ਰਹੀਆਂ ਬਾਦਲ ਜੀ ਦੇ ਗੁਣ-ਗੀਤ ਗਾ ਰਹੀਆਂ ਸਨ। ਪ੍ਰਯੋਗਸ਼ਾਲਾ ਨੇ ਪਰਖ ਕਰ ਕੇ ਕਿਹਾ, ਇਹ ਮਨੁੱਖਾਂ ਦੇ ਖਾਣ ਵਾਲੀ ਨਹੀਂ। ਅਸਲ ਵਿਚ ਇਹ ਉਹੋ ਜਿਹੀ ਕਣਕ ਸੀ ਜਿਸ ਬਾਰੇ ਸੁਪਰੀਮ ਕੋਰਟ ਸਪੱਸ਼ਟ ਕਰ ਚੁੱਕੀ ਹੈ ਕਿ ਇਹ ਮਨੁੱਖਾਂ ਦੇ ਤਾਂ ਕੀ, ਪਸ਼ੂਆਂ ਦੇ ਖਾਣ ਵਾਲੀ ਵੀ ਨਹੀਂ ਜਿਸ ਕਰਕੇ ਨਸ਼ਟ ਕਰ ਦੇਣੀ ਚਾਹੀਦੀ ਹੈ।

ਇਸ ਸੱਚ ਦਾ ਸਾਹਮਣਾ ਮੈਨੂੰ ਮਚਾਕੀ ਵਾਲੇ ਕਿਸਾਨ ਤੋਂ ਬਹੁਤ ਪਹਿਲਾਂ ਹੋ ਗਿਆ ਸੀ। ਕਈ ਮਹੀਨੇ ਹੋਏ, ਇਕ ਰਿਸ਼ਤੇਦਾਰੀ ਵਾਲੇ ਪਿੰਡ ਬਾਜ਼ਾਰੋਂ ਲੰਘ ਰਹੇ ਸੀ ਕਿ ਇਕ ਥਾਂ ਬਾਦਲ ਸਾਹਿਬ ਦੀ ਆਟਾ-ਦਾਲ ਵੰਡੀ ਜਾ ਰਹੀ ਸੀ। ਮੇਰੇ ਕਹਿਆਂ ਰਿਸ਼ਤੇਦਾਰ ਇਕ ਪੈਕਟ ਛੋਲਿਆਂ ਦੀ ਦਾਲ ਲਿਆਇਆ ਤਾਂ ਨਾਲ ਹੀ ਦੁਕਾਨਦਾਰ ਦੀ ਛੇਤੀ ਬਣਾ ਲੈਣ ਦੀ ਸਲਾਹ ਵੀ ਲੈ ਕੇ ਆਇਆ। ਦਿੱਲੀ ਆ ਕੇ ਹਫ਼ਤੇ ਮਗਰੋਂ ਅਸੀਂ ਰਿੰਨ੍ਹਣ ਲਈ ਬੰਦ ਪੈਕਟ ਕੱਢਿਆ ਤਾਂ ਉਸ ਵਿਚ ਦਾਲ ਹਰੀ ਹਰੀ ਉਲੀ ਨਾਲ ਭਰੀ ਪਈ ਸੀ। ਜਿੰਨੀ ਦਾਲ, ਉਸ ਤੋਂ ਵੱਧ ਉਲੀ! ਸ਼ਾਇਦ ਸਾਡੀਆਂ ਸਰਕਾਰਾਂ ਇਹ ਦਾਣੇ ਪਸ਼ੂਆਂ ਨੂੰ ਇਸ ਕਰਕੇ ਨਹੀਂ ਪਾਉਂਦੀਆਂ ਕਿਉਂਕਿ ਪਸ਼ੂ ਇਹੋ ਜਿਹੀ ਚੀਜ਼ ਖੁਰਲੀ ਵਿਚ ਪਾਈ ਦੇਖ ਕੇ ਪਾਉਣ ਵਾਲੇ ਦੇ ਜਾਂ ਤਾਂ ਢਿੱਡ ਵਿਚ ਸਿੰਗ ਮਾਰ ਸਕਦੇ ਹਨ ਜਾਂ ਹਿੱਕ ਵਿਚ ਛੜ ਠੋਕ ਸਕਦੇ ਹਨ। ਪਰ ਸਰਕਾਰ ਨੇ ਗਰੀਬਾਂ ਨੂੰ ਭੁੱਖੇ ਰੱਖ ਰੱਖ ਕੇ ਉਨ੍ਹਾਂ ਦੇ ਸਿੰਗ ਵੀ ਭੋਰ ਛੱਡੇ ਹਨ ਤੇ ਛੜਾਂ ਵੀ ਭੰਨ ਛੱਡੀਆਂ ਹਨ। ਇਸੇ ਕਰਕੇ ਗਰੀਬ, ਜਿਨ੍ਹਾਂ ਨੂੰ ਸਾਡੇ ਸਰਕਾਰੀ ਕਾਗਜ਼ਾਂ ਵਿਚ ਬੰਦਿਆਂ ਵਿਚ ਨਹੀਂ ਗਿਣਿਆ ਜਾਂਦਾ, ਆਮ ਕਰਕੇ ਭੁੱਖ ਦੇ ਕੇੜਿਆਂ ਦੇ ਮਾਰੇ ਜੋ ਹੱਥ ਆਵੇ, ਖਾ ਲੈਂਦੇ ਹਨ। ਪਰ ਕੋਈ ਕੋਈ ਵਿਰਲਾ-ਟਾਂਵਾਂ ਗਰੀਬ ਬੰਦਾ ਮਚਾਕੀ ਵਾਲੇ ਕਿਸਾਨ ਵਾਂਗ ਸਰਕਾਰੀ ਰੱਸਾ ਤੁੜਾ ਕੇ ਤੇ ਸਰਕਾਰੀ ਲਕੀਰ ਲੰਘ ਕੇ ਡੰਗਰਾਂ ਵਾਲੇ ਪਾਸਿਉਂ ਬੰਦਿਆਂ ਵਾਲੇ ਪਾਸੇ ਵੀ ਆ ਜਾਂਦਾ ਹੈ। ਉਹ ਆਪਣੇ ਅੰਦਰ ਭਗਤ ਕਬੀਰ ਜੀ ਦੀ ਰੂਹ ਦਾ ਪਰਵੇਸ਼ ਮਹਿਸੂਸ ਕਰਦਿਆਂ ਲਲਕਾਰਦਾ ਹੈ, "ਮੁੱਖ ਮੰਤਰੀ ਜੀ ਮਹਾਰਾਜ, ਹਮ ਕਉ ਮੁਸ਼ਕੀ ਰੋਟੀ, ਤੁਮ ਕਉ ਮੀਟ-ਪਰੌਂਠੇ?"



*ਸਰਕਾਰੀ ਗੋਦਾਮ! ਖੁੱਲ੍ਹੇ ਅੰਬਰ ਹੇਠ ਲੱਗੇ ਅਨਾਜ ਦੇ ਅੰਬਾਰ*

ਮਚਾਕੀ ਵਾਲੇ ਕਿਸਾਨ ਨੇ ਅੱਧੀ ਸਦੀ ਤੋਂ ਵੱਧ ਸਮਾਂ ਪਹਿਲਾਂ 'ਪ੍ਰੀਤਲੜੀ' ਵਿਚ ਛਪ ਕੇ ਚਰਚਿਤ ਹੋਈ ਅਤੇ ਮਗਰੋਂ ਮੇਰੇ ਪਹਿਲੇ ਕਹਾਣੀ-ਸੰਗ੍ਰਿਹ 'ਓਪਰਾ ਮਰਦ' ਵਿਚ ਸ਼ਾਮਲ ਹੋਈ ਕਹਾਣੀ 'ਰੇਸ਼ਮ ਦੀ ਛੋਹ ਤੇ ਬੋਰੇ ਦਾ ਘਾਸਾ' ਚੇਤੇ ਕਰਵਾ ਦਿੱਤੀ। ਉਸ ਵਿਚ ਵੀ ਸੰਗੂ ਨਾਂ ਦਾ ਸੀਰੀ ਰੋਟੀ ਦਾ ਸ਼ਾਸਤਰ ਪੜ੍ਹਾਉਂਦਾ ਹੈ ਤੇ ਉਸ ਨੂੰ ਸ਼ਸਤਰ ਬਣਾ ਕੇ ਸੁਦਰਸ਼ਨ ਚੱਕਰ ਵਾਹੁੰਦਾ ਹੈ। ਘਰ ਦੀ ਮਾਲਕਣ ਖੇਤ ਰੋਟੀ ਦੇ ਕੇ ਮੁੜ ਜਾਂਦੀ ਹੈ। ਸੀਰੀ ਸੰਗੂ ਦੀਆਂ ਰੋਟੀਆਂ ਅਜੇ ਉਹਦੇ ਹੱਥਾਂ ਉਤੇ ਹਨ। ਮਾਲਕ ਕਰਨੈਲ ਭੁੱਖ ਨਾ ਹੋਣ ਕਰਕੇ ਰੋਟੀਆਂ ਵਾਲਾ ਪੋਣਾ ਬੇਰੀ ਦੀ ਡਾਹਣੀ ਨਾਲ ਬੰਨ੍ਹਦਾ ਹੈ ਅਤੇ ਚਾਰਾ ਲੈਣ ਦੂਜੇ ਖੇਤ ਚਲਿਆ ਜਾਂਦਾ ਹੈ। ਸੰਗੂ ਦੀਆਂ ਠੀਕਰਿਆਂ ਵਰਗੀਆਂ ਸੁੱਕੀਆਂ ਮੋਟੀਆਂ ਰੋਟੀਆਂ ਉਤੇ ਲੂਣ-ਮਿਰਚਾਂ ਘਸਾਈਆਂ ਹੋਈਆਂ ਹਨ। ਉਹ ਪੋਣਾ ਖੋਲ੍ਹ ਕੇ ਦੇਖਦਾ ਹੈ ਤਾਂ ਕਰਨੈਲ ਦੇ ਕਣਕ ਦੇ ਫੁਲਕਿਆਂ ਵਿਚਕਾਰ ਆਲੂ-ਗੋਭੀ ਦੀ ਭੁੰਨਵੀਂ ਸਬਜ਼ੀ ਰੱਖੀ ਹੋਈ ਹੈ। ਵਹੀ ਉਤੇ ਬਰਾਬਰ ਦੀ ਰੋਟੀ ਦੀ ਲਿਖਤ ਦੇ ਬਾਵਜੂਦ ਇਹ ਵਿਤਕਰਾ! ਉਹ ਆਪਣੀਆਂ ਰੋਟੀਆਂ ਇਕ ਬਲ੍ਹਦ ਦੇ ਸਿੰਗ ਨਾਲ ਬੰਨ੍ਹਦਾ ਹੈ ਤੇ ਕਰਨੈਲ ਦੀਆਂ ਰੋਟੀਆਂ ਦੂਜੇ ਬਲ੍ਹਦ ਦੇ ਸਿੰਗ ਨਾਲ ਅਤੇ ਪਿੰਡ ਦੀ ਸੱਥ ਵਿਚ ਪਹੁੰਚ ਜਾਂਦਾ ਹੈ। ਰੋਜ਼ ਵਾਂਗ ਕਰਨੈਲ ਦਾ ਖੜਪੈਂਚ ਪਿਤਾ ਬਾਬਾ ਮੋਦਨ ਸਿੰਘ ਸੱਥ ਵਿਚ ਤਾਸ਼ ਖੇਡ ਰਿਹਾ ਹੈ ਅਤੇ ਹੋਰ ਲੋਕ ਤਾਸ਼ ਖੇਡਦੀ ਚੌਂਕੜੀ ਨੂੰ ਦੇਖ ਰਹੇ ਹਨ। ਐਨ ਇਸ ਘੜੀ ਮਹਾਂਸੰਤ ਤੇ ਜੁਝਾਰੂ ਮਹਾਂਕਵੀ ਕਬੀਰ ਦੀ ਰੂਹ ਸੰਗੂ ਵਿਚ ਪਰਵੇਸ਼ ਕਰਦੀ ਹੈ ਅਤੇ ਉਹ ਲਲਕਾਰਦਾ ਹੈ, "ਸੁਣ ਓਇ ਬਾਬਾ ਮੋਦਨ ਸਿਆਂ, ਹਮ ਕਉ ਲੂਣ-ਬਾਜਰਾ, ਤੁਮ ਕਉ ਫੁਲਕੇ-ਗੋਭੀ?"

ਮੇਰੀ ਕਹਾਣੀ ਵਾਲਾ ਬਾਬਾ ਮੋਦਨ ਸਿੰਘ ਪਿੰਡ ਦਾ ਚਿਟ-ਕਪੜੀਆ ਖੜਪੈਂਚ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਹਨ, ਪੰਜਾਬ ਦੇ ਸਭ ਤੋਂ ਬਜ਼ੁਰਗ ਤੇ ਆਦਰਜੋਗ ਸਿਆਸਤਦਾਨ ਹਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਹਨ। ਇਨ੍ਹਾਂ ਸਭ ਗੱਲਾਂ ਤੋਂ ਵੱਡੀ ਤੇ ਮਹੱਤਵਪੂਰਨ ਗੱਲ, ਉਹ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਪਿਤਾ ਹਨ ਜੋ ਉਪ ਮੁੱਖ-ਮੰਤਰੀ, ਅਕਾਲੀ ਦਲ ਦੇ ਪ੍ਰਧਾਨ ਤੇ ਸੰਸਾਰ ਭਰ ਦੇ ਸਿੱਖ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਹਨ ਅਤੇ ਯੂਥ ਅਕਾਲੀ ਦਲ ਦੇ ਸਾਊ-ਸਨਿਮਰ, ਮਿੱਠਬੋਲੜੇ ਤੇ ਹਲੀਮ ਪ੍ਰਧਾਨ, ਮਾਲ ਮੰਤਰੀ ਸਰਦਾਰ ਬਿਕਰਮ ਸਿੰਘ ਮਜੀਠੀਆ ਦੇ ਭਣੋਈਏ ਹਨ। (ਜਿਨ੍ਹਾਂ ਪਾਠਕਾਂ ਨੂੰ 'ਯੂਥ' ਦੇ ਪੰਜਾਬੀ ਅਰਥ ਨਹੀਂ ਆਉਂਦੇ, ਉਨ੍ਹਾਂ ਨੂੰ ਕੱਚੇ ਹੋਣ ਦੀ ਲੋੜ ਨਹੀਂ ਕਿਉਂਕਿ ਸਾਨੂੰ ਭਾਰੀ ਕੁਰਬਾਨੀਆਂ ਨਾਲ ਪੰਜਾਬੀ ਸੂਬਾ ਲੈ ਕੇ ਦੇਣ ਦੀ ਦਾਅਵੇਦਾਰ ਪਾਰਟੀ ਨੂੰ ਵੀ 'ਯੂਥ' ਸ਼ਬਦ ਦੀ ਪੰਜਾਬੀ ਦਾ ਪਤਾ ਨਹੀਂ! ਮੈਂ ਸਭਨਾਂ ਦੀ ਗਿਆਤਾ ਲਈ ਦੱਸ ਦੇਵਾਂ, ਯੂਥ ਅੰਗਰੇਜ਼ੀ ਵਿਚ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਨੂੰ 'ਗੁਰਮੁਖੀ' ਵਿਚ ਨੌਜਵਾਨ ਆਖਦੇ ਹਨ!)

ਕੁਦਰਤੀ ਸੀ, ਮੇਰੀ ਕਹਾਣੀ ਦੇ ਬਾਬਾ ਮੋਦਨ ਸਿੰਘ ਦੀ ਹਾਲਤ ਉਹ ਹੋ ਜਾਂਦੀ ਜੋ ਮਚਾਕੀ ਵਾਲੇ ਕਿਸਾਨ ਨੇ ਮੁੱਖ ਮੰਤਰੀ ਜੀ ਦੀ ਕਰ ਦਿੱਤੀ। ਉਸ ਗਰੀਬ ਕਿਸਾਨ ਨੇ ਵੋਟਰਾਂ ਨੂੰ ਰੋਟੀ-ਸ਼ਾਸਤਰ ਵੀ ਦ੍ਰਿੜ੍ਹ ਕਰਵਾਇਆ ਅਤੇ ਰੋਟੀ-ਸ਼ਸਤਰ ਵੀ ਮੁੱਖ ਮੰਤਰੀ ਵੱਲ ਵਾਹ ਦਿੱਤਾ। ਕਮਾਲ ਇਹ ਹੋਈ ਕਿ ਵੋਟਰਾਂ ਨੇ ਰੋਟੀ-ਸ਼ਾਸਤਰ ਵੀ ਸੁਣਿਆ ਤੇ ਰੋਟੀ-ਸ਼ਸਤਰ ਵੀ ਮਾਰ ਕਰਦਾ ਦੇਖਿਆ। ਨਤੀਜੇ ਨਿੱਕਲੇ ਤਾਂ ਹਾਕਮ ਪਾਰਟੀ ਰੱਬ ਰੱਬ ਕਰ ਕੇ ਮਸਾਂ ਚਾਰ ਸੀਟਾਂ ਹੀ ਬਚਾ ਸਕੀ, ਬਾਕੀ ਸਭ ਥਾਂ ਚਿੱਤ ਹੋਈ ਤੇ ਰੋਟੀ ਦੀ ਜੈ-ਜੈ-ਕਾਰ ਤੇ ਜਿੱਤ ਹੋਈ! ਸਾਰੀ ਸੰਗਤ ਗੱਜ ਕੇ ਬੋਲੋ, ਜੀਵਨਦਾਤੀ ਰੋਟੀ-ਜ਼ਿੰਦਾਬਾਦ!

# ਵਾਹ ਭਾਅ ਜੀ

ਆਪੇ ਸੋਚਦੀ, ਤੇ ਆਪੇ ਨਿਰਣਾ ਕੱਢਦੀ ਕਿ ਇਸ ਦਾ ਕਾਰਨ ਸ਼ਾਇਦ ਪੰਜਾਬੀ ਸਾਹਿਤ ਅਤੇ ਸਭਿਆਚਾਰ ਉਪਰ ਗੁਰਮਤਿ ਅਨੁਸਾਰ ਮੂਰਤੀਵਾਦ ਦਾ ਵਿਰੋਧ ਹੋਣਾ ਹੈ, ਜੋ ਮਹਾਨ ਪੁਰਸ਼ਾਂ ਦੇ ਜੀਵਨਾਂ ਦੇ ਨਾਟਕੀਕਰਨ ਦੀ ਇਜਾਜ਼ਤ ਨਹੀਂ ਦਿੰਦਾ। ਇਸੇ ਲਈ ਇਥੇ ਨਾਟਕ ਨਹੀਂ ਪੁੰਗਰਿਆ ਹੋਣਾ।

ਮੇਰੇ ਜੇਠੇ ਅਤੇ ਕਿਸ਼ੋਰ ਪੁੱਤਰ ਸੰਨੀ ਉਪਰ ਪੂਰਬੀ ਸਾਂਤਾਕਰੂਜ਼ ਵਿਚ ਅਖੌਤੀ ਸ਼ਿਵ ਸੈਨਿਕਾਂ ਵਲੋਂ ਹਮਲਾ ਹੋਣ ਕਾਰਨ ਅਤੇ ਸ਼ਿਵਾਜੀ ਨਗਰ ਵਰਗੀ ਬਸਤੀ ਵਿਚ ਸਾਡੇ ਸਮੇਤ ਕੇਵਲ ਇਕ-ਦੋ ਹੀ ਹੋਰ ਸਿੱਖ ਪਰਿਵਾਰ ਰਹਿੰਦੇ ਹੋਣ ਕਾਰਨ ਅਸੀਂ ਆਤੰਕ ਦੇ ਸਾਏ ਹੇਠਾਂ ਜੀਅ ਰਹੇ ਸਾਂ। ਸਾਡੇ ਫਲੈਟਾਂ ਦੀਆਂ ਕੰਧਾਂ ਉਪਰ ਸਿੱਖ-ਨਿਸ਼ਾਨਦੇਹੀ ਦੇ ਪੋਸਟਰ ਲੱਗ ਗਏ ਸਨ। ਕਦੇ ਵੀ, ਕੁਝ ਵੀ ਤੇ ਕਿਵੇਂ ਵੀ ਹੋਣ ਦੇ ਸੰਸੇ ਨਾਲ ਸਾਹ ਲੈ ਰਹੇ ਸਾਂ।

ਸੰਨ ਪਚਾਸੀ ਵਿਚ ਨਿੱਕੇ ਪੁੱਤਰ ਦੀਪੀ ਦੇ ਬਾਰ੍ਹਵੀਂ ਦੇ ਇਮਤਿਹਾਨ ਤੋਂ ਫਾਰਗ ਹੁੰਦਿਆਂ ਹੀ ਅਸਾਂ ਪੰਜਾਬ ਦੇ ਦੌਰੇ ਦਾ ਮਨ ਬਣਾ ਲਿਆ। ਕਿਵੇਂ ਜੀਵਾਂਗੀ ਪਰਦੇਸ ਵਿਚ? (ਇੱਧਰਲਾ ਪੰਜਾਬ ਮੇਰੇ ਲਈ ਪਰਦੇਸ ਹੀ ਸੀ। ਨਾ ਮੈਂ ਇੱਥੇ ਜੰਮੀ, ਨਾ ਪਲੀ)। ਮੁੰਬਈ ਵਿਚਲਾ ਬਿਊਟੀ ਪਾਰਲਰ ਸਮੇਟ ਆਈ ਸਾਂ, ਤੇ ਇਥੇ ਖੋਲ੍ਹਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਇੱਥੇ ਤਾਂ ਚਲ ਰਹੇ ਪਾਰਲਰਾਂ ਨੂੰ ਵੀ ਦਿਨ-ਬ-ਦਿਨ ਧਮਕੀਆਂ ਮਿਲ ਰਹੀਆਂ ਸਨ।... ਕਿਵੇਂ ਕਮਾਵਾਂਗੀ ਰੋਜ਼ੀ ਰੋਟੀ?... ਕੀਕੂੰ ਟਿਕਾਂਗੀ ਆਤੰਕ ਦੇ ਸਾਏ ਹੇਠ, ਘਰੋਂ ਬੇਘਰ, ਟੁੱਟੀ-ਵੰਡੀ ਗ੍ਰਿਹਸਥੀ ਨਾਲ?

ਧੋ-ਦਲਿੱਕੀਆਂ ਵਿਚ ਗੀਟੇ ਗਾਲਦੀ, ਕਦੇ ਕੋਈ ਮਕਾਨ ਵੇਖਦੀ, ਤੇ ਕਦੇ ਕੋਈ ਰੱਦ ਕਰਦੀ, ਕੁਝ ਦਿਨ ਭੈਣ ਕੋਲ ਆ ਟਿਕੀ ਸਾਂ-ਪਟਿਆਲੇ।

"ਚੱਲ ਮਾਸੀ ਅੱਜ ਤੈਨੂੰ ਆਪਣੀ ਯੂਨੀਵਰਸਿਟੀ ਵਿਖਾ ਲਿਆਈਏ। ਨਾਲੇ ਉਥੇ ਨਾਟਕ ਵੀ ਹੋਣੇ ਨੇ।" ਭਣੇਵੀਆਂ ਨੇ ਜ਼ੋਰ ਪਾਇਆ। ਉਹ ਪੰਜਾਬੀ ਯੂਨੀਵਰਸਿਟੀ ਵਿਚ ਐਮ.ਏ. ਕਰ ਰਹੀਆਂ ਸਨ।

"ਨਾਟਕ? ਪੰਜਾਬੀ ਨਾਟਕ? ਉਹ ਕੀ ਹੋਣਾ ਹੈ?" ਅਧਮੰਨੀ ਜਿਹੀ ਮੈਂ ਉਨ੍ਹਾਂ ਨਾਲ ਤੁਰ ਪਈ, ਸਣੇ ਬੇਟੇ ਦੇ। ਜੇ ਇਥੇ ਰਹਿਣਾ ਹੈ, ਤਾਂ ਉਸ ਨੂੰ ਇਥੋਂ ਦੀ ਯੂਨੀਵਰਸਿਟੀ ਦੇ ਮਾਹੌਲ ਤੋਂ ਵੀ ਵਾਕਫ਼ ਹੋਣਾ ਚਾਹੀਦਾ ਹੈ।

ਇੰਨੀ ਵਿਸ਼ਾਲ ਪੰਜਾਬੀ ਯੂਨੀਵਰਸਿਟੀ, ਇੰਨੀ ਅਦਭੁਤ ਤੇ ਇੰਨਾ ਵਧੀਆ ਆਡੀਟੋਰੀਅਮ। ਦੰਗ ਰਹਿ ਗਈ। ਹਮ-ਉਮਰ ਨੱਢਿਆਂ-ਨੱਢੀਆਂ ਨੂੰ ਗੁਟਕਦਿਆਂ ਵੇਖ ਕੇ ਦੀਪੀ ਵੀ ਗਦਗਦ।

ਨਾਟਕ ਵੇਖੇ, ਪਹਿਲਾਂ 'ਬਾਬਾ ਬੋਲਦਾ ਹੈ' ਤੇ ਫਿਰ 'ਟੋਆ'।

ਪਤਾ ਲੱਗਾ ਕਿ ਜੋਸ਼ੀਲੀ ਆਵਾਜ਼ ਤੇ ਖੜਕਦੇ ਅੰਦਾਜ਼ ਵਾਲੇ ਸਨ, ਸ. ਗੁਰਸ਼ਰਨ ਸਿੰਘ ਜੀ ਉਰਫ ਭਾਅ ਜੀ ਉਰਫ ਭਾਈ ਮੰਨਾ ਸਿੰਘ। ਨਾ ਕੋਈ ਸਟੇਜ ਸੈਟਿੰਗ, ਨਾ ਕਾਸਟਿਊਮ, ਨਾ ਮੇਕ-ਅੱਪ। ਬਸ ਮੋਢੇ ਉਤੇ ਝੋਲਾ ਅਤੇ ਸਾਹਮਣੇ ਕਲਪਿਤ ਟੋਆ, ਪਰ ਬਿਲਕੁਲ ਸਾਕਾਰ। ਇੰਨਾ ਸਰਲ ਤੇ ਸਿੱਧਾ ਸੰਚਾਰ ਤੇ ਦਰਸ਼ਕ ਕੀਲੇ ਹੋਏ।

ਇੱਦਾਂ ਵੀ ਨਾਟਕ ਹੋ ਸਕਦਾ ਹੈ, ਤੇ ਧੁਰ ਤੱਕ ਹਲੂਣ ਸਕਦਾ ਹੈ, ਇਹ ਮੈਨੂੰ ਪਹਿਲੀ ਵਾਰ ਪਤਾ ਲੱਗਾ। ਦੀਪੀ ਆਪਣੇ ਸਕੂਲ-ਸਟੇਜ ਉਤੇ ਕਾਫੀ ਭਾਗ ਲੈ ਚੁੱਕਾ ਸੀ, ਤੇ 'ਮਿਸਟਰ ਸੇਂਟ ਐਂਥਨੀਜ਼' (ਸਕੂਲ ਦੇ ਨਾਂ 'ਤੇ) ਦੀ ਉਪਾਧੀ ਵੀ ਲੈ ਚੁੱਕਾ ਸੀ। ਕਹਿੰਦਾ, "ਮਾਮਾ, ਅਸੀਂ ਇੱਥੇ ਰਹਿ ਪਾਂ'ਗੇ ਪੰਜਾਬ। ਛੇਤੀ ਚਲੋ ਮੁੰਬਈ ਫਲੈਟ ਵੇਚਣ।"

ਕਿੰਨੇ ਦਿਨਾਂ ਤੋਂ ਮੁੰਬਈ ਦੇ ਜੁਹੂ ਤੱਟ, ਮੱਡ ਟਾਪੂ, ਕਨਹੇਰੀ ਗੁਫਾਵਾਂ, ਐਲੀਫੇਂਟਾ ਕੇਵਜ਼, ਚੌਪਾਟੀ ਤੇ ਨੈਰੀਮਨ ਪੁਆਇੰਟ, ਉਰਨ ਟਾਪੂਆਂ ਤੇ ਖੰਡਾਲਾ ਔਰ ਲੋਨਾਵਲਾ ਦੀਆਂ ਸੁਹਾਵਣੀਆਂ ਯਾਦਾਂ ਨੂੰ ਦੁਹਰਾਉਂਦਾ ਅਤੇ 'ਮਾਮਾ ਕੀ ਅਸੀਂ ਮੁੰਬਈ ਛੱਡ ਦਿਆਂਗੇ ਸਦਾ ਲਈ?' ਪੁੱਛਦਾ ਦੀਪੀ ਅੱਜ ਆਪ-ਮੁਹਾਰੇ ਬੋਲ ਉਠਿਆ ਸੀ।

ਮੈਨੂੰ ਜਿਵੇਂ ਸਾਹ ਆ ਗਿਆ, ਸੁੱਖ ਦਾ ਸਾਹ! ਮੈਨੂੰ ਆਪਣੇ ਸਾਰੇ ਡਰ ਸ਼ੰਕੇ ਤੌਖਲੇ ਨਿਰਜੀਵ ਲੱਗੇ।... ਹੁਣ ਲਗਭਗ ਪੰਝੀ ਸਾਲ ਹੋ ਗਏ ਹਨ ਪੰਜਾਬ ਰਹਿੰਦਿਆਂ। ਮੁੰਬਈ ਵਿਚ ਮੈਂ ਭਾਵੇਂ ਮੁੜ ਇਕ ਨਿੱਕਾ ਜਿਹਾ ਫਲੈਟ ਲੈ ਰੱਖਿਆ ਹੈ, ਪਰ ਉਹ ਦਸ ਪੰਦਰਾਂ ਸਾਲਾਂ ਤੋਂ ਬੰਦ ਹੀ ਪਿਆ ਹੈ, ਸਾਨੂੰ ਉਡੀਕਦਾ। ਪੰਜਾਬ ਦਾ ਸਾਹਿਤ ਜਗਤ ਤੇ ਨਾਟਕਕਾਰਾਂ ਦੇ ਨਾਟਕਕਾਰ ਭਾਅ ਜੀ ਦਾ ਮੋਹ ਹੁਣ ਪ੍ਰਿਥਵੀ ਥਿਏਟਰ ਦੀ ਧੂਮ ਉਤੇ ਹਾਵੀ ਹੋ ਗਿਆ।

ਵਕਤ ਪਾ ਕੇ ਗੁਰਸ਼ਰਨ ਭਾਅ ਜੀ ਮੈਨੂੰ ਵੀ ਜਾਣ ਜਾਣਗੇ, ਮੇਰੀ ਕਹਾਣੀ 'ਝੂੰਗਾ' ਨੂੰ ਮੰਚੀਕਰਣ ਲਈ ਮੰਗਣਗੇ, ਮੇਰੀ ਪੁਸਤਕ 'ਰੂਹ ਦਾ ਅਨੁਵਾਦ' ਰਿਲੀਜ਼ ਕਰਨ ਲਈ ਆਪ ਅੱਗੇ ਵਧ ਕੇ ਸਮਾਗਮ ਰਚਣਗੇ, ਤੇ ਮੇਰੀ ਕਹਾਣੀ 'ਖੁਸ਼ਬੂ' ਦੀ ਫਿਲਮ ਨੂੰ ਸਾਹਿਤ ਚਿੰਤਨ ਦੇ ਮੰਚ ਤੋਂ ਲੋਕ-ਅਰਪਣ ਕਰਨਗੇ, ਆਪਣੇ ਹਰ ਨਾਟਕ ਲਈ ਆਪਣੇ ਹੱਥੀਂ ਕਾਰਡ ਲਿਖ ਕੇ, ਮੈਨੂੰ ਸੱਦਾ ਦੇਣਗੇ...?... ਮੈਂ ਆਪਣੀ ਬਾਂਹ 'ਤੇ ਚੂੰਢੀ ਮਾਰਦੀ, 'ਇਹ ਸੱਚ ਹੈ ਕਿ ਸੁਪਨਾ...?' ਮੈਨੂੰ ਆਪਣਾ ਕੱਦ ਬੜਾ ਉਚਾ ਲੱਗਣ ਲੱਗ ਪੈਂਦਾ, ਸਰੂ ਤੋਂ ਵੀ ਉਚੇਰਾ, ਤੇ ਆਪ-ਮੁਹਾਰੇ ਹੀ ਮੇਰੇ ਹੋਠ ਫਰਕ ਉਠਦੇ, 'ਵਾਹ ਭਾਅ ਜੀ, ਸੁਬਹਾਨ ਅੱਲਾਹ।'

### ਕਹਾਣੀ

# ਦੁਰਗੀ

***'ਕਰਜ਼ਈ ਸੁਪਨੇ' ਵਰਗਾ ਨਾਵਲ ਲਿਖਣ ਵਾਲੇ ਲੇਖਕ ਇੰਦਰ ਸਿੰਘ ਖਾਮੋਸ਼ ਦੀ ਕਹਾਣੀ 'ਦੁਰਗੀ' ਦਾ ਬਿਰਤਾਂਤ ਹਿੰਦੋਸਤਾਨ ਦੀ ਵੰਡ ਤੋਂ ਪਹਿਲਾਂ ਦਾ ਹੈ। ਇਸ ਵਿਚ ਲੇਖਕ ਨੇ ਜੀਵਨ ਦੀਆਂ ਕਈ ਲੜੀਆਂ ਇਕੱਠੀਆਂ ਪਰੋਈਆਂ ਹਨ। ਫਿਰ ਇਨ੍ਹਾਂ ਲੜੀਆਂ ਨੂੰ ਪਿਆਰ ਦੀ ਲੜੀ ਨਾਲ ਜੋੜਿਆ ਹੈ। ਇਸ ਪਿਆਰ-ਕਹਾਣੀ ਵਿਚ ਔਰਤ ਦੀਆਂ ਰੀਝਾਂ ਖੰਭ ਬਣ ਕੇ ਉਡਦੀਆਂ ਹਨ। ਉਨ੍ਹਾਂ ਤਾਲਸਤਾਏ, ਚੈਖੋਵ, ਦਾਸਤੋਵਸਕੀ, ਪੁਸ਼ਕਿਨ, ਨਿਕੋਲਾਈ ਗੋਗੋਲ, ਅਤੇ ਵਾਲਟੇਅਰ ਵਰਗੇ ਸੰਸਾਰ ਪ੍ਰਸਿੱਧ ਲੇਖਕਾਂ ਦੀ ਜ਼ਿੰਦਗੀ ਨੂੰ ਆਧਾਰ ਬਣਾ ਕੇ ਨਾਵਲ ਕ੍ਰਮਵਾਰ 'ਕਾਫਿਰ ਮਸੀਹਾ', 'ਸਮੁੰਦਰੀ ਕਬੂਤਰੀ', 'ਕੁਠਾਲੀ ਪਿਆ ਸੋਨਾ', 'ਹੁਸਨਪ੍ਰਸਤ', 'ਆਦਰਸ਼ਾਂ ਦਾ ਵਣਜਾਰਾ' ਅਤੇ 'ਬੁੱਤ ਸ਼ਿਕਨ' ਲਿਖੇ। ਉਨ੍ਹਾਂ ਦੇ ਹੋਰ ਨਾਵਲਾਂ ਵਿਚ 'ਰਿਸ਼ਤਿਆਂ ਦਾ ਰੰਗ', 'ਚਾਨਣ ਦਾ ਜੰਗਲ', 'ਇਕ ਤਾਜ ਮਹੱਲ ਹੋਰ', 'ਬੁੱਕਲ ਦਾ ਰਿਸ਼ਤਾ' ਸ਼ਾਮਲ ਹਨ। ਕਹਾਣੀ ਸੰਗ੍ਰਹਿ 'ਤੱਤਾ ਲਹੂ ਠੰਢਾ ਲਹੂ' ਅਤੇ ਤਿੰਨ ਕਾਵਿ ਸੰਗ੍ਰਹਿ ਵੀ ਛਪ ਚੁੱਕੇ ਹਨ। ਇਸ ਤੋਂ ਇਲਾਵਾ ਚੰਗਾ-ਚੋਖਾ ਅਨੁਵਾਦ ਵੀ ਕੀਤਾ ਹੈ। -ਸੰਪਾਦਕ***

**ਇੰਦਰ ਸਿੰਘ ਖਾਮੋਸ਼**
**ਫੋਨ: 916-209-8536**

"ਨੂਰਿਆ, ਕਾਹਨੂੰ ਮੇਰੇ ਹੱਡ ਭੰਨਾਉਣੈਂ? ਲੈ ਚੱਲ ਮੈਨੂੰ ਕਿਧਰੇ! ਨਹੀਂ ਤਾਂ ਮੈਂ ਕੁੱਝ ਕਰ ਬੈਠਾਂਗੀ।"

ਦੁਰਗੀ ਨੇ ਅੱਖਾਂ ਭਰ ਕੇ ਨੂਰੇ ਨੂੰ ਇਹ ਗੱਲ ਇਉਂ ਆਖੀ ਜਿਵੇਂ ਆਪ ਉਸ ਨੇ ਅੰਤਮ ਫ਼ੈਸਲਾ ਕਰ ਲਿਆ ਹੋਵੇ।

ਤੇਲੀਆਂ ਦੇ ਨੌਜਵਾਨ ਮੁੰਡੇ ਬਾਰੇ ਇਹ ਗੱਲ ਗਲੀ-ਮਹੱਲੇ ਵਿਚ ਅਚੰਭੇ ਨਾਲ ਕੀਤੀ ਜਾਂਦੀ ਸੀ ਕਿ ਉਹ ਆਪ ਕੋਹਲੂ ਗੇੜ ਕੇ ਘਾਣੀਆਂ ਕੱਢਦਾ ਹੈ। ਅੱਧਾ-ਅੱਧਾ ਸੇਰ ਤੇਲ ਪੀ ਕੇ ਹਜ਼ਮ ਕਰ ਜਾਂਦਾ ਹੈ। ਨੂਰੇ ਦੇ ਕੋਹਲੂ 'ਤੇ ਘਾਣੀਆਂ ਦਾ ਬੜਾ ਜ਼ੋਰ ਰਹਿੰਦਾ। ਜਦ ਉਸ ਦਾ ਝੋਟਾ ਥੱਕ ਜਾਂਦਾ ਤਾਂ ਉਹ ਆਪ ਕੋਹਲੂ ਗੇੜਨਾ ਸ਼ੁਰੂ ਕਰ ਦਿੰਦਾ। ਅਸਲ ਵਿਚ ਨੂਰੇ ਨੂੰ ਆਪਣਾ ਸਰੀਰ ਬਣਾਉਣ ਦਾ ਸ਼ੌਕ ਸੀ ਤੇ ਸ਼ਾਮ ਵੇਲੇ ਕੋਹਲੂ ਗੇੜ ਕੇ ਵਰਜਿਸ਼ ਕਰਦਾ ਹੋਇਆ ਉਹ ਆਖਦਾ, "ਨਾਲੇ ਪੁੰਨ ਨਾਲੇ ਫਲੀਆਂ, ਵਰਜਿਸ਼ ਵੀ ਕਰ ਲਈ, ਕੋਹਲੂ ਵੀ ਖੜ੍ਹਨ ਨਹੀਂ ਦਿਤਾ।"

ਉਸ ਨੂੰ ਕੋਹਲੂ ਗੇੜਦਾ ਦੇਖਣ ਲਈ ਗਲੀ-ਮੁਹੱਲੇ ਦੇ ਨਿਆਣੇ ਉਸ ਦੇ ਵਿਹੜੇ ਵਿਚ ਆ ਇਕੱਠੇ ਹੁੰਦੇ। ਉਹ ਵਾਰੀ-ਵਾਰੀ ਦੋ-ਦੋ ਮੁੰਡਿਆਂ ਨੂੰ ਕੋਹਲੂ ਦੀ ਲੱਠ 'ਤੇ ਬਿਠਾ ਕੇ ਝੂਟੀਆਂ ਦਿੰਦਾ। ਬਾਰਾਂ-ਤੇਰਾਂ ਸਾਲ ਦੇ ਮੁੰਡੇ ਉਸ ਦੀਆਂ ਮੁੰਗਲੀਆਂ ਵਰਗੀਆਂ ਲੱਤਾਂ-ਬਾਹਾਂ ਦੇਖ-ਦੇਖ ਉਸ ਦੇ ਸਰੀਰ ਦੀ ਪ੍ਰਸ਼ੰਸਾ ਕਰਦੇ। ਜੁਲਾਹਿਆਂ ਦਾ ਦੀਨਾ ਨੂਰੇ ਦਾ ਖਾਸ ਪ੍ਰਸ਼ੰਸਕ ਸੀ। ਉਹ ਇਹ ਗੱਲ ਹਰ ਸਮੇਂ ਮੁੰਡਿਆਂ ਨੂੰ ਦੱਸਦਾ, "ਪਿਛਲੇ ਸਾਲ ਨੂਰੇ ਨੇ ਝੋਟੇ ਦੀ ਪਿੱਠ 'ਤੇ ਮੁੱਕੀ ਮਾਰ ਕੇ ਝੋਟੇ ਦੀਆਂ ਗੋਡਣੀਆਂ ਲਵਾ'ਤੀਆਂ।" ਦੀਨਾ ਨੂਰੇ ਨਾਲ ਹਰ ਰੋਜ਼ ਸ਼ਰਤ ਲਾਉਂਦਾ, "ਨੂਰਿਆ, ਅੱਜ ਜੇ ਤੇਰੇ ਪੱਟ 'ਤੇ ਚੂੰਢੀ ਭਰ ਲਵਾਂ ਤਾਂ ਵੀਹ ਠੂਣੀਆਂ ਦੇਮੇਂਗਾ?"

"ਭਾਵੇਂ ਸੌ ਲੈ ਲੀਂ, ਪਰ ਜੇ ਤੂੰ ਸ਼ਰਤ ਹਾਰ ਗਿਆ ਤਾਂ?" ਅੱਗਿਉਂ ਨੂਰਾ ਹੱਸ ਕੇ ਪੁੱਛਦਾ।

"ਮੈਂ ਤੇਰਾ ਝੋਟਾ ਨਵ੍ਹਾਂ ਕੇ ਲਿਆਊਂਗਾ", ਨਿੱਤ ਵਾਂਗ ਦੀਨਾ ਆਖ ਦਿੰਦਾ।

ਦੀਨਾ ਸ਼ਰਤ ਹਾਰ ਜਾਂਦਾ। ਸਾਰੇ ਮੁੰਡੇ ਉੱਚੀ-ਉੱਚੀ ਹੁਈ-ਹੁਈ ਕਰਦੇ। ਦੀਨਾ ਚੁੱਪ-ਚਾਪ ਨੂਰੇ ਦਾ ਝੋਟਾ ਖੋਲ੍ਹ ਕੇ ਤੁਰ ਜਾਂਦਾ।

ਨੂਰੇ ਦਾ ਘਰ ਸ਼ਹਿਰ ਦੇ ਚੰਗੇ ਰੱਜੇ-ਪੁੱਜੇ ਸ਼ਾਹਾਂ ਦੀ ਚਾਰ ਮੰਜ਼ਲੀ ਹਵੇਲੀ ਦੇ ਨਾਲ ਸੀ। ਹਵੇਲੀ ਅਤੇ ਨੂਰੇ ਦੇ ਵਿਹੜੇ ਵਿਚਾਲੇ ਭੀੜੀ ਜਿਹੀ ਅੰਨ੍ਹੀ ਗਲੀ ਸੀ। ਇਸ ਗਲੀ ਵਿਚ ਬਹੁਤੀ ਆਵਾਜਾਈ ਨਹੀਂ ਸੀ ਹੁੰਦੀ, ਕਿਉਂਕਿ ਜਿਨ੍ਹਾਂ ਘਰਾਂ ਨੂੰ ਇਹ ਗਲੀ ਜਾਂਦੀ ਸੀ, ਉਨ੍ਹਾਂ ਵਿਚੋਂ ਬਹੁਤੇ ਘਰ ਖੋਲੇ ਬਣ ਚੁੱਕੇ ਸਨ। ਹਵੇਲੀ ਦਾ ਇਕ ਦਰਵਾਜ਼ਾ ਇਸ ਗਲੀ ਵਿਚ ਨੂਰੇ ਦੇ ਵਿਹੜੇ ਦੇ ਐਨ ਸਾਹਮਣੇ ਸੀ। ਹਵੇਲੀ ਦਾ ਵੱਡਾ ਦਰਵਾਜ਼ਾ ਵੱਡੀ ਸੜਕ ਵੱਲ ਸੀ। ਭੀੜੀ ਗਲੀ ਵਾਲਾ ਦਰਵਾਜ਼ਾ ਬਹੁਤਾ ਵਰਤੋਂ ਵਿਚ ਨਾ ਆਉਣ ਕਰ ਕੇ ਆਮ ਤੌਰ 'ਤੇ ਬੰਦ ਹੀ ਰਹਿੰਦਾ ਸੀ।

ਸ਼ਾਹਾਂ ਦਾ ਮੁੰਡਾ ਰਮੇਸ਼ਵਰ ਜਿਸ ਨੂੰ ਬਹੁਤ ਕਰ ਕੇ ਰਾਮਾ ਹੀ ਕਹਿੰਦੇ ਸਨ, ਨੂਰੇ ਦਾ ਹਾਣੀ ਸੀ। ਰਾਮੇ ਦੀ ਵਹੁਟੀ ਦੁਰਗੀ ਚੌਥੀ ਮੰਜ਼ਲ ਤੋਂ ਨੂਰੇ ਨੂੰ ਪਿਛਲੇ ਸਾਲ ਤੋਂ ਤਕਰੀਬਨ ਹਰ ਰੋਜ਼ ਵਰਜਸ਼ ਕਰਦਾ, ਕੋਹਲੂ ਗੇੜਦਾ, ਮੁੰਡਿਆਂ ਨਾਲ ਨਿੱਕੀਆਂ-ਨਿੱਕੀਆਂ ਟਿੱਚਰਾਂ ਕਰ ਕੇ ਹੱਸਦਾ, ਠੂਣੀਆਂ ਦਿੰਦਾ ਦੇਖ ਰਹੀ ਸੀ। ਦੁਰਗੀ ਨੂੰ ਆਥਣ ਵੇਲੇ ਨੂਰੇ ਨੂੰ ਵਿਹੜੇ ਦਾ ਤਮਾਸ਼ਾ ਦੇਖਣ ਦੀ ਅੱਚਵੀਂ ਲੱਗ ਜਾਂਦੀ, ਤੇ ਉਹ ਨਿਆਣਿਆਂ ਵਰਗੀ ਉਤਸੁਕਤਾ ਨਾਲ ਚੌਥੀ ਮੰਜ਼ਲ 'ਤੇ ਜਾ ਚੜ੍ਹਦੀ। ਦੁਰਗੀ ਨੂੰ ਨੂਰੇ ਦੇ ਵਿਹੜੇ ਦਾ ਦ੍ਰਿਸ਼ ਸਾਫ਼ ਦਿਖਾਈ ਦਿੰਦਾ, ਪਰ ਆਪ ਉਹ ਹੇਠ ਖੜ੍ਹਿਆਂ ਨੂੰ ਨਜ਼ਰ ਨਹੀਂ ਸੀ ਆਉਂਦੀ।

ਉਹ ਕਈ ਦਿਨਾਂ ਤੋਂ ਦੀਨੇ ਨੂੰ ਸ਼ਰਤ ਹਾਰਦਾ ਦੇਖ ਰਹੀ ਸੀ। ਦੀਨੇ ਨੂੰ ਅੱਖਾਂ ਸਾਹਮਣੇ ਸ਼ਰਤ ਹਾਰਦਾ ਦੇਖ ਕੇ ਵੀ ਦੁਰਗੀ ਨੂੰ ਯਕੀਨ ਨਾ ਆਉਂਦਾ।

"ਨੂਰੇ ਦੇ ਪੱਟ ਆਖਰ ਤਾਂ ਮਾਸ ਦੇ ਹੀ ਹੋਣਗੇ, ਚੂੰਢੀ ਕਿਉਂ ਨਹੀਂ ਭਰੀ ਜਾਂਦੀ... ਜੇ ਮੈਂ ਦੀਨੇ ਦੀ ਥਾਂ ਹੋਮਾਂ ਤਾਂ ਨੂਰੇ ਦੀਆਂ ਲੇਰਾਂ ਕਢਾ ਦਿਆਂ!" ਉਹ ਬੈਠੀ-ਬੈਠੀ ਕਚੀਚੀਆਂ ਲੈਂਦੀ। ਉਸ ਨੂੰ ਰਾਮੇ ਦੇ ਸਰੀਰ ਦਾ ਖਿਆਲ ਆ ਜਾਂਦਾ। ਉਸ ਨੇ ਕਈ ਵਾਰ ਰਾਮੇ ਦੀਆਂ ਲੱਤਾਂ ਦੇ ਰੁੱਗ ਭਰੇ ਸਨ। ਰਾਮੇ ਦਾ ਲੁੱਗ-ਲੁੱਗ ਕਰਦਾ ਸਰੀਰ ਨੂਰੇ ਦੇ ਗੇਲੀ ਵਰਗੇ ਸਰੀਰ ਦੇ ਟਾਕਰੇ ਵਿਚ ਉਸ ਨੂੰ ਅੱਕਾਂ ਦੀ ਰੂੰ ਦਾ ਭਰਿਆ ਸਿਰਹਾਣਾ ਜਾਪਦਾ। ਨੂਰੇ ਦਾ ਮੂੰਹ-ਮੱਥਾ ਦੁਰਗੀ ਨੂੰ ਜਾਪਦਾ, ਜਿਵੇਂ ਬੁੱਤਘਾੜੇ ਨੇ ਮੂਰਤੀ ਬਣਾਈ ਹੋਵੇ। ਰਾਮੇ ਦਾ ਮਾਤਾ ਦੇ ਦਾਗ਼ਾਂ ਨਾਲ ਭਰਿਆ ਮੂੰਹ ਜਿਵੇਂ ਭੁੱਬਲ 'ਤੇ ਕਣੀਆਂ ਪਈਆਂ ਹੋਣ।

"ਮੇਰਾ ਬਾਈ ਵੀ ਮੂਰਖ ਈ ਸੀ ਜਿਸ ਨੇ ਇਹੋ ਜਿਹਾ ਬਿੱਜੂ ਮੇਰੇ ਪੱਲੇ ਪਾ ਦਿੱਤਾ। ਮੇਰੀ ਮਾਂ ਨੇ ਰਾਮੇ ਨੂੰ ਦੇਖ ਕੇ ਠੀਕ ਈ ਆਖਿਆ ਸੀ, "ਮੂੰਹ ਨਾ ਮੱਥਾ, ਜਿੰਨ ਪਹਾੜੋਂ ਲੱਥਾ, ਪਰ ਮੇਰੇ ਬਾਈ ਨੂੰ ਤਾਂ ਰੁਪਏ ਚਾਹੀਦੇ ਸਨ। ਉਸ ਦੀ ਝੋਲੀ ਰੁਪਿਆਂ ਨਾਲ ਭਰ ਗਈ ਤੇ ਮੈਨੂੰ ਖੂਹ 'ਚ ਧੱਕਾ ਦੇ ਦਿੱਤਾ... ਹਵੇਲੀਆਂ ਨੂੰ ਕੀ ਕਿਸੇ ਨੇ ਚੱਬਣੈ...!" ਦੁਰਗੀ ਦੇ ਮਨ ਵਿਚ ਰੰਗ-ਬਰੰਗੇ ਭਾਵ ਉਪਜਦੇ-ਬਿਨਸਦੇ ਰਹਿੰਦੇ।

ਰਾਜਿਆਂ ਵਰਗੇ ਘਰ ਵਿਚ ਆ ਕੇ ਦੁਰਗੀ ਸੁਖੀ ਨਹੀਂ ਸੀ। ਉਸ ਦੇ ਪਤੀ ਦੀਆਂ ਸਰੀਰਕ ਘਾਟਾਂ ਨੇ ਰਾਮੇ ਦੇ ਸੁਭਾਅ ਵਿਚ ਕਈ ਉਲਝਣਾਂ ਪੈਦਾ ਕਰ ਦਿੱਤੀਆਂ ਸਨ। ਦੁਰਗੀ ਆਪਣੀ ਕਿਸਮਤ ਨਾਲ ਸਮਝੌਤਾ ਕਰ ਕੇ ਜੀਵਨ ਬਿਤਾਉਣਾ ਚਾਹੁੰਦੀ ਸੀ। ਉਹ ਰਾਮੇ ਦੀ ਕਰੂਪਤਾ ਅਤੇ ਸਿਹਤਹੀਣਤਾ ਵਲੋਂ ਬੇਧਿਆਨ ਹੋ ਕੇ ਉਸ ਦੀ ਸੇਵਾ ਵਿਚ ਪਤੀਬ੍ਰਤਾ ਜੀਵਨ ਬਿਤਾਉਣ ਦੀ ਇੱਛੁਕ ਸੀ। ਉਹ ਆਪਣੇ ਡੋਲਦੇ ਮਨ ਨੂੰ ਭਾਰਤ ਦੀਆਂ ਪਤੀਬ੍ਰਤਾ ਇਸਤਰੀਆਂ ਦੀਆਂ ਕਹਾਣੀਆਂ ਦੇ ਨਮੂਨੇ ਦੇਣ ਦਾ ਯਤਨ ਕਰਦੀ ਪਰ ਰਾਮੇ ਦੇ ਸੁਭਾਅ, ਰਾਮੇ ਦੇ ਅਣਮਨੁੱਖੀ ਵਤੀਰੇ ਨੇ ਦੁਰਗੀ ਦੇ ਆਦਰਸ਼ਾਂ ਦੇ ਸਾਰੇ ਨਮੂਨਿਆਂ ਹੇਠੋਂ ਮਿੱਟੀ ਖੁਰਚ ਦਿੱਤੀ। ਰਾਮੇ ਨੂੰ ਦੁਰਗੀ ਦੀ ਸੁੰਦਰਤਾ ਸੂਲਾਂ ਵਾਂਗੂੰ ਚੁਭਦੀ। ਰਾਮੇ ਨੂੰ ਦੁਰਗੀ ਦੀ ਸਿਹਤ 'ਚੋਂ ਅੱਗ ਵਰਗਾ ਸੇਕ ਆਉਂਦਾ ਪਰ ਦੁਰਗੀ ਦੇ ਸਾਹਮਣੇ ਉਹ ਆਪਣੀ ਹਾਰ ਮੰਨਣ ਲਈ ਤਿਆਰ ਨਹੀਂ ਸੀ। ਉਹ ਦੁਰਗੀ ਨਾਲ ਨਿਰਾਦਰਤਾ ਭਰਪੂਰ ਸਲੂਕ ਕਰ ਕੇ ਆਪਣੀ ਹੀਣਤਾ ਨੂੰ ਸੰਤੁਸ਼ਟ ਕਰਨ ਦਾ ਯਤਨ ਕਰਦਾ। ਉਸ ਦੇ ਸੁੰਦਰ ਸਰੀਰ ਉਤੇ ਆਪਣੀ ਹਿੰਸਾ ਦੀਆਂ ਨੀਲੀਆਂ ਲਾਸਾਂ ਪਾ ਕੇ ਤਸੱਲੀ ਲੱਭਣ ਦੀ ਕੋਸ਼ਿਸ਼ ਕਰਦਾ। ਉਹ ਜਾਣ-ਬੁੱਝ ਕੇ ਦੁਰਗੀ ਨੂੰ ਤੰਗ ਕਰਦਾ। ਕੰਮ-ਧੰਦਾ ਮੁਕਾਉਣ ਪਿਛੋਂ ਰਾਤ ਨੂੰ ਜਦ ਦੁਰਗੀ ਮੰਜੇ 'ਤੇ ਪੈ ਜਾਂਦੀ ਤਾਂ ਉਹ ਦੁਰਗੀ ਨੂੰ ਝੱਲਿਉਂ ਖੂਹੀ ਵਿਚੋਂ ਤਾਜ਼ਾ ਪਾਣੀ ਕੱਢ ਕੇ ਲਿਆਉਣ ਲਈ ਆਖਦਾ।

"ਝੱਜਰ 'ਚੋਂ ਪਿਆ ਦਿੰਨੀ ਆਂ, ਹੁਣੇ ਭਰਿਐ।" ਥੱਕੀ-ਹਾਰੀ ਦੁਰਗੀ ਤਰਲੇ ਭਰੀ ਆਵਾਜ਼ ਵਿਚ ਕਹਿੰਦੀ।

"ਨਹੀਂ ਮੈਂ ਜੋ ਕਿਹੈ, ਖੂਹੀ ਵਿਚੋਂ ਲਿਆ, ਹਰਾਮਜ਼ਾਦੀ! ਮੇਰੀ ਗੱਲ ਨੂੰ ਤਾਂ ਟਿੱਚ ਈ ਸਮਝਦੀ ਐਂ।"

ਰਾਮੇ ਦੇ ਗੁੱਸੇ ਨੂੰ ਟਾਲਣ ਲਈ ਦੁਰਗੀ ਉਠਦੀ ਅਤੇ ਗਲਾਸ ਲੈ ਕੇ ਤੁਰ ਪੈਂਦੀ। ਜਦ ਉਹ ਔਖੀ-ਸੌਖੀ ਪੰਜਾਹ ਪੌੜੀਆਂ ਉਤਰ ਕੇ ਪਾਣੀ ਦਾ ਗਲਾਸ ਭਰ ਕੇ ਲਿਆਉਂਦੀ ਤਾਂ ਰਾਮਾ ਗਲਾਸ ਫੜਨ ਲੱਗਿਆਂ ਹੱਥੋਂ ਛੱਡ ਦਿੰਦਾ।

"ਦੀਂਹਦਾ ਨਹੀਂ ਸੂਰ ਦੀਏ ਬੱਚੀਏ! ਅੰਨ੍ਹਿਆਂ ਵਾਂਗ ਕੰਮ ਕਰਦੀ ਐਂ!" ਉਹ ਪੂਰੇ ਰੁਅਬ ਅਤੇ ਗੁੱਸੇ ਨਾਲ ਕੜਕਦਾ। ਨਾਲ ਦੀ ਨਾਲ ਕਾੜ ਕਰਦੀ ਚਪੇੜ ਦੁਰਗੀ ਦੇ ਮੂੰਹ 'ਤੇ ਵੱਜਦੀ। ਬਘਿਆੜ ਦੇ ਮੂੰਹ ਆਈ ਭੇਡ ਵਾਂਗ ਦੁਰਗੀ ਮੂੰਹੋਂ ਚੂੰ ਵੀ ਨਾ ਕਰਦੀ। ਲੋਕ ਕੀ ਕਹਿਣਗੇ, ਇਸ ਨੂੰ ਰੋਜ਼ ਮਾਰ ਪੈਂਦੀ ਐ। ਦੁਰਗੀ ਨੇ ਕੁਝ ਸਮੇਂ ਤੋਂ ਮਾਰ ਪੈਣ ਵੇਲੇ ਚੀਕਾਂ ਮਾਰਨੀਆਂ ਬੰਦ ਕਰ ਦਿੱਤੀਆਂ ਸਨ। ਰਾਮਾ ਕੋਈ ਨਾ ਕੋਈ ਬਹਾਨਾ ਬਣਾ ਕੇ ਲਗਪਗ ਹਰ ਰੋਜ਼ ਦੁਰਗੀ ਨੂੰ ਮਾਰਦਾ। ਦੁਰਗੀ ਨੂੰ ਕੁੱਟ ਕੇ ਉਹ ਕਦੇ ਪਛਤਾਇਆ ਨਹੀਂ। ਉਸ ਨੇ ਦੁਰਗੀ ਨੂੰ ਕਦੇ ਮਨਾਉਣ ਦਾ ਯਤਨ ਵੀ ਨਹੀਂ ਸੀ ਕੀਤਾ। ਕੁੱਟ-ਕੁਟਾਈ ਕਰ ਕੇ ਉਹ ਦੁਰਗੀ ਨੂੰ ਬਿਨਾਂ ਬੁਲਾਇਆਂ ਸੌਂ ਜਾਂਦਾ।

ਦੁਰਗੀ ਆਪਣੇ ਭਾਗਾਂ ਨੂੰ ਕੋਸਦੀ। ਮਾਪਿਆਂ ਨੂੰ ਗਾਲ੍ਹਾਂ ਕੱਢਦੀ, ਪਰ ਕਦੇ-ਕਦੇ ਉਹ ਦੁਖੀ ਹੋ ਕੇ ਰਾਮੇ ਨੂੰ ਆਖਦੀ, "ਜੇ ਤੁਸੀਂ ਮੈਥੋਂ ਦੁਖੀ ਹੋ ਤਾਂ ਮੈਨੂੰ ਪੇਕੀਂ ਛੱਡ ਆਓ।"

ਰਾਮਾ ਅੱਗਿਉਂ ਈਰਖਾ ਭਰੇ ਗੁੱਸੇ ਨਾਲ ਉਸ ਉਪਰ ਮੂੰਹ ਆਈਆਂ ਤੁਹਮਤਾਂ ਲਾਉਣ ਤੋਂ ਵੀ ਸੰਕੋਚ ਨਾ ਕਰਦਾ, "ਪੇਕੀਂ ਛੱਡ ਆਓ... ਕਹਿ'ਤਾ ਮੂੰਹ ਟੱਡ ਕੇ... ਮੈਨੂੰ ਪਤੈ ਉਥੇ ਤੂੰ ਜਿਹੜੇ ਰਾਂਝਿਆਂ ਨਾਲ ਸਾਈਆਂ ਲਾ ਕੇ ਆਈ ਐਂ... ਉਹ ਪੈਂਟ ਵਾਲਾ ਮੁੰਡਾ ਐਵੇਂ ਤਾਂ ਨ੍ਹੀਂ ਸੀ



ਤੇਰੀ ਗੱਡੀ ਦੀ ਬਾਹੀ ਫੜ ਕੇ ਬੁੱਕਦਾ... ਕਹਿ ਦੇ ਉਨ੍ਹਾਂ ਧਗੜਿਆਂ ਨੂੰ ਤੇਰੀ ਉਡੀਕ ਛੱਡ ਦੇਣ... ਹੁਣ ਤੇਰੀਆਂ ਹੱਡੀਆਂ ਈ ਇਥੋਂ ਬਾਹਰ ਜਾਣਗੀਆਂ...!"

ਦੁਰਗੀ ਦੇ ਵਿਆਹ ਵੇਲੇ ਦੁਰਗੀ ਦੇ ਚਾਚੇ ਦਾ ਮੁੰਡਾ ਦੁਰਗੀ ਦੇ ਵਿਦਾ ਹੋਣ ਵੇਲੇ ਬਹੁਤ ਰੋਇਆ ਸੀ! ਰਾਮੇ ਨੇ ਇਸ ਦਾ ਭਾਵ ਬਿਲਕੁਲ ਉਲਟ ਸਮਝਿਆ ਸੀ। ਦੁਰਗੀ ਦੀਆਂ ਸਹੁੰਆਂ ਤੇ ਸਫਾਈਆਂ ਦਾ ਉਸ 'ਤੇ ਕੋਈ ਅਸਰ ਨਹੀਂ ਸੀ ਹੋਇਆ। ਉਸ ਦੇ ਸ਼ੱਕੀ ਅਤੇ ਈਰਖਾਲੂ ਸੁਭਾਅ ਵਿਚ ਪਵਿੱਤਰ ਪਿਆਰ ਲਈ ਕੋਈ ਥਾਂ ਨਹੀਂ ਸੀ।

ਦੁਰਗੀ ਦੀ ਜਵਾਨੀ ਅਤੇ ਸੁੰਦਰਤਾ ਦੁਆਲੇ ਰਾਮੇ ਨੇ ਨਿਰਾਦਰ ਹਿੰਸਾ ਅਤੇ ਤੁਹਮਤਾਂ ਭਰੇ ਸਲੂਕ ਦਾ ਅਜਿਹਾ ਵਾਤਾਵਰਨ ਪੈਦਾ ਕਰ ਦਿੱਤਾ ਜਿਸ ਵਿਚ ਦੁਰਗੀ ਨੂੰ ਸਾਹ ਲੈਣਾ ਵੀ ਔਖਾ ਜਾਪਦਾ ਸੀ। ਉਹ ਕਦੇ-ਕਦੇ ਇਸ ਸਾਹ ਘੁੱਟਵੇਂ ਵਾਤਾਵਰਨ ਵਿਚੋਂ ਖੰਭ ਲਾ ਕੇ ਉਡ ਜਾਣ ਦੇ ਸੁਪਨੇ ਲੈਂਦੀ। ਅਸਲੀਅਤ ਨਾਲੋਂ ਸੁਪਨਿਆਂ ਦੀ ਦੁਨੀਆਂ ਵਿਚ ਉਹ ਇਕ ਤਰ੍ਹਾਂ ਦੀ ਅਕਹਿ ਸ਼ਾਂਤੀ ਅਨੁਭਵ ਕਰਦੀ। ਉਸ ਦੀ ਨੀਂਦ ਦਾ ਸਮਾਂ ਉਸ ਲਈ ਸੱਜਰੇ ਸੁੱਖਾਂ ਦੀਆਂ ਕੁਝ ਅਜਿਹੀਆਂ ਘੜੀਆਂ ਸਨ ਜਿਨ੍ਹਾਂ ਦੀ ਉਡੀਕ ਵਿਚ ਸਾਰਾ ਦਿਨ ਲੰਘਾ ਦਿੰਦੀ। ਹੁਣ ਨੂਰਾ ਇਨ੍ਹਾਂ ਸੁਪਨਿਆਂ ਵਿਚ ਆਉਣ ਲੱਗ ਪਿਆ ਸੀ। ਇਨ੍ਹਾਂ ਸੁਪਨਿਆਂ ਵਿਚ ਕੁਝ ਸਾਰਥਕਤਾ ਭਰਨ ਲਈ ਜਦ ਕਦੀ ਦੁਰਗੀ ਨੂੰ ਮੌਕਾ ਮਿਲਦਾ, ਉਸ ਦੇ ਪੈਰ ਮੱਲੋ-ਮੱਲੀ ਚੌਥੀ ਮੰਜ਼ਿਲ ਵੱਲ ਚਲੇ ਜਾਂਦੇ। ਨੂਰੇ ਦੀ ਹਰ ਹਰਕਤ ਉਸ ਦੇ ਦਿਲ ਵਿਚ ਜਜ਼ਬਿਆਂ ਦੀਆਂ ਛੱਲਾਂ ਨਹੀਂ, ਸਗੋਂ ਲਾਟਾਂ ਪੈਦਾ ਕਰ ਦਿੰਦੀ। ਉਸ ਦਾ ਪਿੰਡਾ ਭੱਠੀ ਵਾਂਗ ਤਪਣ ਲੱਗ ਪੈਂਦਾ। ਉਸ ਨੂੰ ਜਾਪਦਾ ਜਿਵੇਂ ਉਸ ਦੇ ਸਰੀਰ ਨੂੰ ਅੱਗ ਲੱਗ ਜਾਵੇਗੀ ਅਤੇ ਸਾਰੇ ਸ਼ਹਿਰ ਵਿਚ ਉਸ ਦੇ ਸਰੀਰ ਵਿਚੋਂ ਨਿਕਲੇ ਭਾਂਬੜ ਦਾ ਚਾਨਣ ਹੋ ਜਾਵੇਗਾ। ਇਕ ਰਾਤ ਦੁਰਗੀ ਨੂੰ ਸੁਪਨਾ ਆਇਆ ਕਿ ਉਸ ਨੇ ਦੀਨੇ ਵਾਂਗ ਨੂਰੇ ਨਾਲ ਸ਼ਰਤ ਲਾ ਲਈ। ਉਸ ਨੇ ਨੂਰੇ ਦੇ ਪੱਥਰ ਵਰਗੇ ਪੱਟ 'ਤੇ ਐਨੇ ਜ਼ੋਰ ਨਾਲ ਚੂੰਢੀ ਭਰੀ ਕਿ ਨੂਰੇ ਦੀਆਂ ਲੇਰਾਂ ਨਿਕਲ ਗਈਆਂ। ਉਹ ਖਿੜ-ਖਿੜ ਕਰ ਕੇ ਹੱਸ ਪਈ। ਉਸ ਨੂੰ ਇਕ ਦਮ ਜਾਗ ਆ ਗਈ। ਸਵੇਰੇ ਉਠ ਕੇ ਉਸ ਨੇ ਦੇਖਿਆ, ਉਸ ਦੇ ਆਪਣੇ ਪੱਟ 'ਤੇ ਵੱਡਾ ਸਾਰਾ ਨੀਲ ਪਿਆ ਹੋਇਆ ਸੀ।

ਹੁਣ ਉਹ ਕਦੇ-ਕਦੇ ਛੱਤ ਉਪਰ ਇਸ ਤਰ੍ਹਾਂ ਖੜ੍ਹੀ ਹੋ ਜਾਂਦੀ ਕਿ ਨੂਰਾ ਉਸ ਨੂੰ ਦੇਖ ਲਵੇ। ਆਖਰਕਾਰ ਉਹ ਆਪਣੇ ਦਿਲ ਦੀ ਗੱਲ ਨੂਰੇ ਤੱਕ ਪਹੁੰਚਾਉਣ ਵਿਚ ਸਫ਼ਲ ਹੋ ਗਈ। ਜਦ ਨੂਰਾ ਵਿਹੜੇ ਵਿਚ ਇਕੱਲਾ ਹੁੰਦਾ ਤਾਂ ਨੂਰਾ ਤੇ ਦੁਰਗੀ ਆਹਮੋ-ਸਾਹਮਣੇ ਖੜ੍ਹ ਕੇ ਅੱਖਾਂ ਦੀ ਜ਼ਬਾਨ ਨਾਲ ਆਪਣੇ ਦਿਲ ਦੀਆਂ ਗੱਲਾਂ ਕਰਦੇ। ਨੂਰੇ ਦੇ ਪੱਥਰ ਵਰਗੇ ਸਰੀਰ ਵਿਚ ਪਿਆਰ ਦੇ ਸੇਕ ਨਾਲ ਉਸ ਦਾ ਦਿਲ ਮੋਮ ਵਾਂਗ ਪੰਘਰ ਗਿਆ। ਦੋਵੇਂ ਇਕ-ਦੂਜੇ ਨੂੰ ਮਿਲਣ ਲਈ ਬਿਹਬਲ ਹੋ ਗਏ।

ਰਸੋਈ ਦਾ ਸਾਰਾ ਕੰਮ ਦੁਰਗੀ ਆਪ ਹੀ ਕਰਦੀ ਸੀ। ਕੰਮ ਬਿਨਾਂ ਇਸ ਘਰ ਵਿਚ ਉਸ ਨੂੰ ਰੋਟੀ ਕਿਵੇਂ ਮਿਲਦੀ! ਉਸ ਦਾ ਬਹੁਤਾ ਸਮਾਂ ਰਸੋਈ ਵਿਚ ਹੀ ਬੀਤ ਜਾਂਦਾ। ਰਸੋਈ ਦੇ ਪਿਛਲੇ ਪਾਸੇ ਬਾਲਣ ਵਾਲਾ ਕਮਰਾ ਸੀ ਜਿਸ ਦਾ ਬਾਰ ਨੂਰੇ ਦੇ ਵਿਹੜੇ ਵੱਲ ਖੁੱਲ੍ਹਦਾ ਸੀ। ਰਸੋਈ ਦੇ ਅੱਗੇ ਵਿਹੜਾ ਸੀ ਜਿਸ ਵਿਚ ਖੂਹੀ ਸੀ। ਖੂਹੀ ਉਪਰ ਲੱਕੜ ਦੀ ਛੱਤ ਪਾ ਕੇ ਪੰਪ ਲਾਇਆ ਹੋਇਆ ਸੀ। ਰਸੋਈ ਦੇ ਸੱਜੇ-ਖੱਬੇ, ਦੋਹੀਂ ਪਾਸੀਂ ਸਰਦੀਆਂ ਵਿਚ ਮਹਿਮਾਨਾਂ ਦੇ ਠਹਿਰਨ ਵਾਸਤੇ ਦੋ ਬੈਠਕਾਂ ਬਣੀਆਂ ਹੋਈਆਂ ਸਨ ਜਿਨ੍ਹਾਂ ਵਿਚ ਦੋ-ਦੋ ਪਲੰਘ ਹਮੇਸ਼ਾ ਵਿਛੇ ਰਹਿੰਦੇ ਸਨ।

ਨੂਰਾ ਜਦ ਵਿਹੜੇ ਵਿਚ ਪਿਆ ਹੁੰਦਾ ਤਾਂ ਉਸ ਦਾ ਮੂੰਹ ਹਵੇਲੀ ਦੇ ਇਸ ਬਾਰ ਵੱਲ ਰਹਿੰਦਾ। ਜਦੋਂ ਘੁੱਪ ਹਨੇਰਾ ਹੋ ਜਾਂਦਾ ਤਾਂ ਨੂਰੇ ਦਾ ਮਨ ਬੜੀ ਤੀਬਰਤਾ ਨਾਲ ਲੋਚਦਾ, "ਜੇ ਦੁਰਗੀ ਬਾਰ ਖੋਲ੍ਹ ਕੇ ਆ ਜਾਵੇ... ਜੇ ਇਹ ਬਾਰ ਖੁੱਲ੍ਹ ਜਾਵੇ... ਜੇ ਦੁਰਗੀ ਆ ਜਾਵੇ...!"

ਇਕ ਦਿਨ ਰਾਮਾ ਕਿਸੇ ਦੂਜੇ ਸ਼ਹਿਰ ਗਿਆ ਹੋਇਆ ਸੀ। ਦੁਰਗੀ ਦੀ ਸੱਸ ਕੋਠਾ ਨਹਾਉਂਦੀ ਗਰਮ-ਸਰਦ ਹੋ ਗਈ। ਉਸ ਨੂੰ ਪੰਜ ਭੱਠ ਬੁਖ਼ਾਰ ਚੜ੍ਹ ਗਿਆ। ਵੈਦ ਨੇ ਦੋ-ਦੋ ਘੰਟੇ ਪਿਛੋਂ ਦੁਸ਼ਾਂਦੇ ਉਬਾਲ ਕੇ ਦੇਣ ਲਈ ਦਿੱਤੇ। ਦੁਰਗੀ ਨੂੰ ਸਾਰੀ ਰਾਤ ਜਾਗਣਾ ਪੈਣਾ ਸੀ। ਘਰ ਵਿਚ ਕੋਈ ਇੰਨੀ ਖੇਚਲ ਨਹੀਂ ਸੀ ਕਰ ਸਕਦਾ। ਸੱਸ ਦਾ ਬਿਸਤਰਾ ਤੀਜੀ ਮੰਜ਼ਿਲ 'ਤੇ ਸੌਣ ਵਾਲੇ ਛੋਟੇ ਕਮਰੇ ਵਿਚ ਸੀ। ਦਸ ਕੁ ਵਜੇ ਇਕ ਦੁਸ਼ਾਂਦਾ ਪਿਲਾਉਣ ਪਿਛੋਂ ਦੂਜਾ ਉਬਾਲਣ ਲਈ ਦੁਰਗੀ ਰਸੋਈ ਵਿਚ ਆ ਗਈ। ਉਹ ਅੱਜ ਜਦ ਵੀ ਰਸੋਈ ਵਿਚ ਆਉਂਦੀ, ਉਸ ਦਾ ਦਿਲ ਜ਼ੋਰ-ਜ਼ੋਰ ਨਾਲ ਧੜਕਣ ਲੱਗ ਪੈਂਦਾ। ਦਿਮਾਗ ਵੱਲ ਲਹੂ ਚੜ੍ਹਦਾ ਹੋਇਆ ਉਸ ਨੂੰ ਮਹਿਸੂਸ ਹੁੰਦਾ। ਇਉਂ ਜਾਪਦਾ ਜਿਵੇਂ ਕਿਸੇ ਵੀ ਘੜੀ ਉਹ ਚੱਕਰ ਖਾ ਕੇ ਡਿੱਗ ਪਵੇਗੀ। ਉਸ ਦੇ ਮਨ ਵਿਚ ਸੰਘਰਸ਼ ਚੱਲ ਰਿਹਾ ਸੀ, ਪਰ ਉਸ ਦੇ ਅਚੇਤ ਸੰਸਕਾਰ ਉਸ ਦੀ ਦ੍ਰਿੜ੍ਹਤਾ ਨੂੰ ਖੇਰੂੰ-ਖੇਰੂੰ ਕਰ ਰਹੇ ਸਨ। ਉਸ ਨੇ ਤਿੰਨ ਵਾਰ ਭੀੜੀ ਗਲੀ ਵਾਲੇ ਬਾਰ ਨੂੰ ਖੋਲ੍ਹਣ ਦਾ ਯਤਨ ਕੀਤਾ, ਪਰ ਤਿੰਨੇ ਵਾਰ ਉਸ ਦੀ ਹਿੰਮਤ ਜਵਾਬ ਦੇ ਗਈ। ਹੁਣ ਚੌਥੀ ਵਾਰ ਉਹ ਆਪਣੇ ਸੁਪਨਿਆਂ ਵਿਚ ਅਸਲੀਅਤ ਦਾ ਰੰਗ ਭਰਨ ਦਾ ਉਪਰਾਲਾ ਕਰਨ ਜਾ ਰਹੀ ਸੀ। ਉਸ ਨੇ ਪੂਰੀ ਦ੍ਰਿੜ੍ਹਤਾ ਨਾਲ ਕੁੰਡੇ ਨੂੰ ਹੱਥ ਪਾਇਆ ਅਤੇ ਅਗਲੇ ਹੀ ਪਲ ਦਰਵਾਜ਼ਾ ਖੁੱਲ੍ਹ ਗਿਆ। ਨੂਰਾ ਜਿਵੇਂ ਪਹਿਲਾਂ ਹੀ ਇਸ ਉਡੀਕ ਵਿਚ ਸੀ, ਇਕ ਦਮ ਦੁਰਗੀ ਕੋਲ ਆ ਗਿਆ। ਨੂਰੇ ਦੇ ਅੰਦਰ ਆਉਣ ਪਿਛੋਂ ਦੁਰਗੀ ਨੇ ਦਰਵਾਜ਼ਾ ਬੰਦ ਕਰ ਦਿੱਤਾ।

ਰਸੋਈ ਦੇ ਸੱਜੇ ਪਾਸੇ ਵਾਲੀ ਬੈਠਕ ਦਾ ਬਾਰ ਉਹ ਪਹਿਲਾਂ ਹੀ ਖੋਲ੍ਹ ਗਈ ਸੀ। ਉਹ ਨੂਰੇ ਦੇ ਨਾਲ ਲੱਗ ਕੇ ਪਲੰਘ ਉਤੇ ਬਹਿ ਗਈ। ਉਸ ਕੋਲ ਗੱਲਾਂ ਕਰਨ ਦਾ ਸਮਾਂ ਨਹੀਂ ਸੀ। ਉਹ ਵੇਲ ਵਾਂਗ ਨੂਰੇ ਨੂੰ ਲਿਪਟ ਗਈ। ਦੁਰਗੀ ਨੇ ਮਹਿਸੂਸ ਕੀਤਾ ਜਿਵੇਂ ਅੱਜ ਉਸ ਦੀ ਅਸਲੀ ਸੁਹਾਗ ਰਾਤ ਹੈ। ਉਸ ਨੇ ਨੂਰੇ ਦੇ ਪੱਥਰਾਂ ਵਰਗੇ ਡੌਲਿਆਂ ਅਤੇ ਪੱਟਾਂ ਉਤੇ ਚੂੰਢੀਆਂ ਵੱਢ-ਵੱਢ, ਦੰਦੀਆਂ ਵੱਢ-ਵੱਢ ਉਨ੍ਹਾਂ ਦੀ ਕਰੜਾਈ ਨੂੰ ਪਰਖਿਆ। ਉਸ ਨੂੰ ਦੀਨੇ ਦੇ ਭੋਲੇਪਣ 'ਤੇ ਤਰਸ ਆਇਆ, ਵਿਚਾਰਾ ਹਰ ਰੋਜ਼ ਸ਼ਰਤ ਲਾ ਕੇ ਹਾਰ ਜਾਂਦਾ ਸੀ। ਉਸ ਦੇ ਦਿਲ ਵਿਚ ਕੁੰਡਾ ਖੋਲ੍ਹਣ ਤੋਂ ਪਹਿਲਾਂ ਵਰਗਾ ਕੋਈ ਡਰ ਨਹੀਂ ਸੀ, ਤੌਖਲਾ ਨਹੀਂ ਸੀ, ਕਾਹਲ ਨਹੀਂ ਸੀ। ਉਸ ਨੂੰ ਮਹਿਸੂਸ ਹੋਇਆ ਜਿਵੇਂ ਉਹ ਕੋਈ ਸੁੰਦਰ ਤਸਵੀਰ ਹੋਵੇ ਜਿਸ ਨੂੰ ਹੋਣੀ ਨੇ ਅਹਿਲ ਪਰਬਤ ਦੀ ਹਿੱਕ ਨਾਲ ਚਿਪਕਾ ਦਿੱਤਾ ਸੀ ਜਿਸ ਨਾਲੋਂ ਹੁਣ ਉਸ ਨੂੰ ਕੋਈ ਝੱਖੜ, ਕੋਈ ਤੂਫ਼ਾਨ ਉਤਾਰ ਨਹੀਂ ਸੀ ਸਕਦਾ।

ਲੱਕੜਾਂ ਵਾਲੇ ਕਮਰੇ ਵਿਚ ਚੂਹਿਆਂ ਨੇ ਇਕ ਤਰ੍ਹਾਂ ਖੜਕਾ ਕੀਤਾ ਜਿਵੇਂ ਕੋਈ ਤਖਤੇ ਖੜਕਾ ਰਿਹਾ ਹੋਵੇ। ਨੂਰਾ ਸੁਚੇਤ ਹੋ ਗਿਆ। ਦੁਰਗੀ ਨੇ ਰਸੋਈ ਵਿਚ ਜਾ ਕੇ ਵਿੜਕ ਲਈ। ਸਭ ਦੁਨੀਆਂ ਘੂਕ ਸੁੱਤੀ ਪਈ ਸੀ। ਕਿਸੇ ਨੂੰ ਕੀ ਲੋੜ ਸੀ ਸ਼ਾਹਾਂ ਦੀ ਹਵੇਲੀ ਦੇ ਤਖਤੇ ਖੜਕਾਉਣ ਦੀ! ਦੁਰਗੀ ਬੜੀ ਤਸੱਲੀ ਨਾਲ ਫਿਰ ਨੂਰੇ ਕੋਲ ਆ ਗਈ। ਉਹ ਆਪਣੇ ਤਨ-ਮਨ ਦੀ ਸਾਲਾਂ ਦੀ ਅੱਗ ਇਕੋ ਰਾਤ ਵਿਚ ਬੁਝਾਉਣਾ ਚਾਹੁੰਦੀ ਸੀ। ਫਿਰ ਕੀ ਪਤਾ, ਕਦ ਮੌਕਾ ਮਿਲੇ। ਨੂਰਾ ਜਾਣ ਦੀ ਇੱਛਾ ਪ੍ਰਗਟ ਕਰਦਾ, ਦੁਰਗੀ ਉਸ ਨੂੰ ਰੋਕ ਲੈਂਦੀ। ਚੁੱਲ੍ਹੇ 'ਤੇ ਧਰਿਆ ਦੁਸ਼ਾਂਦਾ ਉਬਲ-ਉਬਲ ਕੇ ਕਮਲਾ ਹੋ ਗਿਆ, ਸਾਰਾ ਪਾਣੀ ਸੜ ਗਿਆ। ਹੁਣ ਦਵਾਈਆਂ ਸੜਨ ਦੀ ਬਦਬੂ ਆ ਰਹੀ ਸੀ। ਦੁਰਗੀ ਭੱਜ ਕੇ ਪਾਣੀ ਦਾ ਗਲਾਸ ਪਤੀਲੇ ਵਿਚ ਪਾਉਣ ਲੱਗੀ ਤਾਂ ਕਾਹਲ ਵਿਚ ਸਾਰਾ ਪਾਣੀ ਚੁੱਲ੍ਹੇ ਵਿਚ ਪੈ ਗਿਆ ਤੇ ਅੱਗ ਬੁਝ ਗਈ। ਦੁਰਗੀ ਨੂੰ ਜਾਪਿਆ ਜਿਵੇਂ ਉਸ ਦੀ ਸੱਸ ਨੇ ਹਾਕ ਮਾਰੀ ਹੋਵੇ। ਉਸ ਨੇ ਨੂਰੇ ਨੂੰ ਬਾਹਰ ਭੇਜ ਕੇ ਬਾਰ ਬੰਦ ਕਰ ਦਿੱਤਾ। ਉਪਰ ਜਾ ਕੇ ਦੇਖਿਆ ਸੱਸ ਘੂਕ ਸੁੱਤੀ ਪਈ ਸੀ।

ਇਕ ਦਿਨ ਦੁਰਗੀ ਚੌਥੀ ਮੰਜ਼ਿਲ 'ਤੇ ਖੜ੍ਹੀ ਆਪਣੇ ਪਿਆਰ ਵਿਚ ਮਸਤ ਨੂਰੇ ਦੇ ਵਿਹੜੇ ਦਾ ਅਨੰਦ ਮਾਣ ਰਹੀ ਸੀ। ਨੂਰਾ ਕੋਹਲੂ ਗੇੜ ਰਿਹਾ ਸੀ ਤੇ ਦੋ ਨਿੱਕੇ-ਨਿੱਕੇ ਮੁੰਡੇ ਉਸ ਦੇ ਦੋਹਾਂ ਮੋਢਿਆਂ 'ਤੇ ਬੈਠੇ 'ਤੱਤਾ-ਤੱਤਾ ਘੋੜਿਆ, ਗੁਲਾਬੀ ਫੁੱਲ ਤੋੜਿਆ' ਗਾ-ਗਾ ਖੁਸ਼ ਹੋ ਰਹੇ ਸਨ। ਨੂਰਾ ਵੀ ਖੁਸ਼ੀ ਵਿਚ ਭੱਜ-ਭੱਜ ਕੇ ਗੇੜੇ ਕੱਢ ਰਿਹਾ ਸੀ। ਦੁਰਗੀ ਨੂੰ ਜਾਪਿਆ, ਜਿਵੇਂ ਨੂਰਾ ਘੋੜਾ ਸੀ ਤੇ ਗੁਲਾਬੀ ਫੁੱਲ ਉਹ ਆਪ ਸੀ। ਇਹ ਸੋਚ ਕੇ ਉਹ ਖਿੜ-ਖਿੜ ਕਰ ਕੇ ਹੱਸ ਪਈ। ਰਾਮੇ ਨੇ ਪਿੱਛੋਂ ਆ ਕੇ ਦੁਰਗੀ ਦੀ ਗੁਤਨੀ ਫੜ ਕੇ ਜ਼ੋਰ ਦੀ ਝਟਕਾ ਮਾਰਿਆ। ਦੁਰਗੀ ਪਟਾਕ ਕਰ ਕੇ ਫਰਸ਼ 'ਤੇ ਡਿੱਗੀ। ਰਾਮੇ ਨੇ ਮੱਛਰਦਾਨੀ ਦਾ ਬਾਂਸ ਚੁੱਕ ਕੇ ਉਸ ਨੂੰ ਅੰਨ੍ਹੇਵਾਹ ਕੁੱਟਣਾ ਸ਼ੁਰੂ ਕਰ ਦਿੱਤਾ। ਦੁਰਗੀ ਹਿੰਮਤ ਕਰ ਕੇ ਡਿੱਗਦੀ-ਢਹਿੰਦੀ ਬਰਸਾਤੀ ਵਿਚ ਜਾ ਵੜੀ ਅਤੇ ਅੰਦਰੋਂ ਬਰਸਾਤੀ ਦਾ ਦਰਵਾਜ਼ਾ ਬੰਦ ਕਰ ਲਿਆ। ਰਾਮੇ ਨੇ ਹੋਰ ਪੇਸ਼ ਨਾ ਜਾਂਦੀ ਵੇਖ ਕੇ ਬਾਹਰੋਂ ਜਿੰਦਰਾ ਲਾ ਦਿੱਤਾ। ਰਾਮਾ ਗੁੱਸੇ ਵਿਚ ਅੰਨ੍ਹਾ ਹੋਇਆ ਬੋਲ ਰਿਹਾ ਸੀ,

*(ਬਾਕੀ ਅਗਲੇ ਸਫੇ 'ਤੇ)*

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਡਿਕਲੀਗ੍ਰਾਮਾ

ਰਸ਼ਿਮ ਬੈਂਸ ਮੇਰਾ ਭਾਣਜਾ ਹੈ, ਐਸ ਵੇਲੇ ਮੇਰੀ ਉਮਰ ਤੋਂ ਵੀ ਅੱਧਾ। ਉਸ ਦਾ ਇਹ ਨਾਂ ਵੀ ਮੈਂ ਰੱਖਿਆ ਸੀ। ਉਹ ਇਸ ਵੇਲੇ ਸ਼ਿਕਾਗੋ ਵਿਚ ਡਾਕਟਰ ਹੈ ਪਰ ਡਾਕਟਰੀ ਉਸ ਨੂੰ ਭਾਉਂਦੀ ਨਹੀਂ। ਉਸ ਦਾ ਸ਼ੌਕ ਹੈ ਸ਼ਹਿਰੋ ਸ਼ਹਿਰ ਘੁੰਮਣਾ, ਸ਼ਹਿਰਾਂ ਦੀ ਇਮਾਰਤਸਾਜ਼ੀ ਤੇ ਹੋਰ ਵਿਸ਼ੇਸ਼ਤਾਈਆਂ ਦਾ ਇਤਿਹਾਸ ਜਾਨਣਾ। ਹੋਰ ਦਾਰਸ਼ਨਿਕ ਜਿਹੇ ਵਿਸ਼ਿਆਂ ਵਿਚ ਵੀ ਉਸ ਦੀ ਡੂੰਘੀ ਦਿਲਚਸਪੀ ਹੈ। ਉਹ ਅਮਰੀਕਾ ਵਿਚ ਹੀ ਜੰਮਿਆ-ਪਲਿਆ। ਮੇਰੀ ਭੈਣ ਹਰ ਦੂਜੇ ਤੀਜੇ ਸਾਲ ਆਪਣੇ ਦੋਵਾਂ ਮੁੰਡਿਆਂ ਨੂੰ ਲੈ ਕੇ ਇੰਡੀਆ ਆਉਂਦੀ ਸੀ ਤੇ ਉਹ ਸਾਡੇ ਕੋਲ ਚੰਡੀਗੜ੍ਹ ਕਾਫੀ ਵਕਤ ਗੁਜ਼ਾਰਿਆ ਕਰਦੇ ਸਨ। ਮੈਂ ਦੇਖਿਆ ਕਿ ਰਸ਼ਿਮ ਅਜੇ ਪੰਜ ਛੇ ਸਾਲ ਦਾ ਹੀ ਹੋਵੇਗਾ ਕਿ ਉਹ ਚੰਡੀਗੜ੍ਹ ਸਾਡੇ ਘਰ ਕਿਸੇ ਮੰਜੇ ਦੇ ਹੇਠਾਂ ਘੰਟਿਆਂ ਬੱਧੀ ਲਿਟਿਆ ਰਹਿੰਦਾ। ਉਸ ਦੇ ਹੱਥ ਵਿਚ ਕੋਈ ਨਾ ਕੋਈ ਕਿਤਾਬ ਹੁੰਦੀ ਜਾਂ ਉਹ ਪੈਨਸਿਲ ਨਾਲ ਕਾਪੀ 'ਤੇ ਸਕੈਚ ਬਣਾ ਰਿਹਾ ਹੁੰਦਾ। ਉਹ ਜਦ ਨੌਂ-ਦਸ ਕੁ ਸਾਲ ਦੀ ਉਮਰ ਵਿਚ ਸਾਡੇ ਕੋਲ ਆਇਆ ਤਾਂ ਮੈਨੂੰ ਕਹਿੰਦਾ, 'ਮੈਨੂੰ ਪੰਜਾਬੀ ਲਿਖਣੀ ਸਿਖਾਓ।' ਮੈਂ ਉਸ ਨੂੰ ਸਾਰੀ ਪੈਂਤੀ ਲਿਖ ਕੇ ਦੇ ਦਿੱਤੀ ਤੇ ਹੋਰ ਮੋਟੀਆਂ ਗੱਲਾਂ ਦੱਸੀਆਂ। ਮੈਂ ਹੈਰਾਨ ਰਹਿ ਗਿਆ ਕਿ ਉਹ ਦੋ ਦਿਨਾਂ ਵਿਚ ਹੀ ਕਾਫੀ ਠੀਕ ਤਰ੍ਹਾਂ ਪੰਜਾਬੀ ਲਿਖਣੀ ਤੇ ਪੜ੍ਹਨੀ ਸਿੱਖ ਗਿਆ। ਉਸ ਨੇ ਭ੍ਰਿਸ਼ਟਾਚਾਰ ਸ਼ਬਦ ਸਿਖਿਆ ਤੇ ਇਸ ਸ਼ਬਦ ਦਾ ਉਚਾਰਣ ਕਰਕੇ ਕਿੰਨਾ ਕਿੰਨਾ ਚਿਰ ਇਸ ਦਾ ਲੁਤਫ਼ ਮਾਣਦਾ ਰਿਹਾ। ਫਿਰ ਦੋ ਚਾਰ ਦਿਨਾਂ ਬਾਅਦ ਹੀ ਉਸ ਨੇ ਮੈਨੂੰ ਉਰਦੂ ਸਿਖਾਉਣ ਲਈ ਆਖਿਆ। ਉਸ ਦਾ ਕਹਿਣਾ ਸੀ ਕਿ ਉਸ ਨੂੰ ਉਲਟੇ ਦਾਅ ਲਿਖੇ ਜਾਂਦੇ ਉਰਦੂ ਅੱਖਰ ਬਹੁਤ ਅਲੋਕਾਰ ਅਤੇ ਦਿਲਖਿਚਵੇਂ ਲਗਦੇ ਹਨ। ਮੈਂ ਉਸ ਦੀ ਇਹ ਖਾਹਿਸ਼ ਵੀ ਪੂਰੀ ਕੀਤੀ। ਉਰਦੂ ਦੀ ਮੁਹਾਰਤ ਵੀ ਉਸ ਨੇ ਚੰਦ ਦਿਨਾਂ ਵਿਚ ਹੀ ਪੂਰੀ ਕਰ ਲਈ ਤੇ ਫਿਰ ਹਿੰਦੀ ਨੂੰ ਜਾ ਜੱਫਾ ਪਾਇਆ।

ਸਾਡੇ ਸਾਰੇ ਘਰ ਦੇ ਜੀਆਂ ਵਿਚ ਕਮਲ ਕੁੱਟਣ ਤੇ ਅਵਲ-ਟਵਲੀਆਂ ਮਾਰਨ ਦੀ ਬਹੁਤ ਆਦਤ ਹੈ। ਇਸ ਨੂੰ ਅਸੀਂ ਦਾਰਸ਼ਨਿਕ ਜਿਹੀ ਰੰਗਣ ਵੀ ਦਿੰਦੇ ਰਹਿੰਦੇ ਹਾਂ ਹਾਲਾਂ ਕਿ ਫਿਲਾਸਫੀ ਵਿਸ਼ੇਸ਼ ਸਾਡੇ ਵੱਸ ਦਾ ਰੋਗ ਨਹੀਂ। ਕੁਦਰਤੀ ਤੌਰ 'ਤੇ ਮੇਰੇ ਇਸ ਭਾਣਜੇ ਵਿਚ ਵੀ ਅਜਿਹੇ ਜੀਨ ਵਿਦਮਾਨ ਹਨ। ਉਹ ਮੇਰੇ ਨਾਲ ਅਕਸਰ ਹੀ ਫੈਲ੍ਹਸੂਫੀਆਂ ਵੀ ਘੋਟਣ ਲੱਗ ਪਿਆ। ਅਸੀਂ ਸਾਰੇ ਰੱਬ ਦੀ ਹੋਂਦ ਤੋਂ ਮੁਨਕਿਰ ਹਾਂ। ਮਾਮੇ ਤੇ ਭਾਣਜੇ ਨੇ ਗੱਲ ਬਣਾਈ ਕਿ ਦਰਅਸਲ ਰੱਬ ਤੋਂ ਵੀ ਵੱਡੀ ਇਕ ਹੋਰ ਹਸਤੀ ਹੈ ਤੇ ਰੱਬ ਵੀ ਉਸ ਨੇ ਹੀ ਬਣਾਇਆ ਹੈ। ਇਸ ਵਡੇਰੀ ਹਸਤੀ ਨੇ ਹੀ ਅੱਗੇ ਹੋਰ ਸ੍ਰਿਸ਼ਟੀ ਸਾਜਣ ਲਈ ਰੱਬ ਦੀ ਡਿਊਟੀ ਲਾਈ। ਰੱਬ ਤੋਂ ਵੀ ਵਡੇਰੀ ਇਸ ਹਸਤੀ ਦਾ ਮੇਰੇ ਸੁਝਾਅ 'ਤੇ ਨਾਮ ਰੱਖਿਆ ਗਿਆ ਡਿਕਲੀਗ੍ਰਾਮਾ। ਉਹ ਇਸ ਨਾਂ 'ਤੇ ਬੜਾ ਖੁਸ਼ ਹੋਇਆ ਤੇ ਸਾਰਾ ਦਿਨ ਡਿਕਲੀਗ੍ਰਾਮਾ-ਡਿਕਲੀਗ੍ਰਾਮਾ ਕਰਦਾ ਰਹਿੰਦਾ।

ਅਸੀਂ ਅਕਸਰ ਇਸ ਡਿਕਲੀਗ੍ਰਾਮਾ ਦੇ ਨਵੇਂ-ਨਵੇਂ ਲੱਭੇ ਗੁਣਾਂ ਦੀ ਚਰਚਾ ਕਰਦੇ ਰਹਿੰਦੇ। ਜਿਵੇਂ ਅਸੀਂ ਕਹਿੰਦੇ ਕਿ ਦੁਨੀਆਂ ਵਿਚ ਜੇ ਰੱਬ ਕਈ ਗਲਤ ਕੰਮ ਕਰਦਾ ਹੈ ਤਾਂ ਡਿਕਲੀਗ੍ਰਾਮਾ ਉਸ ਦਾ ਮੁਰਗਾ ਬਣਾ ਦਿੰਦਾ ਹੈ। ਉਂਜ ਡਿਕਲੀਗ੍ਰਾਮਾ ਖੁਦ ਹਮੇਸ਼ਾ ਸਮਾਧੀ ਵਿਚ ਲੀਨ ਰਹਿੰਦਾ ਹੈ। ਉਹ ਕਿਸੇ ਦੀ ਭਗਤੀ ਨਹੀਂ ਕਰਦਾ ਕਿਉਂਕਿ ਉਸ ਤੋਂ ਵੱਡਾ ਕੋਈ ਹੈ ਹੀ ਨਹੀਂ। ਕਈ ਕਲਪਾਂ ਬਾਅਦ ਉਸ ਨੂੰ ਭੁਖ ਲਗਦੀ ਹੈ ਤਾਂ ਉਹ ਇਕ ਚੌਲ ਦਾ ਦਾਣਾ ਖਾਂਦਾ ਹੈ। ਇਸ ਤਰ੍ਹਾਂ ਦੀਆਂ ਅਸੀਂ ਬੇਸ਼ੁਮਾਰ ਗੱਲਾਂ ਡਿਕਲੀਗ੍ਰਾਮਾ ਬਾਰੇ ਬਣਾਈਆਂ ਹੋਈਆਂ ਹਨ। ਉਸ ਦੀ ਇੰਡੀਆ ਦੀ ਹਰ ਵਿਜ਼ਿਟ ਮੌਕੇ ਡਿਕਲੀਗ੍ਰਾਮਾ 'ਤੇ ਖੂਬ ਨਵੀਂ ਤੋਂ ਨਵੀਂ ਚਰਚਾ ਹੁੰਦੀ। ਸਾਡੇ ਪਰਿਵਾਰ ਦੇ ਹੋਰ ਜੀਅ ਵੀ ਸਾਡੀ ਇਸ ਚਰਚਾ ਤੋਂ ਖੂਬ ਮਨੋਰੰਜਨ



ਅਮਿਤੋਜ

ਪ੍ਰਾਪਤ ਕਰਦੇ। ਡਿਕਲੀਗ੍ਰਾਮਾ ਸਾਡੇ ਦੋਹਾਂ ਵਿਚਕਾਰ ਅਜਿਹੀ ਸਾਂਝ ਬਣ ਗਿਆ ਹੈ ਕਿ ਹੁਣ ਤੱਕ ਵੀ ਜਦ ਅਸੀਂ ਇਕ ਦੂਜੇ ਨਾਲ ਫੋਨ 'ਤੇ ਗੱਲ ਕਰਦੇ ਜਾਂ ਮਿਲਦੇ ਹਾਂ ਤਾਂ ਡਿਕਲੀਗ੍ਰਾਮਾ ਦੇ ਕਿਸੇ ਨਵੇਂ ਲੱਭੇ ਪਸਾਰ ਦੀ ਗੱਲ ਜ਼ਰੂਰ ਛੇੜਦੇ ਹਾਂ। ਕਈ ਵਾਰੀ ਤਾਂ ਅਸੀਂ ਇਕ ਦੂਜੇ ਨੂੰ ਹੀ ਡਿਕਲੀਗ੍ਰਾਮਾ ਕਹਿ ਕੇ ਪੁਕਾਰਦੇ ਹਾਂ, "ਡਿਕਲੀਗ੍ਰਾਮਾ, ਚਲੋ ਡਿਕਲੀਗ੍ਰਾਮਾ ਡਰਿੰਕ (ਸ਼ਿਵਾਜ਼ ਰੀਗਲ) ਪੀਵੀਏ।" ਜੇ ਮੈਂ ਡਿਕਲੀਗ੍ਰਾਮਾ ਦੀ ਸਾਡੇ ਵਲੋਂ ਕੀਤੀ ਵਿਸਤ੍ਰਿਤ ਖੋਜ ਬਾਰੇ ਲਿਖਣ ਬੈਠਾਂ ਤਾਂ ਪੂਰਾ ਗ੍ਰੰਥ ਰਚਿਆ ਜਾਵੇਗਾ। ਦਰਅਸਲ ਸਾਡੇ ਦਿਮਾਗਾਂ 'ਤੇ ਡਿਕਲੀਗ੍ਰਾਮਾ ਦਾ ਏਨਾ ਛਾਅ ਜਾਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਅਸੀਂ ਕਿਸੇ ਵੀ ਸਰਬਸ਼ਕਤੀਮਾਨ ਹੋਂਦ ਤੋਂ ਲਗਾਤਾਰ ਇਨਕਾਰੀ ਹੋ ਰਹੇ ਹਾਂ।

ਇਹ ਡਿਕਲੀਗ੍ਰਾਮਾ ਸ਼ਬਦ ਕਿਵੇਂ ਹਥਿਆਇਆ? ਇਹ ਜਾਨਣ ਲਈ ਤੁਹਾਨੂੰ ਇਕ ਹੋਰ ਪ੍ਰਸੰਗ ਵੱਲ ਲੈ ਜਾਂਦਾ ਹਾਂ। 1986 ਵਿਚ ਰਜਿੰਦਰ ਸਿੰਘ ਬੇਦੀ ਦੇ ਨਾਵਲ 'ਤੇ ਆਧਾਰਤ ਇਕ ਫਿਲਮ ਬਣੀ ਸੀ, 'ਏਕ ਚਾਦਰ ਮੈਲੀ ਸੀ' ਜਿਸ ਦੀ ਸ਼ੂਟਿੰਗ ਚੰਡੀਗੜ੍ਹ ਤੇ ਪੰਜਾਬ ਦੇ ਕਈ ਪਿੰਡਾਂ ਵਿਚ ਹੋਈ ਸੀ। ਇਸ ਦਾ ਡਾਇਰੈਕਟਰ ਸੀ ਮੇਰਾ ਪੁਰਾਣਾ ਦੋਸਤ ਸੁਖਵੰਤ ਢੱਡਾ ਤੇ ਸਹਾਇਕ ਡਾਇਰੈਕਟਰ ਮੇਰਾ ਰਹਿ ਚੁੱਕਾ ਹਮ-ਜਮਾਤੀ ਤੇ ਦੋਸਤ ਅਮਰੀਕ ਗਿੱਲ। ਇਸ ਫਿਲਮ ਵਿਚ ਗੁੱਜਰ ਕੁੜੀ ਰਾਜੀ (ਪੂਨਮ ਢਿਲੋਂ) ਦਾ ਮੌਜਾਂ ਮਸਤੀਆ ਮਾਣਦੇ ਮੰਗਲ (ਰਿਸ਼ੀ ਕਪੂਰ) ਨਾਲ ਪਿਆਰ ਪੈ ਜਾਂਦਾ ਹੈ। ਸ਼ਾਇਦ ਪਹਿਲੀ ਹੀ ਮੁਲਾਕਾਤ ਵਿਚ ਰਾਜੀ ਮੰਗਲ ਨੂੰ ਪੁਛਦੀ ਹੈ, 'ਤੇਰਾ ਨਾਮ ਕਿਆ ਹੈ ਰੇ?' ਮੰਗਲ ਕੁਝ ਸ਼ਰਾਰਤੀ ਅੰਦਾਜ਼ ਵਿਚ ਉਸ ਨੂੰ ਜਵਾਬ ਦਿੰਦਾ ਹੈ, 'ਮੇਰਾ ਨਾਮ...ਮੇਰਾ ਨਾਮ ਡਿਕਲੀਗ੍ਰਾਮਾ!' ਹਾਲਾਂ ਕਿ ਉਸ ਦਾ ਨਾਂ ਮੰਗਲ ਹੁੰਦਾ ਹੈ। ਪਰ ਪਿਆਰ ਦੀ ਖੇਡ ਇਸ ਤਰ੍ਹਾਂ ਦੇ ਝੂਠ-ਸੱਚ ਨਾਲ ਹੀ ਮਘਦੀ ਹੈ। ਹੁਣ ਸਾਡੇ ਸੋਚਣ ਵਾਲੀ ਗੱਲ ਹੈ ਕਿ ਇਹ ਡਿਕਲੀਗ੍ਰਾਮਾ ਜਿਹਾ ਨਾਂ ਕਿਥੋਂ ਆ ਧਮਕਿਆ?

ਇਹ ਦੱਸਣ ਲਈ ਮੈਂ ਇਕ ਹੋਰ ਪ੍ਰਸੰਗ ਛੇੜਦਾ ਹਾਂ। ਮੈਂ ਪਹਿਲਾਂ ਦੱਸ ਚੁੱਕਾ ਹਾਂ ਕਿ ਇਸ ਫਿਲਮ ਦੇ ਸਹਾਇਕ ਡਾਇਰੈਕਟਰ ਅਮਰੀਕ ਗਿੱਲ ਮੇਰੇ ਦੋਸਤ ਅਤੇ ਹਮਜਮਾਤੀ ਰਹੇ ਸਨ। ਦਰਅਸਲ ਸੰਵਾਦ ਵਿਚ ਇਹ ਨਾਂ ਅਮਰੀਕ ਗਿੱਲ ਨੇ ਅੜੋਸਿਆ ਹੈ। ਹੁਣ ਤਾਂ ਅਮਰੀਕ ਗੱਲ ਖੁਦ ਵੀ ਕੁਝ ਇਕ ਵਧੀਆ ਪੰਜਾਬੀ ਤੇ ਹਿੰਦੀ ਫਿਲਮਾਂ ਦੇ ਸੰਵਾਦ ਤੇ ਕਹਾਣੀਆਂ ਲਿਖ ਚੁੱਕਾ ਹੈ। ਸੱਤਰਵਿਆਂ ਵਿਚ ਅਮਿਤੋਜ ਨਾਂ ਦਾ ਇਕ ਬਹੁਤ ਹੀ ਸੰਵੇਦਨਸ਼ੀਲ ਅਤੇ ਨਿਵੇਕਲਾ ਕਵੀ ਪੰਜਾਬ ਯੂਨੀਵਰਸਿਟੀ-ਚੰਡੀਗੜ੍ਹ ਦੇ ਭਾਈ ਵੀਰ ਸਿੰਘ ਚੇਅਰ ਦਾ ਖੋਜਾਰਥੀ ਸੀ। ਮੈਂ ਤੇ ਅਮਰੀਕ ਗਿੱਲ ਉਦੋਂ ਉਥੇ ਐਮ.ਏ. ਕਰਦੇ ਸਾਂ। ਅਮਿਤੋਜ ਅਕਸਰ ਹੀ ਸਾਡੀ ਢਾਣੀ ਵਿਚ ਹੁੰਦਾ ਸੀ। ਉਸ ਨੂੰ ਸ਼ਬਦਾਂ ਦੇ ਅਲੋਕਾਰ ਪ੍ਰਯੋਗ ਕਰਨ ਦੀ ਆਦਤ ਸੀ। ਉਹ ਇਨ੍ਹਾਂ ਨੂੰ ਤੋੜਦਾ-ਮਰੋੜਦਾ ਜਾਂ ਨਵੇਂ ਹੀ ਸ਼ਬਦ ਘੜ ਲੈਂਦਾ। ਇਕ ਵਾਰੀ ਮੰਜੇ 'ਤੇ ਲੰਮੇ ਪਏ ਨੇ ਕਾਲੀਆਂ ਐਨਕਾਂ ਲਾਹ ਕੇ ਗੋਡੇ 'ਤੇ ਰੱਖ ਦਿੱਤੀਆਂ। ਝੱਟ ਪਿਛੋਂ ਉਸ ਨੇ ਗੋਡੇ ਵੱਲ ਦੇਖਿਆ ਤਾਂ ਉਸ ਨੂੰ ਗੋਡੇ 'ਤੇ ਗੌਗਲਜ਼ ਦਾ ਮੇਲ ਬੜਾ ਨਿਰਾਲਾ ਲੱਗਾ ਤੇ ਉਸ ਨੇ ਕਵਿਤਾ ਲਿਖ ਮਾਰੀ 'ਗੋਡੇ 'ਤੇ ਗੌਗਲਜ਼।'

ਅਮਿਤੋਜ ਦੇ ਬਿੰਬ ਸੱਜਰੇ, ਨਿਵੇਕਲੇ ਤੇ ਚਕਾਚੌਂਧ ਕਰਨ ਵਾਲੇ ਹੁੰਦੇ ਜਿਨ੍ਹਾਂ ਪਿਛੇ ਡੂੰਘੀ ਮਾਨਵੀ ਵੇਦਨਾ ਸਮਾਈ ਹੁੰਦੀ। ਉਹ ਤੇ ਉਸ ਦਾ ਇਕ ਦੋਸਤ ਭੁਪਿੰਦਰ ਬਰਾੜ ਮਿਲ ਕੇ ਸਾਂਝੀਆਂ ਕਵਿਤਾਵਾਂ ਲਿਖਦੇ ਤੇ ਨਵੇਂ ਨਵੇਂ ਆਪਣੇ ਬਣਾਏ ਸ਼ਬਦ ਠੋਕਦੇ ਰਹਿੰਦੇ। ਅਮਿਤੋਜ ਜਦ ਕਵਿਤਾ ਸੁਣਾਉਂਦਾ ਤਾਂ ਅਸੀਂ ਉਸ ਦੇ ਮੂੰਹ ਵੱਲ ਹੀ ਝਾਕੀ ਜਾਂਦੇ। ਉਸ ਦੀ ਅਜਿਹੀ ਹੀ ਇਕ ਕਵਿਤਾ ਸੀ ਜਿਸ ਦਾ ਸਿਰਲੇਖ ਸੀ, 'ਡਿਕਲੀਗ੍ਰਾਮਾ।' ਡਿਕਲੀਗ੍ਰਾਮਾ ਨਾਂ ਤਾਂ ਕੋਈ ਵਰਤਿਆ ਜਾਣ ਵਾਲਾ ਸ਼ਬਦ ਹੈ ਤੇ ਨਾਂ ਹੀ ਕਿਸੇ ਦਾ ਨਾਂ। ਇਹ ਨਿਰੋਲ ਅਮਿਤੋਜ ਦੇ ਦਿਮਾਗ ਦੀ ਕਾਢ ਹੈ।

ਮੇਰੇ ਅਤੇ ਅਮਿਤੋਜ ਦੇ ਮਿੱਤਰ ਭੁਪਿੰਦਰ ਬਰਾੜ ਜਿਸ ਦਾ ਜ਼ਿਕਰ ਉਪਰ ਹੋ ਚੁੱਕਾ ਹੈ, ਇਕ ਵਧੀਆ ਹਿੰਦੀ ਕਵੀ ਹਨ। ਉਨ੍ਹਾਂ ਹੁਣੇ ਜਿਹੇ ਇਸ ਕਵਿਤਾ 'ਤੇ ਇਕ ਪੈਰੋਡੀ ਜਿਹੀ ਲਿਖ ਮਾਰੀ ਹੈ। ਉਹ ਵੀ ਪੇਸ਼ ਹੈ,

ਡਿਕਲੀਗ੍ਰਾਮਾ ਕੀ ਯਾਦ ਮੇਂ ਏਕ ਲੋਕਗੀਤ
ਓਸਾਮਾ
ਓਬਾਮਾ
ਹਾਇ ਮੇਰੇ ਰਾਮਾ
ਡਿਕਲੀਗ੍ਰਾਮਾ
ਪਹਨ ਕੇ ਚੋਗਾ
ਲਗੇ ਕੋਈ ਲਾਮਾ
ਡਿਕਲੀਗ੍ਰਾਮਾ
ਪਹਨ ਪਜਾਮਾ
ਲਗੇ ਤੇਰਾ ਮਾਮਾ
ਨਿਕਲ ਜੋ ਨੰਗਾ
ਹੂਆ ਕਿਉਂ ਹੰਗਾਮਾ।

ਫਰਾਇਡ ਨੇ ਕਿਤੇ ਲਿਖਿਆ ਹੈ ਕਿ ਕੋਈ ਆਦਮੀ ਅਚਨਚੇਤੀ ਕੋਈ ਨਵਾਂ ਸ਼ਬਦ ਜਾਂ ਅੰਕ ਬੋਲੇ ਤਾਂ ਬੋਲਣਹਾਰੇ ਦੇ ਮਨ ਦੀ ਡੂੰਘਾਈ ਵਿਚ ਇਸ ਦਾ ਕੋਈ ਨਾ ਕੋਈ ਪਿਛੋਕੜ ਜ਼ਰੂਰ ਹੁੰਦਾ ਹੈ। ਏਨੀਆ ਮਨੋਵਿਗਿਆਨਕ ਡੂੰਘਾਈਆਂ ਦਾ ਤਾਂ ਆਪਾਂ ਨੂੰ ਪਤਾ ਨਹੀਂ, ਹਾਂ ਏਨਾ ਜ਼ਰੂਰ ਹੈ ਕਿ ਕਵਿਤਾ ਵਿਧਾ ਹੀ ਐਸੀ ਹੈ ਕਿ ਇਸ ਵਿਚ ਕਵੀ ਦੇ ਮਨ ਆਈਆਂ ਕਰਨ ਦੀ ਢੇਰ ਸਮਰਥਾ ਹੁੰਦੀ ਹੈ। ਕਵੀ ਜਨ ਤੋਲ ਤੁਕਾਂਤ ਪੂਰਾ ਕਰਨ, ਤਾਲ ਬਿਠਾਉਣ ਜਾਂ ਆਮ ਤੋਂ ਕੁਝ ਹਟਵੇਂ, ਕਟਾਖਸ਼ਮਈ ਭਾਵ ਵਿਅਕਤ ਕਰਨ ਲਈ ਸ਼ਬਦਾਂ ਨੂੰ ਭੰਨਦੇ ਤੋੜਦੇ ਰਹਿੰਦੇ ਹਨ। ਰਾਂਝਾ, ਰੰਝੇਟਾ, ਰੰਝੇਟੜਾ ਇਸ ਦੀ ਮਿਸਾਲ ਹੈ। ਹੋਰ ਬੇਸ਼ੁਮਾਰ ਸ਼ਬਦ ਦੇਖੇ ਜਾ ਸਕਦੇ ਹਨ। ਤੂਤਕ ਤੂਤਕ ਤੂਤੀਆਂ ਵਿਚ ਤੂਤਕ ਦਾ ਕੀ ਅਰਥ ਹੈ? ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿਚ ਵੀ ਇਸ ਵਰਤਾਰੇ ਦੀਆਂ ਅਨੇਕਾਂ ਮਿਸਾਲਾਂ ਮਿਲ ਜਾਦੀਆਂ ਹਨ। ਅੰਗਰੇਜ਼ੀ ਕਵੀ ਲੈਵਿਸ ਕੇਰੋਲ ਨੇ ਆਪਣੀ ਇਕ ਬੇਮਾਅਨੀ ਜਿਹੀ ਕਵਿਤਾ Jabbewocki "ਜੈਬਰਵੌਕੀ" ਵਿਚ chortle ਕੌਰਟਲ ਅਤੇ galumphing ਗੈਲੰਫਿੰਗ ਜਿਹੇ ਨਿਰਾਰਥਕ ਸ਼ਬਦ ਵਾੜੇ ਹਨ। ਜਦ ਰੁਡਯਾਰਡ ਕਿਪਲਿੰਗ ਜਿਹੇ ਕਵੀ ਨੇ ਵੀ ਇਨ੍ਹਾਂ ਸ਼ਬਦਾਂ ਦੀ ਵਰਤੋਂ ਆਪਣੀ ਕਵਿਤਾ ਵਿਚ ਕੀਤੀ ਤਾਂ ਇਹ ਸ਼ਬਦ ਡਿਕਸ਼ਨਰੀਆਂ ਵਿਚ ਆ ਬਿਰਾਜੇ। ਅੰਗਰੇਜ਼ੀ nerd ਨਰਡ ਸ਼ਬਦ ਵੀ ਇਸੇ ਤਰ੍ਹਾਂ ਘੜਿਆ ਗਿਆ ਸੀ।

ਕਹਿੰਦੇ ਹਨ ਸ਼ੇਕਸਪੀਅਰ ਨੇ 1700 ਨਵੇਂ ਸ਼ਬਦ ਘੜੇ। ਯਾਹੂ ਜਿਹਾ ਸ਼ਬਦ ਅਜ ਕੱਲ ਬਹੁਤ ਪ੍ਰਚਲਤ ਹੈ। ਜੰਗਲੀ ਫਿਲਮ ਵਿਚ ਸ਼ਮੀ ਕਪੂਰ ਨੇ ਇਕ ਗਾਣੇ ਵਿਚ ਇਸ ਸ਼ਬਦ ਦਾ ਗਾਇਨ ਕੀਤਾ ਹੈ। ਇਹ ਸ਼ਬਦ ਅੰਗਰੇਜ਼ੀ ਦੇ ਮੁਢਲੇ ਨਾਵਲਕਾਰ ਜੋਨਾਥਨ ਸਵਿਫ਼ਟ ਦੀ ਮਸ਼ਹੂਰ ਫੈਂਟਸੀ 'ਗੁਲੀਵਰ ਦੀਆਂ ਯਾਤਰਾਵਾਂ' ਵਿਚ ਉਪਲਬਧ ਹੈ। ਇਹ ਨਿਰਾ ਲੇਖਕ ਦੇ ਦਿਮਾਗ ਦੀ ਹੀ ਕਾਢ ਹੈ। ਇਸ ਫੈਂਟਸੀ ਵਿਚ ਹੋਰ ਵੀ ਬਹੁਤ ਸਾਰੇ ਸ਼ਬਦ ਮਿਲਦੇ ਹਨ। ਖੈਰ, ਆਪਾਂ ਡਿਕਲੀਗ੍ਰਾਮਾ ਸ਼ਬਦ ਦਾ ਜ਼ਿਕਰ ਕਰ ਰਹੇ ਸੀ। ਜਦ ਅਮਿਤੋਜ ਨੇ ਇਹ ਕਵਿਤਾ ਲਿਖੀ ਤਾਂ ਚੰਡੀਗੜ੍ਹ ਦੇ ਸਾਹਿਤਕ ਹਲਕਿਆਂ ਵਿਚ ਇਸ ਨੇ ਹਲਚਲ ਮਚਾ ਦਿੱਤੀ। ਮੈਂ ਤੇ ਅਮਰੀਕ ਸਭ ਤੋਂ ਪਹਿਲੇ ਸ੍ਰੋਤੇ ਸਾਂ ਜਿਨ੍ਹਾਂ ਨੇ ਅਮਿਤੋਜ ਤੋਂ ਇਹ ਕਵਿਤਾ ਸੁਣੀ। ਸਾਡੇ ਦਿਮਾਗਾਂ 'ਚ ਇਹ ਸ਼ਬਦ ਛਾ ਗਿਆ। ਅਮਰੀਕ ਨੇ ਮੌਕਾ ਮਿਲਦਿਆਂ ਹੀ ਇਸ ਸ਼ਬਦ ਦੀ ਵਰਤੋਂ ਫਿਲਮ ਵਿਚ ਇਕ ਪਾਤਰ ਦੇ ਫਰਜ਼ੀ ਨਾਂ ਵਜੋਂ ਕੀਤੀ ਤੇ ਮੈਂ ਇਸ ਨੂੰ ਰੱਬ ਤੋਂ ਵੀ ਉਪਰਲਾ ਦਰਜਾ ਦੇ ਦਿੱਤਾ। ਪਾਠਕ ਕਵਿਤਾ ਪੜ੍ਹਨ ਲਈ ਉਤਸੁਕ ਹੋਣਗੇ, ਇਹ ਲਵੋ,

"ਡਿਕਲੀਗ੍ਰਾਮਾ"
ਜੇ ਤੈਨੂੰ ਬਹੁਤ ਹੀ
ਬੁਰਾ ਲਗਦਾ ਏ ਨਾ
ਤਾਂ ਤੂੰ ਬਈ ਜਾ।
ਮੈਨੂੰ ਤਾਂ ਚੰਗਾ ਲਗਦਾ ਏ
ਪਵਿੱਤਰ ਲੋਕਾਂ ਨੂੰ
ਹੁੱਜਤਾਂ ਕਰਨੀਆਂ
ਤੇ ਉਨ੍ਹਾਂ ਦੀਆਂ ਬੋਦੀਆਂ ਦੇ
ਪਰਛਾਵਿਆਂ 'ਚੋਂ ਟੈਮ ਲਭਣੇ
ਜੇ ਤੂੰ ਪੰਚਮ ਤੋਂ ਪਟਾਕ ਦੇਣੀ
ਭੁੰਜੇ ਨਹੀਂ ਕਿਰ ਸਕਦੀ
ਤਾਂ ਤੂੰ ਬਈ ਜਾ।

ਮੈਨੂੰ ਤਾਂ ਚੰਗਾ ਲਗਦਾ ਏ
ਚੀਜ਼ਾਂ ਦੇ ਹੋਰ ਹੋਰ ਨਾਂ ਰਖਣੇ
ਤੇ ਫੇਰ ਨਾਂਵਾਂ ਦੇ ਕੂਨਾਂ ਪਾਉਣੇ
ਜੇ ਤੂੰ ਗੁਲਦਸਤੇ ਨੂੰ
ਗੁਲਦਸਤਾ ਹੀ ਕਹਿਣਾ ਏ
ਤਾਂ ਤੂੰ ਬਈ ਜਾ।

ਮੈਨੂੰ ਤਾਂ ਚੰਗਾ ਲਗਦਾ ਏ
ਦੋਸਤਾਂ ਦੀਆਂ ਜੇਬਾਂ 'ਚੋਂ
ਵਿਜ਼ਿਟਿੰਗ ਕਾਰਡ ਚੁਰਾਉਣੇ
ਤੇ ਉਨ੍ਹਾਂ ਦੀ ਪਿਛਾੜੀ ਲਿਖਣਾ
'ਮੈਂ ਘਰ ਨਹੀਂ ਹਾਂ।'
ਜੇ ਤੂੰ ਦਹਲੀਜ਼ 'ਤੇ
ਦੀਵਾ ਬਣੀ ਬੈਠਾ ਰਹਿਣਾ
ਤਾਂ ਤੂੰ ਬਈ ਜਾ।
ਜੇ ਤੈਨੂੰ ਬਹੁਤ ਹੀ
ਬੁਰਾ ਲਗਦਾ ਏ ਨਾ
ਤਾਂ ਤੂੰ ਬਈ ਜਾ।

# ਦੂਰਗੀ

(ਪਿਛਲੇ ਸਫੇ ਤੋਂ ਜਾਰੀ)

"ਬੈਠੀ ਰਹਿ ਕੁੱਤੀਏ ਅੰਦਰੇ... ਮੈਂ ਵੀ ਚੂਹੜੇ ਦਾ ਪੁੱਤ ਹੋਵਾਂਗਾ, ਜੇ ਕਰ ਤੈਨੂੰ ਜਿਉਂਦੀ ਨੂੰ ਬਾਹਰ ਨਿਕਲਣ ਦਿਆਂਗਾ...!"

ਰਾਮੇ ਦੀ ਮਾਂ ਨੇ ਰਾਮੇ ਦੀਆਂ ਬਥੇਰੀਆਂ ਮਿੰਨਤਾਂ ਕੀਤੀਆਂ। ਉਸ ਦੇ ਬਾਪ ਨੇ ਬਥੇਰਾ ਸਮਝਾਇਆ ਪਰ ਰਾਮਾ ਜਿੰਦਰਾ ਖੋਲ੍ਹਣ ਵਾਸਤੇ ਨਾ ਮੰਨਿਆ। ਦੂਰਗੀ ਸਾਰੀ ਰਾਤ ਭੁੱਖੀ ਤਿਹਾਈ ਬਰਸਾਤੀ ਵਿਚ ਪਈ ਰਹੀ। ਪੋਹ ਮਾਘ ਦਾ ਮਹੀਨਾ। ਉਸ ਕੋਲ ਕੋਈ ਭਾਰਾ ਕੱਪੜਾ ਨਾ ਹੋਣ ਕਾਰਨ ਉਸ ਨੂੰ ਨਮੂਨੀਆ ਹੋ ਗਿਆ।

ਸਵੇਰੇ ਜਦ ਰਾਮਾ ਬਾਹਰ ਗਿਆ ਤਾਂ ਜਿੰਦਰਾ ਤੋੜ ਕੇ ਦੂਰਗੀ ਨੂੰ ਬਰਸਾਤੀ 'ਚੋਂ ਕੱਢਿਆ ਗਿਆ। ਉਹ ਕਈ ਦਿਨ ਬਿਮਾਰ ਰਹੀ। ਉਂਜ ਤਾਂ ਪਹਿਲਾਂ ਵੀ ਇਸ ਘਰ ਵਿਚ ਉਹ ਆਪਣੇ ਆਪ ਨੂੰ ਬੇਲੋੜੀ ਸਮਝਦੀ ਸੀ ਪਰ ਇਸ ਘਟਨਾ ਨਾਲ ਉਸ ਨੂੰ ਵਿਸ਼ਵਾਸ ਹੋ ਗਿਆ ਕਿ ਕਿਸੇ ਵੇਲੇ ਵੀ ਜਾਨ ਮੁਕਾਈ ਜਾ ਸਕਦੀ ਹੈ। ਹੁਣ ਉਸ ਨੂੰ ਇਸ ਘਰ ਵਿਚ ਚਾਰੇ ਪਾਸੀਂ ਮੌਤ ਦਿਖਾਈ ਦਿੰਦੀ ਸੀ। ਕਈ ਵਾਰ ਉਸ ਦਾ ਜੀਅ ਕਰਦਾ ਕਿ ਉਹ ਆਪ ਹੀ ਚੌਥੀ ਮੰਜ਼ਲ ਤੋਂ ਛਾਲ ਮਾਰ ਕੇ ਆਪਣੇ ਜੀਵਨ ਦਾ ਭੋਗ ਪਾ ਦੇਵੇ ਪਰ ਉਹ ਕੁਝ ਕਰ ਕੇ ਮਰਨਾ ਚਾਹੁੰਦੀ ਸੀ। ਰਾਮੇ ਨੇ ਦੁੱਖਾਂ ਤਸੀਹਿਆਂ ਦਾ ਜਿਹੜਾ ਕਰਜ਼ਾ ਉਸ ਦੇ ਸਿਰ ਚੜ੍ਹਾਇਆ ਸੀ, ਦੂਰਗੀ ਇਹ ਕਰਜ਼ਾ ਉਤਾਰ ਕੇ ਮਰਨਾ ਚਾਹੁੰਦੀ ਸੀ। ਅਜਿਹੀ ਦਸ਼ਾ ਵਿਚ ਹੀ ਇਕ ਦਿਨ ਉਸ ਨੇ ਅੱਖਾਂ ਭਰ ਕੇ ਨੂਰੇ ਨੂੰ ਆਖਿਆ, "ਨੂਰਿਆ, ਕਾਹਨੂੰ ਮੇਰੇ ਹੱਡ ਭੰਨਾਉਣੈਂ... ਲੈ ਚੱਲ ਮੈਨੂੰ ਕਿਧਰੇ... ਨਹੀਂ ਤਾਂ ਮੈਂ ਕੁਝ ਕਰ ਬੈਠਾਂਗੀ।"

ਨੂਰਾ ਦੂਰਗੀ ਦੀ ਆਖੀ ਗੱਲ ਦੀ ਗੰਭੀਰਤਾ ਨੂੰ ਸਮਝਦਾ ਸੀ ਪਰ ਦੂਰਗੀ ਨੂੰ ਕਿਧਰੇ ਲੈ ਜਾਣਾ ਉਸ ਵਾਸਤੇ ਕੋਈ ਸੌਖੀ ਗੱਲ ਨਹੀਂ ਸੀ। ਨੂਰੇ ਨੇ ਕੋਈ ਹੁੰਗਾਰਾ ਨਾ ਭਰਿਆ।

ਦੂਰਗੀ ਫਿਰ ਬੋਲੀ, "ਨੂਰਿਆ, ਸੋਚੀਂ ਕਿਉਂ ਪੈ ਗਿਐਂ? ਜ਼ਿੰਦਗੀ ਮੌਤ ਦਾ ਸਵਾਲ ਐ... ਮੈਨੂੰ ਆਖਰੀ ਜਵਾਬ ਦੇ...।"

ਇਹ ਸੁਣ ਕੇ ਨੂਰੇ ਦਾ ਅੰਦਰਲਾ ਮਰਦ ਜਾਗ ਪਿਆ।

"ਜੇ ਆਖੇਂ ਤਾਂ ਰਾਮੇ ਦਾ ਖੂਨ ਕਰ ਦਿਆਂ।" ਨੂਰੇ ਦੀਆਂ ਅੱਖਾਂ ਰੋਹ ਨਾਲ ਲਾਲ ਹੋ ਗਈਆਂ।

"ਨਹੀਂ, ਉਸ ਨੂੰ ਮਰੇ ਹੋਏ ਨੂੰ ਮਾਰਨ ਦਾ ਕੀ ਲਾਭ?"

"ਫਿਰ?"

"ਮੈਨੂੰ ਲੈ ਚੱਲ ਕਿਧਰੇ।"

"ਪਰ ਕਿਵੇਂ ਬਚਾਂਗੇ... ਕਿਥੇ ਲੁਕਾਂਗੇ... ਸ਼ਾਹਾਂ ਦਾ ਪੈਸਾ ਤਾਂ ਆਪਾਂ ਨੂੰ ਪਾਤਾਲ 'ਚੋਂ ਵੀ ਲੱਭ ਲਏਗਾ।"

"ਨਹੀਂ ਨੂਰਿਆ, ਮੈਂ ਤੈਨੂੰ ਵਿਉਂਤ ਦੱਸਦੀ ਆਂ। ਤੈਨੂੰ ਥੋੜ੍ਹਾ ਜਿਹਾ ਹੋਰ ਦਲੇਰ ਬਣਨਾ ਪਵੇਗਾ।"

"ਮੈਂ ਹਰ ਖ਼ਤਰੇ ਦਾ ਟਾਕਰਾ ਕਰਨ ਲਈ ਤਿਆਰ ਹਾਂ।" ਨੂਰੇ ਨੂੰ ਪੂਰੀ ਨਿੱਡਰਤਾ ਪ੍ਰਗਟ ਕਰਦਿਆਂ ਵਿਸ਼ਵਾਸ ਵਧਾਉਣ ਵਾਲੇ ਹੌਂਸਲੇ ਨਾਲ ਆਖਿਆ, "ਤੂੰ ਵਿਉਂਤ ਦੱਸ।"

ਦੂਰਗੀ ਨੇ ਵਿਉਂਤ ਦੱਸੀ। ਵਿਉਂਤ ਨੂਰੇ ਨੂੰ ਜਚ ਗਈ। ਆਪਣੀ ਵਿਉਂਤ ਅਮਲ ਵਿਚ ਲਿਆਉਣ ਲਈ ਉਹ ਅਨੁਕੂਲ ਸਮੇਂ ਦੀ ਉਡੀਕ ਕਰ ਲੱਗੇ।

ਇਸ ਸਾਲ ਖ਼ਰਬੂਜ਼ਿਆਂ ਦੀ ਫਸਲ ਬੜੀ ਭਰਵੀਂ ਹੋਈ। ਸ਼ਹਿਰ ਦੀਆਂ ਸੜਕਾਂ 'ਤੇ ਜਿਧਰ ਦੇਖੋ, ਖ਼ਰਬੂਜ਼ੇ ਹੀ ਖ਼ਰਬੂਜ਼ੇ। ਪਹਿਲਾਂ ਚਾਰ ਆਨੇ ਸੇਰ, ਫਿਰ ਦੋ ਆਨੇ ਸੇਰ, ਤੇ ਫਿਰ ਪੈਸੇ ਸੇਰ ਵਿਕਣ ਲੱਗੇ। ਸ਼ਹਿਰ ਵਿਚ ਹੈਜ਼ਾ ਫੈਲ ਗਿਆ। ਤੇਲੀਆਂ ਦੇ ਘਰਾਂ ਵਿਚ ਵੀ ਤਿੰਨ-ਚਾਰ ਮੌਤਾਂ ਹੋ ਗਈਆਂ। ਨੂਰੇ ਅਤੇ ਦੂਰਗੀ ਵਾਸਤੇ ਆਪਣੀ ਵਿਉਂਤ ਸਿਰੇ ਚੜ੍ਹਾਉਣ ਦਾ ਅਨੁਕੂਲ ਸਮਾਂ ਆ ਗਿਆ।

ਇਕ ਰਾਤ ਲੋਕ ਆਪੋ-ਆਪਣੇ ਕੋਠਿਆਂ ਉਪਰ ਸੁੱਤੇ ਪਏ ਸਨ। ਰਾਮਾ ਕਿਸੇ ਦੂਜੇ ਸ਼ਹਿਰ ਗਿਆ ਹੋਇਆ ਸੀ। ਰਾਮੇ ਦਾ ਬਾਪ ਆਏ ਮਹਿਮਾਨਾਂ ਨਾਲ ਬਰਸਾਤੀ ਅੱਗੇ ਪਿਆ ਬਿਮਾਰੀ ਦੀਆਂ ਗੱਲਾਂ ਕਰ ਰਿਹਾ ਸੀ। ਤੇਲੀਆਂ ਦੀ ਨੌਜਵਾਨ ਕੁੜੀ ਹਾਜ਼ਰਾਂ ਦੀ ਅਰਥੀ ਨਾਲ ਸ਼ਾਹ ਆਪ ਗਿਆ ਸੀ। ਨੂਰੇ ਨੇ ਕਬਰ ਦੇ ਪਹਿਲੇ ਟੱਕ ਲਾਏ ਸਨ। ਸ਼ਾਹ ਨੂੰ ਹਾਜ਼ਰਾਂ ਵਾਰ-ਵਾਰ ਯਾਦ ਆ ਰਹੀ ਸੀ।

ਦੂਰਗੀ ਆਪਣੀ ਸੱਸ ਕੋਲ ਮੰਜਾ ਡਾਹ ਕੇ ਲੇਟ ਗਈ, ਪਰ ਉਸ ਦੀਆਂ ਅੱਖਾਂ ਵਿਚ ਨੀਂਦ ਨਹੀਂ ਸੀ। ਹਾਜ਼ਰਾਂ ਦੀ ਮਾਂ ਦੇ ਕੀਰਨੇ ਉਸ ਨੂੰ ਸਾਫ਼ ਸੁਣਾਈ ਦੇ ਰਹੇ ਸਨ। ਦੂਰਗੀ ਦੀ ਸੱਸ ਛੇਤੀ ਹੀ ਘੁਰਾੜੇ ਮਾਰਨ ਲੱਗ ਪਈ। ਦੂਰਗੀ ਨੇ ਗਿਆਰਾਂ ਵਾਲੀ ਗੱਡੀ ਆਉਣ ਦੀ ਆਵਾਜ਼ ਸੁਣੀ। ਉਸ ਨੂੰ ਸਮੇਂ ਦਾ ਅਹਿਸਾਸ ਹੋਇਆ। ਉਸ ਨੇ 'ਹਾਇ ਹਾਇ' ਕਰਨੀ ਸ਼ੁਰੂ ਕਰ ਦਿੱਤੀ। ਸੱਸ ਨੂੰ ਜਾਗ ਆ ਗਈ। ਪੁੱਛਿਆ, "ਕੀ ਗੱਲ ਐ ਬਹੂ?"

"ਦਰਦ ਹੁੰਦੈ।"

"ਜਵੈਣ ਤਾਂ ਘਰ 'ਚ ਹੋਣੀ ਨ੍ਹੀਂ, ਤੂੰ ਸੌਂਫ ਉਬਾਲ ਕੇ ਪੀ ਲੈ।" ਕਹਿ ਕੇ ਸੱਸ ਫਿਰ ਸੌਂ ਗਈ।

ਅੱਧੇ ਕੁ ਘੰਟੇ ਪਿੱਛੋਂ ਦੂਰਗੀ ਉਠੀ। ਹੇਠਾਂ ਰਸੋਈ ਵਿਚ ਗਈ। ਅੱਗ ਬਾਲੀ। ਸੱਸ ਨੂੰ ਫਿਰ ਜਾਗ ਆ ਗਈ। ਦੇਖਿਆ, ਦੂਰਗੀ ਦਾ ਮੰਜਾ ਖਾਲੀ ਸੀ। ਸੋਚਿਆ, ਹੇਠਾਂ ਸੌਂਫ ਉਬਾਲਣ ਗਈ ਹੋਵੇਗੀ, ਸੱਸ ਨੂੰ ਫਿਰ ਨੀਂਦ ਆ ਗਈ। ਉਸ ਨੂੰ ਸੁਪਨਾ ਆਇਆ ਜਿਵੇਂ ਦੂਰਗੀ ਨੇ ਚਿਤਾ ਬਾਲ ਕੇ ਅੱਗ ਵਿਚ ਛਾਲ ਮਾਰ ਦਿੱਤੀ ਹੋਵੇ ਅਤੇ ਉਹ ਉਸ ਨੂੰ ਵੀ ਬਾਂਹ ਫੜ ਕੇ ਅੱਗ ਵਿਚ ਖਿੱਚ ਰਹੀ ਸੀ। ਸੱਸ ਨੇ ਬਾਂਹ ਛੁਡਾਉਣ ਲਈ ਜ਼ੋਰ-ਜ਼ੋਰ ਦੀ ਚੀਕਾਂ ਮਾਰੀਆਂ ਅਤੇ ਉਸ ਦੀ ਅੱਖ ਖੁੱਲ੍ਹ ਗਈ। ਦੇਖਿਆ, ਸੱਚੀਂ ਮੁੱਚੀਂ ਉਨ੍ਹਾਂ ਦੀ ਰਸੋਈ ਵਿਚੋਂ ਲਾਟਾਂ ਨਿਕਲ ਰਹੀਆਂ ਸਨ। ਸੱਸ ਨੇ ਚੀਕਾਂ ਮਾਰ-ਮਾਰ ਦੂਰਗੀ ਨੂੰ ਹਾਕਾਂ ਮਾਰੀਆਂ। ਸ਼ਾਹ ਅਤੇ ਮਹਿਮਾਨਾਂ ਦੇ ਚੀਕ ਚਿਹਾੜੇ ਨੇ ਸਾਰਾ ਸ਼ਹਿਰ ਜਗਾ ਦਿੱਤਾ। ਘੰਟੇ-ਡੇਢ ਘੰਟੇ ਪਿੱਛੋਂ ਅੱਗ ਉਤੇ ਕਾਬੂ ਪਾ ਲਿਆ ਗਿਆ। ਬੜੀ ਚਿੰਤਾ ਨਾਲ ਦੂਰਗੀ ਦੀ ਭਾਲ ਕੀਤੀ ਗਈ। ਲੱਕੜਾਂ ਵਾਲੇ ਕਮਰੇ ਵਿਚੋਂ ਲਾਸ਼ ਮਿਲ ਗਈ। ਸੱਸ ਨੇ ਦੁਹੱਥੜੀਂ ਪਿੱਟਦੀ ਨੇ ਸਾਰਿਆਂ ਨੂੰ ਆਪਣਾ ਸੁਪਨਾ ਸੁਣਾਇਆ। ਸੁਪਨੇ ਦੀ ਸੱਚਾਈ ਬਾਰੇ ਸ਼ੱਕ ਕਰਨ ਦੀ ਗੁੰਜਾਇਸ਼ ਦਿਖਾਈ ਨਹੀਂ ਸੀ ਦਿੰਦੀ। ਝੁਲਸੀ ਹੋਈ ਲਾਸ਼ ਦੀ ਪਛਾਣ ਕਰਨ ਦੀ ਜ਼ਰੂਰਤ ਹੀ ਮਹਿਸੂਸ ਨਾ ਕੀਤੀ ਗਈ।

ਸ਼ਹਿਰ ਤੋਂ ਤਿੰਨ ਮੀਲ ਦੀ ਵਿੱਥ 'ਤੇ ਨੂਰੇ ਅਤੇ ਦੂਰਗੀ ਨੇ ਹਵੇਲੀ ਵਿਚੋਂ ਅੱਗ ਦੀਆਂ ਲਾਟਾਂ ਨਿਕਲਦੀਆਂ ਦੇਖ ਕੇ ਸੁੱਖ ਦਾ ਸਾਹ ਲਿਆ। ਦੂਰਗੀ ਖੁਸ਼ ਸੀ ਕਿ ਉਸ ਨੇ ਸ਼ਾਹਾਂ ਦਾ ਕਰਜ਼ਾ ਸਣੇ ਵਿਆਜ ਮੋੜ ਦਿੱਤਾ ਸੀ।

## ਵਿਸ਼ਵ ਕੱਪ ਫੁਟਬਾਲ ਦਾ ਰੁਮਾਂਸ

# ਸਪੇਨੀਆਂ ‘ਤੇ ਟੁੱਟਾ ਨੀਦਰਲੈਂਡ ਦਾ ਕਹਿਰ

***ਵਿਸ਼ਵ ਕੱਪ ਫੁੱਟਬਾਲ ਦਾ ਖੁਮਾਰ ਪੂਰੇ ਜਹਾਨ ਦੇ ਫੁੱਟਬਾਲ ਪ੍ਰੇਮੀਆਂ ਨੂੰ ਚੜ੍ਹਿਆ ਹੋਇਆ ਹੈ। ਇਹ ਫੁੱਟਬਾਲ ਪ੍ਰੇਮੀ ਆਪੋ-ਆਪਣੇ ਕੰਮ-ਧੰਦੇ ਛੱਡ ਕੇ, ਜਾਂ ਘੱਟੋ-ਘੱਟ ਕੰਮ ਦਾ ਸਮਾਂ ਅਡਜਸਟ ਕਰ ਕੇ ਇਹ ਮੈਚ ਦੇਖ ਰਹੇ ਹਨ। ਗੁਰਦਿਆਲ ਸਿੰਘ ਬਲ ਨੇ ਇਸ ਟੂਰਨਾਮੈਂਟ ਦੇ ਮੁੱਢਲੇ ਮੈਚਾਂ ਬਾਰੇ ਬੜੀਆਂ ਖੂਬਸੂਰਤ ਟਿੱਪਣੀਆਂ ਹਨ ਜੋ ਅਸੀਂ ਆਪੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਸ ਲੇਖ ਦਾ ਬਿਰਤਾਂਤ ਕੁਮੈਂਟਰੀ ਵਰਗਾ ਅਤੇ ਰਸ-ਰੰਗ ਕਿਸੇ ਸਾਹਿਤਕ ਰਚਨਾ ਵਰਗਾ ਹੈ।***

**ਗੁਰਦਿਆਲ ਸਿੰਘ ਬੱਲ**

ਵੀਹਵੀਂ ਸਦੀ ਦੇ ਉੱਘੇ ਅਮਰੀਕਨ ਕਥਾਕਾਰ ਅਰਨੈਸਟ ਹੈਮਿੰਗਵੇ ਨੇ ਕਿਧਰੇ ਕਿਹਾ ਸੀ ਕਿ ਖਿਡਾਰੀ ਹੱਡ-ਮਾਸ ਦੀਆਂ ਕਵਿਤਾਵਾਂ ਹੁੰਦੇ ਹਨ।

ਇਸ ਕਥਨ ਨਾਲ ਕੋਈ ਵੀ ਉਹ ਸ਼ਖਸ ਨਿਸਚੇ ਹੀ ਸਹਿਮਤ ਹੋਵੇਗਾ ਜਿਸ ਨੇ ਕਦੀ ਭਾਰਤ ਅਤੇ ਪਾਕਿਸਤਾਨ ਦੀਆਂ ਹਾਕੀ ਟੀਮਾਂ ਵਿਚਾਲੇ ਕਲਾਤਮਿਕ ਹਾਕੀ ਮੈਚਾਂ ਦਾ ਨਜ਼ਾਰਾ ਕੀਤਾ ਹੋਵੇ, ਜਾਂ ਵਿੰਬਲਡਨ ਕੋਰਟ ਵਿਚ ਵੀਨਸ ਵਿਲੀਅਮਜ਼ ਅਤੇ ਸੇਰੇਨਾ ਵਿਲੀਅਮਜ਼ ਵਿਚੋਂ ਕਿਸੇ ਇੱਕ ਭੈਣ ਨੂੰ ਟੈਨਿਸ ਜਗਤ ਦੀ ਪਰੀ-ਚਿਹਰਾ ਹੁਸੀਨ ਖਿਡਾਰਨ ਸ਼ਾਰਾਪੋਵਾ ਨਾਲ ਖੇਡਦਿਆਂ ਤੱਕਿਆ ਹੋਵੇ; ਪਰ ਮਹਾਨ ਲੇਖਕ ਦਾ ਦਾਅਵਾ ਸਭ ਤੋਂ ਵੱਧ ਸਾਖਸ਼ਾਤ ਰੂਪ ਵਿਚ ਸਾਕਾਰ ਹੁੰਦਾ ਵਿਸ਼ਵ ਕੱਪ ਫੁੱਟਬਾਲ ਦੇ ਮੈਚਾਂ ਦੌਰਾਨ ਹੀ ਨਜ਼ਰ ਆਉਂਦਾ ਹੈ। ਕਿਸ ਨੂੰ ਭੁੱਲ ਸਕੇਗਾ ਭਲਾ ਬਰਾਜ਼ੀਲ ਵਿਚ ਖੇਡੇ ਜਾ ਰਹੇ ਵਿਸ਼ਵ ਕੱਪ ਟੂਰਨਾਮੈਂਟ ਅੰਦਰ ਦੂਜੇ ਦਿਨ ਨੀਦਰਲੈਂਡ (ਹਾਲੈਂਡ) ਦੀ ਟੀਮ ਦੀ ਹਮਲਾਵਰ ਪੰਕਤੀ ਦੇ ਦੋ ਖਿਡਾਰੀਆਂ ਆਰੀਅਨ ਰੋਬਿਨ ਅਤੇ ਰੋਬਿਨ ਫਨ ਪੇਰਸੀ ਵੱਲੋਂ ਖੜ੍ਹਾ ਕੀਤਾ ਗਿਆ ਚਮਤਕਾਰੀ ਜਲਵਾ!

ਸਪੇਨ ਦੀ ਟੀਮ ਵਿਸ਼ਵ ਚੈਂਪੀਅਨ ਹੈ ਅਤੇ ਦੋ ਵਾਰ ਲਗਾਤਾਰ ਯੂਰਪੀ ਚੈਂਪੀਅਨ ਵੀ ਰਹਿ ਚੁੱਕੀ ਹੈ। ਇਹ ਟੀਮ ਵਿਸ਼ਵ ਕੱਪ ਲਈ ਮੁੱਖ ਦਾਅਵੇਦਾਰਾਂ ਵਿਚੋਂ ਇੱਕ ਮੰਨੀ ਜਾ ਰਹੀ ਹੈ। ਚਾਰ ਵਰ੍ਹੇ ਪਹਿਲਾਂ ਵਿਸ਼ਵ ਕੱਪ ਦੇ ਫਾਈਨਲ ਵਿਚ ਕਿਸਮਤ ਅਜਮਾਈ ਇਨ੍ਹਾਂ ਦੋਵਾਂ ਟੀਮਾਂ ਨੇ ਹੀ ਕੀਤੀ ਸੀ। ਉਸ ਇਤਿਹਾਸਕ ਮੈਚ ਵਿਚ ਨੀਦਰਲੈਂਡ ਦੀ ਟੀਮ ਜਿੱਤਦੀ-ਜਿੱਤਦੀ ਸਪੇਨੀਆਂ ਦੀ ਇਸੇ ਟੀਮ ਹੱਥੋਂ ਸਿਫਰ ਦੇ ਮੁਕਾਬਲੇ ਇਕ ਗੋਲ ਨਾਲ ਹਾਰ ਗਈ ਸੀ। ਮੈਚ ਦੇ ਆਖ਼ਰੀ ਛਿਣਾਂ ਵਿਚ ਆਰੀਅਨ ਰੋਬਿਨ ਨੂੰ ਸਪੇਨੀਆਂ ਸਿਰ ਗੋਲ ਕਰਨ ਦਾ ਸੁਨਹਿਰੀ ਮੌਕਾ ਮਿਲਿਆ ਸੀ- ਪਰ ਗੋਲਕੀਪਰ ਕਪਤਾਨ ਇਕਰ ਕਾਸੀਆਸ ਸਾਹਮਣੇ ਉਹ ਲੋੜੀਂਦਾ ਤਵਾਜ਼ਨ ਰੱਖ ਨਾ ਸਕਿਆ ਅਤੇ ਡੱਚ ਟੀਮ ਵਿਸ਼ਵ ਵਿਜੇਤਾ ਦਾ ਤਾਜ ਪਹਿਨਣੋਂ ਖੁੰਝ ਗਈ। ਉਸ ਵਿਸ਼ਵ ਕੱਪ ਦੀ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਕੱਪ ਜਿੱਤਣ ਲਈ ਸਪੇਨੀ ਫੁੱਟਬਾਲ ਜਗਤ ਦੇ ਸ਼ਹਿਜਾਦਿਆਂ ਦੀ ਇਹੋ ਟੀਮ ਆਪਣੇ ਪਹਿਲੇ ਮੈਚ ਵਿਚ ਸਵਿਟਰਜ਼ਰਲੈਂਡ ਦੀ ਟੀਮ ਤੋਂ ਹਾਰ ਹੀ ਨਹੀਂ ਗਈ ਸੀ, ਬਲਕਿ ਸਵਿੱਸ ਟੀਮ ਨੇ ਉਨ੍ਹਾਂ ਦੀ ਬਾਂਅ-ਬਾਂਅ ਕਰਵਾਈ ਰੱਖੀ ਸੀ ਜਦੋਂ ਕਿ ਨੀਦਰਲੈਂਡ ਦੀ ਇਸੇ ਟੀਮ ਨੇ ਟੂਰਨਾਮੈਂਟ ਦੇ ਕਵਾਰਟਰ ਫਾਈਨਲ ਗੇੜ ਵਿਚ ਬਰਾਜ਼ੀਲ ਦੀ ਸ਼ਕਤੀਸ਼ਾਲੀ ਟੀਮ ਨੂੰ ਇੱਕ ਦੇ ਮੁਕਾਬਲੇ ਤਿੰਨ ਗੋਲਾਂ ਦੇ ਸਪਸ਼ਟ ਫਰਕ ਨਾਲ ਬਰਬਾਦ ਕਰ ਕੇ ਬੜੀ ਸ਼ਾਨ ਨਾਲ ਫਾਈਨਲ ਗੇੜ ਵਿਚ ਪ੍ਰਵੇਸ਼ ਕੀਤਾ ਸੀ।

ਫਿਰ ਇਕ ਹੋਰ ਪਹਿਲੂ ਵੀ ਦਿਲਚਸਪ ਹੈ। ਉਸ ਟੂਰਨਾਮੈਂਟ ਤੋਂ 2 ਵਰ੍ਹੇ ਬਾਅਦ ਹੋਏ ਯੂਰਪੀ ਕੱਪ ਦੌਰਾਨ ਸਪੇਨੀਆਂ ਨੇ ਲਗਾਤਾਰ ਦੂਜੀ ਵਾਰ ਟੂਰਨਾਮੈਂਟ ਜਿੱਤਿਆ ਜਦੋਂ ਕਿ ਨੀਦਰਲੈਂਡ ਦੀ ਸ਼ਾਨਦਾਰ ਟੀਮ ਨਾਲ ਭਾਣਾ ਇਹ ਵਾਪਰਿਆ ਕਿ ਉਹ ਪਹਿਲੇ ਗੇੜ ਦੇ ਦੋ ਮੈਚਾਂ ਵਿਚੋਂ ਹਾਰ ਕੇ ਦੌੜ ਵਿਚੋਂ ਬਾਹਰ ਹੋ ਗਈ। ਇਕ ਮੈਚ ਉਨ੍ਹਾਂ ਨੇ ਬੜੀ ਮੁਸ਼ਕਿਲ ਨਾਲ ਬਰਾਬਰ ਰੱਖਿਆ ਸੀ- ਜਾਨੀ ਜਿੱਤਿਆ ਇੱਕ ਵੀ ਨਹੀਂ ਸੀ।

ਐਤਕੀਂ ਮੈਦਾਨ ਅੰਦਰ ਇਕ ਦੂਜੇ ਦੇ ਸਾਹਮਣੇ ਉਤਰੀਆਂ ਟੀਮਾਂ ਦੇ ਲਗਪਗ ਸਾਰੇ ਮੈਂਬਰ ਉਹੋ ਹੀ ਸਨ ਜਿਨ੍ਹਾਂ ਨੇ 4 ਸਾਲ ਪਹਿਲਾਂ ਇਕ ਦੂਜੇ ਦੀ ਅਜਮਾਇਸ਼ ਕੀਤੀ ਸੀ। ਸਪੇਨੀ ਕੋਚ ਬਸੰਤ ਦਲ ਬੋਸਕੇ ਉਹੋ ਸੀ ਅਤੇ ਫੁੱਟਬਾਲ ਖੇਡ ਦੀ ਉਸ ਦੀ ਫਿਲਾਸਫੀ ਵੀ ਉਹੋ ਸੀ ਜਿਸ ਨੇ ਪਿਛਲੇ ਕੁਝ ਵਰ੍ਹਿਆਂ ਤੋਂ ਇਸੇ ਸਪੇਨੀ ਟੀਮ ਨੂੰ ਸਦੀ ਦੀ ਸਭ ਤੋਂ ਸ਼ਕਤੀਸ਼ਾਲੀ ਟੀਮ ਬਣਾ ਦਿਤਾ ਹੋਇਆ ਸੀ। ਮੈਚ ਦੌਰਾਨ ਪਹਿਲੇ 20-25 ਮਿੰਟ ਕਿਸੇ ਨੂੰ ਚਿੱਤ ਖਿਆਲ ਵੀ ਨਹੀਂ ਸੀ ਕਿ ਅੱਗੇ ਕਿਸ ਕਿਸਮ ਦਾ ਤੂਫਾਨ ਆਉਣ ਵਾਲਾ ਸੀ ਅਤੇ ਆਰੀਅਨ ਰੋਬਿਨ ਤੇ ਰੋਬਿਨਫਨ ਪੇਰਸੀ ਬਕੌਲੇ, ਮਿਰਜਾ ਰਾਇਸ ਕਿਸ ਕਿਸਮ ਦਾ ‘ਤਹੱਈਆ-ਓ-ਤੂਫਾਂ’ ਮਨਾਂ ਵਿਚ ਧਾਰੇ ਹੋਏ ਸਨ। ਫਿਰ 24ਵੇਂ-25ਵੇਂ ਮਿੰਟ ’ਚ ਮੈਚ ਦਾ ਪਹਿਲਾ ਗੋਲ ਵੀ ਪੈਨਲਟੀ ਕਿੱਕ ਤੋਂ ਸਪੇਨ ਨੇ ਕੀਤਾ ਸੀ, ਪਰ ਇਸ ਤੋਂ ਬਾਅਦ ਤਾਂ ਡੱਚ ਖਿਡਾਰੀਆਂ ਦੇ ਮਨਾਂ ਵਿਚ ਪਤਾ ਨਹੀਂ ਕਿਸ ਕਿਸਮ ਦਾ ਰੋਸ ਜਾਗਿਆ; ਮਾਨੋ ਉਨ੍ਹਾਂ ਅੰਦਰ ਕਿਸੇ ਚੰਡੀ ਦੀ ਸਪਿਰਟ ਪ੍ਰਵੇਸ਼ ਕਰ ਗਈ ਹੋਵੇ। ਰੋਬਿਨਫਨ ਪੇਰਸੀ ਨੇ ਪਹਿਲਾ ਗੋਲ ਕਰ ਜਾਣ ਤੋਂ ਜਲਦੀ ਹੀ ਬਾਅਦ ਬਿਜਲੀ ਵਰਗੀ ਤੇਜ਼ੀ ਨਾਲ ਦੂਜੀ ਹੈਡਰ ਮਾਰ ਕੇ ਬਾਲ ਨੂੰ ਸਪੇਨੀ ਗੋਲਾਂ ਵਿਚ ਸੁੱਟਿਆ- ਉਨ੍ਹਾਂ ਦੇ ਇਰਾਦੇ ਸਪਸ਼ਟ ਹੋ ਗਏ।

ਨੀਦਰਲੈਂਡ ਦੇ ਮਿੱਡ ਫੀਲਡ ਵਿਚ ਡੈਲੇ ਬਲਾਂਈਡ ਟੀਮ ਦਾ ਧੁਰਾ ਬਣ ਗਿਆ। ਉਹ ਚਾਰੇ ਪਾਸੇ ਆਪਣੇ ਖਿਡਾਰੀਆਂ ਵੱਲ ਜਿਸ ਸਟੀਕ ਅੰਦਾਜ਼ ਵਿਚ ਪਾਸ ਵੰਡ ਰਿਹਾ ਸੀ- ਲੰਮੇ ਸਮੇ ਤੱਕ ਦਰਸ਼ਕਾਂ ਦੀਆਂ ਯਾਦਾਂ ਵਿਚ ਵਸਿਆ ਰਹੇਗਾ। ਇਹ ਡੈਲੇ ਬਲਾਂਈਡ ਦੀ ਬਦੌਲਤ ਹੀ ਸੀ ਕਿ ਰੋਬਿਨਫਨ ਪੇਰਸੀ ਦੇ ਗੋਲ ਪਿੱਛੋਂ ਆਰੀਅਨ ਰੋਬਿਨ ਅਤੇ ਸਨਾਈਡਰ ਨੇ ਦੋ ਹੋਰ ਗੋਲ ਕਰ ਦਿੱਤੇ, ਤੇ ਇਕ ਤਰ੍ਹਾਂ ਨਾਲ ਸਪੇਨ ਨੂੰ ਗੇਮ ਤੋਂ ਬਾਹਰ ਕਰ ਦਿੱਤਾ। 3-1 ਗੋਲਾਂ ਨਾਲ ਪਛੜ ਜਾਣ ਦੇ ਬਾਵਜੂਦ ਸਪੇਨੀਆਂ ਨੇ ਅਜੇ ਹੌਸਲਾ ਹਾਰਿਆ ਨਹੀਂ ਸੀ। ਸਪੇਨੀ ਕੋਚ ਨੇ ਡੀਗੋ ਕੋਸਟਾ ਨੂੰ ਮੈਦਾਨ ਵਿਚੋਂ ਬਾਹਰ ਕੱਢ ਕੇ ਆਪਣੀ ਟੀਮ ਦੀਆਂ ਪਿਛਲੇ ਵਰ੍ਹਿਆਂ ਦੀਆਂ ਕਈ ਜੇਤੂ ਮੁਹਿੰਮਾਂ ਦੇ ਨਾਇਕ ਤਾਜ਼ਾ ਦਮ ਟੋਰੇਸ ਨੂੰ ਮੈਦਾਨ ਵਿਚ ਲਿਆਂਦਾ, ਪਰ ਇਸ ਮੋੜ ‘ਤੇ ਪੇਰਸੀ ਅਤੇ ਆਰੀਅਨ ਰੋਬਿਨ ਅੰਦਰ ‘ਬਦਲੇ ਦੀ ਅੱਗ’ ਮਾਨੋ ਹੋਰ ਵੀ ਪ੍ਰਚੰਡ ਹੋ ਗਈ ਹੋਈ ਸੀ। ਇਸ ਦਾ ਸਬੂਤ ਪੇਰਸੀ ਅਤੇ ਆਰੀਅਨ ਰੋਬਿਨ ਵੱਲੋਂ ਆਪਣੀ ਟੀਮ ਲਈ ਬੜੇ ਹੀ ਚਮਤਕਾਰੀ ਅੰਦਾਜ਼ ਵਿਚ ਦਾਗੇ ਚੌਥਾ ਅਤੇ ਪੰਜਵਾਂ ਗੋਲ ਸਨ।

ਪੇਰਸੀ ਦੀ ਕਿੱਕ ਸਪੇਨੀ ਗੋਲਚੀ ਨੇ ਗਰਾਉਂਡ ਉਪਰ ਲੰਮੇ ਲੇਟਦਿਆਂ ਰੋਕਣ ਦੀ ਕੋਸ਼ਿਸ਼ ਕੀਤੀ। ਸਪੇਨੀ ਰੱਖਿਅਕ ਪੰਕਤੀ ਦਾ ਤਜਰਬੇਕਾਰ ‘ਜਰਨੈਲ’ ਰੋਮੋਸ ਕੋਲ ਹੀ ਖੜ੍ਹਾ ਸੀ। ਪੇਰਸੀ ਦਾ ਇਹ ਗੋਲ ਇਉਂ ਵਾਪਰਿਆ ਕਿ ਸਪੇਨੀ ਖਿਡਾਰੀ ਬੁਰੀ ਤਰ੍ਹਾਂ ਭੰਬਤਰੇ ਹੋਏ ਦੇਖਦੇ ਰਹਿ ਗਏ। ਰਹਿੰਦੀ ਕਸਰ ਆਰੀਅਨ ਰੋਬਿਨ ਵੱਲੋਂ ਇਸੇ ਅੰਦਾਜ਼ ਵਿਚ ਕੀਤੇ ਪੰਜਵੇਂ ਗੋਲ ਨੇ ਪੂਰੀ ਕਰ ਦਿੱਤੀ। ਆਰੀਅਨ ਰੋਬਿਨ ਬਾਲ ਨੂੰ ਲੈ ਕੇ ਅੱਗੇ ਵਧਿਆ ਅਤੇ ਧੁਨੰਤਰ ਸਪੇਨੀ ਕਪਤਾਨ/ਗੋਲਕੀਪਰ ਇਕਰ ਕਾਸੀਆਸ ਨੂੰ ਜਿਸ ਅੰਦਾਜ਼ ਵਿਚ ਡੌਜ ਮਾਰੀ- ਇਵੇਂ ਲਗਦਾ ਜਿਵੇਂ ਕੋਈ ਮਾਸਟਰ ਕਰਾਫਟਸਮੈਨ ਕਿਸੇ ਸਿਖਾਂਦਰੂ ਨੂੰ ਖੇਡਣ ਦੀ ਜਾਚ ਸਿਖਾ ਰਿਹਾ ਹੋਵੇ। ਰੱਖਿਅਕ ਪੰਕਤੀ ’ਚ ਪੀਕ ਗੇਰਾਡ ਅਤੇ ਸਰਜੀਓ ਰੋਮੋਸ ਨਾਂ ਦੇ ਥੰਮ੍ਹ ਵਰਗੇ ਦੋਵੇਂ ਖਿਡਾਰੀ ਕੋਲ ਹੀ ਖੜ੍ਹੇ ਸਨ, ਤੇ ਉਨ੍ਹਾਂ ਦੇ ਚਿਹਰਿਆਂ ‘ਤੇ ਬੇਵਸੀ ਡਲਕਦੀ ਸਾਫ ਨਜ਼ਰ ਆ ਰਹੀ ਸੀ। ਲਗਦਾ ਸੀ, ਆਰੀਅਨ ਰੋਬਿਨ ਅਤੇ ਪੇਰਸੀ ਨੇ ਪਲਾਂ ਵਿਚ ਹੀ ਦੋ ਖੂਬਸੂਰਤ ‘ਕਵਿਤਾਵਾਂ’ ਨਹੀਂ, ਬਲਕਿ ਆਪਣੀ ਹੀ ਤਰ੍ਹਾਂ ਦੇ ਕਿਸੇ ਮਹਾਂ-ਕਾਵਿ ਦੀ ਸਿਰਜਣਾ ਕਰ ਦਿੱਤੀ ਹੋਵੇ।

ਬਰਨਾਰਡ ਸ਼ਾਅ ਮਹਾਨ ਚਿੰਤਕ ਸੀ। ਫੁੱਟਬਾਲ ਦੀ ਖੇਡ ਬਾਰੇ ਟਿਪਣੀ ਉਸ ਵੀ ਕੀਤੀ ਸੀ ਅਤੇ ਉਸ ਦਾ ਕਥਨ ਹੈਮਿੰਗਵੇ ਦੇ ਕਥਨ ਤੋਂ ਕਿਵੇਂ ਵਧ ਕੇ ਹੈ? ਉਸ ਨੇ ਖਿਡਾਰੀਆਂ ਅਤੇ ਖੇਡ ਕਲਾ ਦਾ ਮਖੌਲ ਉਡਾਇਆ ਸੀ; ਅਖੇ, ਉਸ ਨੂੰ ਸਮਝ ਨਹੀਂ ਆਉਂਦੀ ਕਿ ਚੰਗੇ ਭਲੇ 22 ਆਦਮੀ ਡੇਢ-ਦੋ ਘੰਟਿਆਂ ਲਈ ਚਮੜੇ ਦੀ ਗੇਂਦ ਨੂੰ ਬਿਲਾ ਵਜ੍ਹਾ ਇਧਰ-ਉਧਰ ਠੁੱਡੇ ਮਾਰਦਿਆਂ ਮੁੜਕੋ-ਮੁੜਕੀ ਹੋਏ ਪਾਗਲਾਂ ਹਾਰ ਕਿਉਂ ਭੱਜੇ ਫਿਰੀ ਜਾਂਦੇ ਹਨ। ਸਾਡੀ ਬਰਨਾਰਡ ਸ਼ਾਅ ਦੀ ਅਤਿ ਤੀਖਣ ਸ਼ੈਲੀ ਅਤੇ ਚਿੰਤਨ ਨੂੰ ਵੀ ਨਮੋ ਹੈ, ਪਰ ਫੁੱਟਬਾਲ ਦੀ ਖੇਡ ਦੀ ਸਾਰਥਿਕਤਾ ਬਾਰੇ ਉਸ ਦੇ ਕਿੰਤੂ ਨਾਲ ਕਤਈ ਸੰਮਤੀ ਨਹੀਂ ਹੈ। ਬਿਲਕੁਲ ਬਰਨਾਰਡ ਸ਼ਾਅ ਦੇ ਹਾਰ ਟਿੱਪਣੀਆਂ ਰੂਸ ਦੇ ਧੁਨੰਤਰ ਚਿੰਤਕ ਪਲੈਖਾਨੋਵ ਅਤੇ ਮਹਾਨ ਨਾਵਲਕਾਰ ਮੈਕਸਿਮ ਗੋਰਕੀ ਨੇ ਆਈਸਾਡੋਰਾ ਡੰਕਨ ਦੀ ਨਾਚ ਕਲਾ ਬਾਰੇ ਕੀਤੀਆਂ ਸਨ ਜੋ ਕਤਈ ਠੀਕ ਨਹੀਂ ਸਨ। ਇਨਸਾਨ ਨੂੰ ਰੋਟੀ ਦੀ ਵੀ ਜ਼ਰੂਰਤ ਹੈ ਅਤੇ ਕਿਸੇ ਨਾ ਕਿਸੇ ਰੂਪ ਵਿਚ ਕਿਸੇ ਨਾ ਕਿਸੇ ਨਿਤ ਨਵੇਂ ਜਲਵੇ ਦੀ ਵੀ ਨਿਰੰਤਰ ਨਿਹਤ ਇਛਾ ਹੈ। ਵਿਸ਼ਵ ਕੱਪ ਫੁੱਟਬਾਲ ਟੂਰਨਾਮੈਂਟ ਲਈ ਦੁਨੀਆਂ ਦੇ ਕਰੋੜਾਂ ਲੋਕਾਂ ਦੇ ਮਨਾਂ ਵਿਚ ਅਸੀਮ ਉਮਾਹ ਜਾਂ ਰੁਮਾਂਸ ਇਨਸਾਨ ਦੀ ਕਿਸੇ ਇਸੇ ਤਰ੍ਹਾਂ ਦੀ ਚਾਹਤ ਲਈ ਗਵਾਹੀ ਮਾਤਰ ਹੀ ਤਾਂ ਹੈ।

ਨੀਦਰਲੈਂਡ ਦੀ ਸਪੇਨ ਉਪਰ ਕ੍ਰਿਸ਼ਮਈ ਜਿੱਤ ਦਾ ਨਜ਼ਾਰਾ ਲੰਮੇ ਸਮੇਂ ਤਕ ਲੋਕਾਂ ਦੀਆਂ ਯਾਦਾਂ ਅੰਦਰ ਤਾਜ਼ਾ ਬਣਿਆ ਰਹੇਗਾ। ਫੁੱਟਬਾਲ ਦੇ ਦਾਰਸ਼ਨਿਕ ਕੋਚ ਬਸੰਤੇ ਦਲ ਬੋਸਕੇ ਦੇ ਬੇਵਸੀ ਭਰੇ ਇਹ ਸ਼ਬਦ ਵੀ ਯਾਦ ਰਹਿਣਗੇ ਜੋ ਉਸ ਮੈਚ



***ਡੱਚ ਟੀਮ ਹੱਥੋਂ ਹਾਰ ਤੋਂ ਬਾਅਦ ਅਤਿ ਦੀ ਮਯੂਸੀ ‘ਚ ਖੜਾ ਸਪੇਨੀ ਗੋਲਕੀਪਰ/ਕਪਤਾਨ ਇਕਰ ਕਾਸੀਅਸ***

ਤੋਂ ਤੁਰੰਤ ਬਾਅਦ ਪੱਤਰਕਾਰਾਂ ਨੂੰ ਕਹੇ, “ਇਹ ਸਾਧਾਰਨ ਵਰਤਾਰਾ ਨਹੀਂ ਸੀ। ਮੈਨੂੰ ਕੱਖ ਪਤਾ ਨਹੀਂ ਲੱਗ ਰਿਹਾ ਕਿ ਮੈਂ ਤੁਹਾਨੂੰ ਕੀ ਦਸਾਂ ਕਿ ਡੱਚਾਂ ਨੇ ਕੀ ਮੰਤਰ ਫੂਕਿਆ ਸੀ- ਸਾਡੇ ਖਿਡਾਰੀਆਂ ਨੂੰ ਉਨ੍ਹਾਂ ਨੇ ਕੀਲ ਕੇ ਕਿਵੇਂ ਰੱਖ ਦਿਤਾ ਸੀ।” ਮੈਚ ਤੋਂ ਅਗਲੇ ਦਿਨ ਇੰਟਰਨੈੱਟ ਸਪੇਨ ਦੀ ਅਣਕਿਆਸੀ ਹਾਰ ਬਾਰੇ ਟਿਪਣੀਆਂ ਨਾਲ ਭਰਿਆ ਪਿਆ ਸੀ। ਸਭ ਤੋਂ ਦਿਲਚਸਪ ਟਿਪਣੀ ਉਹ ਸੀ ਜਿਸ ਵਿਚ ਨੀਦਰਲੈਂਡ ਹੱਥੋਂ ਸਪੇਨ ਦੀ ਇਸ ਹਾਰ ਨੂੰ ਸਾਧਾਰਨ ਘਟਨਾ ਨਹੀਂ ਬਲਕਿ ਵਿਸ਼ਵ ਕੱਪ ਦੌਰਾਨ ਟੁੱਟਿਆ ਆਪਣੀ ਤਰ੍ਹਾਂ ਦਾ ਹੀ ਕਹਿਰ ਦੱਸਿਆ ਹੋਇਆ ਸੀ।

ਸਾਡਾ ਵਿਸ਼ਵਾਸ ਹੈ ਕਿ ਇਹ ਕੋਈ ਕਹਿਰ ਨਹੀਂ ਸੀ ਅਤੇ ਨਾ ਸਪੇਨੀ ਕੋਚ ਦੇ ਚਿੰਤਨ ਵਿਚ ਹੀ ਕੋਈ ਗਲਤੀ ਸੀ। ਅੰਤਰ ਤਾਂ ਉਸ ਪ੍ਰੇਰਨਾ ਅਤੇ ਸ਼ਿੱਦਤ ਨੇ ਪਾ ਦਿੱਤਾ ਜਿਸ ਨਾਲ ਡੈਲੇ ਬਲਾਈਂਡ, ਆਰੀਅਨ ਰੋਬਿਨ ਅਤੇ ਰੋਬਿਨਫਨ ਪੇਰਸੀ ਸਪੇਨੀਆਂ ਤੋਂ ਪਿਛਲੇ ਵਿਸ਼ਵ ਕੱਪ ਦੇ ਫਾਈਨਲ ਵਿਚ ਹੋਈ ਆਪਣੀ ਹਾਰ ਦਾ ਹਿਸਾਬ-ਕਿਤਾਬ ਚੁਕਤਾ ਕਰਨ ਲਈ ਉਸ ਦਿਨ ਮੈਦਾਨ ਵਿਚ ਉਤਰੇ ਸਨ।

ਟੂਰਨਾਮੈਂਟ ਦਾ ਬਰਾਜ਼ੀਲ ਅਤੇ ਕਰੋਏਸ਼ੀਆ ਦੀਆਂ ਟੀਮਾਂ ਵਿਚਾਲੇ ਖੇਡਿਆ ਮੈਚ ਵੀ ਦਿਲਚਸਪ ਰਿਹਾ। ਮੈਚ ਦੌਰਾਨ ਕਰੋਏਸ਼ੀਆ ਵਿਰੁਧ ਰੈਫਰੀ ਵਲੋਂ ਦਿਤੀ ਪੈਨਲਟੀ ਨੂੰ ਲੱਖਾਂ ਦਰਸ਼ਕਾਂ ਨੇ ਗਲਤ ਦੱਸਿਆ ਪਰ ਗਲਤ ਜਾਂ ਠੀਕ ਪੈਨਲਟੀ ਨੂੰ ਜਿਸ ਖੂਬਸੂਰਤੀ ਨਾਲ ਨਾਇਮਾਰ ਨੇ ਗੋਲ ਵਿਚ ਬਦਲਿਆ ਉਹ ਵੀ ਕਮਾਲ ਸੀ।

ਇੰਗਲੈਂਡ ਅਤੇ ਇਟਲੀ ਦੀਆਂ ਟੀਮਾਂ ਵਿਚਾਲੇ ਮੈਚ ਨੂੰ ਕਰੋੜਾਂ ਦਰਸ਼ਕਾਂ ਨੇ ਬੇਹੱਦ ਪਸੰਦ ਕੀਤਾ। ਇਟਲੀ ਦੀ ਟੀਮ ਭਲੇ ਹੀ 1 ਦੇ ਮੁਕਾਬਲੇ 2 ਗੋਲਾਂ ਨਾਲ ਮੈਚ ਜਿੱਤ ਗਈ ਪਰ ਇੰਗਲੈਂਡ ਦੇ ਖਿਡਾਰੀ ਰੂਨੀ ਦੀ ਖੇਡ ਬੜੀ ਹੀ ਮਨਮੋਹਕ ਸੀ। ਆਸਟਰੇਲੀਆ ਅਤੇ ਚਿੱਲੀ ਵਿਚਾਲੇ ਖੇਡਿਆ ਗਿਆ ਮੈਚ ਬੜਾ ਹੀ ਧਮਾਕੇਖੇਜ ਸੀ। ਚਿੱਲੀ ਦੀ ਟੀਮ ਭਲੇ ਹੀ ਮੈਚ 3-1 ਨਾਲ ਜਿੱਤ ਗਈ ਪਰ ਉਸ ਮੈਚ ਲਈ ਦਰਸ਼ਕਾਂ ਦਾ ਨਾਇਕ ਆਸਟਰੇਲੀਆਈ ਖਿਡਾਰੀ ਟਿਮ ਕਾਇਲ ਰਿਹਾ।

ਮੈਕਸੀਕੋ ਅਤੇ ਕੈਮਰੂਨ ਵਿਚਾਲੇ ਖੇਡਿਆ ਗਿਆ ਮੈਚ ਵਧੀਆ ਸੀ। ਆਈਵਰੀ ਕੋਸਟ ਦੀ ਟੀਮ ਨੇ ਜਪਾਨੀਆਂ ਨੂੰ ਹਰਾ ਦਿੱਤਾ। ਪਿਛਲੇ ਸਾਲ ਦੇ ਸੈਮੀ ਫਾਈਨਲਿਸਟ ਉਰੂਗੁਏ ਦੀ ਟੀਮ ਐਤਕੀਂ ਸਾਰਾ ਜ਼ੋਰ ਲਗਾ ਕੇ ਖੇਡਣ ਦੇ ਬਾਵਜੂਦ ਆਪਣੇ ਪਹਿਲੇ ਹੀ ਮੈਚ ਵਿਚ ਕੋਸਟਾਰੀਕਾ ਹੱਥੋਂ 1 ਦੇ ਮੁਕਾਬਲੇ 3 ਗੋਲਾਂ ਨਾਲ ਹਾਰ ਗਈ। ਸਵਿਟਜਰਲੈਂਡ ਦੇ ‘ਕਲਾਕਾਰਾਂ’ ਨੂੰ ਇਕਵਾਡੋਰ ਨੂੰ 1 ਦੇ ਮੁਕਾਬਲੇ 2 ਗੋਲਾਂ ਨਾਲ ਹਰਾਉਣ ਲਈ ਕਰੜੀ ਮੁਸ਼ੱਕਤ ਕਰਨੀ ਪਈ। ਪਰ ਐਤਵਾਰ ਦੇ ਦਿਨ ਸਭ ਤੋਂ ਘਾਤਕ ਮੁਕਾਬਲੇ ਦਾ ਸਾਹਮਣਾ ਅਰਜਨਟੀਈਨੀ ਬਾਜਾਂ ਦੀ ਟੀਮ ਨੂੰ ਬੋਸਨੀਆਂ ਦੀ ਟੀਮ ਨਾਲ ਕਰਨਾ ਪਿਆ। ਅਰਜਨਟਈਨਾ ਵੱਲੋਂ ਮੈਸੀ ਅਤੇ ਡੀਆਗੋ ਮਾਰਾਡੋਨਾ ਦੇ ਦਾਮਾਦ ਐਗੂਏਰ ਨਾਂ ਦੇ ਹਮਲਾਵਰ ਪੰਕਤੀ ਦੇ ਖਿਡਾਰੀਆਂ ਨੇ ਜਾਨ ਤੋੜ ਕੇ ਖੇਡਣ ਦੀ ਪੂਰੀ ਵਾਹ ਲਗਾਈ। ਮੈਸੀ ਨੇ ਇਕ ਬਹੁਤ ਹੀ ਯਾਦਗਾਰੀ ਗੋਲ ਕੀਤਾ ਪਰ ਬੋਸਨੀਆਂ ਵਾਲਿਆਂ ਨੇ ਲਗਾਤਾਰ ਅਰਜਨਟੀਨੀਆਂ ਦੀ ਅੱਬਾ-ਅੱਬਾ ਕਰਵਾਈ ਰਖੀ।

ਸੋਮਵਾਰ ਨੂੰ ਦੁਪਹਿਰੇ ਜਰਮਨੀ ਅਤੇ ਪੁਰਤਗਾਲ ਵਿਚਾਲੇ ਖੇਡਿਆ ਗਿਆ ਮੈਚ ਵੀ ਬੇਹਦ ਸਨਸਨੀਖੇਜ ਰਿਹਾ। ਰੋਨਾਲਡ ਵਰਗੇ ਮਹਾਨ ਸੁਪਰ ਸਟਾਰ ਦੀ ਹਾਜ਼ਰੀ ਵਿਚ ਪੁਰਤਗਾਲ ਆਪਣੇ ਪਹਿਲੇ ਹੀ ਮੈਚ ਵਿਚ ਸਿਫਰ ਦੇ ਮੁਕਾਬਲੇ 4 ਗੋਲਾਂ ਦੇ ਵਡੇ ਫਰਕ ਨਾਲ ਹਾਰੇਗਾ- ਕਿਸੇ ਦੇ ਤਸੱਵਰ ਵਿਚ ਵੀ ਨਹੀਂ ਸੀ। ਮੈਚ ਸ਼ੁਰੂ ਹੋਣ ਤੋਂ ਪਹਿਲਾਂ ਇਸ ਅਹਿਮ ਮੁਕਾਬਲੇ ਨੂੰ ‘ਸੁਪਰ ਸਟਾਰ ਅਤੇ ਸੁਪਰ ਪਾਵਰ’ ਦੀ ਟੱਕਰ ਵਜੋਂ ਦਸਿਆ ਜਾ ਰਿਹਾ ਸੀ ਬਲਕਿ ਬੈਨਰ ਇਸ ਤਰ੍ਹਾਂ ਦਾ ਲਗਿਆ ਹੋਇਆ ਸੀ ਪਰ ਅਜਿਹਾ ਹੋ ਨਾ ਸਕਿਆ ਬਲਕਿ ਮੈਚ ਤੋਂ ਬਾਅਦ ਲਗਦਾ ਇਹੋ ਸੀ ਜਿਵੇਂ ਗਰਾਊਂਡ ਅੰਦਰ ‘ਸ਼ਤਰੰਜ ਦੀ ਬਿਸਾਤ’ ਹਮਲਾਵਰ ਪੰਕਤੀ ਦੇ ਜਰਮਨ ਖਿਡਾਰੀ ਟਾਮਸ ਮੁਲਰ ਦੀ ਪ੍ਰਤਿਭਾ ਨੂੰ ਆਸ਼ਕਾਰ ਕਰਨ ਲਈ ਵਿਛਾਈ ਗਈ ਹੋਵੇ। ਮੈਚ ਦੇ ਸ਼ੁਰੂਆਤੀ ਪਲਾਂ ਵਿਚ ਰੋਨਾਲਡੋ ਨੇ ਆਪਣੇ ਪੁਰਾਣੇ ਤਜਰਬਾਕਾਰ ਸਾਥੀ ਖਿਡਾਰੀ ਨੈਨੀ ਨਾਲ ਮਿਲ ਕੇ ਬਹੁਤ ਤੇਜ਼ ਸ਼ੁਰੂਆਤ ਕੀਤੀ ਅਤੇ ਜਰਮਨ ਮੱਧ ਪੰਕਤੀ ਦੇ ਜਰਨੈਲਾਂ ਕਪਤਾਨ ਫਿਲਪਲਾਹਮ ਅਤੇ ਸੈਮੀ ਖਡੀਰਾ ਨੂੰ ਕੁੱਝ ਪਲਾਂ ਲਈ ਤਾਂ ਮਾਨੋ ਹੱਥਾਂ ਪੈਰਾਂ ਦੀਆਂ ਹੀ ਪਾ ਦਿੱਤੀਆਂ ਪਰ 12 ਵੇਂ ਮਿੰਟ ’ਚ ਹੀ ਜੇਮਾਓ ਪੈਰੇਰਾ ਪੁਰਤਗਾਲ ਪੈਨਲਟੀ ਬਾਕਸ ਦੇ ਮੂਹਰੇ ਮਾਰੀਓ ਗੋਟਜੇ ਨੂੰ ਰੋਕਣ ਦੇ ਚਕਰ ਵਿਚ ਫਾਊਲ ਕਰ ਬੈਠਿਆ ਅਤੇ ਪੈਨਲਟੀ ਮਿਲਣ ਤੇ ਮੂਲਰ ਨੇ ਬਹੁਤ ਹੀ ਆਕਰਸ਼ਕ ਅੰਦਾਜ਼ ਵਿਚ ਆਪਣੀ ਟੀਮ ਲਈ ਗੋਲਾਂ ਦਾ ਖਾਤਾ ਖੋਲ੍ਹ ਦਿਤਾ। ਬਸ ਫਿਰ ਕੀ ਸੀ- ਇਸ ਇਕੋ ਝਟਕੇ ਨਾਲ ਪਾਸਾ ਪਲਟ ਗਿਆ; ਪਰ ਪੁਰਤਗੇਜੀ ਟੀਮ ਦੇ ਕਲਾਸਿਕ ਵਕਾਰ ਦੀ ਬਰਬਾਦੀ ਦੀ ਅਸਲ ਸ਼ੁਰੂਆਤ 20-25 ਮਿੰਟ ਪਿਛੋਂ ਉਸ ਸਮੇ ਸ਼ੁਰੂ ਹੋਈ ਜਦੋਂ ਕਾਰਨਰ ਕਿੱਕ ਤੋਂ ਰਾਕਟ ਵਾਂਗੂ ਆ ਰਹੇ ਬਾਲ ਨੂੰ ਮੈਟਸ ਹਮਲਜ ਨੇ ਹੋਰ ਵੀ ਸਟੀਕ ਅੰਦਾਜ਼ ਵਿਚ ਹੈਂਡਰ ਮਾਰ ਕੇ ਗੋਲ ਲਾਈਨ ਤੋਂ ਪਾਰ ਕਰ ਦਿਤਾ। ਬਸ ਦੂਜਾ ਗੋਲ ਹੋਣ ਦੀ ਦੇਰ ਸੀ ਕਿ ਪੁਰਤਗੇਜੀ ‘ਜਰਨਲ’ ਦਿਸ਼ਾਹੀਣ ਹੋ ਗਏ। ਇਸ ਦਾ ਸਬੂਤ ਇਸ ਤੋਂ ਵੱਡਾ ਕੀ ਹੋ ਸਕਦਾ ਹੈ ਕਿ ਪੇਪੇ ਵਰਗਾ ਪੁਰਤਗੇਜੀ ਟੀਮ ਦੀ ਮੱਧ ਪੰਕਤੀ ਦੇ ਮਜ਼ਬੂਤ ਧੁਰੇ ਦੇ ਰੂਪ ਵਿਚ ਕੰਮ ਆਉਣ ਵਾਲਾ ਮਹਾਨ ਤਜਰਬੇਕਾਰ ਖਿਡਾਰੀ ਬਿਲਾ ਵਜ੍ਹਾ ਹੀ ਮੁਲਰ ਨਾਲ ਉਲਝ ਕੇ ਉਸ ਵਕਤ ਲਾਲ ਕਾਰਡ ਲੈ ਕੇ ਮੈਦਾਨ ਵਿਚੋਂ ਬਾਹਰ ਜਾ ਬੈਠਾ ਜਿਸ ਵਕਤ ਕਿ ਟੀਮ ਨੂੰ ਉਸਦੀ ਬੇਹਦ ਲੋੜ ਹੋਵੇ। ਪੇਪੇ ਦੇ ਬਾਹਰ ਹੁੰਦਿਆਂ ਹੀ ਪੁਰਤਗੇਜੀ ਚੀਤਿਆਂ ਦੀ ਟੀਮ ਬੇਰੰਗ ਬੇਨਕਸ਼ ਬੁਰੀ ਤਰ੍ਹਾਂ ਬੇਪਛਾਣ ਹੋ ਗਈ। ਮੈਚ ਦੇ ਪਹਿਲੇ ਅੱਧ ਦੀ ਸੀਟੀ ਵੱਜਣ ਹੀ ਵਾਲੀ ਸੀ ਕਿ ਮੂਲਰ ਨੇ ਪੁਰਤਗਾਲ ਵਿਰੁਧ ਤੀਜਾ ਗੋਲ ਦਾਗ ਦਿਤਾ।

ਫੁੱਟਬਾਲ ਦੇ ਮੈਦਾਨ ਅੰਦਰ ਖੇਡੇ ਜਾ ਰਹੇ ਇਸ ਅਦਭੁਤ ‘ਕਾਵਿ-ਨਾਟਕ’ ਦਾ ਸਿਖਰ ਤਾਂ ਮੈਚ ਦੇ 78 ਵੇਂ ਮਿੰਟ ‘ਤੇ ਜਾ ਕੇ ਉਸ ਸਮੇਂ ਆਇਆ ਜਦੋਂ ਉਸ ਦੇ ਸਾਥੀ ਖਿਡਾਰੀ ਆਦਰੇ ਸ਼ੁਰਲੇ ਪੁਰਤਗੇਜੀ ਗੋਲਾਂ ਵੱਲ ਜਾ ਰਹੀ ਜ਼ੋਰਦਾਰ ਕਰਾਸ ਕਿੱਕ ਨੂੰ ਉਨ੍ਹਾਂ ਦੇ ਕੀਪਰ ਰੂਈ ਪੈਟਰੀਸ਼ੀਓ ਨੇ ਰੋਕ ਤਾਂ ਲਿਆ ਪਰ ਬਾਲ ਵਾਪਸ ਗੋਲ ਪੋਸਟ ਅਗੇ ਉਮੜੀ ਦੋਵਾਂ ਟੀਮਾਂ ਦੇ ਮਹਾਨ ਖਿਡਾਰੀਆਂ ਦੀ ਭੀੜ ਵਿਚ ਆ ਡਿਗੀ। ਅਜਿਹੇ ਭੀੜ-ਭੜੱਕ ਵਿਚ ਗੋਲ ਕੋਈ ਟਾਮਸ ਮੂਲਰ ਵਰਗਾ ਕਲਾਕਾਰ ਹੀ ਬਣਾ ਸਕਦਾ ਸੀ ਅਤੇ ਉਸ ਨੇ ਬੜੇ ਸਹਿਜ਼ ਨਾਲ ਹੀ ਉਹ ਕੌਤਕ ਐਂ ਕਰ ਦਿਤਾ ਜਿਤਰਾਂ ਮਹਾਂਭਾਰਤ ਦੇ ‘ਨਾਜ਼ੁਕ ਮਲੂਕ’ ਨਾਇਕ ਅਭਮੰਨਿਊ ਨੇ ਚੱਕਰਵਿਊ ਮਾਨੋ ਅਜਿਹੇ ਸਹਿਜ ਨਾਲ ਹੀ ਅਸਤ-ਵਿਅਸਤ ਕਰ ਦਿੱਤਾ ਸੀ। ਸਾਲ 2010 ਦੇ ਵਿਸ਼ਵ ਕੱਪ ਵਿਚ ਮੂਲਰ ਦੀ ਉਮਰ ਬੜੀ ਛੋਟੀ ਸੀ ਪਰ ਉਨ ਗੋਲਡਨ ਬੂਟ ਜਿੱਤਣ ਦਾ ਮਾਣ ਹਾਸਲ ਕੀਤਾ ਸੀ। ਉਮਰ ਉਸ ਦੀ ਅਜੇ ਵੀ ਕੋਈ ਜ਼ਿਆਦਾ ਨਹੀਂ ਹੈ। ਦਿੱਖ ਉਸ ਦੀ ਬੜੀ ਹੀ ਨਾਜ਼ਕ ਜਿਹੀ ਹੈ। ਦੂਰੋਂ ਵੇਖਿਆਂ ਉਹ ਫੁੱਟਬਾਲ ਜਗਤ ਦਾ ਇਹ ਨਾਇਕ ਸ਼ਕਤੀਸ਼ਾਲੀ ਖਿਡਾਰੀ ਨਹੀਂ ਬਲਕਿ ਆਰਟਿਸਟ ਹੀ ਲੱਗਦਾ ਹੈ।

ਸੋਮਵਾਰ ਨੂੰ ਅਮਰੀਕਾ ਅਤੇ ਘਾਨਾ ਦੀਆਂ ਟੀਮਾਂ ਵਿਚਾਲੇ ਖੇਡੇ ਗਏ ਤੀਜੇ ਅਤੇ ਅੰਤਿਮ ਮੈਚ ਵਿਚ ਘਾਨਾ ਦੀ ਜ਼ਬਰਦਸਤ ਟੀਮ ਅਮਰੀਕਾ ਹੱਥੋਂ 1 ਗੋਲ ਦੇ ਮੁਕਾਬਲੇ 2 ਗੋਲਾਂ ਨਾਲ ਹਾਰ ਗਈ। ਇਹ ਨਤੀਜਾ ਕਿਧਰੋਂ ਦਾ ਵੀ ‘ਇਨਸਾਫ’ ਨਹੀਂ ਸੀ। ਘਾਨਾ ਦੀ ਹਾਰ ਕਿਸੇ ਯੂਨਾਨੀ ਤਰਾਸਦੀ ਤੋਂ ਘੱਟ ਨਹੀਂ ਸੀ। ਜ਼ਿਆਦਾ ਵਿਸਥਾਰ ਵਿਚ ਜੇਕਰ ਨਾ ਵੀ ਜਾਈਏ ਤਾਂ ਮੈਚ ਦੀ ਸਮਰੀ ਤੋਂ ਹੀ ਕਹਾਣੀ ਦੀ ਨੁਹਾਰ ਦਾ ਪਤਾ ਲਗ ਸਕਦਾ ਹੈ। ਪੂਰੇ ਮੈਚ ਦੌਰਾਨ ਘਾਨਾ ਨੇ ਅਮਰੀਕਨ ਗੋਲਾਂ ਵੱਲ ਕੁਲ 21 ਸ਼ਾਟ ਮਾਰੇ ਜਦੋਂ ਕਿ ਅਮਰੀਕਾ ਨੇ ਅਜਿਹੀਆਂ ਕੋਸ਼ਿਸ਼ਾਂ 8 ਵਾਰੀ ਹੀ ਕੀਤੀਆਂ। ਇਹ ਠੀਕ ਹੈ ਕਿ ਕਲਿੰਟ ਡੈਂਪਸੀ ਬਹੁਤ ਜ਼ੋਰਦਾਰ ਖਿਡਾਰੀ ਹੈ। ਅਮਰੀਕਾ ਦਾ ‘ਤੁਰਪ ਦਾ ਪੱਤਾ’ ਵੀ ਉਹ ਹੀ ਸੀ। ਘਾਨਾ ਦੀ ਮਾੜੀ ਕਿਸਮਤ ਹੀ ਕਹੀ ਜਾ ਸਕਦੀ ਹੈ ਕਿ ਉਹ ਮੈਚ ਸ਼ੁਰੂ ਹੁੰਦਿਆਂ ਹੀ ਆਪਣੀ ਟੀਮ ਲਈ ਪਹਿਲਾ ਗੋਲ ਮਾਰ ਗਿਆ। 8 ਮਿੰਟਾਂ ਦੀ ਅੰਨੇਵਾਹ ਜਦੋ-ਜਹਿਦ ਤੋਂ ਬਾਅਦ ਘਾਨਾ ਵਲੋਂ ਆਂਦਰੇ ਅਈਊ ਨੇ ਗੋਲ ਲਾਹ ਦਿਤਾ ਪਰ 2-4 ਮਿੰਟਾਂ ਬਾਅਦ ਹੀ ਅਮਰੀਕਨ ਖਿਡਾਰੀ ਜਾਹਨ ਬਰੁੱਕਸ (ਜੂਨੀਅਰ) ਨੇ ਮੈਚ ਦਾ ਫੈਸਲਾਕੁਨ ਗੋਲ ਦਾਗ ਕੇ ਘਾਨਾ ਦੇ ‘ਜ਼ਾਂਨਿਸਾਰਾਂ’ ਨੂੰ ਬਰਬਾਦ ਕਰ ਦਿੱਤਾ।

# 'ਫਿਰਾਕ' ਵਾਲੀ ਨੰਦਿਤਾ ਦਾਸ ਦਾ ਫਿਕਰ

## ਭਾਰਤੀ ਜਮਹੂਰੀਅਤ ਵਿਚ ਮੋਦੀ ਦਾ ਮਹਿਲ



ਪਹਿਲਾਂ ਆਪਣੀ ਦਮਦਾਰ ਅਦਾਕਾਰੀ ਅਤੇ ਫਿਰ 2008 ਵਿਚ ਬਤੌਰ ਨਿਰਦੇਸ਼ਕ ਆਪਣੀ ਪਲੇਠੀ ਫਿਲਮ 'ਫਿਰਾਕ' ਨਾਲ ਸਭ ਦਾ ਧਿਆਨ ਖਿੱਚਣ ਵਾਲੀ ਨੰਦਿਤਾ ਦਾਸ ਨੂੰ ਕੱਟੜਪੰਥੀ ਲਗਾਤਾਰ ਧਮਕੀਆਂ ਦੇ ਰਹੇ ਹਨ ਅਤੇ ਕਹਿ ਰਹੇ ਹਨ ਕਿ ਉਹ ਆਪਣੇ ਮੁੰਡੇ ਨਾਲ ਪਾਕਿਸਤਾਨ ਚਲੀ ਜਾਵੇ। ਉਸ ਦਾ 'ਕਸੂਰ' ਸਿਰਫ ਇਨਾ ਹੈ ਕਿ ਉਸ ਨੇ ਹਿੰਦੂ ਕੱਟੜਪੰਥੀਆਂ ਦੀ ਹਿੰਸਾ ਖ਼ਿਲਾਫ਼ ਡੱਟ ਕੇ ਪੈਂਤੜਾ ਮੱਲਿਆ ਹੈ। ਨੰਦਿਤਾ ਦੀ ਫਿਲਮ 'ਫਿਰਾਕ' ਦਾ ਦਰਦ ਇਹ ਹਿੰਸਾ ਹੀ ਹੈ। ਆਪਣੀ ਇਸ ਫਿਲਮ ਵਿਚ ਉਸ ਨੇ ਹਿੰਸਾ ਦੀ ਕਰੂਰਤਾ ਨੂੰ ਜਿਸ ਢੰਗ ਨਾਲ ਪੇਸ਼ ਕੀਤਾ ਹੈ, ਉਸ ਨਾਲ ਉਸ ਨੂੰ ਬਹੁਤ ਸ਼ਾਬਾਸ਼ ਮਿਲੀ। ਇਹ ਫਿਲਮ 2002 ਵਿਚ ਗੁਜਰਾਤ ਵਿਚ ਹੋਏ ਕਤਲੇਆਮ ਤੋਂ ਇੱਕ ਮਹੀਨਾ ਬਾਅਦ ਦੇ ਦਿਨਾਂ ਦੀ ਕਹਾਣੀ ਹੈ। ਫਿਲਮ ਵਿਚ ਪੇਸ਼ ਪਾਤਰ ਜਿਸ ਤਰ੍ਹਾਂ ਦੇ ਮਾਹੌਲ ਅਤੇ ਭੈਅ ਵਿਚੋਂ ਲੰਘ ਰਹੇ ਹਨ, ਉਹ ਇਸ ਫਿਲਮ ਦਾ ਹਾਸਲ ਹੈ। ਚੇਤੇ ਰਹੇ ਕਿ ਇਸ ਫਿਲਮ ਲਈ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਇਨਾਮਾਂ ਦੀ ਝੜੀ ਲੱਗ ਗਈ ਸੀ।

ਨੰਦਿਤਾ ਦਾਸ ਕੱਟੜ ਪਹੁੰਚ ਕਾਰਨ ਨਰੇਂਦਰ ਮੋਦੀ ਉਤੇ ਸਦਾ ਸਵਾਲਾਂ ਦੀ ਵਾਛੜ ਕਰਦੀ ਰਹੀ ਹੈ। ਹੁਣ ਮੋਦੀ ਸਰਕਾਰ ਬਣਨ 'ਤੇ ਨੰਦਿਤਾ ਦਾਸ ਸਿੱਧਾ ਸਵਾਲ ਕਰਦੀ ਹੈ: ਇਹ ਲੋਕ ਹੁਣ ਸਾਰਿਆਂ ਨੂੰ ਗੁਜਰਾਤ ਕਤਲੇਆਮ ਤੋਂ ਅਗਾਂਹ ਤੁਰਨ ਦੀਆਂ ਸਲਾਹਾਂ ਦੇ ਰਹੇ ਹਨ, ਜਦ ਕਿ ਇਹ ਖੁਦ 1947 ਦੀ ਵੰਡ ਅਤੇ ਬਾਬਰ ਦੇ ਸਮੇਂ ਨੂੰ ਵਾਰ-ਵਾਰ ਚਿਤਾਰਦੇ ਹਨ ਅਤੇ ਇਨ੍ਹਾਂ ਮਸਲਿਆਂ ਉਤੇ ਸਿਆਸਤ ਕਰਕੇ ਲੋਕਾਂ ਵਿਚ ਨਫ਼ਰਤ ਪੈਦਾ ਕਰਦੇ ਹਨ। ਨੰਦਿਤਾ ਮੁਤਾਬਕ ਜਮਹੂਰੀਅਤ ਹੁਣ ਤੱਕ ਇਸੇ ਕਰ ਕੇ ਚੱਲ ਰਹੀ ਹੈ, ਕਿਉਂਕਿ ਇਸ ਵਿਚ ਦੂਜਿਆਂ ਨੂੰ ਆਪਣਾ ਪੱਖ ਅਤੇ ਵਿਚਾਰ ਰੱਖਣ ਦਾ ਹੱਕ ਹੁੰਦਾ ਹੈ, ਪਰ ਭਾਜਪਾ ਅਤੇ ਇਸ ਨਾਲ ਸਬੰਧਤ ਹੋਰ ਕੱਟੜ ਜਥੇਬੰਦੀਆਂ ਵਿਰੋਧੀ ਵਿਚਾਰਾਂ ਦਾ ਜਵਾਬ ਸਦਾ ਹਿੰਸਾ ਵਿਚ ਦਿੰਦੀਆਂ ਹਨ। ਫਿਲਮ 'ਫਿਰਾਕ' ਵਿਚ ਭਾਵੇਂ ਗੁਜਰਾਤ ਕਤਲੇਆਮ ਲਈ ਕਿਸੇ ਉਤੇ ਸਿੱਧੀ ਉਂਗਲ ਨਹੀਂ ਸੀ ਧਰੀ ਗਈ, ਸਿਰਫ਼ ਹਿੰਸਾ ਦੀ ਮੁਖਾਲਫਤ ਕੀਤੀ ਗਈ ਸੀ, ਪਰ ਇਨ੍ਹਾਂ ਲੋਕਾਂ ਨੇ ਇਸ ਫਿਲਮ ਕਰ ਕੇ ਮੈਨੂੰ ਹਰ ਵਾਰ ਅਤੇ ਹਰ ਥਾਂ ਨਿਸ਼ਾਨਾ ਬਣਾਉਣ ਦਾ ਯਤਨ ਕੀਤਾ। ਇਸ ਸਬੰਧੀ ਉਹ ਐਨ.ਡੀ.ਏ. ਦੇ ਪਹਿਲੇ 6 ਸਾਲਾਂ ਦੇ ਰਾਜ ਦਾ ਹਵਾਲਾ ਵੀ ਦਿੰਦੀ ਹੈ ਜਦੋਂ ਇਨ੍ਹਾਂ 'ਸਿਆਣਿਆਂ' ਨੇ ਸਕੂਲਾਂ ਦੇ ਪਾਠਕ੍ਰਮਾਂ ਅਤੇ ਹੋਰ ਥਾਈਂ ਆਪਣੀ ਨਫ਼ਰਤ ਵਾਲੀ ਵਿਚਾਰਧਾਰਾ ਵਾੜ ਦਿੱਤੀ ਸੀ।

ਭਾਜਪਾ ਦੀ ਕੱਟੜ ਸੋਚ ਖ਼ਿਲਾਫ਼ ਆਪਣੇ ਵਿਚਾਰ ਪ੍ਰਗਟ ਕਰਨ ਕਰ ਕੇ ਨੰਦਿਤਾ ਦਾਸ ਦੇ ਚਿੱਤਰਕਾਰ ਪਿਤਾ ਜਤਿਨ ਦਾਸ ਨੂੰ ਵੀ ਇਨ੍ਹਾਂ ਲੋਕਾਂ ਦੀ ਹੁੱਲੜਬਾਜ਼ੀ ਦਾ ਸ਼ਿਕਾਰ ਹੋਣਾ ਪਿਆ। ਉਨ੍ਹਾਂ ਦੀ ਇਕ ਨੁਮਾਇਸ਼ ਦੌਰਾਨ ਤਾਂ ਉਨ੍ਹਾਂ ਦੇ ਚਿੱਤਰ ਵੀ ਖ਼ਰਾਬ ਕਰ ਦਿੱਤੇ ਗਏ ਸਨ। ਨੰਦਿਤਾ ਨੂੰ ਗਿਲਾ ਹੈ ਕਿ ਮੀਡੀਆ ਵੀ ਅਜਿਹੇ ਲੋਕਾਂ ਦੇ ਹੱਕ ਵਿਚ ਭੁਗਤ ਰਿਹਾ ਹੈ। ਉਹ ਆਖਦੀ ਹੈ: ਪੈਸੇ ਖ਼ਾਤਿਰ ਲੋਕ ਇਸ ਤਰ੍ਹਾਂ ਆਪਣਾ ਜ਼ਮੀਰ ਵੇਚ ਦੇਣਗੇ, ਆਸ ਨਹੀਂ ਸੀ। ਫਿਰ ਵੀ ਤਸੱਲੀ ਹੈ ਕਿ ਕੁਝ ਲੋਕ ਅਜਿਹੇ ਹਨ ਜੋ ਹਰ ਹਾਲ ਅਜਿਹੇ ਬੁਰਛਾਗਰਦਾਂ ਅੱਗੇ ਕਦੇ ਨਹੀਂ ਲਿਫਦੇ।



ਫਿਲਮ 'ਫਿਰਾਕ' ਵਿਚ ਅਦਾਕਾਰਾ ਸ਼ਹਾਨਾ ਗੋਸਵਾਮੀ।

*ਅਦਾਕਾਰਾ ਸ਼ਬਾਨਾ ਆਜ਼ਮੀ ਨੇ ਕਿਹਾ ਹੈ ਕਿ ਨਰੇਂਦਰ ਮੋਦੀ ਨੇ ਆਪਣੇ ਚੋਣ ਪ੍ਰਚਾਰ ਵੇਲੇ ਵੀ ਅਤੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਵੀ ਔਰਤਾਂ, ਗਰੀਬਾਂ, ਨੌਜਵਾਨਾਂ ਅਤੇ ਹੋਰ ਵਰਗਾਂ ਬਾਰੇ ਬਥੇਰੇ ਬਿਆਨ ਦਾਗੇ ਹਨ, ਪਰ ਉਨ੍ਹਾਂ ਨੇ ਅਜੇ ਤਾਈਂ ਘੱਟ-ਗਿਣਤੀਆਂ ਬਾਰੇ ਇਕ ਵੀ ਲਫਜ਼ ਨਹੀਂ ਬੋਲਿਆ ਹੈ। ਇਸੇ ਕਰ ਕੇ ਘੱਟੋ-ਗਿਣਤੀਆਂ ਨਾਲ ਸਬੰਧਤ ਲੋਕ ਅਜੇ ਵੀ ਨਰਵਸ ਹਨ। ਉਨ੍ਹਾਂ ਦਾ ਆਖਣਾ ਸੀ ਕਿ ਜੇ ਕਿਤੇ ਮੋਦੀ ਘੱਟ-ਗਿਣਤੀਆਂ ਬਾਰੇ ਕੋਈ ਗੱਲ ਕਰਦਾ; ਤਾਂ ਘੱਟ-ਘੱਟ, ਘੱਟ-ਗਿਣਤੀਆਂ ਦਾ ਥੋੜ੍ਹਾ-ਬਹੁਤਾ ਯਕੀਨ ਤਾਂ ਬੱਝਦਾ। ਉਨ੍ਹਾਂ ਕਿਹਾ- "ਠੀਕ ਹੈ ਕਿ ਦੇਸ਼ ਦੇ ਲੋਕ ਤਬਦੀਲੀ ਚਾਹੁੰਦੇ ਸਨ, ਅਤੇ ਉਨ੍ਹਾਂ ਨੇ ਇਨ੍ਹਾਂ ਚੋਣਾਂ ਦੌਰਾਨ ਇਹ ਤਬਦੀਲੀ ਲਿਆਂਦੀ ਵੀ, ਪਰ ਇਹ ਤਾਂ ਕੋਈ ਤੁਕ ਨਹੀਂ ਬਣਦੀ ਕਿ ਤੁਸੀਂ ਗੱਲਾਂ ਤਾਂ ਦਿੱਲੀ-ਦੱਖਣ ਦੀਆਂ ਕਰੋ, ਪਰ ਜਿਸ ਵਰਗ ਬਾਰੇ ਤੁਹਾਡੇ ਉਤੇ ਲਗਾਤਾਰ ਸਵਾਲਾਂ ਦੀ ਵਾਛੜ ਹੋ ਰਹੀ ਹੈ, ਉਸ ਬਾਰੇ ਬੰਦਾ ਉਕਾ ਹੀ ਖਾਮੋਸ਼ ਹੋ ਜਾਵੇ। ਪ੍ਰਧਾਨ ਮੰਤਰੀ ਨੂੰ ਇਸ ਬਾਰੇ ਬੋਲਣਾ ਚਾਹੀਦਾ ਸੀ।"*



# ਟ੍ਰੈਜਡੀ ਕਿੰਗ ਦਿਲੀਪ ਕੁਮਾਰ ਦੀ ਕਹਾਣੀ

ਟ੍ਰੈਜਡੀ ਕਿੰਗ ਦਿਲੀਪ ਕੁਮਾਰ ਦੀ ਸਵੈ-ਜੀਵਨੀ 'ਦਿ ਸਬਸਟਾਂਸ ਐਂਡ ਦਿ ਸ਼ੈਡੋ' ਦੇ ਰਿਲੀਜ਼ ਸਮਾਗਮ ਮੌਕੇ ਫਿਲਮੀ ਕਲਾਕਾਰਾਂ ਦਾ ਮੇਲਾ ਹੀ ਲੱਗ ਗਿਆ। ਇਹ ਕਿਤਾਬ ਭਾਵੇਂ ਉਦੈ ਤਾਰਾ ਨਈਅਰ ਨੇ ਲਿਖੀ ਹੈ ਪਰ ਇਸ ਦਾ ਸਾਰਾ ਬਿਰਤਾਂਤ 'ਮੈਂ' ਦੇ ਰੂਪ ਵਿਚ ਦਿਲੀਪ ਕੁਮਾਰ ਵੱਲੋਂ ਕੀਤਾ ਗਿਆ ਹੈ। ਇਸ ਵਿਚ ਦਿਲੀਪ ਕੁਮਾਰ ਦੇ ਜੀਵਨ ਸੰਘਰਸ਼ ਅਤੇ ਉਸ ਦੇ ਫਿਲਮੀ ਸਫ਼ਰ ਦੀਆਂ ਬਾਤਾਂ ਹਨ। ਇਹ ਕਿਤਾਬ ਧਰਮਿੰਦਰ, ਅਮਿਤਾਭ ਬਚਨ ਅਤੇ ਆਮਿਰ ਖਾਨ ਨੇ ਰਿਲੀਜ਼ ਕੀਤੀ।

ਦਿਲੀਪ ਕੁਮਾਰ ਪਿਛਲੇ ਕੁਝ ਸਮੇਂ ਤੋਂ ਬਿਮਾਰ ਹੈ ਅਤੇ ਉਸ ਨੂੰ ਹੁਣ ਬਹੁਤੀਆਂ ਗੱਲਾਂ ਦਾ ਚੇਤਾ ਵੀ ਨਹੀਂ ਆਉਂਦਾ। ਇਸ ਸਮਾਗਮ ਵਿਚ ਵੀ ਉਹ ਗੁਆਚਿਆ-ਗੁਆਚਿਆ ਜਿਹਾ ਲਗਦਾ ਸੀ, ਪਰ ਉਸ ਦੇ ਸਾਥੀ ਕਲਾਕਾਰ ਮਿੱਤਰਾਂ ਨੇ ਉਸ ਨਾਲ ਇੰਨੇ ਤਿਹੁ-ਮੋਹ ਨਾਲ ਗੱਲਾਂ ਕੀਤੀਆਂ, ਕਿ ਉਸ ਨੇ ਇਨ੍ਹਾਂ ਗੱਲਾਂ ਨੂੰ ਕਿਤੇ-ਕਿਤੇ ਆਪਣੇ ਚੇਤਿਆਂ ਨਾਲ ਜੋੜ ਲਿਆ। ਅੱਜ ਕੱਲ੍ਹ ਉਸ ਦਾ ਸਾਇਆ ਬਣ ਕੇ ਵਿਚਰ ਰਹੀ ਉਸ ਦੀ ਬੀਵੀ ਸਾਇਰਾ ਬਾਨੋ ਇਸ ਸਮਾਗਮ ਤੋਂ ਬਹੁਤ ਖੁਸ਼ ਹੋਈ। ਉਸ ਦਾ ਕਹਿਣਾ ਸੀ ਕਿ ਇਸ ਸਮਾਗਮ ਨੇ ਦਲੀਪ ਕੁਮਾਰ ਦੇ ਜੀਵਨ ਵਿਚ ਨਵਾਂ ਰੰਗ ਭਰਿਆ ਹੈ।


ਮੁੰਬਈ ਵਿਚ ਦਿਲੀਪ ਕੁਮਾਰ ਦੀ ਕਿਤਾਬ ਰਿਲੀਜ਼ ਕਰ ਰਹੇ ਧਰਮਿੰਦਰ, ਆਮਿਰ ਖਾਨ, ਸਾਇਰਾ ਬਾਨੋ ਤੇ ਅਮਿਤਾਭ ਬੱਚਨ।

ਦਿਲੀਪ ਕੁਮਾਰ (ਜਨਮ 11 ਦਸੰਬਰ 1922) ਜਿਸ ਦਾ ਅਸਲ ਨਾਮ ਮੁਹੰਮਦ ਯੂਸਫ਼ ਖਾਨ ਸੀ, ਨੇ ਆਪਣਾ ਫਿਲਮੀ ਸਫ਼ਰ 1944 ਵਿਚ ਫਿਲਮ 'ਜਵਾਰ ਭਾਟਾ' ਨਾਲ ਸ਼ੁਰੂ ਕੀਤਾ ਸੀ। ਉਸ ਦਾ ਪਰਿਵਾਰ ਪਿਸ਼ਾਵਰ ਵਸਦਾ ਸੀ। ਉਸ ਦਾ ਪਿਤਾ ਗੁਲਾਮ ਸਰਵਰ ਫਲਾਂ ਦਾ ਵਪਾਰੀ ਸੀ ਅਤੇ ਉਸ ਦੇ ਪਿਸ਼ਾਵਰ ਅਤੇ ਦਿਓਲਾਲੀ (ਮਹਾਰਾਸ਼ਟਰ) ਵਿਚ ਬਾਗ ਸਨ। 1930ਵਿਆਂ ਵਿਚ ਪਰਿਵਾਰ ਦੇ ਕਈ ਜੀਅ ਮੁੰਬਈ ਪਹੁੰਚ ਗਏ ਅਤੇ 1940 ਦੇ ਨੇੜੇ-ਤੇੜੇ ਦਿਲੀਪ ਕੁਮਾਰ ਨੇ ਪੁਣੇ ਵਿਚ ਕੰਟੀਨ ਮਾਲਕ ਤੇ ਸੁੱਕੇ ਮੇਵਿਆਂ ਦੇ ਸਪਲਾਇਰ ਵਜੋਂ ਆਪਣਾ ਕਰੀਅਰ ਸ਼ੁਰੂ ਕੀਤਾ। 1943 ਵਿਚ ਇਕ ਦਿਨ ਪੁਣੇ ਦੀ ਫੌਜੀ ਕੰਟੀਨ ਵਿਚ ਅਦਾਕਾਰਾ ਦੇਵਿਕਾ ਰਾਣੀ ਦੀ ਨਿਗ੍ਹਾ ਦਲੀਪ ਕੁਮਾਰ ਉਤੇ ਪਈ। ਦੇਵਿਕਾ ਉਨ੍ਹਾਂ ਦਿਨਾਂ ਵਿਚ ਬੰਬਈ ਟਾਕੀਜ਼ ਫਿਲਮ ਕੰਪਨੀ ਦੀ ਮਾਲਕ ਸੀ। ਉਸ ਨੇ ਦਲੀਪ ਕੁਮਾਰ ਨੂੰ ਫਿਲਮ 'ਜਵਾਰ ਭਾਟਾ' ਵਿਚ ਲੀਡ ਰੋਲ ਲਈ ਮਨਾ ਲਿਆ। ਇਸ ਤੋਂ ਬਾਅਦ ਉਸ ਨੇ ਛੇ ਦਹਾਕਿਆਂ ਦੌਰਾਨ 60 ਫਿਲਮਾਂ ਵਿਚ ਅਦਾਕਾਰੀ ਦੇ ਜੌਹਰ ਦਿਖਾ ਕੇ ਫਿਲਮੀ ਦੁਨੀਆਂ ਵਿਚ ਆਪਣਾ ਨਾਮ ਅਮਰ ਕਰ ਲਿਆ।

ਦਿਲੀਪ ਕੁਮਾਰ ਵੱਲੋਂ ਆਪਣਾ ਨਾਮ ਬਦਲਣ ਦੀ ਕਹਾਣੀ ਵੀ ਬੜੀ ਮਾਰਮਿਕ ਹੈ। ਉਨ੍ਹਾਂ ਦਿਨਾਂ ਵਿਚ ਫਿਰਕੂ ਤਣਾਅ ਸਿਖ਼ਰਾਂ ਉਤੇ ਸੀ ਅਤੇ ਦੇਵਿਕਾ ਰਾਣੀ ਤੇ ਕੰਪਨੀ ਦੇ ਹੋਰ ਕਰਿੰਦਿਆਂ ਨੂੰ ਵੀ ਲੱਗਿਆ ਕਿ ਹਿੰਦੂਆਂ ਦੀ ਬਹੁਮਤ ਕਾਰਨ ਮੁਹੰਮਦ ਯੂਸਫ਼ ਖਾਨ ਦਾ ਨਾਂ ਕੋਈ ਹੋਰ ਰੱਖ ਲਿਆ ਜਾਵੇ। ਇਉਂ ਪਿਸ਼ਾਵਰ ਵਿਚ ਜਨਮਿਆ ਪਠਾਣ ਮੁੰਡਾ ਮੁਹੰਮਦ ਯੂਸਫ਼ ਖਾਨ ਮੁੰਬਈ ਦੀ ਫਿਲਮੀ ਨਗਰੀ ਵਿਚ ਦਿਲੀਪ ਕੁਮਾਰ ਬਣ ਗਿਆ।

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

## Real Estate and Loans Under One Roof

ਪਿਛਲੇ 26 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ


## Reo/Short Sale Specialist

**We can sell your house in short sale at no cost to you.**


**Selling Homes from Gilroy to Sacramento, CA**



5233 Edgewater Drive
Newark, CA 94560
5 Bedrooms, 2.5 Bathrooms,
2 Car Garage
Area: 2081 Sq. Ft.
Lot: 6500 Sq. Ft.
**Asking: $789,000**



36463 Spruce Street,
Newark, CA 94560
4 Bedrooms, 3 Bathrooms,
2 Car Garage
Area: 2062 Sq. Ft.
Lot: 7112 Sq. Ft.
**Asking: $799,000**



4730 Woodhollow Ave.,
Stockton CA 95206
5 Bedrooms, 3 Bathrooms,
2 Car Garage
Area: 2555 Sq. Ft.
Lot: 5200 Sq. Ft.
**Asking: $279,000**




1796 Dove Court
Hayward, CA 94545
4 Bedrooms, 2 Bathrooms,
2 Car Garage
Area: 1387 Sq. Ft.
Lot: 6500 Sq. Ft.




4504 Mackinaw Street,
Union City, CA 94587
4 Bedrooms, 3 Bathrooms,
2 Car Garage
Area: 2415 Sq. Ft.
Lot: 4514 Sq. Ft.

### JUST SOLD

1. 2240 Partridge Way #4 Union City, CA 94588
2. 4504 Mackinaw Street, Union City, CA 94587
3. 1826 Mary Augusta St., Manteca, CA 95337
4. 1604 Mellowood St., Pittsburg, CA 94565
5. 1498 Columbine Way, Livermore, CA 94551
6. 16129 Rocky HarborRd Lathrop, CA 95330
7. 1796 Dove Ct., Hayward, CA 94545
8. 1820 De Vaca Way, Livermore, CA 94550
9. 1379 Michael Dr., Tracy, CA 95377
10. 37775 Golden Rod Ct., Newark, CA 94560
11. 4124 Polaris Ave., Union City, CA 94587
12. 2995 Masonwood St., San Jose, CA 95148
13. 4019 Villa Comez Ln., Stockton, CA 95206
14. 2809 Glen Sharon Way, San Jose, CA 95148

## WE CAN SELL HUD HOMES ANY WHERE IN CALIFORNIA

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker
**@ 510-207-9067**
CA DRE Lic.#01180969
NMLS# 352095